Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969 CA DRE# 00966763





Golden State Realty
Please Contact For Commercial or Residential Needs
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
Serving all over California





Sam Chahal
CA Lic. 01504071

Global Green
INSURANCE AGENCY
of the Bay Area, CA
Auto, Home, Business, Life, Workers Comp.
ਵਧੀਆ ਭਾਅ, ਚੰਗੀ ਕਵਰੇਜ ਤੇ ਵਧੀਆ ਸਰਵਿਸ
Mann Insurance Brokers Inc.
4123 Dyer St., #230, Union City, CA 94587
Ph: 510-487-1000
Lic.# 0F34231 MANN@GGIAUSA.COM



Nineteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 16, April 21, 2018 20451 N. Plum Grove Rd., Palatine, IL 60074 Ph:847-359-0746, Fax:847-705-9388


## ਫਿਲਮ 'ਨਾਨਕ ਸ਼ਾਹ ਫਕੀਰ' ਨਾਲ ਸ਼੍ਰੋਮਣੀ ਕਮੇਟੀ ਤੇ ਜਥੇਦਾਰ ਘਿਰੇ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਫਿਲਮ 'ਨਾਨਕ ਸ਼ਾਹ ਫਕੀਰ' ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖਤ ਦੇ ਜਥੇਦਾਰ ਦੀ ਪਹਿਲਾਂ 'ਹਾਂ' ਅਤੇ ਫਿਰ 'ਨਾਂਹ' ਪਿੱਛੋਂ ਹੁਣ ਹਾਲਾਤ ਉਸੇ ਤਰ੍ਹਾਂ ਦੇ ਬਣ ਗਏ ਹਨ ਜਦੋਂ ਡੇਰਾ ਸਿਰਸਾ ਮੁਖੀ ਰਾਮ ਰਹੀਮ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚਾਉਣ ਦੇ ਦੋਸ਼ ਵਿਚ ਅਚਾਨਕ ਮੁਆਫੀ ਮਿਲ ਗਈ ਸੀ। ਫਿਰ ਸੰਗਤ ਦਾ ਰੋਹ ਦੇਖਦਿਆਂ ਜਥੇਦਾਰਾਂ ਨੂੰ ਆਪਣੀ ਭੁੱਲ ਦਾ ਅਹਿਸਾਸ ਹੋ ਗਿਆ ਅਤੇ ਮੁਆਫੀ ਰੱਦ ਕਰ ਦਿੱਤੀ ਸੀ।




ਸ੍ਰੀ ਗੁਰੂ ਨਾਨਕ ਦੇਵ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਆਧਾਰਿਤ ਇਸ ਫਿਲਮ ਦਾ ਨਿਰਮਾਤਾ ਹਰਿੰਦਰ ਸਿੰਘ ਸਿੱਕਾ ਪੈਰ-ਪੈਰ 'ਤੇ ਸ਼੍ਰੋਮਣੀ ਕਮੇਟੀ ਅਤੇ ਜਥੇਦਾਰਾਂ ਦੇ ਸੰਪਰਕ ਵਿਚ ਰਿਹਾ। ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖਤ ਦੇ ਨੁਮਾਇੰਦਿਆਂ ਨੇ ਫਿਲਮ ਨੂੰ ਹਰ ਪੱਖੋਂ ਦੇਖ-ਵਾਚ ਕੇ ਰਿਲੀਜ਼ ਕਰਨ ਲਈ ਨਾ ਸਿਰਫ ਪ੍ਰਵਾਨਗੀ ਹੀ ਦਿੱਤੀ, ਸਗੋਂ ਸ਼੍ਰੋਮਣੀ ਕਮੇਟੀ ਨੇ ਤਾਂ ਫਿਲਮ ਦੇ ਪ੍ਰਚਾਰ ਵਿਚ ਹਿੱਸਾ ਪਾਇਆ ਅਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੇ ਪ੍ਰਸ਼ੰਸਾ ਪੱਤਰ ਵੀ ਜਾਰੀ ਕੀਤਾ ਪਰ ਜਦ ਮਾਰਚ ਮਹੀਨੇ ਫਿਲਮ ਦੇ ਰਿਲੀਜ਼ ਹੋਣ ਲਈ 13 ਅਪਰੈਲ ਵਿਸਾਖੀ ਦਾ ਦਿਨ ਮਿਥਿਆ ਤੇ ਇਸ ਦੇ 'ਟਰੇਲਰ' ਸ਼ੋਸ਼ਲ ਮੀਡੀਆ 'ਤੇ ਪਏ ਤਾਂ ਇਸ ਦਾ ਵਿਰੋਧ ਸ਼ੁਰੂ ਹੋ ਗਿਆ। ਮਾਮਲਾ ਭਖਦਾ ਵੇਖ ਸਿੱਕਾ ਨੂੰ ਇਸ ਫਿਲਮ ਲਈ 'ਸ਼ਾਬਾਸ਼' ਦੇਣ ਵਾਲੀ ਸ਼੍ਰੋਮਣੀ ਕਮੇਟੀ ਅਤੇ ਜਥੇਦਾਰ ਵੀ ਝੱਟ ਇਸ ਦੇ ਵਿਰੋਧ ਵਿਚ ਖੜ੍ਹੇ ਹੋ ਗਏ। ਫਿਲਮ ਬਾਰੇ ਮੁੱਖ ਇਤਰਾਜ਼ ਇਹੀ ਹੈ ਕਿ ਇਸ ਵਿਚ ਗੁਰੂ ਪਰਿਵਾਰ ਦੇ ਜੀਆਂ ਦੇ ਕਿਰਦਾਰ ਫਿਲਮੀ ਅਭਿਨੇਤਾ ਅਤੇ ਅਭਿਨੇਤਰੀਆਂ ਵੱਲੋਂ ਨਿਭਾਏ ਗਏ ਹਨ।

ਸ਼੍ਰੋਮਣੀ ਕਮੇਟੀ ਵੱਲੋਂ 2003 ਵਿਚ ਮਤਾ ਪਾਸ ਕਰ ਕੇ ਫੈਸਲਾ ਕੀਤਾ ਗਿਆ ਸੀ ਕਿ ਫਿਲਮ ਜਾਂ ਹੋਰ ਕਿਸੇ ਦਸਤਾਵੇਜ਼ ਵਿਚ ਸਿੱਖ ਗੁਰੂਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਜੀਆਂ ਦੀ ਕੋਈ ਮਨੁੱਖੀ ਕਲਾਕਾਰ ਭੂਮਿਕਾ ਨਹੀਂ ਨਿਭਾ ਸਕਦਾ। ਇਸ ਦੇ ਬਾਵਜੂਦ ਨਿਰਮਾਤਾ ਹਰਿੰਦਰ ਸਿੰਘ ਸਿੱਕਾ ਵੱਲੋਂ ਬਣਾਈ ਫਿਲਮ ਦੀ ਸ਼ਲਾਘਾ ਜਥੇਦਾਰ ਨੇ ਕਿਸ ਆਧਾਰ 'ਤੇ ਕੀਤੀ ਸੀ, ਇਹ ਸਵਾਲ ਅਜੇ ਵੀ ਖੜ੍ਹੇ ਹਨ।

ਅਸਲ ਵਿਚ, ਇਹ ਇਤਰਾਜ਼ ਸਭ ਤੋਂ ਪਹਿਲਾਂ ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰਾਂ ਨੇ ਕੀਤਾ ਸੀ, ਜਿਸ ਪਿੱਛੋਂ ਫਿਲਮ ਦਾ ਵੱਡੇ ਪੱਧਰ 'ਤੇ ਵਿਰੋਧ ਸ਼ੁਰੂ ਹੋ ਗਿਆ। ਫਿਲਮ ਖਿਲਾਫ ਲਾਮਬੰਦੀ ਨੇ ਸ਼੍ਰੋਮਣੀ ਕਮੇਟੀ ਨੂੰ ਵੀ ਵਿਰੋਧ ਦਾ ਝੰਡਾ ਚੁੱਕਣ ਲਈ ਮਜਬੂਰ ਕਰ ਦਿੱਤਾ। ਸ਼੍ਰੋਮਣੀ ਕਮੇਟੀ ਨੇ ਉਸੇ ਸਮੇਂ ਫਿਲਮ ਰੱਦ ਕਰਨ ਦਾ ਫੈਸਲਾ ਕਰਦਿਆਂ ਫਿਲਮ ਨੂੰ

(ਬਾਕੀ ਸਫਾ 6 ਉਤੇ)

# ਜਬਰ ਜਨਾਹ ਦੀਆਂ ਘਟਨਾਵਾਂ ਖਿਲਾਫ ਲੋਕ ਰੋਹ ਉਠਿਆ

### ਭਾਰਤੀ ਜਨਤਾ ਪਾਰਟੀ ਨਾਲ ਸਬੰਧ ਰੱਖਦੇ ਹਨ ਦੋਸ਼ੀ

**ਚੰਡੀਗੜ੍ਹ:** ਜੰਮੂ ਕਸ਼ਮੀਰ ਦੇ ਕਠੂਆ ਅਤੇ ਉਤਰ ਪ੍ਰਦੇਸ਼ ਦੇ ਉਨਾਓ ਕਸਬੇ ਵਿਚ ਵਾਪਰੀਆਂ ਜਬਰ ਜਨਾਹ ਦੀਆਂ ਘਟਨਾਵਾਂ ਅਤੇ ਦੋਸ਼ੀਆਂ ਨੂੰ ਬਚਾਉਣ ਲਈ ਹੋਈਆਂ ਸਰਕਾਰੀ ਕੋਸ਼ਿਸ਼ਾਂ ਬਾਰੇ ਖੁਲਾਸਿਆਂ ਨੇ ਇਨਸਾਨੀਅਤ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਦੋਵਾਂ ਸੂਬਿਆਂ ਵਿਚ ਭਾਜਪਾ ਦੀਆਂ ਸਰਕਾਰਾਂ ਹਨ ਅਤੇ ਹੈਵਾਨੀਅਤ ਦੇ ਦੋਵੇਂ ਕਾਰੇ ਭਾਜਪਾ ਆਗੂਆਂ ਨਾਲ ਜੁੜ ਰਹੇ ਹਨ। ਇਨ੍ਹਾਂ ਆਗੂਆਂ ਨੂੰ ਬਚਾਉਣ ਲਈ ਵੀ ਸਿਰ-ਧੜ ਦੀ ਬਾਜ਼ੀ ਲੱਗੀ ਰਹੀ ਹੈ। ਕਠੂਆ ਵਿਚ 8 ਸਾਲਾ ਬੱਚੀ ਨਾਲ ਜਬਰ ਜਨਾਹ ਪਿੱਛੋਂ ਹੱਤਿਆ ਦਾ ਮਾਮਲਾ ਭਾਵੇਂ ਜਨਵਰੀ ਵਿਚ ਸਾਹਮਣੇ ਆਇਆ ਸੀ ਪਰ ਇਸ ਦੀ ਜਾਂਚ ਵਿਚ ਹੋ ਰਹੇ ਖੁਲਾਸੇ ਦਰਿੰਦਗੀ ਦਾ ਸਿਖਰ ਹਨ। ਜਾਂਚ ਇਹ ਵੀ ਦੱਸ ਰਹੀ ਹੈ ਕਿ ਬੱਚੀ ਨਾਲ ਬਲਾਤਕਾਰ ਅਤੇ ਹੱਤਿਆ ਪਿੱਛੇ ਕਾਰਨ ਸਿਰਫ ਇਨਸਾਨੀ ਹਵਸ ਨਹੀਂ ਸੀ ਸਗੋਂ ਇਹ ਫਿਰਕੂ ਸੋਚ ਦਾ ਕਾਰਾ ਸੀ।

ਦਰਅਸਲ, ਰਸਾਨਾ ਪਿੰਡ ਹਿੰਦੂ ਅਬਾਦੀ ਵਾਲਾ ਇਲਾਕਾ ਹੈ। ਜੰਗਲ ਵਿਚ ਗੁੱਜਰ ਤੇ ਬੱਕਰਵਾਲ ਮੁਸਲਮਾਨ ਜਾਨਵਰ ਲੈ ਕੇ ਆਉਂਦੇ ਹਨ। ਅੱਠ ਸਾਲਾਂ ਦੀ ਆਸਿਫਾ ਬਾਨੋ ਇਸੇ ਤਬਕੇ ਨਾਲ ਸਬੰਧਤ ਸੀ। ਇਲਾਕੇ ਦੇ ਹਿੰਦੂਆਂ ਦਾ ਦਾਅਵਾ ਹੈ ਕਿ ਇਨ੍ਹਾਂ ਲੋਕਾਂ ਵੱਲੋਂ ਜ਼ਮੀਨ 'ਤੇ ਕਬਜ਼ਾ ਕੀਤਾ ਜਾ ਰਿਹਾ ਹੈ ਅਤੇ ਪਸ਼ੂ ਖੇਤਾਂ ਵਿਚ ਜਾ ਰਹੇ ਹਨ। ਹੁਣ ਇਹ ਗੱਲ ਸਾਫ ਹੋ ਗਈ ਹੈ ਕਿ ਕੁਝ ਲੋਕ ਬੱਕਰਵਾਲ ਕਬੀਲੇ ਨੂੰ ਉਥੋਂ ਕੱਢਣਾ ਚਾਹੁੰਦੇ ਸਨ, ਇਸ ਲਈ ਇਹ ਸਾਜ਼ਿਸ਼ ਘੜੀ ਗਈ।




ਆਸਿਫਾ ਬਾਨੋ ਕਠੂਆ ਜ਼ਿਲ੍ਹੇ ਦੇ ਪਿੰਡ ਰਸਾਨਾ ਤੋਂ 10 ਜਨਵਰੀ ਨੂੰ ਲਾਪਤਾ ਹੋਈ ਸੀ। ਇਕ ਹਫਤੇ ਬਾਅਦ ਉਸ ਦੀ ਲਾਸ਼ ਬਰਾਮਦ ਹੋਈ। ਉਸ ਨੂੰ ਬੇਹੋਸ਼ ਕਰਨ ਵਾਲੀਆਂ ਕਈ ਤਰ੍ਹਾਂ ਦੀਆਂ ਦਵਾਈਆਂ ਦਿੱਤੀਆਂ ਗਈਆਂ ਅਤੇ ਕਈ ਦਿਨਾਂ ਤੱਕ ਕੁਝ ਦਰਿੰਦੇ ਉਸ ਨਾਲ ਜਬਰ ਜਨਾਹ ਕਰਦੇ ਰਹੇ। ਮੁਲਜ਼ਮਾਂ ਨੂੰ ਪਹਿਲਾਂ ਇਸ ਕਰ ਕੇ ਹੱਥ ਨਹੀਂ ਪਾਇਆ ਗਿਆ ਕਿ ਉਹ ਜੰਮੂ ਖਿੱਤੇ ਦੇ ਬਹੁਗਿਣਤੀ ਹਿੰਦੂ ਭਾਈਚਾਰੇ ਦੇ ਸਨ। ਇਸ ਦਾ ਮੁੱਖ ਦੋਸ਼ੀ ਰਸਾਨਾ ਦੇ ਇਕ ਧਾਰਮਿਕ ਸਥਾਨ ਦਾ ਮੁਖੀ ਸੀ, ਜਿਸ ਦਾ ਨਾਂ ਸਾਂਝੀ ਰਾਮ ਹੈ। ਇਸ ਦਾ ਇਲਾਕੇ ਵਿਚ ਨਾਂ ਹੈ ਤੇ ਇਹ ਭਾਜਪਾ ਆਗੂਆਂ ਦੇ ਕਾਫੀ ਨੇੜੇ ਹੈ। ਇਸ ਲਈ ਪੁਲਿਸ ਵੀ ਪਹਿਲਾਂ ਕਾਰਵਾਈ ਤੋਂ ਟਲਦੀ ਰਹੀ। ਇਸ ਤੋਂ ਵੀ ਸ਼ਰਮਨਾਕ ਗੱਲ ਇਹ ਹੋਈ ਕਿ ਹਿੰਦੂ ਏਕਤਾ ਮੰਚ ਨਾਂ ਦੀ ਨਵੀਂ ਬਣੀ ਜਥੇਬੰਦੀ ਮੁਲਜ਼ਮਾਂ ਦੇ ਹੱਕ ਵਿਚ ਖੜ੍ਹੀ ਹੋ ਗਈ ਅਤੇ ਅਦਾਲਤ ਵਿਚ ਪੇਸ਼ ਕੀਤੇ ਦੋਸ਼ ਪੱਤਰ ਖਿਲਾਫ਼ ਰੈਲੀਆਂ ਸ਼ੁਰੂ


(ਬਾਕੀ ਸਫਾ 6 ਉਤੇ)


We Do Real Estate in
Bay Area & Central Valley
We do loans anywhere
in California
Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011





Raja SWEETS & CATERING
Presents
PARADISE BALLROOMS
banquet hall & event center


ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।
SERVICES INCLUDE
• Catering
• Silverware
• Chinaware
• Decorated Hall
• Linen
• Several Bar Options
• Security
• Wait Staff
• Full Setup Including
table cloth, napkins, chairs etc.
PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)





Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

# ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਕੈਲੀਫੋਰਨੀਆ ਵੱਲੋਂ ਸਟਾਕਟਨ ਨਗਰ ਕੀਰਤਨ ਵਿਚ ਖਾਲਸਾਈ ਜਾਹੋ ਜਲਾਲ ਨਾਲ ਸ਼ਮੂਲੀਅਤ

**ਸਟਾਕਟਨ:** ਬੀਤੇ ਐਤਵਾਰ ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਸਿੱਖ ਕੌਮ ਵਲੋਂ ਖਾਲਸਾ ਸਾਜਨਾ ਦਿਵਸ ਸਬੰਧੀ ਨਗਰ ਕੀਰਤਨ ਦਾ ਮਹਾਨ ਉਪਰਾਲਾ ਕੀਤਾ ਗਿਆ ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਬੱਚੇ, ਜਵਾਨ, ਬਜ਼ੁਰਗ ਅਤੇ ਬੀਬੀਆਂ ਨੇ ਹਿੱਸਾ ਲਿਆ। ਸਟਾਕਟਨ ਦੀ ਧਰਤੀ 'ਤੇ ਦੂਰ ਦੂਰ ਤੱਕ ਸਿੱਖ ਸੰਗਤਾਂ ਦਾ ਹੜ੍ਹ ਨਜ਼ਰ ਆ ਰਿਹਾ ਸੀ। ਨਗਰ ਕੀਰਤਨ ਪੂਰੀ ਤਰ੍ਹਾਂ ਖਾਲਿਸਤਾਨੀ ਰੰਗ 'ਚ ਰੰਗਿਆ ਹੋਇਆ ਸੀ।

ਸਿੱਖ ਆਜ਼ਾਦੀ ਦੀ ਮੰਗ ਕਰਦੇ ਤੇ ਭਾਰਤੀ ਹਕੂਮਤ ਦੀ 'ਦਰਿੰਦਗੀ' ਦਾ ਸ਼ਿਕਾਰ ਹੋਏ ਮਜ਼ਲੂਮਾਂ ਦੀਆਂ ਤਸਵੀਰਾਂ ਲੱਗੇ ਫਲੋਟ ਵੀ ਜਿੱਥੇ ਅਮਰੀਕਨ ਲੋਕਾਂ ਨੂੰ ਸਿੱਖਾਂ ਉਪਰ ਭਾਰਤੀ ਹਕੂਮਤ ਵੱਲੋਂ ਕੀਤੇ ਜ਼ੁਲਮਾਂ ਦੀ ਕਹਾਣੀ ਦੱਸ ਰਹੇ ਸਨ, ਉਥੇ ਹੀ ਸਿੱਖ ਕੌਮ ਵਿਚਲੇ ਅਕ੍ਰਿਤਘਣਾਂ ਨੂੰ ਵੀ ਵੰਗਾਰ ਰਹੇ ਸਨ ਕਿ ਅਸੀਂ ਆਪਣੀਆ ਜਾਨਾਂ ਤੁਹਾਡੇ ਤੇ ਤੁਹਾਡੇ ਬੱਚਿਆਂ ਲਈ ਦਿੱਤੀਆਂ ਹਨ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਕੈਲੀਫੋਰਨੀਆ ਦੇ ਪ੍ਰਧਾਨ ਜਥੇਦਾਰ ਤਰਸੇਮ ਸਿੰਘ ਦੀ ਅਗਵਾਈ ਵਿਚ ਵੀ ਪਾਰਟੀ ਵਲੋਂ ਫਲੋਟ ਲਾਇਆ ਗਿਆ ਜਿਸ ਵਿਚ ਭਾਰੀ ਗਿਣਤੀ ਵਿਚ ਪਾਰਟੀ ਵਰਕਰਾਂ ਤੇ ਅਹੁਦੇਦਾਰਾਂ ਨੇ ਸਾਰਾ ਦਿਨ ਹਾਜ਼ਰੀ ਭਰੀ। ਇਸ ਮੌਕੇ ਜਿੱਥੇ ਕੌਮੀ ਸ਼ਹੀਦਾਂ ਨੂੰ ਯਾਦ ਕੀਤਾ ਗਿਆ, ਉਥੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਸ. ਸਿਮਰਨਜੀਤ ਸਿੰਘ ਮਾਨ ਵਲੋਂ ਪਿਛਲੇ ਤਿੰਨ ਦਹਾਕਿਆਂ ਤੋਂ ਕੀਤੇ ਜਾ ਰਹੇ ਕੌਮੀ ਸੰਘਰਸ਼ ਤੋਂ ਵੀ ਸੰਗਤਾਂ ਨੂੰ ਜਾਣੂ ਕਰਵਾਇਆ ਗਿਆ। ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਅਰੰਭੇ ਆਜ਼ਾਦੀ ਦੇ ਸੰਘਰਸ਼ ਨੂੰ ਆਜ਼ਾਦੀ ਲੈ ਕੇ ਲੈਣ ਤੱਕ ਚੱਲਦਾ ਰੱਖਣ ਦਾ ਪ੍ਰਣ ਕੀਤਾ।

ਇਸ ਮੌਕੇ ਪਾਰਟੀ ਦੀ ਨਿਊ ਜਰਸੀ ਇਕਾਈ ਦੇ ਪ੍ਰਧਾਨ ਭਾਈ ਜੋਗਾ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਇਸ ਤੋਂ ਇਲਾਵਾ ਪਾਰਟੀ ਦੇ ਯੂਥ ਵਿੰਗ ਅਮਰੀਕਾ ਦੇ ਸਾਬਕਾ ਪ੍ਰਧਾਨ ਰਵਿੰਦਰ ਸਿੰਘ (ਰਿੰਪੀ) ਧਾਲੀਵਾਲ, ਅਰਵਿੰਦਰ ਸਿੰਘ ਬਟਾਲਾ (ਪ੍ਰਧਾਨ, ਯੂਥ ਵਿੰਗ ਕੈਲੀਫੋਰਨੀਆ), ਪ੍ਰੀਤਮ ਸਿੰਘ ਜੋਗਾ ਨੰਗਲ, ਗੁਰਨਾਮ ਸਿੰਘ ਟਿੱਕਾ, ਦਰਬਾਰਾ ਸਿੰਘ ਕਰਨਾਲ, ਸਰਬਜੀਤ ਸਿੰਘ ਦਿੱਲੀ, ਹਰਦੀਪ ਸਿੰਘ ਬੇਕਰਜ਼ਫੀਲਡ, ਜਤਿੰਦਰ ਸਿੰਘ, ਹਰਭਜਨ ਸਿੰਘ, ਮਨਜੀਤ ਸਿੰਘ ਟੂਲੈਰੀ, ਅਮਰਵੀਰ ਸਿੰਘ ਮਨਟੀਕਾ, ਗਗਨਪਾਲ ਸਿੰਘ ਫਰੀਮਾਂਟ, ਰਣਜੀਤ ਸਿੰਘ ਯੂਬਾ ਸਿਟੀ, ਜਰਨੈਲ ਸਿੰਘ ਮਨਟੀਕਾ, ਕਮਲਜੀਤ ਸਿੰਘ ਅਟਵਾਲ, ਅਮਰਜੀਤ ਸਿੰਘ ਨਿਰਵਾਲ ਸਮੇਤ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਹੋਰ ਸਮਰਥਕ ਤੇ ਸਿੰਘ ਹੁਮਹੁਮਾ ਕੇ ਪਹੁੰਚੇ ਹੋਏ ਸਨ।
















*Sponsored Page*

# ਵਿਸਾਖੀ ਦੇ ਮਾਣ ਵਿਚ ਮਤਾ ਪਾਸ

**ਸੈਨ ਹੋਜ਼ੇ:** ਕੈਲੀਫੋਰਨੀਆ ਸਟੇਟ ਅਸੈਂਬਲੀ ਵੱਲੋਂ ਵਿਸਾਖੀ ਦੇ ਮਾਣ-ਸਤਿਕਾਰ ਵਿਚ ਮਤਾ ਪਾਸ ਕੀਤਾ ਗਿਆ ਅਤੇ ਦਸਤਾਰ ਦਿਵਸ ਤਹਿਤ ਜਸ਼ਨ ਮਨਾਏ ਗਏ।

ਇਸ ਮੌਕੇ ਸੈਨ ਹੋਜ਼ੇ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਬੰਧਤ ਗੁਰਬਖਸ਼ ਸਿੰਘ ਢਿੱਲੋਂ, ਡਾ. ਚਰਨਜੀਤ ਸਿੰਘ ਪੰਨੂ, ਹਰਬੀਰ ਕੌਰ ਭਾਟੀਆ ਅਤੇ ਕਈ ਹੋਰ ਨੁਮਾਇੰਦੇ ਅਸੈਂਬਲੀ ਵਿਚ ਮੌਜੂਦ ਸਨ। ਜਸ਼ਨਾਂ ਮੌਕੇ ਅਸੈਂਬਲੀ ਮੈਂਬਰ ਐਸ਼ ਕਾਲਰਾ, ਕੈਨਸਨ ਸ਼ੂ ਅਤੇ 64 ਹੋਰ ਅਸੈਂਬਲੀ ਮੈਂਬਰ ਮੌਜੂਦ ਸਨ ਜਿਨ੍ਹਾਂ ਨੇ ਇਸ ਮਤੇ ਉਤੇ ਦਸਤਖਤ ਕੀਤੇ। ਕਈ ਅਸੈਂਬਲੀ ਮੈਂਬਰਾਂ ਨੇ ਵਿਸਾਖੀ ਦੇ ਦਿਹਾੜੇ ਮੌਕੇ ਦਸਤਾਰਾਂ ਸਜਾਈਆਂ ਹੋਈਆਂ ਸਨ।

ਇਸੇ ਦੌਰਾਨ ਗੁਰਦੁਆਰਾ ਸੈਨ ਹੋਜ਼ੇ ਵਿਚ 14 ਅਤੇ 15 ਅਪਰੈਲ ਨੂੰ ਵਿਸਾਖੀ ਮਨਾਈ ਗਈ ਜਿਸ ਦੌਰਾਨ ਲੋਕ ਹੁੰਮ-ਹੁਮਾ ਕੇ ਗੁਰੂ ਘਰ ਨਤਮਸਤਕ ਹੋਏ। ਇਸ ਮੌਕੇ ਅੰਮ੍ਰਿਤ ਸੰਚਾਰ ਵੀ ਕੀਤਾ ਗਿਆ। ਬਹੁਤ ਸਾਰੇ ਪਰਿਵਾਰਾਂ ਨੇ ਗੁਰਦੁਆਰੇ ਵਿਚ ਸੇਵਾ ਕਰਨ ਦਾ ਲਾਹਾ ਲਿਆ। ਗੁਰਦੁਆਰਾ ਕਮੇਟੀ ਨੇ ਇਨ੍ਹਾਂ ਸਭ ਦਾ ਤਹਿ ਦਿਲੋਂ ਧੰਨਵਾਦ ਕੀਤਾ।





# ਅਸੀਮਾਨੰਦ ਨੂੰ ਬਰੀ ਕਰਨ ਵਾਲਾ ਫੈਸਲਾ ਸਵਾਲਾਂ ਦੇ ਘੇਰੇ ਵਿਚ


**ਹੈਦਰਾਬਾਦ:** ਇਕ ਵਿਸ਼ੇਸ਼ ਦਹਿਸ਼ਤਗਰਦੀ-ਰੋਕੂ ਅਦਾਲਤ ਦੇ ਜੱਜ ਕੇ. ਰਵਿੰਦਰ ਰੈਡੀ ਨੇ ਮੱਕਾ ਮਸਜਿਦ ਬੰਬ ਕਾਂਡ ਕੇਸ ਵਿਚੋਂ ਆਰ.ਐਸ.ਐਸ. ਪ੍ਰਚਾਰਕ ਅਸੀਮਾਨੰਦ ਸਣੇ ਪੰਜ ਮੁਲਜ਼ਮਾਂ ਨੂੰ ਬਰੀ ਤਾਂ ਕਰ ਦਿੱਤਾ ਪਰ ਬਾਅਦ ਵਿਚ ਖੁਦ ਵੀ ਨਾਟਕੀ ਢੰਗ ਨਾਲ ਅਹੁਦੇ ਤੋਂ ਅਸਤੀਫਾ ਦੇ ਕੇ ਸਭ ਨੂੰ ਹੈਰਾਨ ਕਰ ਦਿੱਤਾ। ਉਨ੍ਹਾਂ ਫੈਸਲਾ ਸੁਣਾਉਣ ਤੋਂ ਕੁਝ ਘੰਟੇ ਬਾਅਦ ਹੀ 'ਨਿਜੀ ਕਾਰਨਾਂ' ਦੇ ਹਵਾਲੇ ਨਾਲ ਅਹੁਦਾ ਛੱਡਣ ਦਾ ਐਲਾਨ ਕਰ ਦਿੱਤਾ।

ਹੈਦਰਾਬਾਦ ਤੋਂ ਐਮਪੀ ਤੇ ਏ.ਆਈ.ਐਮ.ਆਈ.ਐਮ. ਦੇ ਮੁਖੀ ਅਸਦੂਦੀਨ ਓਵਾਇਸੀ ਨੇ ਆਪਣੀ ਟਵੀਟ ਰਾਹੀਂ ਇਸ ਪੂਰੇ ਮਾਮਲੇ ਵਿਚ ਸਾਜ਼ਿਸ਼ ਦਾ ਸ਼ੱਕ ਜ਼ਾਹਰ ਕੀਤਾ ਹੈ। ਉਧਰ, ਕਾਂਗਰਸ ਨੇ ਮੋਦੀ ਸਰਕਾਰ ਵਿਚ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਦੇ ਕੰਮ-ਢੰਗ ਉਤੇ ਸਵਾਲ ਉਠਾਏ ਹਨ।

ਪਾਰਟੀ ਆਗੂ ਗੁਲਾਮ ਨਬੀ ਆਜ਼ਾਦ ਨੇ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਬਣਨ ਪਿੱਛੋਂ ਅਜਿਹੇ ਕੇਸਾਂ ਦੇ ਮੁਲਜ਼ਮ ਲਗਾਤਾਰ ਬਰੀ ਹੋ ਰਹੇ ਹਨ, ਜਿਸ ਕਾਰਨ ਲੋਕਾਂ ਦਾ ਜਾਂਚ ਏਜੰਸੀਆਂ ਤੋਂ ਭਰੋਸਾ ਉਠ ਰਿਹਾ ਹੈ। ਦੂਜੇ ਪਾਸੇ ਭਾਜਪਾ ਨੇ ਕਾਂਗਰਸ ਉਤੇ ਦੋਸ਼ ਲਾਇਆ ਕਿ ਇਸ ਦੀ ਹਿੰਦੂਆਂ ਨੂੰ 'ਬਦਨਾਮ' ਕਰਨ ਵਾਲੀ 'ਤੁਸ਼ਟੀਕਰਨ ਦੀ ਸਿਆਸਤ' ਦਾ ਪਰਦਾਫਾਸ਼ ਹੋ ਗਿਆ ਹੈ। ਸੀ.ਪੀ.ਆਈ. ਨੇ ਵੀ ਇਸ ਸਬੰਧੀ ਐਨ.ਆਈ.ਏ. ਦੀ ਸਖਤ ਨੁਕਤਾਚੀਨੀ ਕੀਤੀ ਹੈ।

ਇਸ ਤੋਂ ਪਹਿਲਾਂ ਅਦਾਲਤ ਨੇ ਆਪਣੇ ਫਸਲੇ ਵਿਚ ਕਿਹਾ ਕਿ ਇਸਤਗਾਸਾ ਧਿਰ 2007 ਵਿਚ ਹੋਏ ਇਸ ਧਮਾਕੇ ਸਬੰਧੀ ਕੇਸ ਦੇ ਮੁਲਜ਼ਮਾਂ ਖਿਲਾਫ਼ 'ਇਕ ਵੀ ਦੋਸ਼' ਨੂੰ ਸਾਬਤ ਕਰਨ ਵਿਚ ਨਾਕਾਮ ਰਹੀ ਹੈ। ਦੱਸਣਯੋਗ ਹੈ ਕਿ ਇਥੇ ਸਥਿਤ ਚਾਰ ਸਦੀਆਂ ਪੁਰਾਣੀ ਮੱਕਾ ਮਸਜਿਦ ਵਿਚ 18 ਮਈ, 2007 ਨੂੰ ਜੁੰਮੇ ਦੀ ਨਮਾਜ਼ ਸਮੇਂ ਜ਼ੋਰਦਾਰ ਧਮਾਕਾ ਹੋਇਆ ਸੀ। ਇਸ ਕਾਰਨ ਨੌਂ ਵਿਅਕਤੀ ਮਾਰੇ ਗਏ ਤੇ 58 ਜ਼ਖ਼ਮੀ ਹੋਏ ਸਨ। ਧਮਾਕੇ ਤੋਂ ਬਾਅਦ ਹਿੰਸਕ ਮੁਜ਼ਾਹਰੇ ਤੇ ਫਸਾਦ ਭੜਕਣ ਕਾਰਨ ਪੁਲਿਸ ਕਾਰਵਾਈ ਵਿਚ ਪੰਜ ਹੋਰ ਜਾਨਾਂ ਗਈਆਂ ਸਨ।

ਮਾਮਲੇ ਦੀ ਜਾਂਚ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਕਰ ਰਹੀ ਸੀ। ਅਸੀਮਾਨੰਦ ਨੂੰ ਇਸ ਤੋਂ ਪਹਿਲਾਂ 2007 ਦੇ ਹੀ ਅਜਮੇਰ ਦਰਗਾਹ ਧਮਾਕਾ ਕੇਸ ਵਿਚੋਂ ਵੀ ਬੀਤੇ ਸਾਲ ਬਰੀ ਕਰ ਦਿੱਤਾ ਗਿਆ ਸੀ। ਉਹ ਉਸੇ ਵਰ੍ਹੇ ਦੇ ਸਮਝੌਤਾ ਐਕਸਪ੍ਰੈੱਸ ਧਮਾਕਾ ਕੇਸ ਵਿਚ ਵੀ ਮੁਲਜ਼ਮ ਹੈ।

Auto & Home Insurance
Coverage you Deserve
Rates you can Afford
*Save up to $425
*Discounts for young drivers.
*Discount for new home buyers.
*Discount for Nurses.
Home, Life, Auto, Business & Health.

Manjit Gill
Broker/Agent
CA Ins Lic# OB23990
ਅੱਜ ਹੀ ਸੰਪਰਕ ਕਰੋ
ਫੋਨ: 510-888-1180
www.gillfinancial.com
Gill Financial & Insurance Services
31080 Union City Blvd, #201, Union City, CA 94587

ਵਾਜਬ ਕੀਮਤ 'ਤੇ ਘਰ ਖਰੀਦਣਾ ਚਾਹੁੰਦੇ ਹੋ! ਐਰੀਜ਼ੋਨਾ ਵਿਚ ਖਰੀਦੋ
ਬਹੁਤ ਵਧੀਆ ਇਲਾਕੇ ਵਿਚ
4-5 ਬੈਡਰੂਮ ਦੇ ਘਰ ਸਿਰਫ $300,000

ਐਰੀਜ਼ੋਨਾ ਸਟੇਟ ਦਾ ਵਿਕਾਸ ਬਹੁਤ ਤੇਜੀ ਨਾਲ ਹੋ ਰਿਹਾ ਹੈ
ਫੇਰ ਸ਼ਾਇਦ ਇਸ ਭਾਅ ਘਰ ਨਾ ਮਿਲੇ
Buy very affordable homes in Arizona which is fast growing state.
Buy 4-5 bedroom homes under $300,000 in a Very Nice Area
*Rupinder S Kaler*
Contact an experienced Realtor
(C): 623-229-1906 (O): 623-344-1000
rupinder.kaler@azmoves.com www.buysellmyazhome.com
Coldwell Banker Residential Brokerage
1616 N. Litchfield Rd., Ste 170, Goodyear, AZ 85395
REALTOR
COLDWELL BANKER
RESIDENTIAL BROKERAGE
EQUAL HOUSING OPPORTUNITY

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS

Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

# ਅਫਸਰਸ਼ਾਹੀ ਦੇ ਕਲੇਸ਼ ਨੇ ਕਾਨੂੰਨੀ ਅੜਿੱਕਿਆਂ 'ਚ ਫਸਾਈ ਸਰਕਾਰ

**ਚੰਡੀਗੜ੍ਹ:** ਪੰਜਾਬ ਪੁਲਿਸ ਦੀ ਸਿਖਰਲੀ ਅਫਸਰਸ਼ਾਹੀ ਅੰਦਰ ਛਿੜੀ ਖਾਨਾਜੰਗੀ ਮੁੱਖ ਮੰਤਰੀ ਵੱਲੋਂ ਜ਼ਾਬਤੇ ਦਾ ਪਾਠ ਪੜ੍ਹਾਏ ਜਾਣ ਦੇ ਬਾਵਜੂਦ ਖਤਮ ਹੁੰਦੀ ਨਜ਼ਰ ਨਹੀਂ ਆਉਂਦੀ। ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਪੁਲਿਸ ਅਧਿਕਾਰੀਆਂ ਵੱਲੋਂ ਉਚ-ਅਦਾਲਤ ਵਿਚ ਪਾਈਆਂ ਪਟੀਸ਼ਨਾਂ ਵਾਪਸ ਲਏ ਜਾਣਾ ਬੇਹੱਦ ਮੁਸ਼ਕਲ ਹੈ। ਇਨ੍ਹਾਂ ਪਟੀਸ਼ਨਾਂ ਉਤੇ ਉਚ ਅਦਾਲਤ ਨੇ ਕਾਰਵਾਈ ਕਰਦਿਆਂ ਅੱਗੇ ਜਾਂਚ ਟੀਮਾਂ ਵੀ ਕਾਇਮ ਕਰ ਚੁੱਕੀ ਹੈ। ਉਲਟਾ ਸਗੋਂ ਇਸ ਮਾਮਲੇ ਵਿਚ ਪੰਜਾਬ ਸਰਕਾਰ ਖੁਦ ਹੀ ਕਸੂਤੀ ਫਸਦੀ ਨਜ਼ਰ ਆ ਰਹੀ ਹੈ।



ਡੀ.ਜੀ.ਪੀ. ਚਟੋਉਪਾਧਿਆਏ ਵੱਲੋਂ ਪਾਈ ਗਈ ਪਟੀਸ਼ਨ ਉਪਰ 23 ਅਪਰੈਲ ਨੂੰ ਪੰਜਾਬ ਸਰਕਾਰ ਆਪਣਾ ਪੱਖ ਪੇਸ਼ ਕਰਨਾ ਹੈ ਤੇ ਐਡਵੋਕੇਟ ਜਨਰਲ ਜਵਾਬਦਾਵਾ ਪੇਸ਼ ਕਰਨਗੇ। ਇਸ ਤੋਂ ਪਹਿਲਾਂ ਪੰਜਾਬ ਸਰਕਾਰ ਅਜਿਹੇ ਨਾਜ਼ੁਕ ਮਾਮਲਿਆਂ ਉਤੇ ਸਪੱਸ਼ਟ ਨਿਰਦੇਸ਼ ਦੇਣ ਦੀ ਥਾਂ ਮਿੱਟੀ ਪਾਉਣ ਦਾ ਕੰਮ ਹੀ ਕਰਦੀ ਆਈ ਹੈ ਤੇ ਮੰਨਿਆ ਜਾ ਰਿਹਾ ਹੈ ਕਿ ਸਰਕਾਰ ਦੇ ਅਜਿਹੇ ਵਤੀਰੇ ਕਾਰਨ ਹੀ ਉਚ ਅਫਸਰਾਂ ਨੂੰ ਅਦਾਲਤ ਵੱਲ ਝਾਕਣਾ ਪਿਆ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਦੇ ਖਾਤਮੇ ਲਈ ਵਿਸ਼ੇਸ਼ ਟਾਸਕ ਫੋਰਸ ਤਾਂ ਬਣਾ ਦਿੱਤੀ, ਪਰ ਜਦ ਨਸ਼ਾ ਤਸਕਰਾਂ ਦੇ ਨਾਲ ਵੱਡੇ-ਵੱਡੇ ਸਿਆਸਤਦਾਨਾਂ ਅਤੇ ਪੁਲਿਸ ਅਫਸਰਸ਼ਾਹੀ ਦਾ ਉਨ੍ਹਾਂ ਨਾਲ ਨਾਪਾਕ ਗਠਜੋੜ ਉਧੜਨ ਲੱਗਾ ਤਾਂ ਸਰਕਾਰ ਨੇ ਮੁੱਠੀਆਂ ਹੀ ਮੀਚ ਲਈਆਂ।

ਨਸ਼ਾ ਤਸਕਰਾਂ ਨੂੰ ਫੜਨ ਵਿਚ ਮਾਹਰ ਸਮਝੇ ਜਾਂਦੇ ਰਹੇ ਇੰਸਪੈਕਟਰ ਇੰਦਰਜੀਤ ਸਿੰਘ (ਹੁਣ ਬਰਤਰਫ) ਨੂੰ ਟਾਸਕ ਫੋਰਸ ਨੇ ਏ.ਕੇ. 47 ਰਾਈਫਲ, 16 ਕਿਲੋ ਹੈਰੋਇਨ ਤੇ ਹੋਰ ਸਾਮਾਨ ਸਮੇਤ ਫੜ ਤਾਂ ਲਿਆ, ਪਰ ਜਦ ਉਸ ਦੀ ਪੁੱਛਗਿੱਛ ਉਤੇ ਤਰਨ ਤਾਰਨ ਖੇਤਰ ਵਿਚ 19-19 ਕਿੱਲੋ ਅਫੀਮ ਤੇ ਡਰੱਗ ਸਮੇਤ ਫੜੇ ਗਏ ਸਮੱਗਲਰਾਂ ਨੂੰ ਸਾਫ ਬਰੀ ਕਰਵਾਉਣ ਵਿਚ 'ਵੱਡੇ' ਲੋਕਾਂ ਦਾ ਹੱਥ ਸਾਹਮਣੇ ਆਉਣ ਲੱਗਾ ਤਾਂ ਮੁੱਖ ਮੰਤਰੀ ਦੇ ਕਲਮ ਚਲਾਉਣ ਲੱਗਿਆਂ ਹੱਥ ਕੰਬ ਗਏ ਤੇ ਇੰਦਰਜੀਤ ਸਿੰਘ ਦੀ ਸਾਰੀ ਜਾਂਚ ਅਧਵਾਟੇ ਹੀ ਛੱਡ ਕੇ ਜੇਲ੍ਹ ਭੇਜ ਦਿੱਤਾ। ਜੇਕਰ ਵਿਸ਼ੇਸ਼ ਟਾਸਕ ਫੋਰਸ ਦੇ ਮੁਖੀ ਨੇ ਇੰਦਰਜੀਤ ਸਿੰਘ ਨਾਲ ਮਿਲੀਭੁਗਤ ਦੇ ਦੋਸ਼ਾਂ ਹੇਠ ਐਸ.ਐਸ.ਪੀ. ਮੋਗਾ ਨੂੰ ਪੁੱਛਗਿੱਛ ਲਈ ਸੱਦ ਲਿਆ ਤਾਂ ਸਰਕਾਰ ਨੇ ਰਜ਼ਾਮੰਦੀ ਨਾਲ ਹਾਈ ਕੋਰਟ ਵਿਚ ਉਸ ਦੀ ਪਟੀਸ਼ਨ ਪੁਆ ਕੇ ਜਾਂਚ ਦਾ ਕੰਮ ਟਾਸਕ ਫੋਰਸ ਤੋਂ ਵਾਪਸ ਲੈਣ ਵਿਚ ਮਦਦ ਕੀਤੀ, ਪਰ ਟਾਸਕ ਫੋਰਸ ਤੋਂ ਜਾਂਚ ਬਦਲਾਉਣ ਦਾ ਕੰਮ ਐਸ.ਐਸ.ਪੀ. ਤੇ ਸਰਕਾਰ ਨੂੰ ਮਹਿੰਗਾ ਪੈ ਗਿਆ ਹੈ, ਕਿਉਂਕਿ ਅਦਾਲਤ ਨੇ ਸਰਕਾਰ ਦੀ ਮਰਜ਼ੀ ਦੇ ਅਫਸਰ ਲਗਾਉਣ ਦੀ ਬਜਾਏ ਡੀ.ਜੀ.ਪੀ. ਚਟੋਉਪਾਧਿਆਏ ਦੀ ਅਗਵਾਈ ਵਿਚ ਜਾਂਚ ਟੀਮ ਗਠਿਤ ਕਰ ਦਿੱਤੀ।

ਅਦਾਲਤ ਦੀ ਗਠਿਤ ਜਾਂਚ ਟੀਮ ਨੇ ਮਾਮਲੇ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ। ਜਾਂਚ ਟੀਮ ਨੇ ਅਦਾਲਤ ਵਿਚ ਪੇਸ਼ ਕੀਤੀਆਂ ਦੋ ਅੰਤ੍ਰਿਮ ਰਿਪੋਰਟਾਂ ਵਿਚ ਐਸ.ਐਸ.ਪੀ. ਬਾਰੇ ਤਾਂ ਪਹਿਲੇ ਤੱਥਾਂ ਦੀ ਪੁਸ਼ਟੀ ਕੀਤੀ ਹੈ, ਸਗੋਂ ਉਲਟਾ ਦੋ ਡੀ.ਜੀ.ਪੀ. ਰੈਂਕ ਦੇ ਅਫਸਰਾਂ ਵੱਲ ਵੀ ਉਂਗਲ ਉਠਾ ਦਿੱਤੀ। ਇਸ ਮਾਮਲੇ ਬਾਰੇ ਅਦਾਲਤ ਨੇ ਪੰਜਾਬ ਸਰਕਾਰ ਨੂੰ ਆਪਣਾ ਪੱਖ ਪੇਸ਼ ਕਰਨ ਦੀ ਹਦਾਇਤ ਕੀਤੀ ਹੈ। ਇਸੇ ਤਰ੍ਹਾਂ ਨਸ਼ੀਲੇ ਪਦਾਰਥਾਂ ਬਾਰੇ ਵੀ ਏ.ਡੀ.ਜੀ.ਪੀ. ਨੇ ਆਪਣੀ ਸਟੇਟਸ ਰਿਪੋਰਟ ਅਦਾਲਤ 'ਚ ਪੇਸ਼ ਕੀਤੀ ਹੈ।

ਪ੍ਰਸ਼ਾਸਨਿਕ ਹਲਕਿਆਂ ਵਿਚ ਜ਼ੋਰਦਾਰ ਚਰਚਾ ਹੈ ਕਿ ਮੁੱਖ ਮੰਤਰੀ ਨੇ ਪੁਲਿਸ ਅਧਿਕਾਰੀਆਂ ਨੂੰ 'ਜ਼ਾਬਤੇ ਵਿਚ ਰਹਿਣ' ਦੀ ਘੁਰਕੀ ਦਿੰਦਿਆਂ ਸ਼ਾਂਤ ਹੋਣ ਦੀ ਨਸੀਹਤ ਤਾਂ ਦਿੱਤੀ ਹੈ, ਪਰ ਇਸ ਦਾ ਕੋਈ ਅਸਰ ਨਹੀਂ ਹੋਣਾ। ਨਸ਼ਿਆਂ ਦੇ ਵਪਾਰ ਵਿਚ ਪੁਲਿਸ ਦਾ ਨਾਪਾਕ ਗਠਜੋੜ ਕਿਸੇ ਤੋਂ ਨਹੀਂ ਛੁਪਿਆ। ਕਿਸੇ ਵੀ ਤਰ੍ਹਾਂ ਦੀ ਗੈਰ-ਕਾਨੂੰਨੀ ਕਾਰਵਾਈ ਕਰਨ ਤੇ ਗਲਤ ਕੰਮਾਂ ਵਿਚ ਹਿੱਸਾ ਲੈਣ ਵਾਲੇ ਪੁਲਿਸ ਅਧਿਕਾਰੀਆਂ ਨੂੰ ਬਚਾਉਣ ਲਈ ਸਰਕਾਰ ਛਤਰੀ ਬਣ ਕੇ ਬਹੁੜਦੀ ਰਹੀ ਹੈ।

### ਸੁਖਬੀਰ ਦੀ 'ਹਿੱਟ ਲਿਸਟ' ਵਾਲੇ ਅਫਸਰ ਦਾ ਤਬਾਦਲਾ

**ਚੰਡੀਗੜ੍ਹ:** ਬਠਿੰਡਾ ਜ਼ੋਨ ਦੇ ਆਈ.ਜੀ. ਮੁਖਵਿੰਦਰ ਸਿੰਘ ਛੀਨਾ ਦਾ ਤਬਾਦਲਾ ਵੱਡੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਚਰਚਾ ਇਸ ਕਰ ਕੇ ਹੈ ਕਿਉਂਕਿ ਕੁਝ ਦਿਨ ਪਹਿਲਾਂ ਹੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਲਲਕਾਰ ਰੈਲੀਆਂ 'ਚ ਡਾਇਰੀ ਦਿਖਾ ਕੇ ਕਹਿੰਦੇ ਸੀ ਕਿ ਉਹ ਅਕਾਲੀ ਦਲ ਨਾਲ ਧੱਕਾ ਕਰਨ ਵਾਲੇ ਅਫਸਰਾਂ ਦੇ ਨਾਂ ਇਸ ਡਾਇਰੀ ਵਿਚ ਨੋਟ ਕਰ ਰਹੇ ਹਨ। ਆਈ.ਜੀ. ਛੀਨਾ ਦਾ ਨਾਂ ਵੀ ਡਾਇਰੀ 'ਚ ਨੋਟ ਹੈ ਤੇ ਸਰਕਾਰ ਆਉਣ ਉਤੇ ਇਨ੍ਹਾਂ ਤੋਂ ਜਵਾਬ ਲਿਆ ਜਾਵੇਗਾ।

### ਪੰਜਾਬੀ ਨੌਜਵਾਨ ਦੀ ਕੈਨੇਡਾ ਵਿਚ ਹੱਤਿਆ

**ਮੋਗਾ:** ਐਡਮਿੰਟਨ (ਕੈਨੇਡਾ) ਵਿਚ ਪੰਜਾਬੀ ਨੌਜਵਾਨ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਥੋਂ ਦੇ ਪਿੰਡ ਦੁਨੇਕੇ ਦਾ ਰਹਿਣ ਵਾਲਾ ਨੌਜਵਾਨ 2011 ਵਿਚ ਪੜ੍ਹਾਈ ਲਈ ਵਿਦੇਸ਼ ਗਿਆ ਸੀ। ਹਰਪ੍ਰੀਤ ਸਿੰਘ ਕੰਗ (24) ਨੂੰ ਐਡਮਿੰਟਨ ਵਿਚ ਮਰੇਡੀਅਨ ਸਟਰੀਟ 'ਤੇ ਦਿ ਹਿੱਲ ਕਾਲੋਨੀ ਵਿਚ ਇਕ ਗੋਰੇ ਨੇ ਗੋਲੀਆਂ ਮਾਰ ਦਿੱਤੀਆਂ। ਪਰਿਵਾਰ ਨੂੰ ਪਹਿਲਾਂ ਨੌਜਵਾਨ ਦੀ ਮੌਤ ਸੜਕ ਹਾਦਸੇ ਵਿਚ ਹੋਣ ਬਾਰੇ ਪਤਾ ਲੱਗਾ ਸੀ। ਮ੍ਰਿਤਕ ਨੌਜਵਾਨ ਦੀ ਭੈਣ ਵੀ ਇਸ ਘਟਨਾ ਵਾਲੇ ਦਿਨ ਹੀ ਪੜ੍ਹਾਈ ਲਈ ਕੈਨੇਡਾ ਪਹੁੰਚੀ ਸੀ, ਪਰ ਉਹ ਆਪਣੇ ਭਰਾ ਨੂੰ ਨਾ ਮਿਲ ਸਕੀ।

ਸਾਬਕਾ ਖੇਤੀਬਾੜੀ ਮੰਤਰੀ ਜਥੇਦਾਰ ਤੋਤਾ ਸਿੰਘ ਨੇ ਪਿੰਡ ਦੁਨੇਕੇ ਪਹੁੰਚ ਕੇ ਮ੍ਰਿਤਕ ਦੇ ਪਿਤਾ ਪਰਮਿੰਦਰ ਸਿੰਘ ਕੰਗ ਤੇ ਮਾਂ ਜਸਵੀਰ ਕੌਰ ਨਾਲ ਦੁੱਖ ਸਾਂਝਾ ਕੀਤਾ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਹਰਪ੍ਰੀਤ ਨੇ ਕੈਨੇਡਾ ਦੀ ਹੀ ਨਾਗਰਿਕ ਲੜਕੀ ਨਾਲ ਵਿਆਹ ਕਰ ਲਿਆ ਸੀ। ਉਸ ਦੇ ਟਰੱਕ ਦੀ ਕੈਨੇਡਾ ਦੇ ਨਾਗਰਿਕ ਦੇ ਵਾਹਨ ਨਾਲ ਟੱਕਰ ਹੋ ਗਈ। ਹਰਪ੍ਰੀਤ ਨੇ ਘਟਨਾ ਬਾਰੇ ਆਪਣੇ ਦੋਸਤ ਅਤੇ ਕੈਨੇਡਾ ਪੁਲਿਸ ਨੂੰ ਸੂਚਿਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਮੁਲਜ਼ਮ ਨੇ ਉਸ 'ਤੇ ਗੋਲੀ ਚਲਾ ਦਿੱਤੀ।

# ਨਸ਼ਿਆਂ ਦੇ ਮਾਮਲੇ 'ਤੇ ਕੈਪਟਨ ਦੀ ਚੁੱਪ ਸਵਾਲਾਂ ਦੇ ਘੇਰੇ 'ਚ

**ਚੰਡੀਗੜ੍ਹ:** ਡਰੱਗ ਕੇਸਾਂ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਖਾਮੋਸ਼ੀ ਉਤੇ ਹੁਣ ਪੰਜਾਬ ਤੋਂ ਲੈ ਕੇ ਦਿੱਲੀ ਤੱਕ ਸਵਾਲ ਉਠ ਰਹੇ ਹਨ ਕਿ ਆਖਰ ਵੱਡੇ ਅਫਸਰਾਂ ਤੇ ਨੇਤਾਵਾਂ ਵਿਰੁੱਧ ਨਸ਼ਿਆਂ ਦੇ ਮਾਮਲਿਆਂ ਬਾਰੇ ਰਿਪੋਰਟ ਆਉਣ ਤੋਂ ਬਾਅਦ ਵੀ ਕੈਪਟਨ ਕੋਈ ਕਾਰਵਾਈ ਕਿਉਂ ਨਹੀਂ ਕਰ ਰਹੇ? ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਖਹਿਰਾ ਨੇ ਮੁੱਖ ਮੰਤਰੀ ਨੂੰ ਖੁੱਲ੍ਹੀ ਚਿੱਠੀ ਲਿਖੀ ਹੈ, ਜਿਸ ਵਿਚ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੀ ਦਿਸ਼ਾ ਵਿਚ ਕੈਪਟਨ ਨੂੰ ਫੇਲ੍ਹ ਕਰਾਰ ਦਿੱਤਾ ਗਿਆ ਹੈ।

ਖਹਿਰਾ ਨੇ ਕਿਹਾ ਹੈ ਕਿ ਕੈਪਟਨ ਨੇ ਮੁੱਖ ਮੰਤਰੀ ਬਣਦਿਆਂ ਹੀ ਛੱਤੀਸਗੜ੍ਹ ਨਕਸਲੀ ਉਪਰੇਸ਼ਨ ਵਿਚ ਲੱਗੇ ਵਧੀਕ ਡੀ.ਜੀ.ਪੀ. ਹਰਪ੍ਰੀਤ ਸਿੱਧੂ ਨੂੰ ਰਾਤੋ-ਰਾਤ ਪੰਜਾਬ ਲਿਆ ਕੇ ਨਸ਼ਿਆਂ ਵਿਰੁੱਧ ਵਿਸ਼ੇਸ਼ ਟਾਸਕ ਫੋਰਸ ਦਾ ਮੁਖੀ ਥਾਪ ਦਿੱਤਾ ਪਰ ਹਾਈ ਕੋਰਟ ਦੇ ਹੁਕਮਾਂ ਉਤੇ ਹਰਪ੍ਰੀਤ ਸਿੱਧੂ ਨੇ ਮਜੀਠੀਆ ਦੇ ਨਸ਼ਾ ਕਾਰੋਬਾਰ ਵਿਚ ਸ਼ਾਮਲ ਹੋਣ ਦੀ ਰਿਪੋਰਟ ਦਿੱਤੀ ਤੇ ਕੈਪਟਨ ਨੇ ਉਸ ਉਤੇ ਵੀ ਕੋਈ ਕਾਰਵਾਈ ਨਹੀਂ ਕੀਤੀ। ਵਿਰੋਧੀ ਧਿਰ ਦਾ ਇਲਜ਼ਾਮ ਹੈ ਕਿ ਨਸ਼ਾ ਤਸਕਰੀ ਵਿਚ ਸ਼ਾਮਲ 'ਵੱਡੇ ਬੰਦਿਆਂ' ਉਤੇ ਕਾਰਵਾਈ



ਕਰਨ ਦੀ ਥਾਂ ਕੈਪਟਨ ਉਨ੍ਹਾਂ ਪੁਲਿਸ ਅਫਸਰਾਂ ਦੇ ਖੰਭ ਕੁਤਰਨ ਵਿਚ ਲੱਗੇ ਹੋਏ ਹਨ ਜੋ ਨਸ਼ਿਆਂ ਵਿਚ ਲੱਗੇ ਹੋਏ ਰਸੂਖਵਾਨਾਂ ਉਤੇ ਸ਼ਿਕੰਜਾ ਕਸ ਰਹੇ ਹਨ। ਐਸ.ਟੀ.ਐਫ. ਚੀਫ ਨੂੰ ਮਜੀਠੀਆ ਵਿਰੁੱਧ ਰਿਪੋਰਟ ਦੇਣ ਤੋਂ ਬਾਅਦ ਕਮਜ਼ੋਰ ਕੀਤਾ ਗਿਆ, ਉਨ੍ਹਾਂ ਦੀ ਤਾਕਤ ਘਟਾ ਦਿੱਤੀ ਗਈ।

ਹੁਣ ਨਸ਼ਾ ਕੇਸਾਂ ਦੀ ਜਾਂਚ ਲਈ ਬਣੀ ਹਾਈ ਕੋਰਟ ਦੀ ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਡੀ.ਜੀ.ਪੀ. ਸਿੱਧਾਰਥ ਚਟੋਪਾਧਿਆਏ ਨੇ ਆਪਣੇ ਦੋ ਹੋਰ ਹਮਰੁਤਬਾ, ਡੀ.ਜੀ.ਪੀ. ਸੁਰੇਸ਼ ਅਰੋੜਾ ਤੇ ਦਿਨਕਰ ਗੁਪਤਾ ਦੀ ਭੂਮਿਕਾ ਬਾਰੇ ਹਾਈ ਕੋਰਟ ਵਿਚ ਸਵਾਲ ਚੁੱਕੇ ਤਾਂ ਮੁੱਖ ਮੰਤਰੀ ਪੁਲਿਸ ਮੁਖੀ ਵਿਰੁੱਧ ਅਨੁਸ਼ਾਸਨਿਕ ਕਾਰਵਾਈ ਕਰਨ ਦੀ ਚਿਤਾਵਨੀ ਦੇ ਰਹੇ ਹਨ। ਹਾਲਾਂਕਿ, ਕਾਇਦੇ ਨਾਲ ਉਨ੍ਹਾਂ ਨੂੰ ਉਨ੍ਹਾਂ ਦੋਵਾਂ ਡੀ.ਜੀ.ਪੀਜ਼. ਨੂੰ ਹਟਾਉਣਾ ਚਾਹੀਦਾ ਹੈ, ਜਿਨ੍ਹਾਂ ਦੀ ਭੂਮਿਕਾ ਨਸ਼ਾ ਕੇਸਾਂ ਵਿਚ ਫਸੇ ਸੀਨੀਅਰ ਪੁਲਿਸ ਕਪਤਾਨ ਤੇ ਇੰਸਪੈਕਟਰ ਨੂੰ ਬਚਾਉਣ ਦੀ ਰਹੀ ਹੈ।

ਅਕਾਲੀ ਦਲ ਤੇ ਕੈਪਟਨ ਦਰਮਿਆਨ ਗੰਢਤੁੱਪ ਦਾ ਇਲਜ਼ਾਮ ਲਾਉਂਦੇ ਖਹਿਰਾ ਨੇ ਕਿਹਾ ਕਿ ਇਹੋ ਕਾਰਨ ਹੈ ਕਿ ਸੁਖਬੀਰ ਬਾਦਲ ਇਸ ਮਾਮਲੇ ਵਿਚ ਹਾਲੇ ਤੱਕ ਕੁਝ ਨਹੀਂ ਬੋਲੇ। ਉਨ੍ਹਾਂ ਸਵਾਲ ਚੁੱਕਿਆ ਕਿ ਕੈਪਟਨ, ਮਜੀਠੀਆ ਕੇਸ ਵਿਚ ਕਾਰਵਾਈ ਕਿਉਂ ਨਹੀਂ ਕਰਦੇ। ਉਚ ਅਦਾਲਤ ਵਿਚ ਸਾਰਿਆਂ ਦੇ ਭੇਤ ਖੁੱਲ੍ਹਣ ਤੋਂ ਬਾਅਦ ਵੀ ਕੈਪਟਨ ਦਾ ਕੁਝ ਨਾ ਕਰਨਾ ਸਾਬਤ ਕਰਦਾ ਹੈ ਕਿ ਚੋਣ ਪ੍ਰਚਾਰ ਵਿਚ ਨਸ਼ੇ ਦੇ ਖਾਤਮੇ ਲਈ ਉਨ੍ਹਾਂ ਧਾਰਮਿਕ ਗ੍ਰੰਥਾਂ ਦੀਆਂ ਝੂਠੀਆਂ ਸਹੁੰਆਂ ਖਾਧੀਆਂ ਸਨ।

### ਕਾਂਗਰਸ ਰਾਜ 'ਚ ਨਸ਼ੇ ਵਧੇ: ਹਰਸਿਮਰਤ

**ਬਠਿੰਡਾ:** ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸੱਤਾ ਵਿਚ ਆਉਣ ਤੋਂ ਪਹਿਲਾਂ ਨਸ਼ੇ ਨੂੰ ਚਾਰ ਹਫਤਿਆਂ ਵਿਚ ਬੰਦ ਕਰਨ ਦਾ ਦਾਅਵਾ ਕਰਦੇ ਸਨ, ਪਰ ਕਾਂਗਰਸ ਦੇ ਰਾਜ ਵਿਚ ਪੰਜਾਬ 'ਚ ਨਸ਼ਾ ਘਟਣ ਦੀ ਬਜਾਏ 400 ਗੁਣਾ ਵੱਧ ਗਿਆ ਹੈ। ਉਨ੍ਹਾਂ ਲੰਘੀਆਂ ਵਿਧਾਨ ਸਭਾ ਚੋਣਾਂ ਉਨ੍ਹਾਂ ਦੀਆਂ ਆਖਰੀ ਚੋਣਾਂ ਹੋਣ ਦੀ ਗੱਲ ਪਹਿਲਾਂ ਹੀ ਆਖ ਦਿੱਤੀ ਸੀ, ਇਸ ਲਈ ਉਹ ਹੁਣ ਪੰਜਾਬ ਪ੍ਰਤੀ ਗੰਭੀਰ ਨਹੀਂ ਹਨ।

# ਰਵਿੰਦਰ ਭੱਠਲ ਬਣੇ ਪੰਜਾਬੀ ਸਾਹਿਤ ਅਕਾਦਮੀ ਦੇ ਨਵੇਂ ਪ੍ਰਧਾਨ

**ਲੁਧਿਆਣਾ:** ਪੰਜਾਬੀ ਸਾਹਿਤ ਅਕਾਦਮੀ ਦੀਆਂ ਲੁਧਿਆਣਾ ਦੇ ਪੰਜਾਬੀ ਭਵਨ ਵਿਚ ਹੋਈਆਂ ਚੋਣਾਂ ਵਿਚ ਪ੍ਰੋ. ਰਵਿੰਦਰ ਭੱਠਲ ਨੇ ਡਾ. ਤੇਜਵੰਤ ਸਿੰਘ ਗਿੱਲ ਨੂੰ ਹਰਾ ਕੇ ਪ੍ਰਧਾਨਗੀ ਦੀ ਚੋਣ ਜਿੱਤ ਲਈ ਹੈ। ਉਹ ਅਗਲੇ ਦੋ ਸਾਲਾਂ ਲਈ ਅਕਾਦਮੀ ਦੇ ਪ੍ਰਧਾਨ ਵਜੋਂ ਸੇਵਾਵਾਂ ਦੇਣਗੇ। ਉਨ੍ਹਾਂ ਦੇ ਹੱਕ ਵਿਚ 402 ਵੋਟਾਂ ਪਈਆਂ। ਸੀਨੀਅਰ ਮੀਤ ਪ੍ਰਧਾਨ ਦੇ ਅਹੁਦੇ ਲਈ ਸੁਰਿੰਦਰ ਕੈਲੇ ਨੂੰ 379 ਵੋਟਾਂ ਜਦਕਿ ਜਨਰਲ ਸਕੱਤਰ ਬਣੇ ਡਾ. ਸੁਰਜੀਤ ਸਿੰਘ ਨੂੰ 488 ਵੋਟਾਂ ਮਿਲੀਆਂ।

ਪੰਜਾਬ ਹੀ ਨਹੀਂ ਸਗੋਂ ਦੁਨੀਆਂ ਦੇ ਕਈ ਦੇਸ਼ਾਂ ਵਿਚ ਰਹਿੰਦੇ ਪੰਜਾਬੀ ਲੇਖਕਾਂ ਦੀ ਨੁਮਾਇੰਦਗੀ ਕਰਦੀ ਅਕਾਦਮੀ ਦੀਆਂ ਇਹ ਚੋਣਾਂ ਦੋ ਗਰੁੱਪਾਂ- ਸਰਬ ਸਾਂਝਾ ਸਾਹਿਤ ਮੰਚ ਅਤੇ ਪ੍ਰਗਤੀਸ਼ੀਲ ਲੇਖਕ ਫਰੰਟ ਵੱਲੋਂ ਖੜ੍ਹੇ ਕੀਤੇ ਉਮੀਦਵਾਰਾਂ ਵਿਚਕਾਰ ਹੋਈਆਂ। ਐਲਾਨੇ ਗਏ ਨਤੀਜੇ ਅਨੁਸਾਰ ਸਰਬ ਸਾਂਝਾ ਸਾਹਿਤ ਮੰਚ ਵੱਲੋਂ ਪ੍ਰਧਾਨਗੀ ਦੇ ਉਮੀਦਵਾਰ ਪ੍ਰੋ. ਰਵਿੰਦਰ ਭੱਠਲ ਨੂੰ ਜੇਤੂ ਐਲਾਨਿਆ ਗਿਆ। ਜਨਰਲ ਸਕੱਤਰ ਦਾ ਅਹੁਦਾ ਪ੍ਰਗਤੀਸ਼ੀਲ ਲੇਖਕ ਫਰੰਟ ਵੱਲੋਂ ਚੋਣ ਲੜਨ ਵਾਲੇ ਡਾ. ਸੁਰਜੀਤ ਸਿੰਘ ਨੇ ਜਿੱਤਿਆ ਅਤੇ ਇਸੇ ਗਰੁੱਪ ਵੱਲੋਂ ਸੀਨੀਅਰ ਮੀਤ ਪ੍ਰਧਾਨ ਸੁਰਿੰਦਰ ਕੈਲੇ ਅਤੇ ਮੀਤ ਪ੍ਰਧਾਨ ਡਾ. ਗੁਲਜ਼ਾਰ ਸਿੰਘ ਪੰਧੇਰ ਬਣੇ। ਸਹਿਜਪ੍ਰੀਤ ਸਿੰਘ ਮਾਂਗਟ, ਖੁਸ਼ਵੰਤ ਬਰਗਾੜੀ, ਭੁਪਿੰਦਰ ਸਿੰਘ ਸੰਧੂ ਅਤੇ ਮਨਜੀਤ ਕੌਰ ਅੰਬਾਲਵੀ ਮੀਤ ਪ੍ਰਧਾਨ ਬਣੇ।

### ਹਿੰਦੂ-ਅਮਰੀਕੀ ਫਾਊਂਡੇਸ਼ਨ ਵੱਲੋਂ 1.30 ਲੱਖ ਡਾਲਰ ਇਕੱਤਰ

**ਹਿਊਸਟਨ:** ਹਿੰਦੂ ਅਮਰੀਕਨ ਫਾਊਂਡੇਸ਼ਨ ਵੱਲੋਂ ਕਰਾਏ ਗਏ ਪ੍ਰੋਗਰਾਮ ਦੌਰਾਨ ਇਕ ਲੱਖ 30 ਹਜ਼ਾਰ ਡਾਲਰ ਇਕੱਠੇ ਕੀਤੇ ਗਏ। ਇਸ ਦੌਰਾਨ ਐਚ-1 ਬੀ ਵੀਜ਼ੇ ਅਤੇ ਇਮੀਗਰੇਸ਼ਨ ਸੁਧਾਰਾਂ ਵਰਗੇ ਮੁੱਦਿਆਂ ਉਤੇ ਵਿਚਾਰ ਵਟਾਂਦਰਾ ਵੀ ਹੋਇਆ। ਭਾਰਤੀ-ਅਮਰੀਕੀ ਸੰਸਦ ਮੈਂਬਰ ਰਾਜਾ ਕ੍ਰਿਸ਼ਨਾਮੂਰਤੀ ਨੇ ਫਾਊਂਡੇਸ਼ਨ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਹੈ।

# ਪੰਜਾਬੀ ਗਾਇਕ ਪਰਮੀਸ਼ ਵਰਮਾ ਨੂੰ ਗੋਲੀ ਮਾਰੀ

**ਮੁਹਾਲੀ:** ਮਸ਼ਹੂਰ ਪੰਜਾਬੀ ਗਾਇਕ ਪਰਮੀਸ਼ ਵਰਮਾ ਨੂੰ ਇਕ ਗੈਂਗਸਟਰ ਨੇ ਮੁਹਾਲੀ ਵਿਚ ਰਸਤੇ 'ਚ ਘੇਰ ਕੇ ਸ਼ਰੇਆਮ ਗੋਲੀ ਮਾਰ ਦਿੱਤੀ ਪਰ ਗਾਇਕ ਦੀ ਕਿਸਮਤ ਚੰਗੀ ਸੀ ਕਿ ਉਹ ਬਚ ਗਿਆ।

ਪੰਜਾਬੀ ਗੀਤ 'ਗਾਲ੍ਹ ਨੀ ਕੱਢਣੀ' ਨਾਲ ਮਸ਼ਹੂਰ ਹੋਏ ਗਾਇਕ ਤੇ ਅਦਾਕਾਰ ਪਰਮੀਸ਼ ਵਰਮਾ ਨੂੰ ਸੈਕਟਰ-91 ਵਿਚ ਗੋਲੀ ਮਾਰ ਦਿੱਤੀ। ਉਸ ਨੂੰ ਤੁਰਤ ਫੋਰਟਿਸ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਉਸ ਦੇ ਗੋਡੇ ਵਿਚ ਗੋਲੀ ਲੱਗੀ ਹੈ ਤੇ ਡਾਕਟਰਾਂ ਅਨੁਸਾਰ ਉਸ ਦੀ ਹਾਲਤ ਖਤਰੇ ਤੋਂ ਬਾਹਰ ਹੈ।

ਪੁਲਿਸ ਹਮਲਾਵਰਾਂ ਦੀ ਭਾਲ ਕਰ ਹੀ ਰਹੀ



ਸੀ ਕਿ ਐਨੇ ਵਿਚ ਦਿਲਪ੍ਰੀਤ ਸਿੰਘ ਉਰਫ ਬਾਬਾ ਨਾਂ ਦੇ ਇਕ ਗੈਂਗਸਟਰ ਨੇ ਫੇਸਬੁੱਕ ਉਤੇ ਗਾਇਕ ਨੂੰ ਗੋਲੀ ਮਾਰਨ ਦੀ ਜ਼ਿੰਮੇਵਾਰੀ ਲੈ ਲਈ। ਉਸ ਨੇ ਧਮਕੀ ਦਿੱਤੀ ਹੈ ਕਿ ਉਹ ਪਰਮੀਸ਼ ਨੂੰ ਜ਼ਿਊਂਦਾ ਨਹੀਂ ਛੱਡੇਗਾ। ਇਸ ਵਾਰ ਤਾਂ ਗਾਇਕ ਬਚ ਗਿਆ ਪਰ ਅਗਲੀ ਵਾਰ ਨਹੀਂ ਬਚੇਗਾ। ਪਰਮੀਸ਼ ਵਰਮਾ ਦਾ ਚੰਡੀਗੜ੍ਹ ਐਲਾਂਤੇ ਮਾਲ ਵਿਚ ਪ੍ਰੋਗਰਾਮ ਸੀ ਅਤੇ ਉਹ ਰਾਤੀਂ ਕਰੀਬ ਸਾਢੇ 11 ਵਜੇ ਪ੍ਰੋਗਰਾਮ ਖਤਮ ਕਰ ਕੇ ਘਰ ਪਰਤ ਰਿਹਾ ਸੀ।

ਦੱਸਿਆ ਗਿਆ ਹੈ ਕਿ ਗਾਇਕ ਮੁਹਾਲੀ ਦੇ ਸੈਕਟਰ-74 ਵਿਚ ਰਹਿੰਦਾ ਹੈ ਅਤੇ ਘਰ ਆਉਣ ਤੋਂ ਪਹਿਲਾਂ ਉਹ ਆਪਣੇ ਕਿਸੇ ਜਾਣਕਾਰ ਨੂੰ ਇਥੋਂ ਦੇ ਸੈਕਟਰ-91 ਵਿਚ ਛੱਡਣ ਜਾ ਰਿਹਾ ਸੀ ਕਿ ਰਸਤੇ ਵਿਚ ਅਣਪਛਾਤੇ ਵਿਅਕਤੀਆਂ ਨੇ ਉਨ੍ਹਾਂ ਦੀ ਕਾਰ ਦੇ ਬਰਾਬਰ ਕਾਰ ਖੜੀ ਕਰ ਦਿੱਤੀ ਅਤੇ ਕਿਸੇ ਗੱਲ ਨੂੰ ਲੈ ਕੇ ਉਨ੍ਹਾਂ ਵਿਚ ਤਕਰਾਰ ਹੋ ਗਈ ਅਤੇ ਦੇਖਦੇ ਹੀ ਦੇਖਦੇ ਹੀ ਗੈਂਗਸਟਰ ਦਿਲਪ੍ਰੀਤ ਸਿੰਘ ਨੇ ਗੋਲੀ ਚਲਾ ਦਿੱਤੀ।

### ਦਿਲਪ੍ਰੀਤ ਖਿਲਾਫ਼ ਪਹਿਲਾਂ ਹੀ ਕਈ ਕੇਸ ਦਰਜ

ਗੈਂਗਸਟਰ ਦਿਲਪ੍ਰੀਤ ਸਿੰਘ ਪੰਜਾਬ ਪੁਲਿਸ ਨੂੰ ਕਈ ਮਾਮਲਿਆਂ ਵਿਚ ਲੋੜੀਂਦਾ ਹੈ। ਉਹ ਜ਼ਿਲ੍ਹਾ ਰੂਪਨਗਰ ਦੇ ਕਸਬਾ ਨੂਰਪੂਰ ਬੇਦੀ ਦਾ ਰਹਿਣ ਵਾਲਾ ਹੈ ਅਤੇ ਉਸ 'ਤੇ ਪਹਿਲਾਂ ਵੀ ਕਤਲ, ਡਕੈਤੀਆਂ ਤੇ ਕੋਈ ਹੋਰ ਅਪਰਾਧਿਕ ਮਾਮਲੇ ਦਰਜ ਹਨ। ਦਿਲਪ੍ਰੀਤ ਸਿੰਘ ਵੱਲੋਂ ਇਸ ਮਾਮਲੇ ਦੀ ਜ਼ਿੰਮੇਵਾਰੀ ਆਪਣੇ ਸਿਰ ਲਏ ਜਾਣ ਤੋਂ ਬਾਅਦ ਪੁਲਿਸ ਨੇ ਉਸ ਦੀ ਪੈੜ ਨੱਪਣੀ ਸ਼ੁਰੂ ਕਰ ਦਿੱਤੀ ਹੈ।

### ਅੰਮ੍ਰਿਤਸਰ ਤੋਂ ਕੁਆਲਾਲੰਪੁਰ ਉਡਾਣ ਨੂੰ ਹਰੀ ਝੰਡੀ

**ਅੰਮ੍ਰਿਤਸਰ:** ਅੰਮ੍ਰਿਤਸਰ ਤੋਂ ਕੁਆਲਾਲੰਪੁਰ ਲਈ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ ਤੋਂ ਉਡਾਣ ਲਈ ਏਅਰ ਏਸ਼ੀਆ ਵੱਲੋਂ ਲਗਭਗ ਤਿਆਰੀਆਂ ਕਰ ਲਈਆਂ ਗਈਆਂ ਹਨ ਅਤੇ ਘੱਟ ਰੇਟਾਂ ਲਈ ਜਾਣੀ ਜਾਂਦੀ ਇਸ ਹਵਾਈ ਸੇਵਾ ਕੰਪਨੀ ਵੱਲੋਂ ਇਸ ਨੂੰ ਅਗਸਤ ਦੇ ਪਹਿਲੇ ਹਫਤੇ ਸ਼ੁਰੂ ਕਰਨ ਦੀ ਯੋਜਨਾ ਹੈ। ਇਹ ਪ੍ਰਗਟਾਵਾ ਕਾਂਗਰਸ ਦੇ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਕਰਦਿਆਂ ਦੱਸਿਆ ਕਿ ਮਲੇਸ਼ੀਅਨ ਸਟੈਂਡਰਡ ਟਾਈਮ ਅਨੁਸਾਰ ਇਹ ਫਲਾਇਟ 19:40 ਸਮੇਂ ਉਤੇ ਕੁਆਲਾਲੰਪੁਰ ਤੋਂ ਉਡਾਣ ਭਰੇਗੀ ਤੇ ਇਥੇ ਅੰਮ੍ਰਿਤਸਰ ਭਾਰਤੀ ਸਮੇਂ ਅਨੁਸਾਰ 22:45 ਉਤੇ ਉਤਰੇਗੀ। ਇਹ ਹਫਤੇ ਵਿਚ 4 ਉਡਾਣਾਂ ਭਰੇਗੀ।

**ਆਦਮਪੁਰ-ਦਿੱਲੀ ਉਡਾਣ ਮਈ ਤੋਂ:** ਹਵਾਈ ਸੇਵਾ ਸਪਾਈਸ ਜੈੱਟ ਨੇ ਕਿਹਾ ਕਿ ਉਹ 'ਉਡਾਣ' ਯੋਜਨਾ ਤਹਿਤ ਮਈ ਮਹੀਨੇ ਆਦਮਪੁਰ (ਜਲੰਧਰ) ਤੋਂ ਨਵੀਂ ਦਿੱਲੀ ਲਈ ਸਿੱਧੀ ਉਡਾਣ ਸ਼ੁਰੂ ਕਰਨ ਜਾ ਰਹੀ ਹੈ। ਕੰਪਨੀ ਨੇ ਆਦਮਪੁਰ 'ਚ ਕਰਾਏ ਗਏ ਸਮਾਗਮ ਦੌਰਾਨ ਕਿਹਾ ਕਿ ਉਨ੍ਹਾਂ ਦਿੱਲੀ-ਆਦਮਪੁਰ ਹਵਾਈ ਸੇਵਾ ਲਈ ਸ਼ੁਰੂਆਤੀ ਕਿਰਾਏ ਐਲਾਨ ਦਿੱਤੇ ਹਨ ਤੇ ਇਸ ਲਈ ਬੁਕਿੰਗ ਵੀ ਸ਼ੁਰੂ ਹੋ ਚੁੱਕੀ ਹੈ।

# ਕੈਪਟਨ ਸਰਕਾਰ ਸਿੱਧੂ ਨੂੰ ਸਜ਼ਾ ਦਿਵਾਉਣ ਦੇ ਹੱਕ ਵਿਚ

## ਸਿੱਧੂ ਨੂੰ ਦੋਸ਼ੀ ਕਰਾਰ ਦੇਣ ਦੇ ਫੈਸਲੇ ਨੂੰ ਸਹੀ ਦੱਸਿਆ



**ਨਵੀਂ ਦਿੱਲੀ:** ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵਿਚ 1988 ਵਿਚ ਸੜਕ ਉਤੇ ਹੋਈ ਲੜਾਈ ਦੇ ਇਕ ਮਾਮਲੇ ਵਿਚ ਮੌਜੂਦਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਖਿਲਾਫ ਭੁਗਤ ਕੇ ਇਕ ਨਵਾਂ ਵਿਵਾਦ ਸਹੇੜ ਲਿਆ ਹੈ। ਸਰਕਾਰ ਨੇ ਅਦਾਲਤ ਵਿਚ ਆਖਿਆ ਕਿ ਸਿੱਧੂ ਨੂੰ ਦੋਸ਼ੀ ਕਰਾਰ ਦੇਣ ਦਾ ਪੰਜਾਬ ਹਰਿਆਣਾ ਹਾਈ ਕੋਰਟ ਦਾ ਫੈਸਲਾ ਸਹੀ ਸੀ।

ਪੰਜਾਬ ਸਰਕਾਰ ਵੱਲੋਂ ਸਿੱਧੂ ਬਾਰੇ ਸੁਪਰੀਮ ਕੋਰਟ ਵਿਚ ਦਿੱਤੇ ਹਲਫੀਆ ਬਿਆਨ ਨੂੰ ਲੈ ਕੇ ਤਿੱਖੀ ਚਰਚਾ ਛਿੜ ਪਈ ਹੈ। ਕੈਪਟਨ ਸਰਕਾਰ ਅਧਿਕਾਰਤ ਤੌਰ ਉਤੇ ਹਲਫੀਆ ਬਿਆਨ ਬਾਰੇ ਕੁਝ ਨਹੀਂ ਕਹਿਣਾ ਚਾਹੁੰਦੀ ਪਰ ਜਾਣਕਾਰ ਹਲਕਿਆਂ ਅਨੁਸਾਰ ਰਾਜ ਸਰਕਾਰ ਨੇ ਉਹੀ ਸਟੈਂਡ ਸੁਪਰੀਮ ਕੋਰਟ ਵਿਚ ਲਿਆ ਹੈ ਜਿਹੜਾ ਕਦੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਲਿਆ ਸੀ। ਰਾਜ ਸਰਕਾਰ ਉਸ ਸਮੇਂ ਵੀ ਸਿੱਧੂ ਨੂੰ ਸਜ਼ਾ ਦੇਣ ਦੇ ਹੱਕ ਵਿਚ ਸੀ। ਸਰਕਾਰ ਦੇ ਇਸ ਪੱਖ ਪਿੱਛੋਂ ਵਿਰੋਧੀ ਧਿਰਾਂ ਨੇ ਸਿੱਧੂ 'ਤੇ ਅਸਤੀਫਾ ਦੇਣ ਲਈ ਦਬਾਅ ਬਣਾਇਆ ਹੋਇਆ ਹੈ।

ਕ੍ਰਿਕਟਰ ਤੋਂ ਸਿਆਸਤ ਦੇ ਮੈਦਾਨ ਵਿਚ ਆਏ ਸ੍ਰੀ ਸਿੱਧੂ ਪਿਛਲੇ ਸਾਲ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਕੁਝ ਦਿਨ ਪਹਿਲਾਂ ਹੀ ਭਾਜਪਾ ਨੂੰ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋਏ ਸਨ ਤੇ ਇਸ ਵੇਲੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਵਿਚ ਉਹ ਸਥਾਨਕ ਸਰਕਾਰ, ਸਭਿਆਚਾਰਕ ਮਾਮਲਿਆਂ ਤੇ ਸੈਰ ਸਪਾਟਾ ਮੰਤਰੀ ਹਨ।

ਪੰਜਾਬ ਸਰਕਾਰ ਦੇ ਵਕੀਲ ਐਸ.ਐਸ. ਸਾਰੋਂ ਨੇ ਬੈਂਚ ਨੂੰ ਦੱਸਿਆ ਕਿ ਪਟਿਆਲਾ ਵਾਸੀ ਗੁਰਨਾਮ ਸਿੰਘ ਦੀ ਮੌਤ ਸਿੱਧੂ ਵੱਲੋਂ ਮਾਰੇ ਗਏ ਮੁੱਕੇ ਕਾਰਨ ਹੀ ਹੋਈ ਸੀ। ਸਰਕਾਰ ਨੇ ਕਿਹਾ ਕਿ ਟ੍ਰਾਇਲ ਕੋਰਟ ਦਾ ਇਹ ਨਜ਼ਰੀਆ ਗਲਤ ਸੀ ਕਿ ਗੁਰਨਾਮ ਸਿੰਘ ਦੀ ਮੌਤ ਦਿਲ ਦੀ ਧੜਕਣ ਰੁਕਣ ਕਾਰਨ ਹੋਈ ਸੀ, ਨਾ ਕਿ ਦਿਮਾਗ ਦੀ ਨਸ ਫਟਣ ਕਾਰਨ। ਰਾਜ ਸਰਕਾਰ ਦੇ ਵਕੀਲ ਨੇ ਬੈਂਚ ਨੂੰ ਦੱਸਿਆ ਕਿ ਅਜਿਹਾ ਕੋਈ ਸਬੂਤ ਨਹੀਂ ਹੈ ਜਿਸ ਤੋਂ ਇਹ ਪਤਾ ਚੱਲਦਾ ਹੋਵੇ ਕਿ ਮੌਤ ਦਾ ਕਾਰਨ ਦਿਲ ਦੀ ਧੜਕਣ ਬੰਦ ਹੋਣਾ ਸੀ, ਨਾ ਕਿ ਦਿਮਾਗ ਦੀ ਨਸ ਫਟਣਾ।

ਟ੍ਰਾਇਲ ਕੋਰਟ ਦੇ ਫੈਸਲੇ ਨੂੰ ਹਾਈ ਕੋਰਟ ਵੱਲੋਂ ਉਲੱਦ ਦੇਣਾ ਬਿਲਕੁਲ ਹੱਕ ਬਜਾਨਬ ਸੀ। ਮੁਲਜ਼ਮ ਏ1 (ਨਵਜੋਤ ਸਿੰਘ ਸਿੱਧੂ) ਵੱਲੋਂ ਗੁਰਨਾਮ ਸਿੰਘ ਨੂੰ ਜ਼ਬਰਦਸਤ ਮੁੱਕਾ ਮਾਰਨ ਕਰ ਕੇ ਹੀ ਉਸ ਦੇ ਦਿਮਾਗ ਦੀ ਨਸ ਫਟਣ ਕਰ ਕੇ ਮੌਤ ਹੋਈ ਸੀ।

ਜਾਂਚ ਰਿਪੋਰਟ ਦਾ ਹਵਾਲਾ ਦਿੰਦਿਆਂ ਰਾਜ ਸਰਕਾਰ ਨੇ ਕਿਹਾ ਕਿ ਇਸਤਗਾਸਾ ਦੇ ਦੋ ਵਕੀਲ ਜਸਵਿੰਦਰ ਸਿੰਘ ਤੇ ਅਵਤਾਰ ਉਦੋਂ ਉਥੇ ਮੌਜੂਦ ਸਨ ਜਦੋਂ ਗੁਰਨਾਮ ਸਿੰਘ ਨੂੰ ਹਸਪਤਾਲ ਲਿਜਾਇਆ ਗਿਆ ਸੀ ਤੇ ਉਨ੍ਹਾਂ ਦੇ ਬਿਆਨ ਵੀ ਕਲਮਬੰਦ ਕੀਤੇ ਗਏ ਸਨ। ਜਸਵਿੰਦਰ ਸਿੰਘ ਨੇ ਉਸ ਕਾਰ ਦਾ ਗਲਤ ਨੰਬਰ ਦਿੱਤਾ ਸੀ ਜਿਸ ਵਿਚ ਸਿੱਧੂ ਘਟਨਾ ਸਥਾਨ ਉਤੇ ਪਹੁੰਚਿਆ ਸੀ ਪਰ ਇਸ ਦਾ ਕੋਈ ਮਹੱਤਵ ਨਹੀਂ ਕਿਉਂਕਿ ਕਾਰ ਦੇ ਪਹਿਲੇ ਤਿੰਨ ਹਿੰਦਸੇ ਉਹੀ ਸਨ। ਬੈਂਚ ਨੇ ਸਰਕਾਰੀ ਵਕੀਲ ਤੋਂ ਪੁੱਛਿਆ ਕਿ ਪੁਲਿਸ ਵੱਲੋਂ ਸਹਿ-ਮੁਲਜ਼ਮ ਰੁਪਿੰਦਰ ਸਿੰਘ ਸੰਧੂ ਦੀ ਪਛਾਣ ਕਿਹੜੇ ਪੜਾਅ ਉਤੇ ਕੀਤੀ ਗਈ ਜੋ ਗੱਡੀ ਵਿਚ ਮੌਜੂਦ ਸੀ ਅਤੇ ਅਪਰਾਧ ਵਿਚ ਉਸ ਦੀ ਸ਼ਮੂਲੀਅਤ ਨੂੰ ਕਿਵੇਂ ਸਿੱਧ ਕੀਤਾ ਗਿਆ ਸੀ। ਸ੍ਰੀ ਸਾਰੋਂ ਨੇ ਕਿਹਾ ਕਿ ਘਟਨਾ ਤੋਂ ਦੋ-ਤਿੰਨ ਦਿਨ ਬਾਅਦ ਇਸਤਗਾਸਾ ਦੇ ਗਵਾਹ ਅਵਤਾਰ ਸਿੰਘ ਨੇ ਕੋਤਵਾਲੀ ਪੁਲਿਸ ਸਟੇਸ਼ਨ ਜਾ ਕੇ ਦੱਸਿਆ ਸੀ ਕਿ ਉਸ ਨੇ ਸਿੱਧੂ ਤੇ ਸੰਧੂ ਦੋਵਾਂ ਨੂੰ ਦੇਖਿਆ ਸੀ ਪਰ ਪੁਲਿਸ ਨੇ ਕੋਈ ਸ਼ਨਾਖਤੀ ਪਰੇਡ ਨਹੀਂ ਕਰਵਾਈ ਸੀ। ਸ਼ਿਕਾਇਤਕਰਤਾ ਧਿਰ ਦੀ ਤਰਫੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਸਿਧਾਰਥ ਲੂਥਰਾ ਨੇ ਕਿਹਾ ਕਿ ਸਿੱਧੂ ਦੀ ਸਜ਼ਾ ਵਧਾਈ ਜਾਵੇ ਕਿਉਂਕਿ ਇਹ ਹੱਤਿਆ ਦਾ ਕੇਸ ਹੈ ਤੇ ਉਸ ਨੇ ਮ੍ਰਿਤਕ ਦੀ ਕਾਰ ਦੀਆਂ ਚਾਬੀਆਂ ਜਾਣ ਬੁੱਝ ਕੇ ਕੱਢ ਲਈਆਂ ਸਨ ਤਾਂ ਕਿ ਉਸ ਨੂੰ ਕੋਈ ਮੈਡੀਕਲ ਸਹਾਇਤਾ ਨਾ ਮਿਲ ਸਕੇ।

ਜ਼ਿਕਰਯੋਗ ਹੈ ਕਿ ਸਤੰਬਰ 1999 ਵਿਚ ਟ੍ਰਾਇਲ ਕੋਰਟ ਨੇ ਨਵਜੋਤ ਸਿੰਘ ਸਿੱਧੂ ਨੂੰ ਗੁਰਨਾਮ ਸਿੰਘ ਦੀ ਮੌਤ ਦੇ ਦੋਸ਼ ਤੋਂ ਬਰੀ ਕਰ ਦਿੱਤਾ ਸੀ ਪਰ ਹਾਈ ਕੋਰਟ ਨੇ ਦਸੰਬਰ 2006 ਵਿਚ ਸਿੱਧੂ ਤੇ ਸਹਿ ਮੁਲਜ਼ਮ ਰੁਪਿੰਦਰ ਸਿੰਘ ਸੰਧੂ ਨੂੰ ਗੈਰ ਇਰਾਦਾ ਹੱਤਿਆ ਦਾ ਦੋਸ਼ੀ ਕਰਾਰ ਦਿੰਦਿਆਂ ਉਨ੍ਹਾਂ ਨੂੰ ਤਿੰਨ ਸਾਲਾਂ ਦੀ ਕੈਦ ਤੇ ਇਕ ਲੱਖ ਰੁਪਏ ਦੀ ਕੈਦ ਦੀ ਸਜ਼ਾ ਸੁਣਾਈ ਸੀ।

### ਖਹਿਰਾ ਵੱਲੋਂ ਸਿੱਧੂ ਨੂੰ ਕੁਰਸੀ ਛੱਡਣ ਦੀ ਸਲਾਹ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਨਵਜੋਤ ਸਿੰਘ ਸਿੱਧੂ ਨੂੰ ਕੈਬਨਿਟ ਮੰਤਰੀ ਦੀ ਕੁਰਸੀ ਛੱਡਣ ਦੀ ਸਲਾਹ ਦਿੱਤੀ ਹੈ। ਉਨ੍ਹਾਂ ਮੁੱਖ ਮੰਤਰੀ 'ਤੇ ਵੀ ਤਨਜ਼ ਕੱਸਦਿਆਂ ਕਿਹਾ ਕਿ ਉਹ ਰਜਵਾੜਾ ਸ਼ਾਹੀ ਰਾਜਨੀਤੀ ਕਰਦੇ ਹਨ, ਇਸ ਤੋਂ ਪਹਿਲਾਂ ਉਨ੍ਹਾਂ ਨੇ ਸੁਨੀਲ ਜਾਖੜ ਤੇ ਹੋਰ ਵਿਧਾਇਕਾਂ ਦੀ ਆਪਣੀ ਕੋਠੀ ਵਿਚ ਤੌਹੀਨ ਕੀਤੀ ਤੇ ਹੁਣ ਆਪਣੇ ਮੰਤਰੀ ਦੇ ਪਰ ਕੱਟਣ ਵਿਚ ਲੱਗੇ ਹੋਏ ਹਨ।

### ਸਿੱਧੂ ਨੂੰ ਅਸਤੀਫਾ ਦੇਣ ਦੀ ਲੋੜ ਨਹੀਂ: ਕੈਪਟਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਸੁਪਰੀਮ ਕੋਰਟ ਵਿਚ ਚੱਲ ਰਹੇ ਕੇਸ ਦੇ ਮੱਦੇਨਜ਼ਰ ਸੂਬਾਈ ਵਜ਼ਾਰਤ ਤੋਂ ਅਸਤੀਫਾ ਦੇਣ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ 30 ਸਾਲ ਪੁਰਾਣੇ ਕੇਸ ਵਿਚ ਸੂਬਾਈ ਸਰਕਾਰ ਵੱਲੋਂ ਸੁਪਰੀਮ ਕੋਰਟ ਵਿੱਚ ਮਹਿਜ਼ ਆਪਣਾ ਸਟੈਂਡ ਦੁਹਰਾਏ ਜਾਣ ਦੇ ਆਧਾਰ ਉਤੇ ਮੰਤਰੀ ਕੋਲੋਂ ਅਸਤੀਫਾ ਮੰਗਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਕੈਪਟਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਸੁਪਰੀਮ ਕੋਰਟ ਵਿਚ ਸਿਰਫ ਕਾਨੂੰਨੀ ਤੌਰ ਉਤੇ ਵਿਹਾਰਕ ਸਟੈਂਡ ਹੀ ਲਿਆ ਹੈ।

# ਪੰਜਾਬ ਕਾਂਗਰਸ ਨਵੀਂ ਖਾਨਾਜੰਗੀ ਦੇ ਰਾਹ

## ਜਾਖੜ ਤੇ ਕੈਪਟਨ ਵਿਚ ਫਿੱਕ ਬਣੀ ਨਵੀਂ ਸਿਰਦਰਦੀ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸੁਨੀਲ ਜਾਖੜ ਵਿਚਾਲੇ ਪਈ ਫਿੱਕ ਨੇ ਹਾਕਮ ਧਿਰ ਕਾਂਗਰਸ ਲਈ ਨਵੀਂ ਸਿਰਦਰਦੀ ਖੜ੍ਹੀ ਕਰ ਦਿੱਤੀ ਹੈ। ਇਸ ਘਟਨਾ ਨਾਲ ਕੈਪਟਨ ਅਮਰਿੰਦਰ ਸਿੰਘ ਦੀ



ਕਾਰਜਸ਼ੈਲੀ ਉਤੇ ਵੀ ਸਵਾਲ ਉਠ ਰਹੇ ਹਨ। ਸੁਨੀਲ ਜਾਖੜ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਭ ਤੋਂ ਵੱਡੇ ਹਮਾਇਤੀ ਮੰਨੇ ਜਾਂਦੇ ਸਨ।

ਸ੍ਰੀ ਜਾਖੜ ਨੂੰ ਪ੍ਰਦੇਸ਼ ਪ੍ਰਧਾਨ ਦਾ ਅਹੁਦਾ ਅਤੇ ਫਿਰ ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਪਾਰਟੀ ਟਿਕਟ ਵੀ ਕੈਪਟਨ ਵੱਲੋਂ ਜ਼ੋਰ ਪਾਏ ਜਾਣ ਉਤੇ ਮਿਲੇ ਸਨ। ਭਾਵੇਂ ਸ੍ਰੀ ਜਾਖੜ ਭਵਾਨੀਗੜ੍ਹ (ਸੰਗਰੂਰ) ਵਿਚ ਕਰਜ਼ਾ ਮੁਆਫੀ ਸਮਾਗਮ ਵਿਚ ਹਾਜ਼ਰ ਹੋਏ ਤੇ ਭਾਸ਼ਣ ਵੀ ਦਿੱਤਾ, ਫਿਰ ਵੀ ਇਹ ਸੰਕੇਤ ਮਿਲਦੇ ਆ ਰਹੇ ਹਨ ਕਿ ਮੁੱਖ ਮੰਤਰੀ ਨਾਲ ਉਨ੍ਹਾਂ ਦੇ ਸਬੰਧ ਇਕਸੁਰ ਨਹੀਂ।

ਦੱਸ ਦਈਏ ਕਿ ਕੈਪਟਨ ਅਮਰਿੰਦਰ ਸਿੰਘ ਦੇ ਸੁਰੱਖਿਆ ਅਮਲੇ ਦੀ ਸਖਤੀ ਦਾ ਸ਼ਿਕਾਰ ਹੋਏ ਸੁਨੀਲ ਜਾਖੜ ਅਤੇ ਉਨ੍ਹਾਂ ਨਾਲ ਸ਼ਿਕਾਇਤਾਂ ਦਾ ਨਿਬੇੜਾ ਕਰਵਾਉਣ ਗਏ ਕਾਂਗਰਸੀ ਵਿਧਾਇਕ ਮੁੱਖ ਮੰਤਰੀ ਨੂੰ ਮਿਲੇ ਬਿਨਾਂ ਹੀ ਪਰਤ ਗਏ ਸਨ। ਸ੍ਰੀ ਜਾਖੜ ਮਿਥੇ ਪ੍ਰੋਗਰਾਮ ਅਨੁਸਾਰ ਤਕਰੀਬਨ ਅੱਧੀ ਦਰਜਨ ਕਾਂਗਰਸੀ ਵਿਧਾਇਕਾਂ ਸਮੇਤ ਮੁੱਖ ਮੰਤਰੀ ਨੂੰ ਮਿਲਣ ਗਏ ਤਾਂ ਗੇਟ ਉਤੇ ਤਾਇਨਾਤ ਸੁਰੱਖਿਆ ਅਮਲੇ ਨੇ ਕਾਂਗਰਸ ਪ੍ਰਧਾਨ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਮੋਬਾਈਲ ਫੋਨ ਨਾਲ ਨਹੀਂ ਲਿਜਾਣ ਦੇਣਗੇ। ਇਸ ਲਈ ਉਨ੍ਹਾਂ ਨੂੰ ਆਪਣਾ ਮੋਬਾਈਲ ਫੋਨ ਸੁਰੱਖਿਆ ਅਮਲੇ ਨੂੰ ਦੇਣ ਲਈ ਮਜਬੂਰ ਹੋਣ ਪਿਆ। ਇਸ ਕਾਰਨ ਸ੍ਰੀ ਜਾਖੜ ਕੁਝ ਤੈਸ਼ ਵਿਚ ਵੀ ਆ ਗਏ ਕਿਉਂਕਿ ਇਸ ਤੋਂ ਪਹਿਲਾਂ ਉਨ੍ਹਾਂ ਨੂੰ ਆਪਣੀ ਪਾਰਟੀ ਦੀ ਸਰਕਾਰ ਵਿਚ ਅਜਿਹੀ ਹਾਸੋਹੀਣੀ ਸਥਿਤੀ ਦਾ ਸਾਹਮਣਾ ਨਹੀਂ ਕਰਨਾ ਪਿਆ ਸੀ।

ਇਸ ਤੋਂ ਇਲਾਵਾ ਮੁੱਖ ਮੰਤਰੀ ਦੇ ਦਫਤਰ ਸਥਿਤ ਮੁੱਖ ਪ੍ਰਮੁੱਖ ਸਕੱਤਰ ਦੇ ਦਫਤਰ ਵਿਚ ਉਨ੍ਹਾਂ ਨੂੰ ਕਰੀਬ ਪੰਦਰਾਂ ਮਿੰਟ ਇੰਤਜ਼ਾਰ ਤੋਂ ਬਾਅਦ ਵੀ ਮੁੱਖ ਮੰਤਰੀ ਨੇ ਮਿਲਣ ਲਈ ਨਹੀਂ ਬੁਲਾਇਆ। ਇਸ ਉਤੇ ਉਹ ਮੁੱਖ ਮੰਤਰੀ ਨੂੰ ਬਿਨਾਂ ਮਿਲੇ ਪਰਤ ਗਏ।

ਸ੍ਰੀ ਜਾਖੜ, ਬਾਦਲਾਂ, ਖਾਸ ਕਰ ਕੇ ਬਿਕਰਮ ਸਿੰਘ ਮਜੀਠੀਆ ਖਿਲਾਫ ਨਸ਼ਿਆਂ ਦੀ ਤਸਕਰੀ ਦੇ ਮਾਮਲੇ ਵਿਚ ਕਾਰਵਾਈ ਦੀ ਮੰਗ ਕਰਦੇ ਆ ਰਹੇ ਸਨ। ਇਸੇ ਤਰ੍ਹਾਂ ਆਮ ਆਦਮੀ ਪਾਰਟੀ ਨਾਲ ਸਬੰਧਾਂ ਨੂੰ ਲੈ ਕੇ ਵੀ ਉਨ੍ਹਾਂ ਦੇ ਕੈਪਟਨ ਅਮਰਿੰਦਰ ਸਿੰਘ ਨਾਲ ਮੱਤਭੇਦ ਦੱਸੇ ਜਾਂਦੇ ਹਨ। ਸ੍ਰੀ ਜਾਖੜ ਨੇ ਹਾਲ ਹੀ ਵਿਚ ਬਿਆਨ ਦਿੱਤਾ ਸੀ ਕਿ ਅਗਲੀਆਂ ਲੋਕ ਸਭਾ ਚੋਣਾਂ ਵਿਚ ਨਰੇਂਦਰ ਮੋਦੀ ਨੂੰ ਹਰਾਉਣ ਲਈ ਜੇਕਰ ਕਾਂਗਰਸ ਨੂੰ ਪੰਜਾਬ ਵਿਚ ਆਮ ਆਦਮੀ ਪਾਰਟੀ ਨਾਲ ਗੱਠਜੋੜ ਕਰਨ ਦੀ ਲੋੜ ਪੈਂਦੀ ਹੈ ਤਾਂ ਅਜਿਹਾ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਇਸੇ ਪ੍ਰਸੰਗ ਵਿਚ 'ਆਪ' ਦੇ ਸੰਸਦ ਮੈਂਬਰ ਭਗਵੰਤ ਮਾਨ ਨਾਲ ਵੀ ਗੱਲਬਾਤ ਕੀਤੀ ਸੀ।

### ਬਹੁਤੇ ਪ੍ਰਦੇਸ਼ ਪ੍ਰਧਾਨਾਂ ਨਾਲ ਕੈਪਟਨ ਦੀ ਨਹੀਂ ਬਣੀ

**ਜਲੰਧਰ:** ਪੰਜਾਬ ਕਾਂਗਰਸ ਦੇ ਬਹੁਤੇ ਪ੍ਰਧਾਨਾਂ ਤੇ ਕੈਪਟਨ ਵਿਚਾਲੇ ਕਲੇਸ਼ ਕੋਈ ਨਵੀਂ ਗੱਲ ਨਹੀਂ ਹੈ। ਪੰਜਾਬ ਵਿਚ ਕਾਂਗਰਸ ਨੂੰ ਪੈਰਾਂ ਸਿਰ ਕਰਨ ਲਈ ਕਾਂਗਰਸ ਹਾਈ ਕਮਾਂਡ ਨੇ ਜਦੋਂ ਪ੍ਰਤਾਪ ਸਿੰਘ ਬਾਜਵਾ ਦੇ ਹੱਥ ਕਮਾਨ ਦਿੱਤੀ ਸੀ, ਉਦੋਂ ਵੀ ਕੈਪਟਨ ਦੇ ਧੜੇ ਨੇ ਬਾਜਵਾ ਦੇ ਕੰਮਾਂ ਵਿਚ ਅੜਿੱਕੇ ਡਾਹੇ ਸਨ। ਜਿਥੇ ਵੀ ਪ੍ਰਤਾਪ ਸਿੰਘ ਬਾਜਵਾ ਇਕੱਠ ਕਰਦੇ ਸਨ, ਉਥੇ ਕੈਪਟਨ ਧੜਾ ਗੈਰ ਹਾਜ਼ਰ ਰਹਿੰਦਾ ਸੀ। ਕਾਂਗਰਸ ਹਾਈ ਕਮਾਂਡ ਨੇ ਪੰਜਾਬ ਵਿਚ ਪਹਿਲੀ ਵਾਰ ਦਲਿਤ ਆਗੂ ਸ਼ਮਸ਼ੇਰ ਸਿੰਘ ਦੂਲੋਂ ਨੂੰ ਸੂਬਾ ਕਾਂਗਰਸ ਦੀ ਕਮਾਨ ਸੰਭਾਲੀ ਸੀ। ਉਦੋਂ ਵੀ ਪੰਜਾਬ ਵਿਚ ਕੈਪਟਨ ਦੀ ਸਰਕਾਰ ਸੀ। ਸ਼ਮਸ਼ੇਰ ਸਿੰਘ ਦੂਲੋਂ ਨਾਲ ਕੈਪਟਨ ਦੀ ਸੁਰ ਨਾ ਮਿਲਣ ਕਾਰਨ ਦੋਵੇਂ ਧਿਰਾਂ ਲੰਮਾ ਸਮਾਂ ਇਕੱਠੀਆਂ ਨਹੀਂ ਚੱਲ ਸਕੀਆਂ ਸਨ। ਮਹਿੰਦਰ ਸਿੰਘ ਕੇ.ਪੀ. ਵੀ ਜਦੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਰਹੇ ਸਨ ਤਾਂ ਉਨ੍ਹਾਂ ਨਾਲ ਵੀ ਕੈਪਟਨ ਦਾ ਖੜਕਾ-ਦੜਕਾ ਹੁੰਦਾ ਰਿਹਾ ਸੀ।

### ਅਕਾਲੀ ਦਲ ਨੇ ਕੱਸੀ ਤਨਜ਼

**ਪਟਿਆਲਾ:** ਆਨੰਦਪੁਰ ਸਾਹਿਬ ਤੋਂ ਅਕਾਲੀ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਹੁਣ ਤੱਕ ਤਾਂ ਮੁੱਖ ਮੰਤਰੀ ਨਿਵਾਸ 'ਤੇ ਵਿਧਾਇਕਾਂ ਦੀ ਦੁਰਦਸ਼ਾ ਦੇ ਚਰਚੇ ਹੀ ਸੁਣਦੇ ਸੀ, ਪਰ ਹੁਣ ਸੁਰੱਖਿਆ ਗਾਰਡਾਂ ਵੱਲੋਂ ਸੁਨੀਲ ਜਾਖੜ ਨਾਲ ਜੋ ਕੀਤਾ ਗਿਆ ਹੈ, ਉਹ ਲੋਕਤੰਤਰ ਲਈ ਬਹੁਤ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਜੇ ਸੱਤਾਧਾਰੀ ਪਾਰਟੀ ਦੇ ਪ੍ਰਧਾਨ ਨਾਲ ਅਜਿਹਾ ਹੋਵੇਗਾ ਤਾਂ ਆਮ ਲੋਕਾਂ ਨਾਲ ਕੀ ਹੋਵੇਗਾ।

# ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ


**ਅੰਮ੍ਰਿਤਸਰ:** ਜਲ੍ਹਿਆਂਵਾਲਾ ਬਾਗ ਸ਼ਹੀਦੀ ਸਾਕੇ ਦੀ 99ਵੀਂ ਬਰਸੀ ਮੌਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇ ਕੇ ਯਾਦ ਕੀਤਾ ਗਿਆ ਹੈ ਪਰ ਇਸ ਸ਼ਹੀਦੀ ਸਮਾਰਕ ਦੀ ਅਣਦੇਖੀ ਅਜੇ ਵੀ ਜਾਰੀ ਹੈ ਜਦੋਂਕਿ ਅਗਲੇ ਵਰ੍ਹੇ ਇਸ ਸਾਕੇ ਦੀ ਸ਼ਤਾਬਦੀ ਮਨਾਉਣ ਦੀ ਤਿਆਰੀ ਹੈ।

ਹਾਲ ਹੀ ਵਿਚ ਇਥੇ ਸ਼ਹੀਦ ਊਧਮ ਸਿੰਘ ਦਾ ਬੁੱਤ ਸਥਾਪਤ ਕੀਤਾ ਗਿਆ ਹੈ, ਜਿਸ ਤੋਂ ਪਰਦਾ ਹਟਾਉਣ ਲਈ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਆਏ ਸਨ। ਇਸ ਯਾਦਗਾਰ ਵਿਚ ਸਾਕੇ ਦੇ ਇਤਿਹਾਸ ਬਾਰੇ ਜਾਣਕਾਰੀ ਦੇਣ ਲਈ ਰੌਸ਼ਨੀ ਅਤੇ ਆਵਾਜ਼ ਉਤੇ ਅਧਾਰਤ ਸ਼ੋਅ ਸ਼ੁਰੂ ਕੀਤਾ ਗਿਆ ਸੀ, ਜੋ ਤਕਨੀਕੀ ਖਰਾਬੀ ਆਉਣ ਕਾਰਨ ਪਿਛਲੇ ਕਈ ਸਾਲਾਂ ਤੋਂ ਬੰਦ ਪਿਆ ਹੈ। ਇਸ ਨੂੰ ਮੁੜ ਚਲਾਉਣ ਦਾ ਕੋਈ ਉਪਰਾਲਾ ਨਹੀਂ ਹੋਇਆ। ਇਸੇ ਤਰ੍ਹਾਂ ਸ਼ਹੀਦੀ ਸਾਕੇ ਨਾਲ ਸਬੰਧਤ ਦਸਤਾਵੇਜ਼ੀ ਫਿਲਮਾਂ ਵੀ ਤਕਨੀਕੀ ਖਰਾਬੀ ਕਾਰਨ ਹੁਣ ਨਹੀਂ ਦਿਖਾਈਆਂ ਜਾ ਰਹੀਆਂ। ਕਈ ਥਾਵਾਂ ਉਤੇ ਪੁਰਾਤਨ ਦਿੱਖ ਨੂੰ ਸੰਭਾਲਣ ਲਈ ਮੁਰੰਮਤ ਦੀ ਲੋੜ ਵੀ ਹੈ।

ਇਸ ਮੌਕੇ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਆਖਿਆ ਕਿ ਆਜ਼ਾਦੀ ਵੱਡੀ ਕੀਮਤ ਨਾਲ ਮਿਲੀ ਹੈ ਅਤੇ ਸ਼ਹੀਦ ਸਾਡੀ ਕੌਮ ਦਾ ਸਰਮਾਇਆ ਹਨ। ਜਲ੍ਹਿਆਂਵਾਲਾ ਬਾਗ ਆਜ਼ਾਦੀ ਦੇ ਸੰਘਰਸ਼ ਦਾ ਗਵਾਹ ਹੈ ਅਤੇ ਇਹ ਦੇਸ਼-ਕੌਮ ਲਈ ਕੁਝ ਕਰ ਗੁਜ਼ਰਨ ਦੀ ਪ੍ਰੇਰਨਾ ਸਦਾ ਦਿੰਦਾ ਰਹੇਗਾ।

# ਭਗਤ ਸਿੰਘ ਨੂੰ ਆਸਰਾ ਦੇਣ ਵਾਲੇ ਨਸੀਮ ਚੰਗੇਜ਼ੀ ਨਹੀਂ ਰਹੇ

**ਨਵੀਂ ਦਿੱਲੀ:** ਦਿੱਲੀ ਪਰਵਾਸ ਦੌਰਾਨ ਕ੍ਰਾਂਤੀਕਾਰੀ ਭਗਤ ਸਿੰਘ ਨੂੰ ਆਸਰਾ ਦੇਣ ਵਾਲੇ ਬਿਰਧ ਸੁਤੰਤਰਤਾ ਸੈਲਾਨੀ ਨਸੀਮ ਮਿਰਜ਼ਾ ਚੰਗੇਜ਼ੀ ਦਾ ਦੇਹਾਂਤ ਹੋ ਗਿਆ। ਉਹ 106 ਸਾਲ ਦੇ ਸਨ। ਉਹ ਪੁਰਾਣੀ ਦਿੱਲੀ ਜਾਮਾ ਮਸਜਿਦ ਵਿਚ ਰਹਿੰਦੇ ਸਨ। ਚੰਗੇਜ਼ੀ ਨੂੰ ਦਿੱਲੀ ਗੇਟ ਕਬਰਸਤਾਨ ਵਿਖੇ ਸਪੁਰਦ-ਏ-ਖਾਕ ਕੀਤਾ ਗਿਆ ਜਿਥੇ ਉਨ੍ਹਾਂ ਦੇ ਪਰਿਵਾਰਕ ਮੈਂਬਰ, ਦੋਸਤ ਤੇ ਹੋਰ ਸ਼ਖਸੀਅਤਾਂ ਹਾਜ਼ਰ ਸਨ।



ਚੰਗੇਜ਼ੀ ਨੇ ਭਗਤ ਸਿੰਘ ਦੀ ਉਦੋਂ ਮਦਦ ਕੀਤੀ ਸੀ ਜਦੋਂ ਭਗਤ ਸਿੰਘ ਨੇ ਅਸੈਂਬਲੀ ਵਿਚ ਬੰਬ ਸੁੱਟਣ ਤੋਂ ਪਹਿਲਾਂ ਦਿੱਲੀ ਵਿਚ ਕਰੀਬ ਇਕ ਮਹੀਨਾ ਰਹਿ ਕੇ ਸਾਰੀ ਸੂਹੀਆ ਜਾਣਕਾਰੀ ਇਕੱਠੀ ਕੀਤੀ ਸੀ।

ਚੰਗੇਜ਼ੀ ਵੱਲੋਂ ਦਾਅਵਾ ਕੀਤਾ ਜਾਂਦਾ ਰਿਹਾ ਸੀ ਕਿ ਉਦੋਂ ਭਗਤ ਸਿੰਘ ਪੰਡਤ ਬਣ ਕੇ ਜਾਮਾ ਮਸਜਿਦ ਦੇ ਪਿਛਲੇ ਪਾਸੇ ਪੁਰਾਣੀ ਦਿੱਲੀ ਦੇ ਇਕ ਪਿਆਊ ਨੇੜੇ ਠਹਿਰਿਆ ਸੀ। ਇਸ ਕੰਮ ਲਈ ਚੰਗੇਜ਼ੀ ਨੇ ਕ੍ਰਾਂਤੀਕਾਰੀ ਨੂੰ ਟਿਕਾਣਾ ਲੱਭਣ ਵਿਚ ਮਦਦ ਕੀਤੀ ਸੀ। ਚੰਗੇਜ਼ੀ ਨੇ ਇਕ ਮੀਡੀਆ ਇੰਟਰਵਿਊ ਦੌਰਾਨ ਕਿਹਾ ਸੀ ਕਿ ਭਗਤ ਸਿੰਘ ਕਿਉਂਕਿ ਸ਼ਾਕਾਹਾਰੀ ਸੀ ਇਸ ਕਰ ਕੇ ਉਹ ਨਸੀਮ ਚੰਗੇਜ਼, ਜਿਸ ਦੇ ਘਰ ਮਾਸ ਬਣਦਾ ਸੀ, ਕੋਲ ਨਹੀਂ ਰੁਕਿਆ ਸੀ ਤੇ ਦੂਜੀ ਥਾਂ ਦੇਣ ਲਈ ਕਿਹਾ ਸੀ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪਾਕਿਸਤਾਨ ਵੱਲੋਂ ਖਾਲਿਸਤਾਨੀਆਂ ਨੂੰ 'ਥਾਪੜੇ' ਦਾ ਮਾਮਲਾ ਭਖਿਆ

**ਲਾਹੌਰ:** ਖਾਲਿਸਤਾਨੀਆਂ ਨੂੰ ਪਾਕਿਸਤਾਨ ਦੀਆਂ ਅਤਿਵਾਦੀ ਜਥੇਬੰਦੀਆਂ ਦਾ ਥਾਪੜਾ ਹੋਣ ਬਾਰੇ ਲੱਗੇ ਦੋਸ਼ਾਂ ਪਿੱਛੋਂ ਇਹ ਮਾਮਲਾ ਭਖ ਗਿਆ ਹੈ। ਭਾਰਤ ਨੇ ਪਾਕਿਸਤਾਨ ਦੇ ਡਿਪਟੀ ਹਾਈ ਕਮਿਸ਼ਨਰ ਨੂੰ ਤਲਬ ਕਰ ਕੇ ਸਿੱਖ ਸ਼ਰਧਾਲੂਆਂ ਦੀ ਪਾਕਿਸਤਾਨ ਵਿਚਲੇ ਗੁਰਧਾਮਾਂ ਦੀ ਯਾਤਰਾ ਦੌਰਾਨ ਖਾਲਿਸਤਾਨ ਦਾ ਮੁੱਦਾ ਉਠਾਉਣ ਦੀਆਂ ਕੋਸ਼ਿਸ਼ਾਂ ਉਤੇ ਸਖਤ ਇਤਰਾਜ਼ ਕੀਤਾ ਹੈ। ਭਾਰਤ ਦਾ ਦਾਅਵਾ ਹੈ ਕਿ ਵਿਸਾਖੀ ਮੌਕੇ ਭਾਰਤੀ ਸਫਾਰਤਖਾਨੇ ਦੇ ਅਮਲੇ ਨਾਲ ਸਫਾਰਤੀ ਬਦਸਲੂਕੀ ਦੇ ਮਾਮਲੇ ਤੋਂ ਬਾਅਦ ਮਿਲੀਆਂ ਤਸਵੀਰਾਂ ਤੋਂ ਇਹ ਸਬੂਤ ਸਾਹਮਣੇ ਆਏ ਹਨ ਕਿ ਪਾਕਿਸਤਾਨ ਦੀਆਂ ਦਹਿਸ਼ਤੀ ਜਥੇਬੰਦੀਆਂ ਜੈਸ਼-ਏ-ਮੁਹੰਮਦ ਅਤੇ ਜਮਾਤ-ਉਲ-ਦਾਅਵਾ ਖਾਲਿਸਤਾਨੀ ਅਤਿਵਾਦੀਆਂ ਦੀ ਮਦਦ ਕਰਦੀਆਂ ਹਨ। ਇਸ ਫੋਟੋ ਵਿਚ ਲਸ਼ਕਰ-ਏ-ਤੋਇਬਾ ਮੁਖੀ ਹਾਫਿਜ਼ ਸਈਅਦ ਵੱਖਵਾਦੀ ਆਗੂ ਗੋਪਾਲ ਸਿੰਘ ਚਾਵਲਾ ਨਾਲ ਦਿਖਾਈ ਦੇ ਰਿਹਾ ਹੈ। ਉਧਰ, ਪਾਕਿਸਤਾਨ ਸਰਕਾਰ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕਰ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਭਾਰਤੀ ਸਫਾਰਤਖਾਨੇ ਦੇ ਅਮਲੇ ਨੂੰ 14 ਅਪਰੈਲ ਨੂੰ ਵਿਸਾਖੀ ਵਾਲੇ ਦਿਨ ਪੰਜਾ ਸਾਹਿਬ ਗੁਰਦੁਆਰੇ ਵਿਚ ਦਾਖਲ ਹੋਣ ਤੋਂ ਰੋਕ ਦਿੱਤਾ ਸੀ। ਇਸ ਤੋਂ ਪਹਿਲਾਂ ਜਦੋਂ ਭਾਰਤੀ ਸਿੱਖਾਂ ਦਾ ਜਥਾ ਪਾਕਿਸਤਾਨ ਵਿਚ ਦਾਖਲ ਹੋਇਆ ਸੀ, ਉਸ ਦਿਨ ਵੀ ਵਾਹਗਾ ਵਿਚ ਵੀ ਭਾਰਤੀ ਸਫਾਰਤਖਾਨੇ ਦੇ ਅਧਿਕਾਰੀਆਂ ਨੂੰ ਸ਼ਰਧਾਲੂਆਂ ਨਾਲ ਮੀਟਿੰਗ ਨਹੀਂ ਕਰਨ ਦਿੱਤੀ ਸੀ ਜਦੋਂ ਕਿ ਇਹ ਰਵਾਇਤ ਹੈ ਕਿ ਭਾਰਤੀ ਸਫਾਰਤਖਾਨੇ ਦੇ ਅਧਿਕਾਰੀ ਸ਼ਰਧਾਲੂਆਂ ਨੂੰ ਮਿਲਦੇ ਹਨ ਤਾਂ ਜੋ ਕਿਸੇ ਕਿਸਮ ਦੀ ਹੰਗਾਮੀ ਹਾਲਤ ਵਿਚ ਉਹ ਸਫਾਰਤਖਾਨੇ ਨਾਲ ਸੰਪਰਕ ਕਰ ਸਕਣ। ਇਸ ਦੌਰਾਨ ਭਾਰਤ ਵਿਰੁੱਧ ਪ੍ਰਾਪੇਗੰਡਾ ਕਰਨ ਲਈ ਗੁਰਦੁਆਰਾ ਪੰਜਾ ਸਾਹਿਬ ਵਿਚ 'ਸਿੱਖ ਸਵੈਨਿਰਣਾ 2020' ਦੇ ਨਾਲ ਸਬੰਧਤ ਪੋਸਟਰ ਵੀ ਲਾਏ ਗਏ ਸਨ। ਜਦੋਂ ਭਾਰਤ ਦੇ ਹਾਈ ਕਮਿਸ਼ਨਰ ਅਜੇ ਬਿਸਾਰੀਆ ਪੰਜਾ ਸਾਹਿਬ ਗੁਰਦੁਆਰੇ ਵਿਚ ਸ਼ਰਧਾਲੂਆਂ ਨੂੰ ਵਿਸਾਖੀ ਦੀਆਂ ਮੁਬਾਰਕਾਂ ਦੇਣ ਗਏ ਤਾਂ ਵੀ ਉਨ੍ਹਾਂ ਨੂੰ ਸੁਰੱਖਿਆ ਦਾ ਬਹਾਨਾ ਬਣਾ ਕੇ ਰਸਤੇ ਵਿਚ ਹੀ ਰੋਕ ਦਿੱਤਾ ਗਿਆ ਸੀ। ਭਾਰਤੀ ਵਿਦੇਸ਼ ਮੰਤਰਾਲੇ ਨੇ ਇਕ ਬਿਆਨ ਜਾਰੀ ਕਰ ਕੇ ਇਸ ਘਟਨਾ ਦਾ ਵਿਰੋਧ ਕੀਤਾ ਸੀ ਅਤੇ ਇਸ ਨੂੰ ਵੀਏਨਾ ਐਲਾਨਨਾਮੇ ਦੀ ਉਲੰਘਣਾ ਕਰਾਰ ਦਿੱਤਾ ਸੀ।

# ਬਾਦਲ ਨੇ ਰਣਜੀਤ ਸਿੰਘ ਕਮਿਸ਼ਨ 'ਤੇ ਉਠਾਏ ਸਵਾਲ

**ਚੰਡੀਗੜ੍ਹ:** ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਹੋਰਨਾਂ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਲਈ ਕੈਪਟਨ ਸਰਕਾਰ ਦੇ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ ਦੀ ਅਗਵਾਈ ਵਾਲੇ ਕਮਿਸ਼ਨ ਵੱਲੋਂ ਕੀਤੀ ਜਵਾਬਤਲਬੀ ਉਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਤਿੱਖਾ ਪ੍ਰਤੀਕਰਮ ਪ੍ਰਗਟਾਇਆ ਹੈ। ਸੂਤਰਾਂ ਦਾ ਦੱਸਣਾ ਹੈ ਕਿ ਸਾਬਕਾ ਮੁੱਖ ਮੰਤਰੀ ਨੂੰ ਜਾਂਚ ਕਮਿਸ਼ਨ ਵੱਲੋਂ ਚਿੱਠੀ ਲਿਖ ਕੇ ਅਕਾਲੀ-ਭਾਜਪਾ ਕਾਰਜਕਾਲ ਦੌਰਾਨ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਸਬੰਧੀ ਜਵਾਬ ਦੇਣ ਲਈ ਕਿਹਾ ਗਿਆ ਹੈ। ਕਮਿਸ਼ਨ ਦੀ ਚਿੱਠੀ ਦਾ ਜਵਾਬ ਦੇਣ ਦੀ ਥਾਂ ਪ੍ਰਕਾਸ਼ ਸਿੰਘ ਬਾਦਲ ਵੱਲੋਂ ਕਮਿਸ਼ਨ ਦੇ ਮੁਖੀ ਉਤੇ ਨਿਸ਼ਾਨਾ ਸੇਧਿਆ ਗਿਆ ਹੈ। ਸ੍ਰੀ ਬਾਦਲ ਨੇ ਜਾਂਚ ਕਮਿਸ਼ਨ ਦੇ ਮੁਖੀ ਉਤੇ ਕਾਂਗਰਸ ਦੇ ਹੱਥਾਂ ਵਿਚ ਖੇਡਣ ਦੇ ਦੋਸ਼ ਲਾਉਂਦਿਆਂ ਕਮਿਸ਼ਨ ਦੇ ਮੁਖੀ ਵਜੋਂ ਤੁਰਤ ਲਾਂਭੇ ਹੋਣ ਲਈ ਕਿਹਾ ਹੈ।

ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਕਮਿਸ਼ਨ ਦੇ ਮੁਖੀ ਨੂੰ ਪੇਸ਼ੇ ਦੀ ਮਰਿਆਦਾ ਰੱਖਣੀ ਚਾਹੀਦੀ ਹੈ ਤੇ ਇਕ ਪਾਰਟੀਆਂ ਦੀਆਂ ਸਿਆਸੀ ਖਾਹਿਸ਼ਾਂ ਤਹਿਤ ਕੰਮ ਨਹੀਂ ਕਰਨਾ ਚਾਹੀਦਾ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਸਿੱਖ ਵਿਰੋਧੀ ਏਜੰਡੇ ਤਹਿਤ ਨਿਆਂਪਾਲਿਕਾ ਦੇ ਵੱਕਾਰੀ ਨਾਂ ਦੀ ਦੁਰਵਰਤੋਂ ਕਰ ਰਹੀ ਹੈ।

ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਇਸ ਕਮਿਸ਼ਨ ਦਾ ਮੁੱਖ ਮੰਤਵ ਕਾਂਗਰਸ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਮੰਦਭਾਗੀਆਂ ਘਟਨਾਵਾਂ ਵਾਸਤੇ ਸਿੱਖ ਜਥੇਬੰਦੀਆਂ ਅਤੇ ਸੰਗਠਨਾਂ ਨੂੰ ਜ਼ਿੰਮੇਵਾਰ ਠਹਿਰਾ ਕੇ ਸਿੱਖ ਭਾਈਚਾਰੇ ਅੰਦਰ ਭੰਬਲਭੂਸਾ ਖੜ੍ਹਾ ਕਰਨ ਦੀ ਆਪਣੀ ਸਿਆਸੀ ਚਾਲ ਨੂੰ ਕਾਨੂੰਨੀ ਚੋਲਾ ਪਹਿਨਾਉਣਾ ਹੈ। ਇਸ ਕਮਿਸ਼ਨ ਦੀ ਰਿਪੋਰਟ ਕਮਿਸ਼ਨ ਕਾਇਮ ਕੀਤੇ ਜਾਣ ਤੋਂ ਪਹਿਲਾਂ ਹੀ ਤਿਆਰ ਹੋ ਗਈ ਸੀ। ਹੁਣ ਤਾਂ ਇਸ ਰਿਪੋਰਟ ਉਤੇ ਦਸਤਖਤ ਕਰਨ ਦੀ ਰਸਮੀ ਕਾਰਵਾਈ ਹੋਣੀ ਹੈ। ਸ੍ਰੀ ਬਾਦਲ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਦੀ ਹੈਸੀਅਤ ਵਿਚ ਉਨ੍ਹਾਂ ਜਾਂ ਅਕਾਲੀ ਦਲ ਨੂੰ ਇਸ ਕਮਿਸ਼ਨ ਦੀ ਕਾਰਵਾਈ ਦੀ ਹਿੱਸਾ ਬਣਨ ਦੀ ਕੋਈ ਲੋੜ ਨਹੀਂ ਜਾਪਦੀ।

# ਸਾਬਕਾ ਸੰਸਦ ਮੈਂਬਰਾਂ ਨੂੰ ਉਮਰ ਭਰ ਮਿਲਦੀ ਰਹੇਗੀ ਪੈਨਸ਼ਨ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸਾਬਕਾ ਸੰਸਦ ਮੈਂਬਰਾਂ ਨੂੰ ਉਮਰ ਭਰ ਲਈ ਪੈਨਸ਼ਨ ਤੇ ਭੱਤਾ ਦੇਣ ਦੇ ਖਿਲਾਫ਼ ਦਾਇਰ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ। ਇਸ ਮਾਮਲੇ 'ਚ ਅਦਾਲਤ ਨੇ 7 ਮਾਰਚ ਨੂੰ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਸੀ। ਅਦਾਲਤ ਨੇ ਕਿਹਾ ਕਿ ਕਿਸੇ ਵੀ ਦੇਸ਼ ਵਿਚ ਅਜਿਹਾ ਨਹੀਂ ਹੁੰਦਾ ਕਿ ਅਦਾਲਤ ਨੀਤੀਗਤ ਮੁੱਦਿਆਂ ਬਾਰੇ ਫੈਸਲਾ ਦੇਵੇ। ਅਦਾਲਤ ਅਜਿਹੇ ਫੈਸਲੇ ਨਹੀਂ ਦੇ ਸਕਦੀ। ਕੇਂਦਰ ਵੱਲੋਂ ਅਟਾਰਨੀ ਜਨਰਲ ਕੇ.ਕੇ. ਵੇਣੂਗੋਪਾਲ ਨੇ ਸਾਬਕਾ ਸੰਸਦ ਮੈਂਬਰਾਂ ਨੂੰ ਉਮਰ ਭਰ ਪੈਨਸ਼ਨ ਤੇ ਭੱਤੇ ਦਿੱਤੇ ਜਾਣ ਦਾ ਸਮਰਥਨ ਕੀਤਾ। ਦੱਸਣਯੋਗ ਹੈ ਕਿ ਸਾਬਕਾ ਸੰਸਦ ਮੈਂਬਰ ਨੂੰ ਹਰ ਮਹੀਨੇ 20 ਹਜ਼ਾਰ ਰੁਪਏ ਪੈਨਸ਼ਨ ਮਿਲਦੀ ਹੈ। 5 ਸਾਲ ਤੋਂ ਜ਼ਿਆਦਾ ਹੋਣ ਉਪਰੰਤ ਹਰ ਸਾਲ ਲਈ 1500 ਰੁਪਏ ਵੱਖਰੇ ਤੌਰ ਉਤੇ ਦਿੱਤੇ ਜਾਂਦੇ ਹਨ। ਕੁੱਝ ਸਮਾਂ ਪਹਿਲਾਂ ਹੀ ਯੋਗੀ ਅਦਿਤਿਆਨਾਥ ਕਮੇਟੀ ਵੱਲੋਂ ਸਾਬਕਾ ਸੰਸਦ ਮੈਂਬਰਾਂ ਦੀ ਪੈਨਸ਼ਨ ਰਾਸ਼ੀ ਵਧਾ ਕੇ 35 ਹਜ਼ਾਰ ਰੁਪਏ ਕਰਨ ਦੀ ਸਿਫਾਰਸ਼ ਵੀ ਕੀਤੀ ਗਈ ਹੈ।

# ਵਿਨੋਦ ਖੰਨਾ ਨੂੰ ਦਾਦਾ ਸਾਹਿਬ ਫ਼ਾਲਕੇ ਤੇ ਸ੍ਰੀਦੇਵੀ ਨੂੰ ਬਿਹਤਰੀਨ ਅਦਾਕਾਰਾ ਦਾ ਇਨਾਮ

**ਨਵੀਂ ਦਿੱਲੀ:** ਕੌਮੀ ਫਿਲਮ ਐਵਾਰਡਜ਼ ਦੀ ਜਿਊਰੀ ਨੇ ਹਿੰਦੀ ਸਿਨੇਮਾ ਦੇ ਦੋ ਵੱਡੇ ਸਿਤਾਰਿਆਂ ਵਿਨੋਦ ਖੰਨਾ ਤੇ ਸ੍ਰੀਦੇਵੀ, ਜੋ ਇਸ ਦੁਨੀਆਂ ਨੂੰ ਅਲਵਿਦਾ ਆਖ ਚੁੱਕੇ ਹਨ, ਨੂੰ ਕ੍ਰਮਵਾਰ ਦਾਦਾ ਸਾਹਿਬ ਫ਼ਾਲਕੇ ਅਤੇ ਬਿਹਤਰੀਨ ਅਦਾਕਾਰਾ ਦਾ ਐਵਾਰਡ ਦੇਣ ਦਾ ਐਲਾਨ ਕੀਤਾ ਹੈ। ਵਿਨੋਦ ਖੰਨਾ ਨੂੰ ਇਹ ਐਵਾਰਡ ਉਮਰ ਭਰ ਦੀਆਂ ਪ੍ਰਾਪਤੀਆਂ ਲਈ ਦਿੱਤਾ ਗਿਆ ਹੈ। ਸ੍ਰੀਦੇਵੀ ਨੂੰ ਫਿਲਮ 'ਮੌਮ' ਵਿਚ ਨਿਭਾਈ ਸ਼ਾਨਦਾਰ ਭੂਮਿਕਾ ਲਈ ਇਸ ਐਵਾਰਡ ਲਈ ਚੁਣਿਆ ਗਿਆ ਹੈ।

ਜਿਊਰੀ ਦੇ ਚੇਅਰਮੈਨ ਫਿਲਮਸਾਜ਼ ਸ਼ੇਖਰ ਕਪੂਰ ਨੇ ਦੱਸਿਆ ਕਿ ਭਾਰਤੀ ਜਮਹੂਰੀਅਤ 'ਤੇ ਤਨਜ਼ ਕੱਸਦੀ ਫਿਲਮ 'ਨਿਊਟਨ' ਨੂੰ ਸਰਵੋਤਮ ਹਿੰਦੀ ਫਿਲਮ ਐਲਾਨਿਆ ਗਿਆ। ਦਿਵਿਆ ਦੱਤਾ ਨੂੰ ਫਿਲਮ 'ਇਰਾਦਾ' ਲਈ ਬਿਹਤਰੀਨ ਸਹਾਇਕ ਅਦਾਕਾਰਾ ਦੇ ਐਵਾਰਡ ਲਈ ਚੁਣਿਆ ਗਿਆ। ਇਸ ਦੌਰਾਨ ਖੇਤਰੀ ਤੇ ਹਿੰਦੀ ਸਿਨੇਮਾ ਅਤੇ ਕਮਰਸ਼ਲ ਹਿਤਾਂ 'ਚ ਸੰਤੁਲਨ ਬਣਾਉਂਦਿਆਂ ਅਸਾਮੀ ਫਿਲਮ 'ਵਿਲੇਜ ਰੌਕਸਟਾਰ' ਨੂੰ ਬਿਹਤਰੀਨ ਫ਼ੀਚਰ ਫਿਲਮ ਐਲਾਨਿਆ ਗਿਆ। ਜਯਾਰਾਜ ਨੂੰ ਮਲਿਆਲਮ ਫਿਲਮ 'ਭਿਆਨਾਕਮ' ਲਈ ਬਿਹਤਰੀਨ ਨਿਰਦੇਸ਼ਕ ਦੇ ਪੁਰਸਕਾਰ ਲਈ ਚੁਣਿਆ ਗਿਆ। ਫਿਲਮ ਨੂੰ ਬਿਹਤਰੀਨ ਪਟਕਥਾ ਲੇਖਨ ਤੇ ਬਿਹਤਰੀਨ ਸਿਨੇਮਾਟੋਗ੍ਰਾਫ਼ੀ ਦੇ ਐਵਾਰਡ ਨਾਲ ਵੀ ਨਵਾਜਿਆ ਗਿਆ। ਬੈਸਟ ਐਕਟਰ ਦਾ ਨੈਸ਼ਨਲ ਐਵਾਰਡ ਕੌਸ਼ਿਕ ਗਾਂਗੁਲੀ ਦੀ ਬੰਗਾਲੀ ਫਿਲਮ 'ਨਗਰ ਕੀਰਤਨ' ਲਈ ਰਿਧੀ ਸੇਨ ਦੀ ਝੋਲੀ ਪਿਆ। ਏ.ਆਰ. ਰਹਿਮਾਨ ਨੂੰ ਤਾਮਿਲ ਫਿਲਮ 'ਕਾਟਰੂ ਵੇਲੀਦਾਈ' ਲਈ ਸਰਵੋਤਮ ਸੰਗੀਤ ਨਿਰਦੇਸ਼ਨ ਦਾ ਐਵਾਰਡ ਦਿੱਤਾ ਗਿਆ।

# ਫਿਲਮ 'ਨਾਨਕ ਸ਼ਾਹ ਫਕੀਰ' ਨਾਲ ਸ਼੍ਰੋਮਣੀ ਕਮੇਟੀ ਤੇ ਜਥੇਦਾਰ ਘਿਰੇ

*(ਸਫਾ ਇਕ ਦੀ ਬਾਕੀ)*

ਰਿਲੀਜ਼ ਹੋਣ ਤੋਂ ਰੋਕਣ ਲਈ ਅਦਾਲਤ ਦਾ ਦਰਵਾਜਾ ਖੜਕਾਇਆ ਤੇ ਪ੍ਰਵਾਨਗੀ ਦੇਣ ਵਾਲੇ ਤਖਤ ਦੇ ਜਥੇਦਾਰਾਂ ਨੇ ਫਿਲਮ ਉਪਰ ਰੋਕ ਲਗਾਉਣ ਦਾ ਫੈਸਲਾ ਸੁਣਾਇਆ। ਅਦਾਲਤ ਨੇ ਫਿਲਮ ਦੇ ਹੱਕ ਵਿਚ ਫੈਸਲਾ ਸੁਣਾਇਆ ਤਾਂ ਪੰਜ ਸਿੰਘ ਸਾਹਿਬਾਨ ਵੱਲੋਂ ਸਿੱਕਾ ਨੂੰ ਸਿੱਖ ਪੰਥ ਵਿਚੋਂ ਛੇਕਣ ਸਬੰਧੀ ਹੁਕਮਨਾਮਾ ਜਾਰੀ ਕਰ ਦਿੱਤਾ ਗਿਆ। ਸਵਾਲ ਇਹ ਵੀ ਉਠ ਰਿਹਾ ਹੈ ਕਿ ਜੇ ਫਿਲਮ ਨਿਰਮਾਤਾ ਸਿੱਕਾ ਗੁਨਾਹਗਾਰ ਹੈ ਤਾਂ ਗਿਆਨੀ ਗੁਰਬਚਨ ਸਿੰਘ ਸਮੇਤ ਉਪ ਕਮੇਟੀ ਦੇ 34 ਮੈਂਬਰ ਜਿਨ੍ਹਾਂ ਨੇ ਇਹ ਫਿਲਮ ਦੇਖੀ ਸੀ ਤੇ ਇਸ ਨੂੰ ਅਕਾਲ ਤਖਤ ਦੇ ਲੈਟਰਪੈਡ 'ਤੇ ਪ੍ਰਸ਼ੰਸਾ ਪੱਤਰ ਦਿੱਤਾ ਸੀ, ਵੀ ਸਜ਼ਾ ਦੇ ਹੱਕਦਾਰ ਨਹੀਂ?

ਜ਼ਿਕਰਯੋਗ ਹੈ ਕਿ ਹਰਿੰਦਰ ਸਿੰਘ ਸਿੱਕਾ ਵੱਲੋਂ 2015 ਵਿਚ ਇਸ ਫਿਲਮ ਦਾ ਨਿਰਮਾਣ ਕੀਤਾ ਗਿਆ ਸੀ ਤੇ ਇਹ ਫਿਲਮ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਅਧਿਕਾਰੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਹੋਰ ਸੀਨੀਅਰ ਆਗੂਆਂ ਨੂੰ ਵੀ ਦਿਖਾਈ ਗਈ ਸੀ। ਤੱਤਕਾਲੀ ਮੁੱਖ ਸਕੱਤਰ ਹਰਚਰਨ ਸਿੰਘ ਵੱਲੋਂ 13 ਮਈ 2016 ਨੂੰ ਇਸ ਫਿਲਮ ਨੂੰ ਪ੍ਰਵਾਨਗੀ ਦੇਣ ਸਬੰਧੀ ਹਰਿੰਦਰ ਸਿੰਘ ਸਿੱਕਾ ਨੂੰ ਪੱਤਰ ਲਿਖਿਆ ਗਿਆ ਸੀ ਕਿ ਇਸ ਫਿਲਮ ਨੂੰ ਉਹ ਜਦੋਂ ਚਾਹੇ ਰਿਲੀਜ਼ ਕਰ ਸਕਦਾ ਹੈ, ਪਰ ਨਿਰਮਾਤਾ ਨੇ ਇਸ ਦੀ ਰਿਲੀਜ਼ ਹੁਣ ਵਿਸਾਖੀ ਮੌਕੇ ਕਰਨ ਦਾ ਫੈਸਲਾ ਕੀਤਾ ਸੀ। ਇਹ ਤੱਥ ਵੀ ਨੁਕਤਾਚੀਨੀ ਦਾ ਵਿਸ਼ਾ ਬਣਿਆ ਹੋਇਆ ਹੈ ਕਿ ਐਡੇ ਵੱਡੇ ਵਿਵਾਦ 'ਤੇ ਅਕਾਲੀ ਦਲ ਬਾਦਲ ਦਾ ਕੋਈ ਵੀ ਆਗੂ ਵਿਰੋਧ ਜਾਂ ਪੱਖ ਵਿਚ ਸਾਹਮਣੇ ਨਹੀਂ ਆਇਆ ਜਦ ਕਿ ਫਿਲਮ ਦੇਖਣ ਅਤੇ ਇਸ ਨੂੰ ਪ੍ਰਵਾਨਗੀ ਦੇਣ ਵਿਚ ਇਹ ਆਗੂ ਸਭ ਤੋਂ ਅੱਗੇ ਰਹੇ ਹਨ। ਹੁਣ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਜਗੀਰ ਕੌਰ ਇਹੀ ਦਾਅਵਾ ਕਰ ਰਹੇ ਹਨ ਕਿ ਉਹ ਸਿਰਫ ਪ੍ਰੋਮੋ ਦੇਖ ਕੇ ਬਾਹਰ ਆ ਗਈ ਸੀ ਅਤੇ ਫਿਲਮ ਵਿਚ ਅੱਗੇ ਕੀ ਹੈ, ਉਸ ਨੂੰ ਪਤਾ ਨਹੀਂ।

**ਫਿਲਮ ਬਾਰੇ ਮੱਕੜ ਦੀ ਸਫਾਈ:** ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਮੱਕੜ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕਦੇ ਵੀ ਇਸ ਫਿਲਮ ਨੂੰ ਮਨਜ਼ੂਰੀ ਨਹੀਂ ਦਿੱਤੀ ਸੀ। ਉਹ ਜਦੋਂ ਹਰਿੰਦਰ ਸਿੱਕਾ ਦੇ ਘਰ ਇਹ ਫਿਲਮ ਦੇਖਣ ਗਏ ਸਨ ਤਾਂ ਪਹਿਲਾ ਸੀਨ ਦੇਖਦੇ ਸਾਰ ਹੀ ਇਨਕਾਰ ਕਰ ਕੇ ਬਾਹਰ ਆ ਗਏ ਸਨ। ਉਨ੍ਹਾਂ ਸਿੱਕਾ ਨੂੰ ਇਹ ਫਿਲਮ ਐਨੀਮੇਸ਼ਨ 'ਚ ਤਬਦੀਲ ਕਰਨ ਜਾਂ ਫਿਲਮ ਦਾ ਪ੍ਰੋਜੈਕਟ ਰੱਦ ਕਰਨ ਲਈ ਕਿਹਾ ਸੀ।

# ਜਬਰ ਜਨਾਹ ਦੀਆਂ ਘਟਨਾਵਾਂ ਖਿਲਾਫ ਲੋਕ ਰੋਹ ਉਠਿਆ

*(ਸਫਾ ਇਕ ਦੀ ਬਾਕੀ)*

ਕਰ ਦਿੱਤੀਆਂ। ਰੈਲੀ ਵਿਚ ਜੰਮੂ ਕਸ਼ਮੀਰ ਦੇ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਦੋ ਮੰਤਰੀ ਵੀ ਸ਼ਾਮਲ ਹੋਏ। ਇਸ ਘਟਨਾਚੱਕਰ ਵਿਚ ਜੰਮੂ ਬਾਰ ਐਸੋਸੀਏਸ਼ਨ ਵੀ ਕੁੱਦ ਪਈ ਅਤੇ ਉਸ ਨਾਲ ਸਬੰਧਤ ਵਕੀਲਾਂ ਨੇ ਚਾਰਜਸ਼ੀਟ ਦਾਖਲ ਕਰਨ ਸਮੇਂ ਇਸ ਦਾ ਵਿਰੋਧ ਕੀਤਾ ਅਤੇ ਬੰਦ ਦਾ ਸੱਦਾ ਵੀ ਦਿੱਤਾ।

ਇਸੇ ਤਰ੍ਹਾਂ ਉਨਾਓ ਵਿਚ ਭਾਜਪਾ ਵਿਧਾਇਕ ਤੇ ਹਮਾਇਤੀਆਂ ਵੱਲੋਂ ਦਲਿਤ ਲੜਕੀ ਨਾਲ ਬਲਾਤਕਾਰ ਦਾ ਕੇਸ ਖੁਰਦ-ਬੁਰਦ ਕਰਵਾਉਣ ਦੇ ਭਰਪੂਰ ਯਤਨ ਕੀਤੇ ਗਏ ਅਤੇ ਉਸ ਦੇ ਪਿਤਾ ਉਪਰ ਕੇਸ ਪੁਆ ਕੇ ਉਸ ਨੂੰ ਜੇਲ੍ਹ ਅੰਦਰ ਇੰਨਾ ਕੁੱਟਿਆ ਗਿਆ ਕਿ ਉਸ ਦੀ ਮੌਤ ਹੋ ਗਈ। ਹੁਣ ਵਿਧਾਇਕ ਨੂੰ ਹੱਥ ਸੀ.ਬੀ.ਆਈ. ਨੇ ਪਾਇਆ ਹੈ, ਉਹ ਵੀ ਅਲਾਹਾਬਾਦ ਹਾਈ ਕੋਰਟ ਦੇ ਦਖਲ ਤੋਂ ਬਾਅਦ। ਉਧਰ, ਭਾਜਪਾ ਦਾ ਦਾਅਵਾ ਹੈ ਕਿ ਦੋਵਾਂ ਮਾਮਲਿਆਂ ਵਿਚ ਉਸ ਨੂੰ ਬਦਨਾਮ ਕਰਨ ਦੀ ਸਿਆਸਤ ਖੇਡੀ ਜਾ ਰਹੀ ਹੈ। ਦੱਸ ਦਈਏ ਕਿ ਮੋਦੀ ਸਰਕਾਰ ਨੇ ਦੇਸ਼ ਵਿਚ 'ਬੇਟੀ ਬਚਾਓ, ਬੇਟੀ ਪੜ੍ਹਾਓ' ਮੁਹਿੰਮ ਚਲਾਈ ਹੋਈ ਹੈ ਪਰ ਪਿਛਲੇ ਦਿਨੀਂ ਸੁਪਰੀਮ ਕੋਰਟ ਵੱਲੋਂ ਦਿੱਤੀ ਜਾਣਕਾਰੀ ਵਿਚ ਖੁਲਾਸਾ ਹੋਇਆ ਸੀ ਕਿ ਸਾਲ 2016 ਵਿਚ ਦੇਸ਼ ਭਰ ਵਿਚ ਇਕ ਲੱਖ ਦੇ ਕਰੀਬ ਬੱਚੇ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਏ। ਤਾਜ਼ਾ ਘਟਨਾਵਾਂ ਪਿੱਛੋਂ ਉਮੀਦ ਕੀਤੀ ਜਾ ਰਹੀ ਸੀ ਕਿ ਹੁਣ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਸਖਤ ਕਦਮ ਚੁੱਕਣਗੇ ਪਰ ਉਨ੍ਹਾਂ ਨੇ ਇੰਨਾ ਹੀ ਕਹਿ ਕੇ ਗੱਲ ਮੁਕਾ ਦਿੱਤੀ ਕਿ 'ਸਰਕਾਰ ਧੀਆਂ ਦੀ ਰਾਖੀ ਲਈ ਵਚਨਬੱਧ ਹੈ।'

## ਹੁਣ ਮੋਦੀ ਨੂੰ ਚੂੜੀਆਂ ਭੇਜੇਗੀ ਇਰਾਨੀ?

**ਨਵੀਂ ਦਿੱਲੀ:** ਗੁਜਰਾਤ ਵਿਚ ਪਾਟੀਦਾਰ ਸਮਾਜ ਦੇ ਆਗੂ ਹਾਰਦਿਕ ਪਟੇਲ ਨੇ ਸਵਾਲ ਕੀਤਾ ਹੈ ਕਿ ਬਲਾਤਕਾਰ ਦੀ ਘਟਨਾ ਤੋਂ ਬਾਅਦ ਭਾਜਪਾ ਸਰਕਾਰ ਦੀ ਮਹਿਲਾ ਮੰਤਰੀ ਸਮਰਿਤੀ ਇਰਾਨੀ ਚੁੱਪ ਕਿਉਂ ਹੈ? ਦਿੱਲੀ ਦੀ ਨਿਰਭਿਆ ਨੂੰ ਇਨਸਾਫ ਦਿਵਾਉਣ ਲਈ ਉਸ ਵੇਲੇ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਚੂੜੀਆਂ ਭੇਜਣ ਵਾਲੀ ਸਮਰਿਤੀ ਹੁਣ ਮੋਦੀ ਨੂੰ ਕੀ ਭੇਜੇਗੀ?

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਉਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਗੁਰਦੁਆਰਾ ਗਰੀਨਵੁਡ ਵਿਚ ਦੋ ਧਿਰਾਂ ਵਿਚਾਲੇ ਲੜਾਈ, ਕਈ ਜ਼ਖਮੀ

**ਗਰੀਨਵੁਡ, ਇੰਡੀਆਨਾ (ਬਿਊਰੋ):** ਸਥਾਨਕ ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵਿਚ ਲੰਘੇ ਐਤਵਾਰ ਵਿਸਾਖੀ ਮੌਕੇ ਉਸ ਸਮੇਂ ਬਹੁਤ ਦੁਖਦਾਈ ਘਟਨਾ ਵਾਪਰੀ ਜਦੋਂ ਗੁਰਦੁਆਰਾ ਪ੍ਰਬੰਧ ਨੂੰ ਲੈ ਕੇ ਦੋ ਧਿਰਾਂ ਵਿਚਾਲੇ ਜ਼ਬਰਦਸਤ ਹੱਥੋਪਾਈ ਹੋਈ ਤੇ ਹਥਿਆਰਾਂ ਤੇ ਰਾਡਾਂ ਦੀ ਵਰਤੋਂ ਹੋਈ ਜਿਸ ਵਿਚ ਰਿਪੋਰਟ ਮੁਤਾਬਕ 10 ਵਿਅਕਤੀ ਜ਼ਖਮੀ ਹੋ ਗਏ ਜਿਨ੍ਹਾਂ ਵਿਚ ਦੋ ਬੀਬੀਆਂ ਵੀ ਸ਼ਾਮਲ ਹਨ। ਦੀਵਾਨ ਦੀ ਸਮਾਪਤੀ ਉਪਰੰਤ ਕੋਈ ਤਿੰਨ ਵਜੇ ਆਪਸੀ ਤਲਖੀ ਪਿਛੋਂ ਦੋਵੇਂ ਧਿਰਾਂ ਇਕ ਦੂਜੇ ਵਿਰੁਧ ਬਿਆਨਬਾਜ਼ੀ ਕਰ ਰਹੀਆਂ ਸਨ ਕਿ ਇਕ ਵਿਅਕਤੀ ਨੇ ਦੂਜੀ ਧਿਰ ਦੇ ਵਿਅਕਤੀ ਨੂੰ ਚਪੇੜ ਕੱਢ ਮਾਰੀ ਜਿਸ ਪਿਛੋਂ ਦੋਵੇਂ ਧੜੇ ਆਪਸ ਵਿਚ ਉਲਝ ਪਏ। ਇਕ ਦੂਜੇ ਦੀਆਂ ਦਸਤਾਰਾਂ ਵੀ ਲੱਥੀਆਂ ਅਤੇ ਸੱਟਾਂ ਵੀ ਵੱਜੀਆਂ।

ਲੜਾਈ ਝਗੜੇ ਦੀ ਇਤਲਾਹ ਮਿਲਣ 'ਤੇ ਪੁਲਿਸ ਗੁਰਦੁਆਰੇ ਪਹੁੰਚੀ ਅਤੇ ਦੀਵਾਨ ਹਾਲ ਵਿਚ ਦਾਖਲ ਹੋਈ ਜਿਥੇ ਦੋਵੇਂ ਧਿਰਾਂ ਮਰਿਆਦਾ ਦੀ ਪਰਵਾਹ ਕੀਤੇ ਬਿਨਾ ਆਪਸ ਵਿਚ ਉਲਝੀਆਂ ਹੋਈਆਂ ਸਨ। ਪੁਲਿਸ ਨੇ ਦਖਲ ਦੇ ਕੇ ਦੀਵਾਨ ਹਾਲ ਖਾਲੀ ਕਰਵਾ ਲਿਆ।

ਸੂਤਰਾਂ ਮੁਤਾਬਕ ਝਗੜਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਨੂੰ ਲੈ ਕੇ ਹੋਇਆ। ਪ੍ਰਬੰਧਕਾਂ ਨੇ ਆਪਸੀ ਸਹਿਮਤੀ ਨਾਲ ਨਵੀਂ ਕਮੇਟੀ ਦੀ ਚੋਣ ਕੀਤੀ ਜਦੋਂਕਿ ਵਿਰੋਧੀ ਧਿਰ ਨੇ ਆਪਣੀ ਚੁਣੀ ਪ੍ਰਬੰਧਕ ਕਮੇਟੀ ਦਾ ਐਲਾਨ ਕਰ ਦਿੱਤਾ। ਵਿਰੋਧੀ ਧਿਰ ਅਨੁਸਾਰ ਨਵੀਂ ਕਮੇਟੀ ਦੀ ਚੋਣ ਸੰਗਤ ਨੇ ਸਰਬਸੰਮਤੀ ਨਾਲ ਕੀਤੀ ਸੀ



ਅਤੇ ਗੁਰੂ ਘਰ ਦੇ ਹੈਡ ਗ੍ਰੰਥੀ ਨੇ ਅਰਦਾਸ ਕਰ ਕੇ ਤੇ ਸਿਰੋਪਾਓ ਦੇ ਕੇ ਪ੍ਰਵਾਨਗੀ ਦਿੱਤੀ ਸੀ ਪ੍ਰੰਤੂ ਕਾਬਜ਼ ਧਿਰ ਨੇ ਨਵੀਂ ਕਮੇਟੀ ਨੂੰ ਪ੍ਰਬੰਧ ਸੰਭਾਲਣ ਦੀ ਥਾਂ ਜ਼ੋਰ ਜ਼ਬਰਦਸਤੀ ਕੀਤੀ ਕਿਉਂਕਿ ਪ੍ਰਬੰਧ 'ਤੇ ਕਾਬਜ਼ ਧੜਾ ਆਪਣਾ ਕਬਜ਼ਾ ਨਹੀਂ ਛੱਡਣਾ ਚਾਹੁੰਦਾ।

ਦੂਜੇ ਪਾਸੇ ਪ੍ਰਬੰਧਕ ਧੜੇ ਦਾ ਕਹਿਣਾ ਹੈ ਕਿ ਵਿਰੋਧੀ ਧਿਰ ਨੇ ਆਪ ਹੀ ਅਹੁਦੇਦਾਰਾਂ ਦੀ ਚੋਣ ਕਰ ਕੇ ਜ਼ਬਰਦਸਤੀ ਪ੍ਰਬੰਧ ਸੰਭਾਲਣ ਦੀ ਕੋਸ਼ਿਸ਼ ਕੀਤੀ ਜਿਸ ਨਾਲ ਗੁਰੂ ਘਰ ਦੀ ਸੰਗਤ 'ਚ ਤਲਖੀ ਪੈਦਾ ਹੋ ਗਈ ਅਤੇ ਉਹ ਸਭ ਕੁਝ ਵਾਪਰਿਆ ਜੋ ਨਹੀਂ ਸੀ ਵਾਪਰਨਾ ਚਾਹੀਦਾ। ਪ੍ਰਬੰਧਕਾਂ ਦਾ ਇਹ ਵੀ ਦੋਸ਼ ਹੈ ਕਿ ਵਿਰੋਧੀ ਧੜਾ ਪਹਿਲਾਂ ਹੀ ਮਿਥ ਕੇ ਜ਼ਬਰੀ ਕਬਜ਼ਾ ਲੈਣ ਆਇਆ ਸੀ।

ਪੁਲਿਸ ਨੇ ਕੇਸ ਦਰਜ ਕਰ ਲਿਆ ਹੈ ਅਤੇ ਪੜਤਾਲ ਕਰ ਰਹੀ ਹੈ। ਸੀ. ਸੀ. ਟੀ. ਵੀ. ਕੈਮਰੇ ਦੀ ਵੀਡੀਓ ਦੀ ਵੀ ਜਾਂਚ ਕੀਤੀ ਜਾ ਰਹੀ ਹੈ।

ਉਧਰ ਇਸ ਸਾਰੇ ਵਰਤਾਰੇ ਤੋਂ ਆਮ ਸੰਗਤ ਪ੍ਰੇਸ਼ਾਨ ਹੈ। ਸੰਗਤ ਦਾ ਕਹਿਣਾ ਹੈ ਕਿ ਜੋ ਕੁਝ ਵਾਪਰਿਆ, ਉਸ ਨਾਲ ਸਮੁੱਚੇ ਸਿੱਖ ਭਾਈਚਾਰੇ ਦਾ ਅਕਸ ਵਿਗੜਿਆ ਹੈ। ਜਦੋਂ ਕੋਈ ਸ਼ਖਸ ਬਿਨਾ ਦਸਤਾਰ ਦੀਵਾਨ ਹਾਲ ਵਿਚ ਦਾਖਲ ਹੁੰਦਾ ਹੈ ਤਾਂ ਅਸੀਂ ਬਹੁਤ ਦੁਖੀ ਹੁੰਦੇ ਹਾਂ ਪਰ ਇਥੇ ਖੁਦ ਇਕ ਦੂਜੇ ਦੀਆਂ ਦਸਤਾਰਾਂ ਲਾਹ ਰਹੇ ਸਾਂ। ਇਕ ਦੂਜੇ ਨੂੰ ਗਾਲ੍ਹਾਂ ਕੱਢੀਆਂ ਜਾ ਰਹੀਆਂ ਸਨ ਤੇ ਕਿਸੇ ਨੂੰ ਵੀ ਗੁਰੂ ਦੇ ਅਪਮਾਨ ਦਾ ਕੋਈ ਫਿਕਰ ਨਹੀਂ ਸੀ।

## ਚਿੱਤਰਕਾਰ ਰਾਮ ਕੁਮਾਰ ਨਹੀਂ ਰਹੇ

**ਨਵੀਂ ਦਿੱਲੀ:** ਪ੍ਰਸਿੱਧ ਕਲਾਕਾਰ ਪੇਂਟਰ ਰਾਮ ਕੁਮਾਰ ਦਾ ਦੇਹਾਂਤ ਹੋ ਗਿਆ ਹੈ। ਉਹ 94 ਸਾਲ ਦੇ ਸਨ। ਉਨ੍ਹਾਂ ਨੂੰ 1972 ਵਿਚ ਪਦਮਸ੍ਰੀ ਪੁਰਸਕਾਰ ਨਾਲ ਸਨਮਾਨਿਆ ਗਿਆ ਸੀ। ਮੱਧ ਪ੍ਰਦੇਸ਼ ਸਰਕਾਰ ਨੇ ਉਨ੍ਹਾਂ ਨੂੰ ਕਾਲੀਦਾਸ ਸਨਮਾਨ ਨਾਲ ਨਿਵਾਜ਼ਿਆ।

## ਸਿੱਖ ਕਤਲੇਆਮ ਜਾਂਚ ਵਿਚ ਢਿੱਲ ਤੋਂ ਅਦਾਲਤ ਖਫਾ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਨੇ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਦੀ 1984 ਦੇ ਸਿੱਖ ਕਤਲੇਆਮ ਵਿਚ ਸ਼ਮੂਲੀਅਤ ਸਬੰਧੀ ਇਕ ਕੇਸ ਵਿਚ ਸੀ.ਬੀ.ਆਈ. ਨੂੰ ਜਾਂਚ ਤੇਜ਼ ਕਰਨ ਦਾ ਹੁਕਮ ਦਿੱਤਾ ਹੈ। ਇਹ ਹੁਕਮ ਐਡੀਸ਼ਨਲ ਚੀਫ ਮੈਟਰੋਪਾਲਿਟਨ ਮੈਜਿਸਟਰੇਟ ਅਮਿਤ ਅਰੋੜਾ ਨੇ ਉਦੋਂ ਜਾਰੀ ਕੀਤੇ ਜਦੋਂ ਜਾਂਚ ਏਜੰਸੀ ਨੇ ਅਦਾਲਤ ਨੂੰ ਦੱਸਿਆ ਕਿ ਇਸ ਮਾਮਲੇ ਦੇ ਗਵਾਹ ਤੇ ਹਥਿਆਰਾਂ ਦੇ ਵਿਵਾਦਗ੍ਰਸਤ ਵਪਾਰੀ ਅਭਿਸ਼ੇਕ ਵਰਮਾ ਦਾ ਲਾਈ ਡਿਟੈਕਟਰ (ਝੂਠ ਫੜਨ ਵਾਲਾ) ਟੈਸਟ ਕਰਨ ਲਈ ਹੋਰ ਮਹੀਨੇ ਦਾ ਸਮਾਂ ਚਾਹੀਦਾ ਹੈ।

ਅਦਾਲਤ ਨੇ ਆਪਣੇ ਬੀਤੀ ਫਰਵਰੀ ਦੇ ਹੁਕਮਾਂ ਦੇ ਮੱਦੇਨਜ਼ਰ ਪੇਸ਼ ਸੀ.ਬੀ.ਆਈ. ਦੇ ਐਸਪੀ ਨੂੰ ਕਿਹਾ ਕਿ ਏਜੰਸੀ ਮਾਮਲੇ ਦੀ ਜਾਂਚ ਤੇਜ਼ ਕਰੇ ਅਤੇ ਸੁਣਵਾਈ ਦੀ ਅਗਲੀ ਤਰੀਕ ਉਤੇ ਪ੍ਰਗਤੀ ਰਿਪੋਰਟ ਪੇਸ਼ ਕਰੇ। ਮਾਮਲੇ ਦੀ ਅਗਲੀ ਸੁਣਵਾਈ 21 ਮਈ ਨੂੰ ਹੋਵੇਗੀ। ਇਹ ਮਾਮਲਾ ਉਤਰੀ ਦਿੱਲੀ ਦੇ ਗੁਰਦੁਆਰਾ ਪੁਲਬੰਗਸ਼ ਨਾਲ ਸਬੰਧਤ ਹੈ, ਜਿਥੇ ਦੰਗਿਆਂ ਦੌਰਾਨ ਤਿੰਨ ਸਿੱਖ ਮਾਰੇ ਗਏ ਸਨ। ਸੁਣਵਾਈ ਦੌਰਾਨ ਪੀੜਤਾਂ ਵੱਲੋਂ ਪੇਸ਼ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਕਿਹਾ ਕਿ ਇਹ ਜਾਂਚ ਦੋ ਸਾਲਾਂ ਤੋਂ ਚੱਲ ਰਹੀ ਹੈ ਅਤੇ ਜਾਂਚ ਏਜੰਸੀ ਟਾਈਟਲਰ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੀ ਹੈ।


## ਡਿਸ਼ ਵਾਸ਼ਰ, ਵੇਟਰ ਅਤੇ ਹੈਲਪਰ ਦੀ ਲੋੜ ਹੈ

ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਡਿਸ਼ ਵਾਸ਼ਰ, ਵੇਟਰ ਅਤੇ ਹੈਲਪਰ ਦੀ ਲੋੜ ਹੈ

ਸੰਪਰਕ ਕਰੋ, ਫੋਨ: 262-391-7666

16-18


## Matrimonials

### ਵਰ ਦੀ ਲੋੜ

Looking for a suitable match for US citizen Punjabi Khatri girl, 31 years, 5' 2", well settled, divorced. The boy must be willing to stay in/near Cleveland, Ohio. Contact: Nsaw2018@gmail.com 14-17

Wanted well settled Canadian/US citizen/green card holder boy for Jatt Sikh Kang Canadian PR girl 24 yrs, 5'-6", diploma electrical control systems, currently working as technical support in Toronto, only child. The boy should be a balance of modern and traditional values. Contact: WhatsApp 1-437-779-2765 16-19

### ਲੜਕੀ ਦੀ ਲੋੜ ਹੈ

Wanted suitable match for Jatt Sikh Pannu boy 27, 6'-1", Bachelor of Computer Science Engineering, Software Engineering Technician (Canada) post graduate, working on work permit in Winnipeg (Canada), Canadian PR in process. Contact, Ph: 204-915-5591 (Canada), 937-830-1877 (USA) or email: Er.pawandeep23@gmail.com, Pannupetroleum@gmail.com 16-19

Ramgariah family looking for a suitable Ramgariah match for their U. S. born son, Sr. Financial Analyst 34 years, 5'-10". Pl contact: jsnov1973@aol.com 12/4

### ਜੀਵਨ ਸਾਥਣ ਦੀ ਲੋੜ

Wanted suitable educated US citizen/green card holder Punjabi Sikh woman 30-38 yrs , for Jatt Sikh Gill clean shaven Divorced man 39 yrs, 5'-7" US citizen, belongs to educated family from Punjab. Email: Sukhkaran1978@outlook.com 14-17


## Prince's Barber Shop

37477 Fremont Blvd, suite C, Fremont, CA 94536

**Men & Children's Hair Cut**

*Threading
*Custom Text
*Men's Facials
*Hair Coler
*Custom Designing
*Shave &
*Line-ups
*Head Massage

ਫੁੱਲ ਟਾਈਮ ਬਾਰਬਰ ਦੀ ਲੋੜ ਹੈ

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605
www.princebarbershop.com



## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 14 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਬਾਦਲਾਂ ਖਿਲਾਫ 'ਪੰਥਕ ਅਕਾਲੀ ਲਹਿਰ' ਦਾ ਐਲਾਨ

**ਚੰਡੀਗੜ੍ਹ:** ਅਕਾਲ ਤਖਤ ਦੇ ਸਾਬਕਾ ਜਥੇਦਾਰ ਰਣਜੀਤ ਸਿੰਘ ਅਤੇ ਸੰਤ ਸਮਾਜ ਦੇ ਮੁਖੀ ਰਹੇ ਬਾਬਾ ਸਰਬਜੋਤ ਸਿੰਘ ਬੇਦੀ ਨੇ



ਧਾਰਮਿਕ ਪਾਰਟੀ 'ਪੰਥਕ ਅਕਾਲੀ ਲਹਿਰ' ਬਣਾਉਣ ਦਾ ਐਲਾਨ ਕਰ ਕੇ ਬਾਦਲਾਂ ਵਿਰੁੱਧ ਮੋਰਚਾ ਖੋਲ੍ਹ ਦਿੱਤਾ ਹੈ। ਇਨ੍ਹਾਂ ਦੋਵਾਂ ਆਗੂਆਂ ਨੇ ਕਈ ਧਾਰਮਿਕ ਧਿਰਾਂ ਦੇ ਪ੍ਰਤੀਨਿਧਾਂ ਸਮੇਤ ਸੰਬੋਧਨ ਕਰਦਿਆਂ ਦੋਸ਼ ਲਾਇਆ ਕਿ ਗੁਰੂਆਂ ਵੱਲੋਂ ਆਪਣੇ ਪਰਿਵਾਰ ਕੁਰਬਾਨ ਕਰ ਕੇ ਸਿਰਜੀ ਸਿੱਖ ਕੌਮ ਨੂੰ ਅੱਜ ਬਾਦਲ ਪਰਿਵਾਰ ਆਪਣੇ ਹਿੱਤਾਂ ਲਈ ਚਲਾ ਰਿਹਾ ਹੈ।

ਇਸ ਕਾਰਨ ਧਰਮ ਉਪਰ ਰਾਜਨੀਤੀ ਭਾਰੂ

### ਐਸ.ਜੀ.ਪੀ.ਸੀ. ਨੂੰ ਬਾਦਲਾਂ ਤੋਂ ਆਜ਼ਾਦ ਕਰਾਵਾਂਗੇ: ਬੇਦੀ

ਰਣਜੀਤ ਸਿੰਘ ਅਤੇ ਬਾਬਾ ਸਰਬਜੋਤ ਸਿੰਘ ਬੇਦੀ ਨੇ ਐਲਾਨ ਕੀਤਾ ਕਿ ਪੰਥਕ ਅਕਾਲੀ ਲਹਿਰ ਦੇ ਬੈਨਰ ਹੇਠ ਐਸ.ਜੀ.ਪੀ.ਸੀ. ਚੋਣਾਂ ਲੜ ਕੇ ਇਸ ਸੰਸਥਾ ਨੂੰ ਬਾਦਲ ਘਰਾਣੇ ਤੋਂ ਆਜ਼ਾਦ ਕਰਵਾਇਆ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਸੰਸਥਾ ਨਿਰੋਲ ਧਾਰਮਿਕ ਰਹੇਗੀ ਅਤੇ ਕਿਸੇ ਵੀ ਸਿਆਸੀ ਪਾਰਟੀ ਨਾਲ ਸਾਂਝ ਨਹੀਂ ਪਾਈ ਜਾਵੇਗੀ। ਦੋਵਾਂ ਆਗੂਆਂ ਨੇ ਕਿਹਾ ਕਿ ਬਾਦਲਾਂ ਵੱਲੋਂ ਹੀ ਉਨ੍ਹਾਂ ਉਪਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮਿਲੇ ਹੋਣ ਦਾ ਗੁੰਮਰਾਹਕੁਨ ਪ੍ਰਚਾਰ ਕਰ ਰਹੇ ਹਨ। ਪੰਥਕ ਅਕਾਲੀ ਲਹਿਰ ਵੱਲੋਂ ਪਿੰਡ-ਪਿੰਡ ਜਾ ਕੇ ਮੈਂਬਰਸ਼ਿਪ ਸ਼ੁਰੂ ਕੀਤੀ ਜਾਵੇਗੀ ਅਤੇ ਇਸ ਵਾਰ ਚੰਡੀਗੜ੍ਹ ਬੈਠ ਕੇ ਟਿਕਟਾਂ ਵੰਡਣ ਦੀ ਥਾਂ ਜ਼ਮੀਨੀ ਹਕੀਕਤਾਂ ਦੇਖ ਕੇ ਉਮੀਦਵਾਰ ਬਣਾਏ ਜਾਣਗੇ।

ਹੋ ਗਈ ਹੈ ਅਤੇ ਸਿੱਖੀ ਦਾ ਵਜੂਦ ਖਤਰੇ ਵਿਚ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਕਾਲ ਤਖਤ ਦੇ ਜਥੇਦਾਰ ਨੇ ਸਿਆਸੀ ਦਬਾਅ ਹੇਠ ਪਹਿਲਾਂ ਗੁਰਮੀਤ ਰਾਮ ਰਹੀਮ ਨੂੰ ਮੁਆਫ ਕਰਨ ਦਾ ਹੁਕਮਨਾਮਾ ਜਾਰੀ ਕੀਤਾ ਅਤੇ ਫਿਰ ਸਿੱਖ ਸੰਗਤ ਦੇ ਰੋਹ ਤੋਂ ਬਾਅਦ ਵਾਪਸ ਲੈ ਲਿਆ। ਇਸੇ ਤਰ੍ਹਾਂ ਫਿਲਮ 'ਨਾਨਕ ਸ਼ਾਹ ਫਕੀਰ' ਨੂੰ ਪਹਿਲਾਂ ਮਾਨਤਾ ਦਿੱਤੀ ਜਾਂਦੀ ਹੈ ਅਤੇ ਹੁਣ ਫਿਲਮ ਉਪਰ ਰੋਕ ਲਾ ਦਿੱਤੀ ਹੈ। ਜਥੇਦਾਰਾਂ ਦੀਆਂ ਅਜਿਹੀਆਂ ਕੋਤਾਹੀਆਂ ਨੇ ਅਕਾਲ ਤਖਤ ਦੀ ਹੋਂਦ ਨੂੰ ਖੋਰਾ ਲਾ ਕੇ ਸਿੱਖ ਕੌਮ ਨੂੰ ਸ਼ਰਮਸਾਰ ਕੀਤਾ ਹੈ।


ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ ਦਲ ਦੇ ਆਗੂਆਂ ਕਾਰਨ ਨੌਜਵਾਨੀ ਜਾਂ ਤਾਂ ਪਤਿਤਪੁਣੇ ਤੇ ਨਸ਼ਿਆਂ ਵਿਚ ਧਸਦੀ ਜਾ ਰਹੀ ਹੈ ਅਤੇ ਜਾਂ ਫਿਰ ਰੋਟੀ-ਰੋਜ਼ੀ ਦੇ ਜੁਗਾੜ ਲਈ ਵਿਦੇਸ਼ਾਂ ਵਿਚ ਜਾ ਕੇ ਪਰਵਾਸ ਦੇ ਹਰੇਵੇ ਸਹਿਣ ਲਈ ਮਜਬੂਰ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੰਮ ਗੁਰਦੁਆਰਿਆਂ ਦੀ ਸਾਂਭ-ਸੰਭਾਲ ਕਰਨਾ ਸੀ ਪਰ ਸਿਆਸਤ ਦੀ ਗੁਲਾਮ ਇਹ ਸੰਸਥਾ ਸਿੱਖ ਸਿਧਾਂਤਾਂ ਉਪਰ ਹੀ ਭਾਰੂ ਪੈ ਗਈ ਹੈ। ਇਸ ਕਾਰਨ ਸਿੱਖ ਨਿਰਾਸ਼ ਅਤੇ ਆਪਣੇ-ਆਪ ਨੂੰ ਬੇਸਹਾਰਾ ਸਮਝ ਰਹੇ ਹਨ।

ਨਵੀਂ ਬਣਾਈ ਪਾਰਟੀ 'ਪੰਥਕ ਅਕਾਲੀ ਲਹਿਰ' ਲਈ ਭਾਈ ਰਣਜੀਤ ਸਿੰਘ ਨੂੰ ਪ੍ਰਧਾਨ ਅਤੇ ਬਾਬਾ ਬੇਦੀ ਨੂੰ ਸਰਪ੍ਰਸਤ ਬਣਾਇਆ ਗਿਆ। ਜਸਬੀਰ ਸਿੰਘ ਧਾਲੀਵਾਲ ਨੂੰ ਮੀਤ ਪ੍ਰਧਾਨ, ਜਸਜੀਤ ਸਿੰਘ ਸਮੁੰਦਰੀ ਨੂੰ ਸਕੱਤਰ, ਅੰਮ੍ਰਿਤ ਸਿੰਘ ਰਤਨਗੜ੍ਹ ਨੂੰ ਜੁਆਇੰਟ ਸਕੱਤਰ ਅਤੇ ਅਵਤਾਰ ਸਿੰਘ ਨੂੰ ਖਜ਼ਾਨਚੀ ਦੀਆਂ ਜ਼ਿੰਮੇਵਾਰੀਆਂ ਸੌਂਪੀਆਂ ਹਨ।

# ਭੀੜ ਉਕਸਾਉਣ ਦੇ ਮਾਮਲੇ 'ਤੇ ਸੱਜਣ ਕੁਮਾਰ ਦੀ ਸਫਾਈ...

**ਨਵੀਂ ਦਿੱਲੀ:** ਕਾਂਗਰਸ ਨੇਤਾ ਸੱਜਣ ਕੁਮਾਰ ਨੇ ਦਿੱਲੀ ਹਾਈ ਕੋਰਟ ਨੂੰ ਦੱਸਿਆ ਕਿ ਉਸ ਖਿਲਾਫ 31 ਅਕਤੂਬਰ 1984 ਵਾਲੇ ਦਿਨ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਉਪਰੰਤ ਭੀੜ ਨੂੰ ਸਿੱਖਾਂ ਵਿਰੁੱਧ ਉਕਸਾਉਣ ਦਾ ਕੋਈ ਇਲਜ਼ਾਮ ਨਹੀਂ ਹੈ।

ਬੈਂਚ ਨੂੰ ਸੱਜਣ ਕੁਮਾਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਅਮਿਤ ਸਿੱਬਲ ਨੇ ਦੱਸਿਆ



ਕਿ ਪੀੜਤ ਲੋਕਾਂ ਨੇ ਵੱਖ-ਵੱਖ ਸਮਿਆਂ 'ਤੇ ਪ੍ਰਸ਼ਾਸਨਿਕ ਅਧਿਕਾਰੀਆਂ ਸਾਹਮਣੇ ਕਈ ਲੋਕਾਂ ਦਾ ਨਾਂ ਲਿਆ ਹੈ ਪਰ ਸਾਬਕਾ ਸੰਸਦ ਮੈਂਬਰ ਦਾ ਕਿਸੇ ਵੀ ਸਹਿ-ਦੋਸ਼ੀ ਨਾਲ ਕਦੇ ਕੋਈ ਵਾਸਤਾ ਨਹੀਂ ਰਿਹਾ। ਸੱਜਣ ਕੁਮਾਰ ਉਤੇ ਲੱਗਦੇ ਅਪਰਾਧਿਕ ਸਾਜ਼ਿਸ਼ ਦੇ ਇਲਜ਼ਾਮਾਂ ਬਾਰੇ ਉਸ ਦੇ ਵਕੀਲ ਸਿੱਬਲ ਤੇ ਅਮਿਲ ਕੁਮਾਰ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਦੇ ਮੁਵੱਕਲ ਦਾ ਇਸ ਮਾਮਲੇ 'ਚ ਸਹਿ-ਦੋਸ਼ੀ ਨਾਲ ਕੋਈ ਸਬੰਧ ਨਹੀਂ ਤੇ ਮੌਕੇ ਦੇ 3 ਗਵਾਹਾਂ ਨੇ ਵੀ ਉਨ੍ਹਾਂ ਬਾਰੇ ਕਦੇ ਕੋਈ ਬਿਆਨ ਨਹੀਂ ਦਿੱਤਾ।

# ਬੇਅਦਬੀ ਮਾਮਲਿਆਂ ਦੀ ਜਾਂਚ ਛੇਤੀ ਸਿਰੇ ਲਾਉਣ ਦਾ ਦਾਅਵਾ

**ਮੋਗਾ:** ਪੰਜਾਬ ਵਿਚ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਲਈ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਬਣਾਏ ਗਏ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਪਿੰਡ ਚੁੱਘਾ ਖੁਰਦ, ਰੋਡੇ, ਦੌਲਤਪੁਰਾ ਨੀਵਾਂ ਤੇ ਮੋਗਾ-ਘੱਲਕਲਾਂ ਲਿੰਕ ਰੋਡ ਦਾ ਦੌਰਾ ਕੀਤਾ। ਉਨ੍ਹਾਂ ਨੇ ਕੋਲ ਕੇਸ ਦਰਜ ਕਰਵਾਉਣ ਵਾਲਿਆਂ ਦੇ ਬਿਆਨ ਦਰਜ ਕਰਨ ਤੋਂ ਇਲਾਵਾ ਇਨ੍ਹਾਂ ਕੇਸਾਂ ਦੀ ਤਫਤੀਸ਼ ਕਰ ਰਹੇ ਪੁਲਿਸ ਅਧਿਕਾਰੀਆਂ ਤੇ ਮੁਲਾਜ਼ਮਾਂ ਤੋਂ ਵੀ ਪੁੱਛ-ਪੜਤਾਲ ਕੀਤੀ।

ਇਸ ਮੌਕੇ ਉਨ੍ਹਾਂ ਕਿਹਾ ਕਿ ਉਹ ਪੰਜਾਬ ਵਿਚ ਬੇਅਦਬੀ ਦੀਆਂ ਵਾਪਰੀਆਂ ਤਕਰੀਬਨ 122



ਇਨ੍ਹਾਂ ਪਿੰਡਾਂ ਵਿਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਵਾਲੇ ਸਥਾਨ ਦਾ ਜਾਇਜ਼ਾ ਲੈਣ ਤੋਂ ਬਿਨਾ ਇਨ੍ਹਾਂ ਕੇਸਾਂ ਨਾਲ ਜੁੜੇ ਲੋਕਾਂ ਤੋਂ ਜਾਣਕਾਰੀ ਹਾਸਲ ਕੀਤੀ ਅਤੇ ਬਿਆਨ ਵੀ ਦਰਜ ਕੀਤੇ।

ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਥਾਣਾ ਸਦਰ ਅਧੀਨ ਪਿੰਡ ਦੌਲਤਪੁਰਾ ਨੀਵਾਂ ਅਤੇ ਮੋਗਾ-ਘੱਲਕਲਾਂ ਲਿੰਕ ਰੋਡ ਉਤੇ ਸਾਲ 2015 ਅਤੇ 2016 ਵਿਚ ਵਾਪਰੀਆਂ ਚਾਰ ਘਟਨਾਵਾਂ ਤੋਂ ਇਲਾਵਾ ਥਾਣਾ ਮਹਿਣਾ ਅਧੀਨ ਪਿੰਡ ਚੁੱਘਾ ਖੁਰਦ ਤੇ ਥਾਣਾ ਸਮਾਲਸਰ ਅਧੀਨ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਜੱਦੀ ਪਿੰਡ ਰੋਡੇ ਦਾ ਦੌਰਾ ਕੀਤਾ। ਉਨ੍ਹਾਂ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੀਆਂ ਘਟਨਾਵਾਂ ਬਾਰੇ ਜਾਣਕਾਰੀ ਲਈ। ਇਥੇ ਪਿੰਡਾਂ ਵਿਚ ਦੌਰੇ ਦੌਰਾਨ ਉਨ੍ਹਾਂ ਘਟਨਾਵਾਂ ਬਾਰੇ ਪੁਲਿਸ ਘਟਨਾਵਾਂ ਦੀ ਜਾਂਚ ਕਰ ਰਹੇ ਹਨ। ਬਹਿਬਲ ਕਲਾਂ ਮੁੱਖ ਕਾਂਡ ਸਮੇਤ ਤਕਰੀਬਨ 90 ਘਟਨਾਵਾਂ ਦਾ ਉਹ ਮੌਕਾ ਦੇਖ ਚੁੱਕੇ ਹਨ। ਉਹ ਬੇਅਦਬੀ ਘਟਨਾਵਾਂ ਨਾਲ ਜੁੜੇ ਚਸ਼ਮਦੀਦਾਂ ਤੇ ਹੋਰਾਂ ਦੇ ਬਿਆਨ ਮੌਕੇ ਉਤੇ ਜਾ ਕੇ ਰਿਕਾਰਡ ਕਰ ਰਹੇ ਹਨ ਅਤੇ ਨਿਰਪੱਖ ਹੋ ਕੇ ਲੋਕਾਂ ਦੇ ਵਿਚਾਰ ਹਾਸਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਹਰ ਧਰਮ ਦਾ ਸਤਿਕਾਰ ਕਰਦੇ ਹਨ ਅਤੇ ਉਨ੍ਹਾਂ ਨੂੰ ਸਰਕਾਰ ਨੇ ਸੰਵੇਦਨਸ਼ੀਲ ਜ਼ਿੰਮੇਵਾਰੀ ਦਿੱਤੀ ਹੈ। ਇਸ ਲਈ ਸਭਨਾਂ ਨਾਲ ਨਿਆਂ ਹੋਵੇਗਾ। ਉਨ੍ਹਾਂ ਕਿਹਾ ਕਿ ਕਮਿਸ਼ਨ ਨੇ ਭਾਵੇਂ ਬਹਿਬਲ ਕਲਾਂ ਕਾਂਡ ਦੀ ਰਿਪੋਰਟ ਤਿਆਰ ਕਰ ਲਈ ਹੈ ਪਰ ਉਹ ਸਾਰੀਆਂ ਘਟਨਾਵਾਂ ਦੀ ਇਕੱਠੀ ਰਿਪੋਰਟ ਮਈ ਮਹੀਨੇ ਤੱਕ ਸਰਕਾਰ ਨੂੰ ਸੌਂਪ ਦੇਣਗੇ।

# ਮਾਨ ਤੇ ਖਹਿਰਾ ਹੋਏ ਸਿਆਸੀ ਬਦਲਾਖੋਰੀ ਦੇ ਸ਼ਿਕਾਰ

**ਚੰਡੀਗੜ੍ਹ:** ਜਸਟਿਸ (ਸੇਵਾ ਮੁਕਤ) ਮਹਿਤਾਬ ਸਿੰਘ ਗਿੱਲ ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਅਕਾਲੀ-ਭਾਜਪਾ ਸਰਕਾਰ ਦੌਰਾਨ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਆਮ ਆਦਮੀ ਪਾਰਟੀ ਦੇ ਆਗੂ ਸੁਖਪਾਲ ਸਿੰਘ ਖਹਿਰਾ ਤੇ ਪੰਚਾਇਤ ਮੈਂਬਰ ਸੁਖਵਿੰਦਰ ਸਿੰਘ ਮਿੱਠੂ ਵਿਰੁੱਧ ਦਰਜ ਕੇਸਾਂ ਨੂੰ ਝੂਠਾ ਦੱਸਿਆ ਹੈ ਅਤੇ ਕੇਸ ਦਰਜ ਕਰਨ ਵਾਲੇ ਪੁਲਿਸ ਮੁਲਾਜ਼ਮਾਂ ਵਿਰੁੱਧ ਕਾਰਵਾਈ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨ ਨੇ ਐਫ. ਆਈ. ਆਰ. ਰੱਦ ਕਰਨ ਦੀ ਸਿਫਾਰਸ਼ ਵੀ ਕੀਤੀ ਹੈ।

ਕਮਿਸ਼ਨ ਦੇ ਚੇਅਰਮੈਨ ਜਸਟਿਸ ਗਿੱਲ ਵੱਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੇਸ਼ ਕੀਤੀ ਛੇਵੀਂ ਅੰਤਰਿਮ ਰਿਪੋਰਟ ਵਿਚ 240 ਕੇਸਾਂ ਵਿਚੋਂ 47 ਕੇਸਾਂ ਵਿਚ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ ਗਈ ਹੈ, ਜਦੋਂਕਿ 193 ਕੇਸ ਵੱਖ-ਵੱਖ ਕਾਰਨਾਂ ਕਰ ਕੇ ਰੱਦ ਕੀਤੇ ਹਨ।

ਰਿਪੋਰਟ ਵਿਚ ਕਿਹਾ ਹੈ ਕਿ ਮਿੱਠੂ, ਮਾਨ ਤੇ ਖਹਿਰਾ ਵਿਰੁੱਧ ਸਿਆਸੀ ਕਾਰਨਾਂ ਕਰ ਕੇ ਝੂਠੇ ਕੇਸ ਦਰਜ ਕੀਤੇ ਗਏ। ਕਮਿਸ਼ਨ ਨੇ ਸਬੰਧਤ ਪੁਲਿਸ ਮੁਲਾਜ਼ਮਾਂ ਖਿਲਾਫ ਕਾਰਵਾਈ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨ ਨੇ ਮਾਨ ਵਿਰੁੱਧ ਦੇਸ਼ ਧ੍ਰੋਹ ਦੇ ਕੇਸ ਸਣੇ ਖਹਿਰਾ ਅਤੇ ਉਨ੍ਹਾਂ ਦੇ ਹਮਾਇਤੀਆਂ ਵਿਰੁੱਧ 17 ਐਫ.ਆਈ.ਆਰਜ਼. ਵੀ ਰੱਦ ਕਰਨ ਦੀ ਸਿਫਾਰਸ਼ ਕੀਤੀ ਹੈ। ਜਸਟਿਸ ਗਿੱਲ ਨੇ ਕਿਹਾ ਕਿ ਜਗਰਾਉਂ ਦੇ ਪਿੰਡ ਕੌਂਕੇ ਦੇ ਪੰਚਾਇਤ ਮੈਂਬਰ ਸੁਖਵਿੰਦਰ ਸਿੰਘ ਮਿੱਠੂ ਨੂੰ 8 ਝੂਠੇ ਕੇਸਾਂ ਵਿਚ ਫਸਾਇਆ ਗਿਆ ਸੀ। ਉਸ ਨੇ ਕੈਨੇਡਾ ਦੀ ਵਸਨੀਕ ਆਪਣੀ ਪਤਨੀ ਦੇ ਕਤਲ ਸਬੰਧੀ ਪਤਨੀ ਦੇ ਰਿਸ਼ਤੇਦਾਰਾਂ ਵਿਰੁੱਧ ਸ਼ਿਕਾਇਤ ਕੀਤੀ ਸੀ, ਜਿਸ ਤੋਂ ਬਾਅਦ ਉਸ ਨੂੰ ਇਨ੍ਹਾਂ ਕੇਸਾਂ

### ਗਿੱਲ ਕਮਿਸ਼ਨ ਨੇ ਕੇਸਾਂ ਨੂੰ ਝੂਠਾ ਦੱਸਿਆ

ਵਿਚ ਫਸਾਇਆ ਗਿਆ।

ਉਸ ਦੀ ਪਤਨੀ ਦੀ ਮਾਂ, ਮਾਮੇ ਤੇ ਕੁਝ ਹੋਰਾਂ ਨੂੰ ਕਤਲ ਕੇਸ ਵਿਚ ਦੋਸ਼ੀ ਠਹਿਰਾਇਆ ਗਿਆ, ਜਦੋਂਕਿ ਮਿੱਠੂ ਨੂੰ ਉਸ ਵਿਰੁੱਧ ਦਰਜ ਹੋਏ ਸਾਰੇ 8 ਕੇਸਾਂ ਵਿਚੋਂ ਬਰੀ ਕਰ ਦਿੱਤਾ ਗਿਆ। ਕਮਿਸ਼ਨ ਨੇ ਇਹ ਗੱਲ ਸਾਹਮਣੇ ਲਿਆਂਦੀ ਹੈ ਕਿ ਮਿੱਠੂ ਨੂੰ ਝੂਠੇ ਕੇਸ ਵਿਚ ਫਸਾਉਣ ਅਤੇ ਉਸ ਵੱਲੋਂ ਆਪਣੀ ਪਤਨੀ ਦੇ ਰਿਸ਼ਤੇਦਾਰਾਂ ਵਿਰੁੱਧ ਕੀਤੀ ਸ਼ਿਕਾਇਤ ਨੂੰ ਵਾਪਸ ਕਰਵਾਉਣ ਦੀ ਕੋਸ਼ਿਸ਼ ਕਰਨ ਲਈ 182 ਪੁਲਿਸ ਅਧਿਕਾਰੀ ਤੇ ਮੁਲਾਜ਼ਮ ਕਸੂਰਵਾਰ ਹਨ, ਕਮਿਸ਼ਨ ਨੇ ਇਨ੍ਹਾਂ ਵਿਰੁੱਧ ਕਾਰਵਾਈ ਦੀ ਸਿਫਾਰਸ਼ ਕੀਤੀ ਹੈ। ਮਾਨ ਵਿਰੁੱਧ ਕੇਸ ਸਬੰਧੀ ਕਮਿਸ਼ਨ ਇਸ ਸਿੱਟੇ ਉਤੇ ਪੁੱਜਿਆ ਹੈ ਕਿ 10 ਨਵੰਬਰ, 2015 ਨੂੰ



ਫਰੀਦਕੋਟ ਦੇ ਪਿੰਡ ਬਰਗਾੜੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁੱਧ ਕੀਤੇ 'ਸਰਬੱਤ ਖਾਲਸਾ' ਦੌਰਾਨ ਨਾ ਹੀ ਉਨ੍ਹਾਂ ਨੇ ਕੋਈ ਭਾਸ਼ਣ ਦਿੱਤਾ, ਨਾ ਹੀ ਕੋਈ ਸ਼ਬਦ ਬੋਲਿਆ।

# ਸੂਰਤ ਸਿੰਘ ਖਾਲਸਾ ਵੱਲੋਂ ਪੁਲਿਸ ਤਸ਼ੱਦਦ ਦੇ ਦੋਸ਼

**ਲੁਧਿਆਣਾ:** ਸਿੱਖ ਬੰਦੀਆਂ ਦੀ ਰਿਹਾਈ ਲਈ ਸੰਘਰਸ਼ ਕਰ ਰਹੇ ਬਾਪੂ ਸੂਰਤ ਸਿੰਘ ਖਾਲਸਾ ਦਾ ਉਪ ਪੁਲਿਸ ਕਪਤਾਨ ਨਾਲ



ਜ਼ਬਰਦਸਤ ਤਕਰਾਰ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਖਾਲਸਾ ਨੇ ਪੁਲਿਸ ਅਧਿਕਾਰੀ ਉਤੇ ਕੁੱਟਮਾਰ ਦੇ ਦੋਸ਼ ਲਗਾਏ ਹਨ, ਜਦਕਿ ਪੁਲਿਸ ਅਧਿਕਾਰੀ ਨੇ ਇਸ ਦਾ ਖੰਡਨ ਕੀਤਾ ਹੈ। ਸੂਰਤ ਸਿੰਘ ਖਾਲਸਾ ਦਾ ਕਹਿਣਾ ਹੈ ਕਿ ਡਿਊਟੀ ਉਤੇ ਤਾਇਨਾਤ ਪੁਲਿਸ ਮੁਲਾਜ਼ਮਾਂ ਨੇ ਉਨ੍ਹਾਂ ਦੀ ਗੱਲ ਉਪ ਪੁਲਿਸ ਕਪਤਾਨ ਨਾਲ ਕਰਵਾਉਣ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਨੇ ਗੱਲ ਕਰਨ ਤੋਂ ਨਾਂਹ ਕਰ ਦਿੱਤੀ। ਕੁਝ ਸਮੇਂ ਬਾਅਦ ਉਪ ਪੁਲਿਸ ਕਪਤਾਨ (ਦਾਖਾ) ਜਸਵਿੰਦਰ ਸਿੰਘ ਉਥੇ ਆ ਗਿਆ ਤੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਉਸ ਦੱਸਿਆ ਕਿ ਪੁਲਿਸ ਮੁਲਾਜ਼ਮਾਂ ਨੇ ਉਸ ਦੀਆਂ ਬਾਹਾਂ ਮਰੋੜ ਦਿੱਤੀਆਂ ਤੇ ਘਸੁੰਨ ਮਾਰੇ।

ਬਾਪੂ ਨੇ ਦੱਸਿਆ ਕਿ ਉਨ੍ਹਾਂ ਨੇ ਤਰਲ ਪਦਾਰਥ ਅਤੇ ਦਵਾਈਆਂ ਲੈਣੀਆਂ ਛੱਡ ਦਿੱਤੀਆਂ, ਕਿਉਂਕਿ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਤੇ ਪੁਲਿਸ ਮੁਖੀ ਮੁੱਖ ਮੰਤਰੀ ਨਾਲ ਮੀਟਿੰਗ ਕਰਵਾਉਣ ਦੇ ਵਾਅਦੇ ਤੋਂ ਮੁੱਕਰ ਗਏ ਹਨ। ਹੁਣ ਉਹ ਆਰ-ਪਾਰ ਦੀ ਲੜਾਈ ਲੜਨਾ ਚਾਹੁੰਦੇ ਹਨ। ਉਨ੍ਹਾਂ ਨੇ ਆਪਣੀ ਜਾਨ ਨੂੰ ਖਤਰਾ ਹੋਣ ਦਾ ਖਦਸ਼ਾ ਵੀ ਪ੍ਰਗਟ ਕੀਤਾ ਹੈ। ਇਸ ਦੌਰਾਨ ਉਪ ਪੁਲਿਸ ਕਪਤਾਨ ਨੇ ਖਾਲਸਾ ਵੱਲੋਂ ਲਾਏ ਦੋਸ਼ਾਂ ਦਾ ਖੰਡਨ ਕਰਦਿਆਂ ਦੱਸਿਆ ਕਿ ਉਹ ਉਨ੍ਹਾਂ ਨੂੰ ਤਰਲ ਪਦਾਰਥ ਤੇ ਦਵਾਈ ਲੈਣ ਲਈ ਮਨਾਉਣ ਲਈ ਗਏ ਸਨ, ਪਰ ਉਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਕੁੱਟਮਾਰ ਦੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ।

# ਬੈਂਕਾਂ ਦਾ ਪੈਸੇ ਮਾਰਨ 'ਚ ਅਕਾਲੀ ਆਗੂ ਸਭ ਤੋਂ ਅੱਗੇ

**ਸੰਗਰੂਰ:** ਪੰਜਾਬ ਵਿਚ ਬੈਂਕਾਂ ਦਾ ਪੈਸਾ ਮਾਰਨ ਵਿਚ ਅਕਾਲੀ ਆਗੂ ਸਭ ਤੋਂ ਅੱਗੇ ਹਨ। 95 ਫੀਸਦੀ ਵੱਡੇ ਡਿਫਾਲਟਰ ਆਗੂ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਸੰਗਰੂਰ ਵਿਚ ਰੱਖੇ ਕਰਜ਼ਾ ਮੁਕਤੀ ਸਮਾਗਮ ਵਿਚ ਪੰਜਾਬ ਦੇ ਵੱਡੇ ਡਿਫਾਲਟਰਾਂ ਦੀ ਸੂਚੀ ਲੈ ਕੇ ਪੁੱਜ ਗਏ। ਉਨ੍ਹਾਂ ਸਟੇਜ ਤੋਂ ਸੂਚੀ ਲਹਿਰਾਉਂਦਿਆਂ ਨਾਂ ਲਏ ਬਿਨਾਂ ਡਿਫਾਲਟਰਾਂ ਦੇ ਕਰਜ਼ੇ ਦੀ ਬਕਾਇਆ ਰਕਮ ਪੜ੍ਹ ਕੇ ਸੁਣਾਈ। ਉਨ੍ਹਾਂ ਦੱਸਿਆ ਕਿ 95 ਫੀਸਦੀ ਡਿਫਾਲਟਰ ਆਗੂ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਹਨ। ਸੂਚੀ ਵਿਚ ਕਾਂਗਰਸ ਦੇ ਵੀ ਸਾਬਕਾ ਮੰਤਰੀ ਸਣੇ ਦੋ ਆਗੂਆਂ ਦੇ ਨਾਂ ਹਨ। ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਇਨ੍ਹਾਂ ਡਿਫਾਲਟਰਾਂ ਦੀਆਂ 'ਕੁਰਕੀਆਂ ਕਰਵਾਈਆਂ' ਜਾਣ।

ਉਨ੍ਹਾਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਬਹਿਸ ਦੀ ਚੁਣੌਤੀ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਅਨੇਕਾਂ ਅਫਸਰਾਂ ਨੂੰ ਅਜੇ ਵੀ ਅਕਾਲੀ ਰੰਗਤ ਚੜ੍ਹੀ ਹੋਈ ਹੈ ਅਤੇ ਉਹ ਕੈਪਟਨ ਸਾਹਿਬ ਦੀ ਸ਼ਰਾਫਤ ਦਾ ਨਾਜਾਇਜ਼ ਫਾਇਦਾ ਉਠਾ ਰਹੇ ਹਨ। ਲੋਕ ਸ਼ਕਤੀ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਅਜੋਕੇ ਜ਼ਮਾਨੇ ਵਿਚ ਰਾਣੀਆਂ, ਰਾਜੇ ਪੈਦਾ ਨਹੀਂ ਕਰਦੀਆਂ ਸਗੋਂ ਲੋਕਤੰਤਰ ਵਿਚ ਰਾਜਿਆਂ ਨੂੰ ਲੋਕ ਪੈਦਾ ਕਰਦੇ ਹਨ। ਇਸ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ 6 ਜ਼ਿਲ੍ਹਿਆਂ ਨਾਲ ਸਬੰਧਤ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਬਾਰੇ ਰੱਖੇ ਸਮਾਗਮ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਾ ਪਹੁੰਚਣ ਕਾਰਨ ਕਾਂਗਰਸੀ ਵਰਕਰਾਂ ਅਤੇ ਲੋਕਾਂ ਨੂੰ ਭਾਰੀ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ।

ਕੈਪਟਨ ਸਰਕਾਰ ਵੱਲੋਂ ਆਪਣੇ ਚੋਣ ਵਾਅਦੇ ਅਨੁਸਾਰ ਸੰਗਰੂਰ, ਬਰਨਾਲਾ, ਪਟਿਆਲਾ, ਫਤਹਿਗੜ੍ਹ ਸਾਹਿਬ, ਮੁਹਾਲੀ ਅਤੇ ਰੋਪੜ ਜ਼ਿਲ੍ਹਿਆਂ ਦੇ ਕਿਸਾਨਾਂ ਦੇ ਸਹਿਕਾਰੀ ਬੈਂਕਾਂ ਨਾਲ ਸਬੰਧਤ 485 ਕਰੋੜ ਰੁਪਏ ਦੇ ਕਰਜ਼ ਦੀ ਮੁਆਫੀ ਲਈ ਸਰਟੀਫਿਕੇਟ ਵੰਡਣ ਵਾਸਤੇ ਇਹ ਪ੍ਰੋਗਰਾਮ ਰੱਖਿਆ ਗਿਆ ਸੀ, ਜਿਸ ਦੀ ਸਫਲਤਾ ਲਈ ਇਕ ਕਰੋੜ ਤੋਂ ਵੀ ਜ਼ਿਆਦਾ ਖਰਚ ਕੀਤਾ ਗਿਆ। ਅੰਮ੍ਰਿਤਸਰ ਦੀ ਕੰਪਨੀ ਨੇ ਬਹੁਤ ਵੱਡੇ ਬਜਟ ਨਾਲ ਝੱਖੜ ਅਤੇ ਮੀਂਹ ਤੋਂ ਅਣਭਿੱਜ 35000 ਕੁਰਸੀਆਂ ਦੀ ਸਮਰੱਥਾ ਵਾਲਾ ਆਧੁਨਿਕ ਵਿਸ਼ੇਸ਼ ਟੈਂਟ ਲਾ ਕੇ ਸਟੇਜ ਤਿਆਰ ਕੀਤੀ ਸੀ। ਹੈਲੀਕਾਪਟਰ ਉਤਾਰਨ ਲਈ ਹੈਲੀਪੈਡ ਬਣਾਈ ਗਈ ਸੀ।

# ਅਧਿਆਪਕਾਂ ਵੱਲੋਂ ਮੁੱਖ ਮੰਤਰੀ ਦੇ ਸ਼ਹਿਰ ਨੂੰ ਘੇਰਾ



**ਪਟਿਆਲਾ:** ਸ਼ਾਹੀ ਸ਼ਹਿਰ ਵੱਲ ਪੰਜਾਬ ਭਰ ਵਿਚੋਂ ਹਜ਼ਾਰਾਂ ਅਧਿਆਪਕਾਂ ਨੇ ਵਹੀਰਾਂ ਘੱਤ ਕੇ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ। ਪੰਜਾਬ ਸਰਕਾਰ ਖਿਲਾਫ਼ 'ਸੂਬਾਈ ਹੱਲਾ ਬੋਲ' ਰੈਲੀ ਦਾ ਸੱਦਾ 21 ਅਧਿਆਪਕ ਜਥੇਬੰਦੀਆਂ ਦੇ ਸਾਂਝਾ ਅਧਿਆਪਕ ਮੋਰਚਾ ਪੰਜਾਬ ਵੱਲੋਂ ਦਿੱਤਾ ਗਿਆ ਸੀ। ਸ਼ਹਿਰ ਨੇੜਲੇ ਪਿੰਡ ਜੱਸੋਵਾਲ ਦੇ ਗਰਾਊਂਡ ਵਿਚ ਕੀਤੀ ਗਈ ਇਸ ਰੈਲੀ ਦੌਰਾਨ ਅਧਿਆਪਕ ਉਦੋਂ ਭੜਕ ਪਏ ਜਦੋਂ ਪ੍ਰਸ਼ਾਸਨ ਦੀ ਤਰਫੋਂ ਮੁੱਖ ਮੰਤਰੀ ਨਾਲ ਮੀਟਿੰਗ ਦੀ ਬਜਾਏ ਸਿਰਫ ਮੁੱਖ ਮੰਤਰੀ ਦਫਤਰ 'ਚ ਗੱਲਬਾਤ ਲਈ 30 ਅਪਰੈਲ ਦਾ ਸੱਦਾ ਦਿੱਤਾ ਗਿਆ। ਅਧਿਆਪਕਾਂ ਨੇ ਸ਼ਹਿਰ ਵੱਲ ਰੋਸ ਮਾਰਚ ਅਰੰਭਣ ਦੀ ਤਿਆਰੀ ਖਿੱਚ ਲਈ ਪਰ ਐਨ ਵਕਤ ਸਿਰ ਐਸ.ਡੀ.ਐਮ. ਨੇ ਪਹੁੰਚ ਕੇ ਅਧਿਆਪਕਾਂ ਦੀ 27 ਅਪਰੈਲ ਨੂੰ ਮੁੱਖ ਮੰਤਰੀ ਨਾਲ ਮੀਟਿੰਗ ਕਰਵਾਉਣ ਦਾ ਲਿਖਤੀ ਭਰੋਸਾ ਦੇਣ ਮਗਰੋਂ ਮੁਜ਼ਾਹਰਾਕਾਰੀ ਸ਼ਾਂਤ ਹੋਏ।

ਗਰਮੀ ਦੇ ਬਾਵਜੂਦ ਰੈਲੀ ਵਿਚ ਅਧਿਆਪਕਾਵਾਂ ਦੀ ਵੱਡੀ ਗਿਣਤੀ ਵੇਖਣ ਨੂੰ ਮਿਲੀ। ਅਧਿਆਪਕਾਂ ਦੀਆਂ ਮੰਗਾਂ ਵਿਚ ਸੱਤ ਸਾਲ ਦੀ ਡਿਊਟੀ ਵਾਲੇ ਅਧਿਆਪਕਾਂ ਨੂੰ ਜਬਰੀ ਤਬਦੀਲ ਕਰਨ, ਦੂਰ ਦੁਰਾਡੇ ਸੇਵਾਵਾਂ ਦੇ ਰਹੇ ਨਵਨਿਯੁਕਤ ਅਧਿਆਪਕਾਂ 'ਤੇ ਤਿੰਨ ਸਾਲ ਤੋਂ ਪਹਿਲਾਂ ਬਦਲੀ ਨਾ ਹੋਣ ਦੀ ਸ਼ਰਤ ਲਗਾਉਣ, ਤਰਕਸੰਗਤ ਪਾਠਕ੍ਰਮ ਅਧਾਰਿਤ ਸਿੱਖਿਆ ਦੇਣ ਦੀ ਥਾਂ 'ਪੜ੍ਹੋ ਪੰਜਾਬ-ਪੜ੍ਹਾਓ ਪੰਜਾਬ' ਪ੍ਰੋਜੈਕਟ ਲਾਗੂ ਕਰ ਕੇ ਹਜ਼ਾਰਾਂ ਅਧਿਆਪਕਾਂ ਨੂੰ ਸਕੂਲਾਂ ਵਿਚੋਂ ਕੱਢਣ ਅਤੇ ਕੰਪਿਊਟਰ ਫੈਕਲਟੀ ਦੀਆਂ ਹਜ਼ਾਰਾਂ ਅਸਾਮੀਆਂ ਦਾ ਖਾਤਮਾ ਕਰਨ ਆਦਿ ਸ਼ਾਮਲ ਹਨ।

# ਕੈਪਟਨ ਵੱਲੋਂ ਦਲਿਤ ਭਾਈਚਾਰੇ ਲਈ ਗ੍ਰਾਂਟਾਂ ਦੀ ਝੜੀ

**ਜਲੰਧਰ:** ਪੰਜਾਬ ਸਰਕਾਰ ਵੱਲੋਂ ਮਨਾਏ ਗਏ ਡਾ. ਭੀਮ ਰਾਓ ਅੰਬੇਡਕਰ ਦੇ ਸੂਬਾ ਪੱਧਰੀ ਸਮਾਗਮ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦਲਿਤ ਭਾਈਚਾਰੇ ਲਈ ਗ੍ਰਾਂਟਾਂ ਦੀ ਝੜੀ ਲਾ ਦਿੱਤੀ। ਮੁੱਖ ਮੰਤਰੀ ਨੇ ਗੁਰੂ ਰਵਿਦਾਸ ਜੀ ਦੀ ਚਰਨਛੋਹ ਪ੍ਰਾਪਤ ਖੁਰਾਲਗੜ੍ਹ ਵਿਚ ਬਣ ਰਹੀ ਯਾਦਗਾਰ ਲਈ 20 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਲੁਧਿਆਣਾ ਵਿਚ ਅੰਬੇਡਕਰ ਭਵਨ ਨੂੰ ਮੁਕੰਮਲ ਕਰਨ ਲਈ ਛੇ ਕਰੋੜ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਵੀ ਕੀਤਾ।

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ ਡਾ. ਅੰਬੇਡਕਰ ਚੇਅਰ ਮੁੜ ਸਥਾਪਤ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਮੌਕੇ ਰਾਜ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਤੇ ਵਿੱਤ ਕਾਰਪੋਰੇਸ਼ਨ ਅਤੇ ਪਛੜੀਆਂ ਸ਼ੇਣੀਆਂ ਕਰਜ਼ਾਧਾਰਕਾਂ ਦੇ 50,000 ਰੁਪਏ ਤੱਕ ਦੇ ਕਰਜ਼ੇ ਮੁਆਫ ਕਰਨ ਦੀ ਸਕੀਮ ਸ਼ੁਰੂ ਕੀਤੀ ਗਈ ਹੈ। ਐਸ.ਸੀ. ਕਾਰਪੋਰੇਸ਼ਨ ਦੇ 14260 ਲਾਭਪਾਤਰਾਂ ਦੇ 45.41 ਕਰੋੜ ਰੁਪਏ ਤੇ ਬੀ.ਸੀ. ਕਾਰਪੋਰੇਸ਼ਨ ਦੇ 1630 ਲਾਭਪਾਤਰੀਆਂ ਦੇ 6.59 ਕਰੋੜ ਰੁਪਏ ਦੇ ਕਰਜ਼ੇ ਮੁਆਫ ਕੀਤੇ ਗਏ ਹਨ। ਮੁੱਖ ਮੰਤਰੀ ਨੇ 15 ਲਾਭਪਾਤਰੀਆਂ, ਜਿਨ੍ਹਾਂ 'ਚੋਂ 10 ਐਸ.ਸੀ ਕਾਰਪੋਰੇਸ਼ਨ ਅਤੇ ਪੰਜ ਬੀ. ਸੀ. ਕਾਰਪੋਰੇਸ਼ਨ ਦੇ ਲਾਭਪਾਤਰੀ ਹਨ, ਨੂੰ ਖੁਦ ਕਰਜ਼ਾ ਰਾਹਤ ਸਰਟੀਫਿਕੇਟ ਤਕਸੀਮ ਕੀਤੇ।

ਅਕਾਲੀ-ਭਾਜਪਾ ਸਰਕਾਰ ਦੌਰਾਨ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੇ ਫੰਡਾਂ ਦੀ ਵੰਡ ਵਿਚ ਬੇਨੇਮੀਆਂ ਦੀ ਗੱਲ ਕਰਦਿਆਂ ਕੈਪਟਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਇਸ ਸਕੀਮ ਤਹਿਤ ਪਿਛਲੇ ਸਾਲ ਜਾਰੀ ਫੰਡਾਂ ਦੇ ਆਡਿਟ ਦੇ ਹੁਕਮ ਦਿੱਤੇ ਹਨ ਤੇ ਫੈਸਲਾ ਲਿਆ ਹੈ ਕਿ ਭਵਿੱਖ ਵਿਚ ਅਜਿਹੀਆਂ ਬੇਨੇਮੀਆਂ ਠੱਲ੍ਹਣ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਅਦਾਇਗੀ ਆਧਾਰ ਕਾਰਡ ਨਾਲ ਲਿੰਕ ਕਰ ਕੇ ਕੀਤੀ ਜਾਵੇਗੀ।

**Punjab Times**
*Ph: 847-359-0746*
*punjabtimesusa.com*

# ਤਿਲੰਗਾਨਾ ਦੇ ਖਣਨ ਮਾਡਲ ਨੂੰ ਅਪਨਾਏਗੀ ਪੰਜਾਬ ਸਰਕਾਰ

**ਹੈਦਰਾਬਾਦ:** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਤੇ ਰੇਤ ਖਣਨ ਸਬੰਧੀ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਨਵਜੋਤ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਪੰਜਾਬ ਵਿਚ ਖਣਨ ਦੀ ਸਮਰੱਥਾ ਦੇਖਦਿਆਂ ਕਿਹਾ ਜਾ ਸਕਦਾ ਹੈ ਕਿ ਸੂਬੇ ਵਿਚ ਵਿਆਪਕ ਤੇ ਅਸਰਦਾਰ ਖਣਨ ਨੀਤੀ ਲਾਗੂ ਕਰਨ ਨਾਲ ਸੂਬੇ ਦੀ ਆਰਥਿਕਤਾ ਨੂੰ ਵੱਡਾ ਹੁਲਾਰਾ ਮਿਲ ਸਕਦਾ ਹੈ।

ਵਫਦ ਸਮੇਤ ਹੈਦਰਾਬਾਦ ਦੌਰੇ ਦੌਰਾਨ ਤਿਲੰਗਾਨਾ ਦੇ ਅਧਿਕਾਰੀਆਂ ਵੱਲੋਂ ਦੱਸੇ ਸਫਲ ਖਣਨ ਮਾਡਲ ਅਤੇ ਖੱਡਾਂ ਵੇਖਣ ਮਗਰੋਂ ਸ੍ਰੀ ਸਿੱਧੂ ਨੇ ਕਿਹਾ ਕਿ ਤਿਲੰਗਾਨਾ ਸੂਬੇ ਨੇ ਆਪਣੀ ਕਾਬਲੀਅਤ, ਮੁਸਤੈਦੀ ਤੇ ਅਸਰਦਾਰ ਨੀਤੀ ਨਾਲ ਰੇਤੇ ਦੀਆਂ ਖੱਡਾਂ ਨੂੰ ਸੋਨੇ ਦੀਆਂ ਖੱਡਾਂ ਬਣਾ ਲਿਆ ਹੈ। ਉਨ੍ਹਾਂ ਕਿਹਾ ਕਿ ਇਸ ਦੌਰੇ ਦਾ ਪੰਜਾਬ ਦੀ ਤਜਵੀਜ਼ਤ ਖਣਨ ਨੀਤੀ ਨੂੰ ਬਹੁਤ ਫਾਇਦਾ ਹੋਵੇਗਾ। ਤਿਲੰਗਾਨਾ ਵੱਲੋਂ ਬਣਾਈ ਖਣਨ ਨੀਤੀ ਕਿੰਨੀ ਅਸਰਦਾਰ ਤੇ ਸਫਲ ਹੈ, ਇਸ ਦਾ ਅੰਦਾਜ਼ਾ ਇਸ ਗੱਲੋਂ ਲਾਇਆ ਜਾ ਸਕਦਾ ਹੈ ਕਿ ਤਿਲੰਗਾਨਾ ਨੇ ਵਿੱਤੀ ਵਰ੍ਹੇ 2018-19 ਦੇ ਪਹਿਲੇ 11 ਦਿਨਾਂ ਵਿਚ ਹੀ ਖਣਨ ਤੋਂ 40.71 ਕਰੋੜ ਕਮਾ ਲਏ, ਜਦੋਂਕਿ ਪੰਜਾਬ ਪਿਛਲੀ ਸਰਕਾਰ ਦੌਰਾਨ ਇਕ ਸਾਲ ਵਿਚ 40 ਕਰੋੜ ਰੁਪਏ ਕਮਾਉਂਦਾ ਸੀ, ਜਦੋਂਕਿ ਪੰਜਾਬ ਵਿਚ ਦਰਿਆਵਾਂ ਦੀ ਵੱਧ ਗਿਣਤੀ ਨੂੰ ਦੇਖਦਿਆਂ ਖਣਨ ਦੀ ਵੱਧ ਸਮਰੱਥਾ ਹੈ।

ਇਸ ਤੋਂ ਇਲਾਵਾ ਤਿਲੰਗਾਨਾ ਵਿਚ ਰੇਤੇ ਦੀਆਂ ਕੀਮਤਾਂ ਕੰਟਰੋਲ ਵਿਚ ਹਨ। ਉਨ੍ਹਾਂ ਦੱਸਿਆ ਕਿ ਤਿਲੰਗਾਨਾ ਸਰਕਾਰ 2014-15 ਵਿਚ ਖਣਨ 10.5 ਕਰੋੜ ਰੁਪਏ ਕਮਾਉਂਦਾ ਸੀ ਤੇ ਉਸ ਸਮੇਂ ਸਰਕਾਰ ਵੱਲੋਂ ਬਣਾਈ ਕਾਰਗਾਰ ਨੀਤੀ ਸਦਕਾ ਇਹ ਕਮਾਈ 2015-16 ਵਿਚ ਵਧ ਕੇ 368.33 ਕਰੋੜ, 2016-17 ਵਿਚ 456.45 ਕਰੋੜ ਤੇ 2017-18 'ਚ 678.35 ਕਰੋੜ ਰੁਪਏ ਤੱਕ ਪਹੁੰਚ ਗਈ। ਵਫਦ ਨੇ ਰੇਤੇ ਦੀ ਢੋਆ-ਢੁਆਈ, ਅਣ-ਅਧਿਕਾਰਤ ਖਣਨ ਨੂੰ ਰੋਕਣ ਲਈ ਕੀਤੀ ਨਾਕੇਬੰਦੀ, ਰਜਿਸਟਰਡ ਵਾਹਨਾਂ ਦੇ ਚੈਕਿੰਗ ਪ੍ਰਬੰਧ ਤੇ ਰੇਤੇ ਵਾਲੇ ਵਾਹਨ ਦੇ ਭਾਰ ਤੋਲਣ ਲਈ ਬਣਾਏ ਅਧਿਕਾਰਤ ਭਾਰਤੋਲਕ ਸਥਾਨਾਂ ਨੂੰ ਵੀ ਵੇਖਿਆ। ਵਫਦ ਨੇ ਦਰਿਆ ਕੰਢੇ ਖਣਨ ਤੋਂ ਨਿਕਲਦੇ ਰੇਤੇ ਨੂੰ ਭੰਡਾਰਨ ਵਾਲੀ ਥਾਂ ਅਤੇ ਉਸ ਤੋਂ ਬਾਅਦ ਵਪਾਰਕ ਵਾਹਨਾਂ ਰਾਹੀਂ ਉਪਭੋਗਤਾ ਤੱਕ ਲਿਜਾਣ ਦੀ ਪ੍ਰਕਿਰਿਆ ਦੇਖੀ।

# ਧਾਰਮਿਕ ਯਾਤਰਾ ਕਰਨ ਵਾਲਿਆਂ ਲਈ ਖੁਸ਼ਖਬਰੀ

**ਨਵੀਂ ਦਿੱਲੀ:** ਸੱਤ ਧਾਮਾਂ ਦੀ ਯਾਤਰਾ ਦੇ ਚਾਹਵਾਨ ਸ਼ਰਧਾਲੂਆਂ ਲਈ ਰੇਲਵੇ ਖਾਸ ਤੋਹਫਾ ਲੈ ਕੇ ਆਇਆ ਹੈ। ਰੇਲਵੇ ਵਿਭਾਗ ਚੰਡੀਗੜ੍ਹ ਤੋਂ ਵਿਸ਼ੇਸ਼ ਰੇਲ ਰਾਹੀਂ ਕੁੱਲ 10 ਤੀਰਥ ਸਥਾਨਾਂ ਦੀ ਯਾਤਰਾ ਕਰਾਏਗਾ।

ਇਸ ਰੇਲ ਨੂੰ 'ਭਾਰਤ ਦਰਸ਼ਨ ਸਪੈਸ਼ਲ ਟੂਰਿਸਟ ਟਰੇਨ' ਦੇ ਨਾਂ ਦਿੱਤਾ ਗਿਆ ਹੈ। ਕਿਰਾਇਆ 11,340 ਪ੍ਰਤੀ ਯਾਤਰੀ ਹੈ ਜਿਸ ਵਿਚ ਓਂਕਾਰੇਸ਼ਵਰ, ਉਜੈਨ, ਅਹਿਮਦਾਬਾਦ, ਦਵਾਰਕਾ, ਨਾਗੇਸ਼ਵਰ, ਸੋਮਨਾਥ, ਤ੍ਰਿਯੰਬਕੇਸ਼ਵਰ, ਸ਼ਿਰਡੀ, ਭੀਮਾਸ਼ੰਕਰ ਤੇ ਗਰੀਸ਼ਨੇਸ਼ਵਰ ਧਾਰਮਿਕ ਸਥਾਨਾਂ ਦੀ ਯਾਤਰਾ ਹੋਵੇਗੀ। ਇਸ ਦੀ ਬੁਕਿੰਗ ਰੇਲਵੇ ਦੀ ਵੈਬਸਾਈਟ ਤੋਂ ਆਨਲਾਈਨ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਚੰਡੀਗੜ੍ਹ ਦੇ ਸੈਕਟਰ 34 ਉਤੇ ਜ਼ੋਨਲ ਦਫਤਰ ਵਿਚ ਕਰਾਈ ਜਾ ਸਕਦੀ ਹੈ। ਰੇਲ ਵਿਚ ਕੁੱਲ 800 ਸੀਟਾਂ ਹਨ ਜਿਨ੍ਹਾਂ ਵਿਚੋਂ 50 ਫੀਸਦੀ ਸੀਟਾਂ ਟਰਾਈਸਿਟੀ (ਚੰਡੀਗੜ੍ਹ, ਪੰਚਕੂਲਾ, ਮੁਹਾਲੀ) ਦੇ ਵਸਨੀਕਾਂ ਲਈ ਰਾਖਵੀਆਂ ਹਨ।

ਹਲਵਾਈ ਤੇ ਹੈਲਪਰਾਂ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ ਅਤੇ ਹੈਲਪਰ ਚਾਹੀਦੇ ਹਨ। ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

Email:
Homeomedicine@yahoo.com

**7021 Village Park Way, Dublin, CA 94568**

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

**1816 Main Ave., Secramento CA, 95838**

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

**Call For Special Price**

**Kashmir S. Thandi**
**Office: (866) 933-3038**
**Balhar S. Ranu Cell:916-502-7733**

# ਕੈਲੀਫੋਰਨੀਆ ਵਾਲਿਆਂ ਨੂੰ 'ਭੰਗ' ਦਾ ਤੋਹਫਾ

***ਕੈਲੀਫੋਰਨੀਆ ਵਿਚ ਪਹਿਲੀ ਜਨਵਰੀ ਤੋਂ ਭੰਗ ਦੀ ਖੁੱਲ੍ਹੀ ਵਿਕਰੀ ਸ਼ੁਰੂ ਹੋ ਗਈ ਹੈ। ਇਹ ਸਾਰਾ ਸਿਲਸਿਲਾ ਮੁਨਾਫੇ ਨਾਲ ਜੁੜਿਆ ਹੋਇਆ ਹੈ। ਇਸ ਤੋਂ ਪਹਿਲਾਂ ਅਮਰੀਕਾ ਦੀਆਂ ਜਿੰਨੀਆਂ ਵੀ ਸਟੇਟਾਂ ਵਿਚ ਭੰਗ ਦੀ ਅਜਿਹੀ ਵਿਕਰੀ ਸ਼ੁਰੂ ਹੋਈ ਹੈ, ਉਥੋਂ ਦੀਆਂ ਸਾਰੀਆਂ ਰਿਪੋਰਟਾਂ ਨਾਂਹਮੁਖੀ ਹਨ। 'ਪੰਜਾਬ ਟਾਈਮਜ਼' ਵਿਚ ਆਪਣੀਆਂ ਲਿਖਤਾਂ ਰਾਹੀਂ ਪੂਰੀ ਗਹਿਰ-ਗੰਭੀਰਤਾ ਨਾਲ ਹਾਜ਼ਰੀ ਲੁਆਉਣ ਵਾਲੇ ਸ. ਮਝੈਲ ਸਿੰਘ ਸਰਾਂ ਨੇ ਇਸ ਵਾਰ ਕੈਲੀਫੋਰਨੀਆ ਵਿਚ ਭੰਗ ਦੇ ਮਸਲੇ ਬਾਰੇ ਪੂਰੀ ਤਫਸੀਲ ਨਾਲ ਲਿਖਿਆ ਹੈ ਅਤੇ ਲੋਕਾਂ ਨੂੰ ਇਸ ਦੇ ਮਾਰੂ ਨਤੀਜਿਆਂ ਬਾਰੇ ਖਬਰਦਾਰ ਕਰਦਿਆਂ ਮੈਦਾਨ ਵਿਚ ਨਿਤਰਨ ਦਾ ਹੋਕਾ ਦਿੱਤਾ ਹੈ। -ਸੰਪਾਦਕ***

ਪਹਿਲੀ ਜਨਵਰੀ 2018 ਨੂੰ ਕੈਲੀਫੋਰਨੀਆ ਸਰਕਾਰ ਨੇ ਕਾਨੂੰਨ ਪਾਸ ਕਰ ਕੇ ਸਟੇਟ ਵਿਚ ਭੰਗ ਦੀ ਖੁੱਲ੍ਹੀ ਵਿਕਰੀ ਸ਼ੁਰੂ ਕਰ ਦਿੱਤੀ ਹੈ ਅਤੇ 21 ਸਾਲ ਤੋਂ ਉਪਰ ਦੀ ਉਮਰ ਦਾ ਹਰ ਸ਼ਖਸ ਮਨਜ਼ੂਰਸ਼ੁਦਾ ਦੁਕਾਨਾਂ ਤੋਂ ਭੰਗ ਖਰੀਦ ਸਕਦਾ ਹੈ ਤੇ ਇਹਦੀ ਵਰਤੋਂ ਆਪਣੀ ਮਰਜ਼ੀ ਨਾਲ ਕਰ ਸਕਦਾ ਹੈ। ਸਰਕਾਰ ਵਲੋਂ ਭੰਗ ਲਈ ਲਾਇਸੈਂਸ ਦਿੱਤੇ ਗਏ ਹਨ, ਜਿਥੇ ਭੰਗ ਦੀਆਂ ਚਿਲਮਾਂ ਤੇ ਸਿਗਰਟਾਂ ਪੀਤੀਆਂ ਜਾ ਸਕਦੀਆਂ ਹਨ। ਕੈਲੀਫੋਰਨੀਆ ਵਿਚ ਭੰਗ ਪਹਿਲਾਂ ਵੀ ਵਿਕਦੀ ਸੀ ਪਰ ਇਸ ਨੂੰ ਮੈਡੀਕਲ ਭੰਗ ਕਿਹਾ ਜਾਂਦਾ ਸੀ ਜੋ ਭੰਗ ਦੀਆਂ ਸਪੈਸ਼ਲ ਡਿਸਪੈਂਸਰੀਆਂ ਵਿਚ ਤਿਆਰ ਹੁੰਦੀ ਸੀ ਤੇ ਡਾਕਟਰ ਦੀ ਸਿਫਾਰਸ਼ 'ਤੇ ਹੀ ਮਿਲਦੀ ਸੀ, ਜਾਂ ਜਿਨ੍ਹਾਂ ਦੇ ਕਾਰਡ ਬਣੇ ਹੁੰਦੇ ਸਨ, ਉਨ੍ਹਾਂ ਨੂੰ ਮਿਲਦੀ ਸੀ। ਹੁਣ ਨਵੇਂ

**ਮਝੈਲ ਸਿੰਘ ਸਰਾਂ**

ਸਾਲ ਤੋਂ ਜਿਹੜੀ ਭੰਗ ਮਿਲਣੀ ਸ਼ੁਰੂ ਹੋਈ ਹੈ, ਇਸ ਨੂੰ ਮਨੋਰੰਜਕ ਭੰਗ ਕਿਹਾ ਗਿਆ ਹੈ ਅਤੇ ਨੌਜਵਾਨ ਤਬਕਾ ਇਹਦੇ ਵੱਲ ਬੜਾ ਉਲਾਰ ਹੋਇਆ ਪਿਆ ਹੈ। ਉਹ ਇਹਨੂੰ ਨਸ਼ਾ ਕਹਿੰਦੇ ਹੀ ਨਹੀਂ, ਉਨ੍ਹਾਂ ਦਾ ਤਰਕ ਹੈ ਕਿ ਲੋਕ ਜਿਵੇਂ ਚਾਹ, ਕੌਫੀ ਪੀਂਦੇ ਹਨ, ਉਸੇ ਤਰ੍ਹਾਂ ਭੰਗ ਹੈ।

ਭੰਗ ਦਾ ਇਹ ਤੋਹਫਾ ਸਰਕਾਰ ਨੇ ਆਪਣੀ ਮਰਜੀ ਨਾਲ ਨਹੀਂ ਦਿੱਤਾ ਸਗੋਂ ਇਹ ਤਾਂ ਕੈਲੀਫੋਰਨੀਆ ਨਿਵਾਸੀਆਂ ਨੇ ਖੁਦ ਵੋਟਾਂ ਪਾ ਕੇ ਲਿਆ ਹੈ। ਜਦੋਂ 2016 ਦੀ ਪ੍ਰੈਜ਼ੀਡੈਂਟ ਦੀ ਚੋਣ ਹੋ ਰਹੀ ਸੀ, ਉਸ ਵਕਤ ਭੰਗ ਬਾਰੇ ਵੀ ਲੋਕਾਂ ਦੀ ਰਾਏ ਲਈ ਗਈ ਸੀ ਜਿਸ ਦੇ ਹੱਕ ਵਿਚ 56% ਵੋਟਾਂ ਪਈਆਂ। ਬਹੁਤੇ ਵੋਟ ਪਾਉਣ ਵਾਲਿਆਂ ਨੂੰ ਤਾਂ ਸ਼ਾਇਦ ਪਤਾ ਵੀ ਨਹੀਂ ਹੋਣਾ ਕਿ ਉਨ੍ਹਾਂ ਵੋਟ ਹੱਕ ਵਿਚ ਪਾਈ ਕਿ ਨਹੀਂ। ਉਹ ਤਾਂ ਸਿਰਫ ਟਰੰਪ ਦੀਆਂ ਵੋਟਾਂ ਸਮਝਦੇ ਰਹੇ ਸਨ। ਇਥੇ ਅਮਰੀਕਾ ਵਿਚ ਭੰਗ ਨੂੰ ਮਰਵਾਨਾ (ਮੈਰਿਜੁਆਨਾ) ਕਹਿੰਦੇ ਹਨ। ਮੇਰੇ ਵਰਗੇ ਨੂੰ ਇਹਦਾ ਪਤਾ ਹੀ ਨਹੀਂ ਸੀ ਕਿ ਇਹੀ ਭੰਗ ਹੈ, ਤੇ ਨਿਆਣਿਆਂ ਦੇ ਕਹੇ 'ਤੇ 'ਹਾਂ' ਉਤੇ ਟਿੱਕ ਮਾਰ ਦਿੱਤੀ ਕਿਉਂਕਿ ਉਹ ਇਹਦੇ ਫਾਇਦੇ ਹੀ ਫਾਇਦੇ ਦੱਸਦੇ ਹਨ ਕਿ ਇਹ ਤਾਂ ਇੱਕ ਤਰ੍ਹਾਂ ਜੜੀ-ਬੂਟੀ ਦੀ ਦਵਾਈ ਹੈ, ਜਿਹਦੇ ਨਾਲ ਕੈਂਸਰ ਵਰਗੀਆਂ ਬਿਮਾਰੀਆਂ ਤੋਂ ਆਰਾਮ ਆ ਜਾਂਦਾ ਹੈ। ਸਟੇਟ ਦੀਆਂ ਸਾਰੀਆਂ ਵੱਡੀਆਂ ਕਾਊਂਟੀਆਂ ਦੇ ਵੋਟਰਾਂ ਨੇ ਇਹਦੇ ਪੱਖ ਵਿਚ ਹੀ ਵੋਟਾਂ ਪਾਈਆਂ।

ਕੈਲੀਫੋਰਨੀਆ ਅਮਰੀਕਾ ਦੀ ਪਹਿਲੀ ਸਟੇਟ ਨਹੀਂ ਜਿਥੇ ਭੰਗ ਖਾਣ/ਪੀਣ ਦੀ ਖੁੱਲ੍ਹ ਦਿੱਤੀ ਗਈ ਹੋਵੇ। ਇਸ ਤੋਂ ਪਹਿਲਾਂ ਸੱਤ ਸਟੇਟਾਂ ਇਹ ਖੁੱਲ੍ਹ ਦੇ ਚੁਕੀਆਂ ਹਨ। ਸਭ ਤੋਂ ਪਹਿਲਾਂ 2014 ਵਿਚ ਕਾਲੋਰਾਡੋ ਸਟੇਟ ਦੇ ਲੋਕਾਂ ਨੇ 53% ਵੋਟਾਂ ਹੱਕ ਵਿਚ ਪਾ ਕੇ ਇਹ ਖੁੱਲ੍ਹ ਲਈ ਅਤੇ ਬਾਅਦ ਵਿਚ ਵਾਸ਼ਿੰਗਟਨ ਨੇ ਵੀ ਖੁੱਲ੍ਹ ਦੇ ਦਿੱਤੀ। ਇਨ੍ਹਾਂ ਸਟੇਟਾਂ ਵਿਚ ਜਦੋਂ ਤੋਂ ਭੰਗ ਦੀ ਵਿਕਰੀ ਲਈ ਕਾਨੂੰਨਨ ਮਨਜ਼ੂਰੀ ਮਿਲੀ ਹੈ, ਉਸ ਦੇ ਕੀ ਨਤੀਜੇ ਨਿਕਲ ਰਹੇ ਹਨ, ਉਨ੍ਹਾਂ ਦੇ ਮੱਦੇਨਜ਼ਰ ਸਾਨੂੰ ਕੈਲੀਫੋਰਨੀਆ ਵਾਲਿਆਂ ਨੂੰ ਵੀ ਆਉਣ ਵਾਲੇ ਵਕਤ ਲਈ ਤਿਆਰ ਰਹਿਣਾ ਚਾਹੀਦਾ ਹੈ।

ਕਾਲੋਰਾਡੋ ਸਟੇਟ ਦੇ ਕਈ ਮਹਿਕਮਿਆਂ ਅਤੇ ਯੂਨੀਵਰਸਿਟੀਆਂ ਨੇ ਇਹਦੇ ਵੱਖ ਵੱਖ ਤਰ੍ਹਾਂ ਦੇ ਅਸਰਾਂ ਬਾਰੇ ਖੁਲਾਸੇ ਕੀਤੇ ਹਨ ਜੋ ਬਹੁਤ ਨਿਰਾਸ਼ਾਜਨਕ ਹਨ। ਇਥੇ ਹਰ ਮਹਿਕਮੇ ਦੇ ਅੰਕੜਿਆਂ ਵਾਲੀ ਅਕਾਊ ਬੋਲੀ ਤਾਂ ਨਹੀਂ ਲਿਖਾਂਗਾ ਪਰ ਸੰਖੇਪ ਜਿਹੀ ਚਰਚਾ ਜ਼ਰੂਰੀ ਹੈ। ਇਹ ਮਹਿਕਮੇ ਤੇ ਹੋਰ ਸੰਸਥਾਵਾਂ ਹਨ: ਸਟੇਟ ਹਾਈਵੇ, ਕਾਲੋਰਾਡੋ ਹੈਲਥ, ਡੈਨਵਰ ਸਕੂਲ ਬੋਰਡ, ਪੁਲਿਸ, ਕੁਐਸਟ ਡਾਇਗਨੋਸਟਿਕ ਲੈਬਾਰਟਰੀ, ਸਟੇਟ ਲੇਬਰ ਆਦਿ। ਸਟੇਟ ਹਾਈਵੇ ਦੀ ਰਿਪੋਰਟ ਹਰ ਵਰ੍ਹੇ ਆਉਂਦੀ ਹੈ। ਇਸ ਮੁਤਾਬਕ ਭੰਗ ਪੀ ਕੇ ਗੱਡੀਆਂ ਚਲਾਉਣ ਵਾਲਿਆਂ ਦੇ ਐਕਸੀਡੈਂਟ ਦੁੱਗਣੇ ਤੋਂ ਵੀ ਵੱਧ ਹੋ ਗਏ ਹਨ। ਤ੍ਰਾਸਦੀ ਇਹ ਵੀ ਹੈ ਕਿ ਇਨ੍ਹਾਂ ਭੰਗੀ ਡਰਾਈਵਰਾਂ ਹੱਥੋਂ ਸ਼ਿਕਾਰ ਹੋਣ ਵਾਲੇ ਆਮ ਬੰਦੇ ਹੁੰਦੇ ਹਨ ਜੋ ਸਹੀ ਡਰਾਈਵਰੀ ਕਰਦੇ ਇਨ੍ਹਾਂ ਹੱਥੋਂ ਮਾਰੇ ਜਾਂਦੇ ਹਨ।

ਮੈਡੀਕਲ ਬੋਲੀ ਵਿਚ ਇਸ ਭੰਗ ਵਿਚ ਨਸ਼ੀਲਾ ਤੱਤ ਟੀ. ਐਚ. ਸੀ. ਹੁੰਦਾ ਹੈ। ਇਹ ਸਿੱਧਾ ਦਿਮਾਗ ਦੀ ਸੋਚਣ ਸ਼ਕਤੀ 'ਤੇ ਅਸਰ ਕਰਦਾ ਹੈ। ਮਨੁੱਖੀ ਦਿਮਾਗ ਦੇ ਕਈ ਹਿੱਸੇ ਹਨ ਜਿਨ੍ਹਾਂ ਵਿਚ ਐਨਾ ਤਾਲਮੇਲ ਹੁੰਦਾ ਹੈ ਕਿ ਇਕ ਪਲ ਤੋਂ ਵੀ ਪਹਿਲਾਂ ਇਹ ਇੱਕ ਦੂਜੇ ਨੂੰ ਸੂਚਿਤ ਕਰ ਕੇ ਦਿਮਾਗ ਨੂੰ ਸਹੀ ਫੈਸਲਾ ਲੈਣ ਲਈ ਕਹਿੰਦਾ ਹੈ। ਇਸੇ ਕਰ ਕੇ ਸੰਕਟ ਵੇਲੇ ਸਾਡਾ ਬਚਾਅ ਹੁੰਦਾ ਹੈ ਪਰ ਭੰਗ ਵਿਚਲਾ ਇਹ ਟੀ. ਐਚ. ਸੀ. ਦਿਮਾਗ ਵਿਚ ਜਾਂਦਿਆਂ ਹੀ ਇਸ ਤਾਲਮੇਲ ਨੂੰ ਤੋੜ ਸੁੱਟਦਾ ਹੈ। ਇਹ ਇੱਕ ਹਿੱਸੇ ਦਾ ਸੁਨੇਹਾ ਦੂਜੇ ਤੱਕ ਪਹੁੰਚਣ ਨਹੀਂ ਦਿੰਦਾ, ਜਾਂ ਆਪਣਾ ਅਸਰ ਦਿਖਾ ਕੇ ਸੁਨੇਹਾ ਹੀ ਬਦਲ ਦਿੰਦਾ ਹੈ ਤੇ ਦਿਮਾਗ ਦੇ ਜਿਸ ਹਿੱਸੇ ਨੇ ਡਰਾਈਵਰ ਨੂੰ ਗੱਡੀ ਸਹੀ ਲਿਜਾਣ ਦਾ ਹੁਕਮ ਕਰਨਾ ਹੁੰਦਾ ਹੈ, ਉਹ ਉਲਟਾ ਕਰ ਦਿੰਦਾ ਹੈ; ਮਤਲਬ ਜੇ ਸੱਜੇ ਨੂੰ ਘੁਮਾਉਣਾ ਹੁੰਦਾ ਤਾਂ ਦਿਮਾਗ ਖੱਬੇ ਨੂੰ ਕਰਵਾ ਦਿੰਦਾ ਹੈ। ਸਰੀਰਕ ਤੌਰ 'ਤੇ ਤਾਂ ਡਰਾਈਵਰ ਸਹੀ ਕਰ ਰਿਹਾ ਹੁੰਦਾ ਹੈ ਪਰ ਨਤੀਜਾ ਨਿਕਲਦਾ ਹੈ ਖਤਰਨਾਕ, ਮਾਰੂ ਐਕਸੀਡੈਂਟ। ਆਹ ਕੰਮ ਕਰਵਾਉਂਦੀ ਹੈ, ਇਹ ਨਵੇਂ ਜ਼ਮਾਨੇ ਦੀ ਮਨੋਰੰਜਕ ਭੰਗ!

ਸਿਖਿਆ ਮਹਿਕਮੇ ਵਾਲੀ ਰਿਪੋਰਟ ਵੀ ਬਹੁਤ ਨਾਂਹ ਪੱਖੀ ਹੈ। ਸਕੂਲਾਂ ਦੀਆਂ ਰਿਪੋਰਟਾਂ ਵਿਚ ਦੱਸਿਆ ਗਿਆ ਹੈ ਕਿ 15 ਸਾਲ ਦੀ ਉਮਰ ਦੇ ਨਿਆਣੇ ਵੀ ਭੰਗ ਪੀ ਰਹੇ ਹਨ। ਸਕੂਲ ਟੀਚਰਾਂ ਮੁਤਾਬਕ ਜਿਹੜੇ ਨਿਆਣੇ ਲੰਚ ਟਾਈਮ ਵਿਚ ਭੰਗ ਪੀ ਕੇ ਆਉਂਦੇ ਹਨ, ਉਨ੍ਹਾਂ ਦਾ ਧਿਆਨ ਪੜ੍ਹਨ ਵੱਲ ਬਿਲਕੁਲ ਨਹੀਂ ਹੁੰਦਾ। ਜੇ ਉਨ੍ਹਾਂ ਨੂੰ ਕੁਝ ਪੁੱਛੋ ਤਾਂ ਅੱਧ ਮੀਟੀਆਂ ਅੱਖਾਂ ਨਾਲ ਬਿਟਰ ਬਿਟਰ ਝਾਕਦੇ ਰਹਿੰਦੇ ਹਨ, ਜਾਂ ਊਲ ਜਲੂਲ ਜਿਹਾ ਜਵਾਬ ਦਿੰਦੇ ਹਨ। 2014 ਤੋਂ ਬਾਅਦ ਸਕੂਲ ਛੱਡਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿਚ ਵੱਡਾ ਵਾਧਾ ਹੋ ਰਿਹਾ ਹੈ। ਫਿਕਰ ਵਾਲੀ ਗੱਲ ਇਹ ਹੈ ਕਿ ਇਹ ਬੱਚੇ ਦੂਜੇ ਨਸ਼ਿਆਂ ਵੱਲ ਵੀ ਵਧ ਰਹੇ ਹਨ ਤੇ ਨਾਲ ਦੀ ਨਾਲ ਕਰਾਈਮ ਵੱਲ ਵੀ ਜਾ ਰਹੇ ਹਨ। ਕਾਲਜ ਦੀਆਂ ਕਲਾਸਾਂ ਡਰਾਪ ਕਰਨ ਵਾਲੇ 25% ਵਧ ਗਏ ਹਨ ਅਤੇ ਜਿਹੜੇ 'ਏ' ਗ੍ਰੇਡ ਲੈਂਦੇ ਸੀ, ਘਟ ਕੇ 'ਸੀ' ਉਤੇ ਚਲੇ ਗਏ ਹਨ। ਕਈ ਚੰਗੇ ਖਿਡਾਰੀ ਭੰਗ ਕਰ ਕੇ ਖੇਡਾਂ ਛੱਡ ਗਏ ਹਨ। ਅਜਿਹੀਆਂ ਰਿਪੋਰਟਾਂ ਹੀ ਵਾਸ਼ਿੰਗਟਨ ਸਟੇਟ ਦੀਆਂ ਹਨ।

ਹੈਲਥ ਮਹਿਕਮੇ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਜਦੋਂ ਤੋਂ ਭੰਗ ਦੀ ਖੁੱਲ੍ਹੀ ਵਿਕਰੀ ਸ਼ੁਰੂ ਹੋਈ ਹੈ, ਹਸਪਤਾਲਾਂ ਵਿਚ ਭੰਗ ਪੀ ਕੇ ਆਉਣ ਵਾਲੇ ਐਮਰਜੈਂਸੀ ਕੇਸਾਂ ਦੀ ਗਿਣਤੀ ਵਿਚ ਕਾਲੋਰਾਡੋ ਵਿਚ 20% ਅਤੇ ਵਾਸ਼ਿੰਗਟਨ ਵਿਚ 23% ਵਾਧਾ ਹੋਇਆ ਹੈ। ਇਨ੍ਹਾਂ ਭੰਗੀਆਂ ਕਾਰਨ ਦੂਜੇ ਮਰੀਜਾਂ ਦੀ ਦੇਖਭਾਲ 'ਤੇ ਵੀ ਫਰਕ ਪਿਆ ਹੈ। ਨਾਲੇ ਹੈਲਥ ਮਹਿਕਮੇ ਦਾ ਵੱਡਾ ਖਰਚਾ ਹੋ ਰਿਹਾ ਹੈ। ਹਸਪਤਾਲਾਂ ਵਿਚ ਭੰਗੀਆਂ ਦਾ 72% ਵਾਧਾ ਹੋਇਆ ਹੈ। ਕੁਐਸਟ ਡਾਇਗਨੋਸਟਿਕ ਲੈਬ ਦੇ ਵੇਰਵੇ ਦੱਸਦੇ ਹਨ ਕਿ ਡਰੱਗ ਟੈਸਟ 'ਤੇ 81 ਬਿਲੀਅਨ ਡਾਲਰ ਖਰਚਾ ਵਧ ਗਿਆ ਹੈ। ਬਲੱਡ ਟੈਸਟ 'ਤੇ 25 ਤੋਂ 35 ਡਾਲਰ ਅਤੇ ਡਰੱਗ ਟੈਸਟ 'ਤੇ 250 ਤੋਂ 300 ਡਾਲਰ ਦਾ ਖਰਚਾ ਹੁੰਦਾ ਹੈ। ਇਨ੍ਹਾਂ ਵਧੇ ਹੋਏ ਖਰਚਿਆਂ ਕਰ ਕੇ ਮੈਡੀਕਲ ਇੰਸ਼ੋਰੈਂਸ ਕੰਪਨੀਆਂ ਨੇ ਆਪਣੇ ਰੇਟ ਵਧਾ ਦਿੱਤੇ ਹਨ ਜਿਸ ਦਾ ਸਿੱਧਾ ਅਸਰ ਸਾਰੇ ਲੋਕਾਂ 'ਤੇ ਪੈਣ ਲੱਗ ਪਿਆ ਹੈ।

ਲੇਬਰ ਮਹਿਕਮੇ ਦੀਆਂ ਰਿਪੋਰਟਾਂ ਮੁਤਾਬਕ ਕਾਲੋਰਾਡੋ ਵਿਚ ਭਾਵੇਂ ਮਨੋਰੰਜਕ ਭੰਗ ਕਾਨੂੰਨਨ ਸਹੀ ਹੈ ਤੇ ਇਸ ਦੇ ਪੌਜ਼ਿਟਿਵ ਅਸਰ ਵਾਲਿਆਂ ਨੂੰ ਕੰਮ 'ਤੇ ਰੱਖਣ ਵਿਚ ਕੋਈ ਮਨਾਹੀ ਨਹੀਂ ਹੈ ਪਰ ਫੈਡਰਲ ਕਾਨੂੰਨ ਇਸ ਦੀ ਇਜਾਜ਼ਤ ਨਹੀਂ ਦਿੰਦਾ। ਨਾਲ ਦੀ ਨਾਲ ਵੱਡੀਆਂ ਕੰਪਨੀਆਂ ਵੀ ਭੰਗ ਦੇ ਪੌਜ਼ਿਟਿਵ ਪਾਏ ਜਾਣ 'ਤੇ ਵੀ ਨੌਕਰੀਆਂ ਉਤੇ ਨਹੀਂ ਰੱਖਦੀਆਂ, ਕਿਉਂਕਿ ਭੰਗ ਵਾਲੇ ਵਰਕਰ ਦੀ ਕਾਰਗੁਜ਼ਾਰੀ ਵਧੀਆ ਨਹੀਂ ਹੁੰਦੀ। ਇਸ ਕਰ ਕੇ ਹੁਣ ਬੇਰੁਜ਼ਗਾਰੀ ਵਧ ਗਈ ਹੈ ਅਤੇ ਕੁਝ ਵੱਡੀਆਂ ਕੰਪਨੀਆਂ ਤਾਂ ਡੈਨਵਰ ਤੋਂ ਚਲੇ ਵੀ ਗਈਆਂ ਹਨ।

ਜਦੋਂ ਤੋਂ ਕਾਲੋਰਾਡੋ ਅਤੇ ਵਾਸ਼ਿੰਗਟਨ ਵਿਚ ਇਸ ਮਨੋਰੰਜਕ ਭੰਗ ਦੀ ਵਿਕਰੀ ਸ਼ੁਰੂ ਹੋਈ ਹੈ, ਬੇਘਰਿਆਂ ਦੀ ਗਿਣਤੀ ਵੀ ਦੁੱਗਣੇ ਨਾਲੋਂ ਜ਼ਿਆਦਾ ਵਧੀ ਹੈ, ਕਿਉਂਕਿ ਅਮਰੀਕਾ ਦੇ ਹੋਰ ਸੂਬਿਆਂ ਤੋਂ ਭੰਗ ਪੀਣ ਵਾਲੇ ਇਨ੍ਹਾਂ ਸਟੇਟਾਂ ਨੂੰ ਆਪਣਾ ਸਵਰਗ ਮੰਨਦੇ ਹੋਏ ਉਥੇ ਪਹੁੰਚ ਗਏ। ਇਨ੍ਹਾਂ ਵਿਚ ਕਈ ਮੁਜਰਿਮ ਬਿਰਤੀ ਵਾਲੇ ਵੀ ਹਨ ਜਿਸ ਕਰ ਕੇ ਕਾਲੋਰਾਡੋ ਵਿਚ ਕਰਾਈਮ 11% ਵਧ ਗਿਆ। ਡੈਨਵਰ ਦੇ ਡਾਊਨ ਟਾਊਨ ਵਿਚ ਦਿਨ ਦਿਹਾੜੇ ਲੁੱਟ ਖੋਹ ਹੋਣ ਲੱਗ ਪਈ ਹੈ, ਜਦਕਿ ਕੁਝ ਸਾਲ ਪਹਿਲਾਂ ਡੈਨਵਰ ਸਭ ਤੋਂ ਸ਼ਾਂਤ ਸ਼ਹਿਰ ਸੀ। ਇਸੇ ਕਰ ਕੇ ਪੁਲਿਸ ਦੀ ਗਿਣਤੀ ਵਧਾਉਣੀ ਪਈ ਤੇ ਸਾਫ ਸਫਾਈ 'ਤੇ ਵਧ ਖਰਚਾ ਕਰਨਾ ਪੈ ਰਿਹਾ ਹੈ ਜਿਸ ਦਾ ਭਾਰ ਲੋਕਾਂ 'ਤੇ ਪੈਂਦਾ ਹੈ। ਚੌਰਾਹਿਆਂ ਵਿਚ ਗੱਤੇ ਫੜ੍ਹ ਕੇ ਮੰਗਣ ਵਾਲਿਆਂ ਦੀ ਗਿਣਤੀ ਵਧੀ ਹੈ। ਵਾਸ਼ਿੰਗਟਨ ਸਟੇਟ ਵਿਚ ਪਿਛਲੇ ਸਾਲਾਂ ਵਿਚ ਬੇਘਰਿਆਂ ਲਈ 74 ਨਵੇਂ ਆਸ਼ਰਮ ਬਣਾਏ ਗਏ ਹਨ। ਭੰਗ ਨੂੰ ਡਰੱਗ ਨਗਰੀ ਦਾ ਮੇਨ ਗੇਟ ਵੀ ਮੰਨਿਆ ਜਾਂਦਾ ਹੈ। ਇਥੋਂ ਹੀ ਹੋਰ ਨਸ਼ਿਆਂ ਦੀ ਲਤ ਸ਼ੁਰੂ ਹੁੰਦੀ ਹੈ ਅਤੇ ਨਾਲ ਹੀ ਸ਼ੁਰੂ ਹੁੰਦੀ ਹੈ ਤਸਕਰੀ ਤੇ ਅੱਗੇ ਬਣਦੀ ਹੈ ਗੈਂਗ ਵਾਰ।

ਹੁਣ ਜਦੋਂ ਇਨ੍ਹਾਂ ਸਟੇਟਾਂ ਵਿਚ ਇਸ ਮਨੋਰੰਜਕ ਭੰਗ ਦੇ ਮਾੜੇ ਅਸਰ ਦਿਖਾਈ ਦਿੰਦੇ ਸਨ ਤਾਂ ਕੈਲੀਫੋਰਨੀਆ ਨੂੰ ਕੀ ਜ਼ਰੂਰਤ ਪਈ ਸੀ ਇਹਨੂੰ ਕਾਨੂੰਨੀ ਮਾਨਤਾ ਦੇਣ ਦੀ? ਇਥੇ ਤਾਂ ਅਸੀਂ ਕਹਿ ਨਹੀਂ ਸਕਦੇ ਕਿ ਲੀਡਰ ਨਹੀਂ ਚੰਗੇ, ਇਨ੍ਹਾਂ ਦੀ ਨੀਅਤ ਵਿਚ ਖੋਟ ਹੈ। ਨਾਲੇ ਇਹ ਤਾਂ ਖੁਦ ਲੋਕਾਂ ਨੇ ਹੱਕ ਵਿਚ ਵੋਟ ਪਾ ਕੇ ਇਹਨੂੰ ਕਾਨੂੰਨੀ ਮਾਨਤਾ ਦਿਵਾਈ ਹੈ। ਅਸਲ ਵਿਚ, ਇਹ ਸਾਰਾ ਕੁਝ ਕਾਰਪੋਰੇਟ ਜਗਤ ਦੇ ਅਸਰ ਹੇਠ ਹੋਇਆ ਹੈ। ਕਾਰੋਬਾਰੀਆਂ ਨੂੰ ਲੋਕਾਂ ਦੀ ਭਲਾਈ ਨਾਲ ਕੋਈ ਦੇਣ-ਲੈਣ ਨਹੀਂ ਹੁੰਦਾ। ਉਨ੍ਹਾਂ ਦਾ ਇਕੋ ਇਕ ਮਕਸਦ ਹੁੰਦਾ ਹੈ, ਮੁਨਾਫਾ ਅਤੇ ਇਹ ਸਰਕਾਰ ਕੋਲ ਅਜਿਹਾ ਮਾਡਲ ਪੇਸ਼ ਕਰਦੇ ਹਨ ਕਿ ਜ਼ਹਿਰ ਨੂੰ ਵੀ ਸ਼ਹਿਦ ਸਾਬਿਤ ਕਰ ਦਿੰਦੇ ਹਨ। ਕੈਲੀਫੋਰਨੀਆ ਵਿਚ ਭੰਗ ਦੀ ਵਿਕਰੀ ਬਲੈਕ ਮਾਰਕੀਟ ਵਿਚ ਪਹਿਲਾਂ ਵੀ ਹੁੰਦੀ ਸੀ ਜਿਸ ਦੀ ਕੀਮਤ 13.5 ਬਿਲੀਅਨ ਡਾਲਰ ਮੰਨੀ ਜਾਂਦੀ ਸੀ। ਕਾਰਪੋਰੇਟ ਜਗਤ ਨੂੰ ਇਹ ਮੁਨਾਫਾ ਕਿਸੇ ਹੋਰ ਦੇ ਹੱਥ ਜਾਂਦਾ ਹਜ਼ਮ ਨਹੀਂ ਹੋਇਆ ਅਤੇ ਇਸ ਨੇ ਸਟੇਟ ਨੂੰ ਕਾਇਲ ਕਰ ਲਿਆ ਕਿ ਇਹੀ ਮੁਨਾਫਾ ਸਟੇਟ ਕਿਉਂ ਨਾ ਕਮਾਵੇ, ਤੇ ਨਾਲੇ ਗੈਰਕਾਨੂੰਨੀ ਭੰਗ ਫੜ੍ਹਨ ਲਈ ਪੁਲਿਸ 'ਤੇ ਆਉਂਦਾ ਖਰਚਾ ਬਚੇਗਾ। ਕੋਰਟਾਂ ਦੇ ਚੱਕਰ ਵੀ ਬਚਣਗੇ। ਸਿਲੀਕਾਨ ਵੈਲੀ ਦੇ ਕਰੋੜਪਤੀ ਕਾਰੋਬਾਰੀਆਂ ਨੇ ਭੰਗ ਨੂੰ ਮਾਨਤਾ ਦਿਵਾਉਣ ਖਾਤਿਰ ਲੱਖਾਂ ਡਾਲਰ ਖਰਚੇ। ਖਬਰਾਂ ਅਨੁਸਾਰ ਇੱਕ ਵੱਡੇ ਕਾਰੋਬਾਰੀ ਨੇ ਨਵੰਬਰ 2016 ਦੀ ਚੋਣ ਵਿਚ ਮਦ 64, ਜਿਹੜੀ ਭੰਗ ਨੂੰ ਮਾਨਤਾ ਦਿਵਾਉਣ ਲਈ ਸੀ, ਲਈ ਇੱਕ ਮਿਲੀਅਨ ਡਾਲਰ ਦੀ ਡੋਨੇਸ਼ਨ ਦਿੱਤੀ। ਸਭ ਤੋਂ ਪਹਿਲਾਂ ਇਨ੍ਹਾਂ ਨੇ ਨੌਜਵਾਨਾਂ ਨੂੰ ਪ੍ਰੇਰਿਆ ਅਤੇ ਭੰਗ ਨੂੰ ਨਾਂ ਦਿੱਤਾ ਰੀਕ੍ਰੀਏਸ਼ਨਲ ਮਰਵਾਨਾ। ਨਤੀਜਾ ਨਿਕਲਿਆ ਲੋਕਾਂ ਦਾ ਹੱਕ ਵਿਚ ਫਤਵਾ ਅਤੇ ਸਰਕਾਰ ਨੇ ਇਸ ਸਾਲ ਜਨਵਰੀ ਤੋਂ ਵਿਕਰੀ ਖੁੱਲ੍ਹੀ ਕਰ ਦਿੱਤੀ।

ਭੰਗ ਕਦੇ ਵੀ ਮਨੋਰੰਜਕ ਨਹੀਂ ਹੋ ਸਕਦੀ। ਇਹ ਲਫਜ਼ ਲੋਕਾਂ ਨੂੰ ਬੇਵਕੂਫ ਬਣਾਉਣ ਖਾਤਿਰ ਵਰਤਿਆ ਗਿਆ ਹੈ। ਭੰਗ ਕੇਵਲ ਤੇ ਕੇਵਲ ਨਸ਼ਾ ਹੈ, ਨਿਹਾਇਤ ਘਟੀਆ ਦਰਜੇ ਦਾ! ਇਹਦੀ ਨਿਜੀ ਮਿਸਾਲ ਸਾਂਝੀ ਕਰਨ ਲੱਗਾ ਹਾਂ। ਬੀ. ਏ. ਦੇ ਪੱਕੇ ਇਮਤਿਹਾਨਾਂ ਤੋਂ ਬਾਅਦ ਸਾਡਾ ਐਨ. ਐਸ. ਐਸ. ਦਾ ਕੈਂਪ ਕਾਲਜ ਵਿਚ ਹੀ ਲੱਗਿਆ ਸੀ। ਨਵਾਂ ਨਵਾਂ ਬਣਿਆ ਕਾਲਜ ਸ਼ਹਿਰ ਤੋਂ ਬਾਹਰਵਾਰ ਖੇਤਾਂ ਵਿਚ ਸੀ। 60 ਕੁ ਮੁੰਡੇ ਸਾਂ ਅਸੀਂ, ਅਤੇ 10 ਦਿਨ ਦਾ ਕੈਂਪ ਸੀ। ਜ਼ਿਆਦਾਤਰ ਅਸੀਂ ਪਿੰਡਾਂ ਵਾਲੇ ਹੀ ਸਾਂ। ਗਰਾਊਂਡ ਪੱਧਰੇ ਕਰਨੇ ਸਨ। ਕੈਂਪ ਦੇ ਸਤਵੇਂ ਦਿਨ ਕੁਝ ਮੁੰਡਿਆਂ ਨੇ ਦੁਪਹਿਰ ਤੋਂ ਬਾਅਦ ਰਸੋਈਏ ਤੋਂ ਭੰਗ ਵਾਲੇ ਪਕੌੜੇ ਬਣਵਾ ਲਏ। ਰੇਤਲੀ ਜਿਹੀ ਜਮੀਨ ਵਿਚ ਭੰਗ ਉਥੇ ਬਹੁਤ ਸੀ। ਮੈਂ ਵੀ ਸੁਆਦ ਨਾਲ ਪਕੌੜੇ ਖਾਧੇ ਅਤੇ ਉਤੋਂ ਵੱਡਾ ਮੱਗ ਤਿੱਖੀ ਖੰਡ ਵਾਲੀ ਚਾਹ ਦਾ ਪੀਤਾ। ਜੂਨ ਮਹੀਨਾ ਸੀ, ਦੋ ਵਜੇ ਅਸੀਂ ਚੁੱਕੀਆਂ ਕਹੀਆਂ, ਤੇ ਆਪਣੇ ਹਿੱਸੇ ਦੀ ਗਰਾਊਂਡ ਪੱਧਰੀ ਕਰਨ ਲੱਗ ਪਏ। ਸਭ ਤੋਂ ਪਹਿਲਾਂ ਮੈਨੂੰ ਨਜ਼ਾਰੇ ਦਿਖਾਲੇ ਭੰਗ ਨੇ, ਜਦ ਮੈਂ ਸਿਰ ਤੋਂ ਉਚੀ ਕਹੀ ਚੁੱਕ ਕੇ ਜਮੀਨ 'ਤੇ ਮਾਰਨ ਦੀ ਥਾਂ ਆਪਣੇ ਨਾਲ ਵਾਲੇ ਦੇ ਸਿਰ ਵਿਚ ਜੜਨ ਲੱਗਾ ਸੀ। ਦੂਜੇ ਮੁੰਡੇ ਰੌਲਾ ਪਾਉਣ ਲੱਗੇ, "ਓਏ...ਓਏ...ਮਝੈਲ! ਆਹ ਕੀ ਕਰਦਾਂ ਓਏ!!" ਮੈਂ ਕਹਾਂ, "ਗਰਾਊਂਡ ਪੱਧਰੀ ਕਰਦਾਂ, ਹੋਰ ਕੀ?" ਉਹ ਕਹਿੰਦੇ, "ਤੈਨੂੰ ਭੰਗ ਚੜ੍ਹ ਗਈ ਓਏ...।" ਅੱਗੋਂ ਮੈਂ ਟੁੱਟ ਟੁੱਟ ਪਵਾਂ, "ਲਗਦੇ ਭੰਗ ਦੇ...।" ਤੇ ਕਹੀ ਦੁਬਾਰਾ ਚੁੱਕ ਲਈ। ਉਨ੍ਹਾਂ ਮੈਥੋਂ ਮਸਾਂ ਕਹੀ ਫੜੀ। ਬਸ ਮੈਨੂੰ ਇੰਨਾ ਕੁ ਹੀ ਚੇਤਾ ਰਿਹਾ, ਫਿਰ ਤਾਂ ਕਮਰੇ ਵਿਚ ਲੰਮੇ ਪਏ ਨੂੰ ਛੱਤ ਕਦੇ ਉਪਰ ਤੇ ਕਦੇ ਥੱਲੇ ਹੁੰਦੀ ਲਗਦੀ ਰਹੀ। ਬਾਅਦ ਵਿਚ ਮੈਨੂੰ ਦੱਸਿਆ ਗਿਆ ਕਿ ਮੈਂ ਸਾਰੀ ਰਾਤ ਰੋਂਦਾ ਰਿਹਾ। ਅਗਲੇ ਦਿਨ ਮੈਂ ਬਿਨਾ ਦੱਸੇ ਸਾਈਕਲ ਚੁੱਕਿਆ ਤੇ ਪਿੰਡ ਆ ਗਿਆ। ਮੈਨੂੰ ਨਹੀਂ ਪਤਾ ਕਿ ਪਹੁੰਚ ਕਿੱਦਾਂ ਗਿਆ। ਸਾਈਕਲ ਕਦੇ ਲਗਦਾ ਸੀ ਖਤਾਨਾਂ ਨੂੰ ਜਾਂਦਾ, ਕਦੇ ਨਹਿਰ ਵਿਚ ਨੂੰ। ਕਦੇ ਪਟੜੀ ਤੋਂ ਉਤਰੀ ਜਾਂਦਾ। ਜੇ ਅੱਜ ਕੱਲ੍ਹ ਵਰਗੀ ਟਰੈਫਿਕ ਹੁੰਦੀ, ਉਦੋਂ ਤਾਂ ਫਿਰ ਬੱਸ...! ਤਿੰਨ ਦਿਨ ਮੈਂ ਘਰ ਪਿਆ ਰਿਹਾ ਤੇ ਬੀਬੀ ਕੋਲ ਬਹਾਨਾ ਲਾਇਆ ਕਿ ਬਿਮਾਰ ਹੋ ਗਿਆ ਸੀ ਤਾਂ ਆ ਗਿਆ।

ਮਨੋਰੰਜਨ ਅਜਿਹਾ ਲਫਜ਼ ਹੈ ਜਿਸ ਵਿਚ ਕੋਈ ਸਹਿਜੇ ਹੀ ਫਸ ਜਾਂਦਾ ਹੈ, ਇਸ ਦੇ ਹੋਣ ਵਾਲੇ ਨੁਕਸਾਨ ਤੋਂ ਬੇਖਬਰ। ਇਹਦੀ ਵੀ ਇੱਕ ਮਿਸਾਲ ਹੈ। ਨੱਬੇਵਿਆਂ ਦੌਰਾਨ ਜਦੋਂ ਪੰਜਾਬ ਵਿਚ ਖਾੜਕੂ ਲਹਿਰ ਨੂੰ ਦਬਾਅ ਲਿਆ ਗਿਆ, ਉਸ ਤੋਂ ਅਗਲਾ ਕੰਮ ਸੀ, ਆਉਣ ਵਾਲੀ ਜੁਆਨੀ ਦਾ ਧਿਆਨ ਇਸ ਪਾਸਿਓਂ ਹਟਾਉਣ ਦਾ। ਸਟੇਟ ਨੇ ਪੁਲਿਸ ਦੀ ਸਰਪ੍ਰਸਤੀ ਵਿਚ ਸਭਿਆਚਾਰਕ ਮਨੋਰੰਜਨ ਮੇਲੇ ਨਾਮਵਰ ਸਾਹਿਤਕਾਰਾਂ ਤੇ ਢਾਡੀਆਂ ਦੇ ਨਾਂ 'ਤੇ ਕਰਵਾਉਣੇ ਸ਼ੁਰੂ ਕੀਤੇ। ਲੋਕ ਬੜੇ ਖੁਸ਼। ਗੀਤਕਾਰ ਤੇ ਗਾਇਕਾਂ ਦੀ ਪਨੀਰੀ ਪੈਦਾ ਕਰ ਦਿੱਤੀ ਜਿਨ੍ਹਾਂ ਨੇ ਮਨੋਰੰਜਨ ਦੇ ਨਾਂ 'ਤੇ ਸਭਿਆਚਾਰ ਨੂੰ ਤਹਿਸ-ਨਹਿਸ ਕਰ ਮਾਰਿਆ। ਬੰਦੂਕ, ਗੋਲੀ, ਠਾਹ ਠਾਹ, ਕਾਲੀ ਨਾਗਣੀ, ਬੋਤਲਾਂ, ਸ਼ਰਾਬ, ਜੱਟ, ਨਾਜਾਇਜ਼ ਸਬੰਧ ਬਣਾਉਣ ਵਾਲਾ ਬਹਾਦਰ ਤੇ ਦਲੇਰ। ਗੈਂਗਸਟਰ ਨੂੰ ਨਾਇਕ ਬਣਾ ਕੇ ਪੇਸ਼ ਕਰ ਦਿੱਤਾ। ਹੁਣ ਨਿੱਤ ਦਿਨ ਮੈਰਿਜ ਪੈਲੇਸਾਂ ਵਿਚ ਇਹ ਸਭਿਆਚਾਰਕ ਮਨੋਰੰਜਨ ਕਿਸੇ ਨਾ ਕਿਸੇ ਦੀ ਜਾਨ ਦਾ ਖੌਅ ਬਣ ਜਾਂਦਾ ਹੈ। ਪੰਜਾਬ ਸ਼ਰਾਬ ਦੀ ਵਿਕਰੀ ਵਿਚ ਪਹਿਲੇ ਨੰਬਰ 'ਤੇ ਹੈ। ਨਸ਼ਿਆਂ ਵਿਚ ਹੁਣ ਇਸ ਦਾ ਕੋਈ ਸਾਨੀ ਨਹੀਂ।

ਧਾਰਮਿਕ ਪੱਖ ਨੂੰ ਜੇ ਧਿਆਨ ਵਿਚ ਰੱਖੀਏ ਤਾਂ ਸੰਸਾਰ ਦੇ ਕਰੀਬ ਸਾਰੇ ਧਰਮ ਹੀ ਨਸ਼ਿਆਂ ਦੇ ਖਿਲਾਫ ਹਨ। ਸਭ ਤੋਂ ਪਹਿਲਾਂ ਈਸਾਈ ਧਰਮ ਦੀ ਗੱਲ ਕਰਦੇ ਹਾਂ। ਜਦੋਂ ਕਾਲੋਰਾਡੋ ਸਟੇਟ ਨੇ ਭੰਗ ਨੂੰ ਮਾਨਤਾ ਦਿੱਤੀ ਤਾਂ ਚਰਚ ਵਿਚ ਇਸ 'ਤੇ ਬਹਿਸ ਸ਼ੁਰੂ ਹੋਈ ਅਤੇ ਬਾਈਬਲ ਨੂੰ ਮੁੜ ਘੋਖਣਾ ਸ਼ੁਰੂ ਹੋਇਆ। ਜਿਹੜੇ ਭੰਗ ਦੇ ਪੱਖ ਵਿਚ ਸਨ, ਉਨ੍ਹਾਂ ਤਰਕ ਦਿੱਤਾ ਕਿ ਬਾਈਬਲ (ਓਲਡ ਟੈਸਟਾਮੈਂਟ) ਵਿਚ ਲਿਖਿਆ ਹੈ ਕਿ ਜਦੋਂ ਰੱਬ ਨੇ ਆਦਮ ਨੂੰ ਧਰਤੀ 'ਤੇ ਭੇਜਿਆ ਤਾਂ ਉਹਨੂੰ ਦੱਸਿਆ ਕਿ ਉਥੇ ਤੇਰੇ ਖਾਣ-ਪੀਣ ਲਈ ਮੈਂ ਸਾਰਾ ਇੰਤਜ਼ਾਮ ਕੀਤਾ ਹੋਇਆ ਹੈ ਜੋ ਮਰਜ਼ੀ ਖਾਵੀਂ ਪੀਵੀਂ। ਉਦੋਂ ਭੰਗ ਹੁੰਦੀ ਸੀ, ਇਸ ਕਰ ਕੇ ਇਹਨੂੰ ਪੀਣ ਦੀ ਬਾਈਬਲ ਨੇ ਮਨਾਹੀ ਨਹੀਂ ਕੀਤੀ ਹੋਈ। ਦੂਜੇ ਵਿਚਾਰ ਵਾਲਿਆਂ ਦਾ ਤਰਕ ਹੈ ਕਿ ਪੀਣ ਤੋਂ ਮਤਲਬ ਤਰਲ ਚੀਜ਼ਾਂ ਭਾਵ ਪਾਣੀ ਤੋਂ ਹੈ ਜੋ ਜਿਉਣ ਵਾਸਤੇ ਬਹੁਤ ਜ਼ਰੂਰੀ ਹੈ, ਨਾ ਕਿ ਸਿਗਰਟ ਵਾਂਗ ਧੂੰਏਂ ਦੇ ਤੌਰ 'ਤੇ ਪੀਣ ਦੀ ਗੱਲ ਹੈ। ਨਾਲੇ ਸਿਰਫ ਭੰਗ ਖਾ ਜਾਂ ਪੀ ਕੇ ਜਿਉਂਦੇ ਨਹੀਂ ਰਿਹਾ ਜਾ ਸਕਦਾ। ਇਸ ਕਰ ਕੇ ਚਰਚ ਨੇ ਭੰਗ ਦੀ ਮੁਕੰਮਲ ਮਨਾਹੀ ਕੀਤੀ ਹੋਈ ਹੈ।

ਅਗਲਾ ਵੱਡਾ ਧਰਮ ਆਉਂਦਾ ਹੈ, ਇਸਲਾਮ। ਕੁਰਾਨ ਵਿਚ ਭੰਗ ਦਾ ਕੋਈ ਜ਼ਿਕਰ ਨਹੀਂ। ਇਸਲਾਮ ਵਾਲੇ ਕਹਿੰਦੇ ਹਨ ਕਿ ਹਜ਼ਰਤ ਮੁਹੰਮਦ ਦੇ ਵਕਤ ਭੰਗ ਨਹੀਂ ਸੀ ਹੁੰਦੀ, ਇਸ ਕਰ ਕੇ ਇਹਦਾ ਜ਼ਿਕਰ ਨਹੀਂ ਪਰ ਇਸਲਾਮ ਹਰ ਨਸ਼ੇ ਨੂੰ ਹਰਾਮ ਦੱਸਦਾ ਹੈ ਤੇ ਇਨ੍ਹਾਂ ਦੀ ਵਰਤੋਂ ਦੀ ਪੂਰੀ ਤਰ੍ਹਾਂ ਮਨਾਹੀ ਹੈ। ਯਹੂਦੀਆਂ ਦੇ ਧਾਰਮਿਕ ਗ੍ਰੰਥ ਤੋਰਾਹ ਵਿਚ ਦੱਸਦੇ ਹਨ ਕਿ ਭੰਗ ਵਰਗੇ ਕਿਸੇ ਬੂਟੇ ਦਾ ਜ਼ਿਕਰ ਹੈ ਜਿਸ ਨੂੰ ਯਹੂਦੀ ਪੀਂਦੇ ਸਨ। ਹੁਣ ਯਹੂਦੀਆਂ ਨੇ ਆਪਣੇ ਵੱਡੇ ਵੱਡੇ ਧਾਰਮਿਕ ਤੇ ਸਮਾਜਕ ਸਮਾਗਮ ਕਰ ਕੇ ਭੰਗ ਦੀ ਵਰਤੋਂ ਨੂੰ ਮੁੱਢ ਤੋਂ ਹੀ ਰੱਦ ਕਰ ਦਿੱਤਾ ਹੋਇਆ ਹੈ। ਸਿੱਖ ਧਰਮ ਵਿਚ ਤਾਂ ਸਭ ਨਸ਼ਿਆਂ ਦੀ ਵਰਤੋਂ ਦੀ ਪੂਰੀ ਤਰ੍ਹਾਂ ਮਨਾਹੀ ਹੈ। ਭੰਗ ਬਾਰੇ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਬੀਰ ਦੀ ਬਾਣੀ ਦਰਜ ਹੈ:

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪਰਾਨੀ ਖਾਂਹਿ॥

ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ॥


ਦੁਨੀਆਂ ਦਾ ਇਕੋ ਇਕ ਧਰਮ ਹੈ ਜਿਸ ਵਿਚ ਭੰਗ ਨੂੰ ਪ੍ਰਸਾਦਿ ਮੰਨਿਆ ਗਿਆ ਹੈ, ਤੇ ਉਸ ਧਰਮ ਮੁਤਾਬਕ ਸ੍ਰਿਸ਼ਟੀ ਨੂੰ ਸਾਜਣ ਵਾਲੇ ਅਵਤਾਰ ਸਿਰਫ ਭੰਗ ਦਾ ਹੀ ਪ੍ਰਸਾਦਿ ਮਨਜ਼ੂਰ ਕਰਦੇ ਸਨ। ਅਥਰਵ ਵੇਦ ਜੋ ਤਿੰਨ ਹਜ਼ਾਰ ਸਾਲ ਤੋਂ ਵੀ ਪਹਿਲਾਂ ਲਿਖਿਆ ਗਿਆ, ਉਸ ਵਿਚ ਲਿਖਿਆ ਹੈ ਕਿ ਭੋਲੇ ਨਾਥ ਸ਼ਿਵ ਜੀ ਭੰਗ ਦਾ ਪ੍ਰਸਾਦਿ ਲੈਂਦੇ ਸਨ ਤੇ ਆਪਣੇ ਚੇਲਿਆਂ ਨੂੰ ਵੀ ਭੰਗ ਪੀਣ ਨੂੰ ਦਿੰਦੇ ਸਨ। ਅੱਜ ਵੀ ਸ਼ਿਵ ਜੀ ਦੇ ਭਗਤ ਰੱਜ ਕੇ ਭੰਗ ਪੀਂਦੇ ਹਨ। ਸ਼ਿਵ ਜੀ ਦੇ ਕਈ ਮੰਦਿਰਾਂ ਵਿਚ ਭੰਗ ਦਾ ਪ੍ਰਸਾਦਿ ਚੜ੍ਹਾਇਆ ਜਾਂਦਾ ਹੈ। ਉਂਜ, ਆਪਾਂ ਦੇਖਦੇ ਹੀ ਹਾਂ ਕਿ ਭੋਲੇ ਨਾਥ ਦੇ ਇਨ੍ਹਾਂ ਭਗਤਾਂ ਦਾ ਕੀ ਹਾਲ ਹੈ? ਕਿੰਨੇ ਕਿੰਨੇ ਦਿਨ ਸਰੀਰ ਨੂੰ ਸੁਆਹ ਮਲ ਕੇ ਪਏ ਰਹਿੰਦੇ ਹਨ। ਕੋਈ ਨਹੀਂ ਪਤਾ ਹੁੰਦਾ ਦੀਨ ਦੁਨੀਆਂ ਦਾ। ਭਲਾ ਇਹੋ ਜਿਹੇ ਧਰਮੀ ਬੰਦੇ ਕੀ ਸੁਆਰ ਦੇਣਗੇ ਲੋਕਾਈ ਦਾ, ਜਿਨ੍ਹਾਂ ਨੂੰ ਆਪਣੀ ਹੀ ਸੁੱਧ ਬੁੱਧ ਨਹੀਂ?

ਇਥੇ ਮੈਂ ਰਜਨੀਸ਼ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ, ਭਾਵੇਂ ਉਨ੍ਹਾਂ ਦੀ ਹਰ ਗੱਲ ਨਾਲ ਮੈਂ ਸਹਿਮਤ ਨਹੀਂ ਹੁੰਦਾ। ਇਥੇ ਭੰਗ ਦੀ ਹੈ, ਇਹਨੂੰ ਧਾਰਮਿਕ ਭਾਵਨਾਵਾਂ ਵੱਲ ਨਾ ਲਿਜਾਇਆ ਜਾਵੇ। ਹਿੰਦੂ ਧਰਮ ਮੁਤਾਬਕ ਦੱਸਿਆ ਜਾਂਦਾ ਹੈ ਕਿ ਭਗਵਾਨ ਗਣੇਸ਼ ਦਾ ਜਨਮ ਕਿਵੇਂ ਹੋਇਆ। ਇਹੀ ਗੱਲ ਰਜਨੀਸ਼ ਨੇ ਵੀ ਦੁਹਰਾਈ ਹੈ ਕਿ ਸ਼ਿਵ ਜੀ ਨੇ ਪਾਰਬਤੀ ਜੀ ਨੂੰ ਕਿਹਾ ਹੋਇਆ ਸੀ ਕਿ ਆਪਾਂ ਨੇ ਕੋਈ ਵੀ ਸੰਤਾਨ ਪੈਦਾ ਨਹੀਂ ਕਰਨੀ, ਕਿਉਂਕਿ ਮੈਂ ਤਾਂ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੋਈ ਹੈ। ਜੇ ਆਪਣੀ ਸੰਤਾਨ ਹੋ ਗਈ ਤਾਂ ਸ੍ਰਿਸ਼ਟੀ ਵਲੋਂ ਧਿਆਨ ਘਟ ਕੇ ਆਪਣੀ ਸੰਤਾਨ ਵੱਲ ਜ਼ਿਆਦਾ ਹੋ ਜਾਣਾ ਹੈ। ਬਹੁਤ ਵਕਤ ਗੁਜ਼ਰ ਜਾਣ ਤੋਂ ਬਾਅਦ ਪਾਰਬਤੀ ਅੰਦਰ ਮਮਤਾ ਉਠਣ ਲੱਗ ਪਈ ਤੇ ਉਸ ਨੇ ਸ਼ਿਵ ਜੀ ਤੋਂ ਚੋਰੀ ਆਪਣੇ ਪਿੰਡੇ ਦੀ ਮੈਲ ਤੋਂ ਮੁੰਡਾ ਬਣਾ ਲਿਆ ਜਿਸ ਦਾ ਨਾਂ ਗਣੇਸ਼ ਰੱਖ ਦਿੱਤਾ। ਜਦ ਸ਼ਿਵ ਜੀ ਨੇ ਆ ਕੇ ਦੇਖਿਆ ਕਿ ਪਾਰਬਤੀ ਕੋਲ ਕਾਕਾ ਹੈ ਤਾਂ ਉਹ ਕ੍ਰੋਧ ਵਿਚ ਆ ਗਿਆ ਅਤੇ ਬੱਚੇ ਬਾਰੇ ਪੁੱਛਿਆ। ਪਾਰਬਤੀ ਨੇ ਸੱਚ ਦੱਸ ਦਿੱਤਾ। ਕਿਹਾ ਜਾਂਦਾ ਹੈ ਕਿ ਜਦੋਂ ਸ਼ਿਵ ਜੀ ਕ੍ਰੋਧਤ ਹੁੰਦੇ ਸਨ ਤਾਂ ਭੰਗ ਬਹੁਤ ਪੀਂਦੇ ਸਨ। ਗਣੇਸ਼ ਨੂੰ ਦੇਖ ਕੇ ਸ਼ਿਵ ਜੀ ਨੇ ਆਪਣੇ ਚੇਲਿਆਂ ਨੂੰ ਭੰਗ ਲਿਆਉਣ ਲਈ ਕਿਹਾ। ਚਿਲਮਾਂ ਦੇ ਚੰਗੇ ਸੂਟੇ ਲਾਏ, ਤੇ ਮੌਕਾ ਦੇਖ ਕੇ ਜਦੋਂ ਪਾਰਬਤੀ ਕਾਕੇ ਤੋਂ ਪਰ੍ਹੇ ਹੋਈ, ਉਹਦਾ ਸਿਰ ਧੜ ਤੋਂ ਵੱਢ ਕੇ ਜੰਗਲ ਵਿਚ ਸੁੱਟ ਦਿੱਤਾ। ਪਾਰਬਤੀ ਨੇ ਜਦੋਂ ਦੇਖਿਆ ਕਿ ਗਣੇਸ਼ ਦਾ ਸਿਰ ਲਾਹ ਦਿੱਤਾ ਹੈ ਤਾਂ ਸ਼ਿਵ ਜੀ ਦੇ ਮਗਰ ਪੈ ਗਈ। ਉਹ ਖਹਿੜੇ ਪੈ ਗਈ ਕਿ ਇਹਨੂੰ ਦੁਬਾਰਾ ਜਿਉਂਦਾ ਕਰ। ਸ਼ਿਵ ਜੀ ਕਹਿੰਦੇ, ਹੁਣ ਜਿੰਦਾ ਨਹੀਂ ਹੋ ਸਕਦਾ, ਕਿਉਂਕਿ ਇਹਦਾ ਸਿਰ ਕਿਤੇ ਜੰਗਲ ਵਿਚ ਸੁੱਟ ਦਿੱਤਾ ਹੈ। ਸ਼ਿਵ ਜੀ ਪਾਰਬਤੀ ਦੇ ਹਠ ਅੱਗੇ ਸਦਾ ਝੁਕ ਜਾਂਦੇ ਸੀ, ਇਸ ਵਾਰ ਵੀ ਝੁਕ ਗਏ ਤੇ ਆਪਣੇ ਚੇਲਿਆਂ ਨੂੰ

***(ਬਾਕੀ ਅਗਲੇ ਸਫੇ 'ਤੇ)***

# ਸਿੱਖ ਧਰਮ ਬਾਰੇ ਫਿਲਮਾਂ ਤੇ ਸ਼੍ਰੋਮਣੀ ਕਮੇਟੀ ਦੀ ਸਾਜ਼ਿਸ਼ੀ ਪਹੁੰਚ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਸਿੱਖ ਧਰਮ ਵਿਚ ਕਿਸੇ ਵਿਅਕਤੀ ਨੂੰ ਕਿਸੇ ਫਿਲਮ ਜਾਂ ਨਾਟਕ ਵਿਚ ਗੁਰੂ ਸਾਹਿਬਾਨ ਜਾਂ ਗੁਰੂ ਪਰਿਵਾਰ ਦੇ ਮੈਂਬਰਾਂ ਦੀ ਭੂਮਿਕਾ ਕਰਨ ਦੇਣੀ ਹੈ ਜਾਂ ਨਹੀਂ, ਇਸ ਬਾਰੇ ਕਦੋਂ ਕਿਸ ਨੇ ਕੀ ਫੈਸਲਾ ਕੀਤਾ, ਸਾਨੂੰ ਜਾਣਕਾਰੀ ਨਹੀਂ ਮਿਲ ਸਕੀ ਤੇ ਬਹੁਤੀ ਖੋਜ ਅਸੀਂ ਇਸ ਬਾਰੇ ਕਰ ਵੀ ਨਹੀਂ ਸਕੇ। ਏਨਾ ਪਤਾ ਹੈ ਕਿ ਕੁਝ ਧਰਮਾਂ ਵਿਚ ਧਾਰਮਿਕ ਹਸਤੀਆਂ ਜਾਂ ਧਰਮ ਦੇ ਮੁਖੀਆਂ ਦੀ ਅਜਿਹੀ ਭੂਮਿਕਾ ਨਿਭਾਉਣ ਦੀ ਰਵਾਇਤ ਨਹੀਂ ਹੈ, ਤੇ ਇਸ ਦੀਆਂ ਦੋ ਮੁੱਖ ਮਿਸਾਲਾਂ ਸਿੱਖ ਧਰਮ ਤੇ ਇਸਲਾਮ ਦੇ ਰੂਪ ਵਿਚ ਸਮਾਜ ਵਿਚ ਮੌਜੂਦ ਹਨ। ਜਦੋਂ ਕਦੇ ਕਿਸੇ ਤਰ੍ਹਾਂ ਦਾ ਸੰਦੇਸ਼ ਦੇਣਾ ਜ਼ਰੂਰੀ ਜਾਪਦਾ ਹੈ ਤਾਂ 'ਭਾਈ ਮੰਨਾ ਸਿੰਘ' ਵਜੋਂ ਪ੍ਰਸਿੱਧ ਹੋਏ ਨਾਟਕਕਾਰ ਗੁਰਸ਼ਰਨ ਸਿੰਘ ਵਾਂਗ ਇਸ ਨੂੰ ਦੂਜੇ ਪਾਤਰਾਂ ਦੇ ਮੂੰਹੋਂ ਗੱਲਬਾਤ ਦੇ ਜ਼ਿਕਰ ਦੇ ਰੂਪ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਅੱਜ ਕੱਲ੍ਹ ਐਨੀਮੇਸ਼ਨ ਦਾ ਯੁੱਗ ਸ਼ੁਰੂ ਹੋ ਚੁਕਾ ਹੈ। ਇਸ ਬਾਰੇ ਕਿਤੇ ਕੋਈ ਹੱਦ ਮਿੱਥਣੀ ਹੈ ਜਾਂ ਨਹੀਂ, ਸਬੰਧਤ ਧਰਮ ਦੀ ਲੀਡਰਸ਼ਿਪ ਆਪੇ ਫੈਸਲਾ ਕਰਦੀ ਰਹੇ, ਪਰ 'ਨਾਨਕ ਸ਼ਾਹ ਫਕੀਰ' ਦੇ ਕੇਸ ਨੇ ਸਾਬਤ ਕਰ ਦਿੱਤਾ ਹੈ ਕਿ ਹੋਰ ਕੋਈ ਭਾਵੇਂ ਕਰ ਸਕਦਾ ਹੋਵੇ, ਸਿੱਖਾਂ ਦੀ ਅਗਵਾਈ ਦਾ ਦਾਅਵਾ ਕਰਨ ਵਾਲੇ ਆਗੂ ਜਾਂ ਸੰਸਥਾਵਾਂ ਸਿਰਫ ਉਲਝਣਾਂ ਵਧਾ ਸਕਦੀਆਂ ਹਨ, ਕੋਈ ਮਿਆਰ ਨਹੀਂ ਮਿੱਥ ਸਕਦੀਆਂ।

ਇਸ ਵਕਤ ਸੰਸਾਰ ਭਰ ਵਿਚ ਫਿਲਮ 'ਨਾਨਕ ਸ਼ਾਹ ਫਕੀਰ' ਦੇ ਮੁੱਦੇ ਤੋਂ ਹੰਗਾਮਾ ਹੁੰਦਾ ਪਿਆ ਹੈ। ਗੁਰੂ ਨਾਨਕ ਦੇਵ ਜੀ ਦੇ ਜੀਵਨ ਕਾਲ ਵਿਚ ਇਹ ਮੁੱਦਾ ਉਭਰਿਆ ਸੀ ਕਿ ਉਹ ਹਿੰਦੂਆਂ ਦੇ ਗੁਰੂ ਹਨ, ਕਿਉਂਕਿ ਹਿੰਦੂ ਪਰਿਵਾਰ ਵਿਚ ਪੈਦਾ ਹੋਏ ਸਨ, ਜਾਂ ਮੁਸਲਮਾਨਾਂ ਦੇ ਵੀ ਗੁਰੂ ਮੰਨੇ ਜਾ ਸਕਦੇ ਹਨ, ਤੇ ਲੋਕ-ਮੁਹਾਵਰੇ ਵਿਚ ਇਸ ਦਾ ਹੱਲ ਪੇਸ਼ ਹੋ ਗਿਆ ਸੀ ਕਿ 'ਨਾਨਕ ਸ਼ਾਹ ਫਕੀਰ, ਹਿੰਦੂ ਕਾ ਗੁਰੂ, ਮੁਸਲਮਾਨ ਕਾ ਪੀਰ।' ਉਹ ਸਭਨਾਂ ਲੋਕਾਂ ਨੇ ਸਾਂਝੇ ਮਾਰਗ ਦਰਸ਼ਕ ਵਜੋਂ ਪ੍ਰਵਾਨ ਕੀਤੇ ਸਨ ਤੇ ਕੱਟੜਪੰਥ ਦੇ ਉਬਾਲਿਆਂ ਵਾਲਾ ਸਮਾਂ ਲਾਂਭੇ ਕਰ ਦਿੱਤਾ ਜਾਵੇ ਤਾਂ ਉਹ ਅੱਜ ਵੀ ਸਭ ਦੇ ਸਾਂਝੇ ਮੰਨੇ ਜਾ ਸਕਦੇ ਹਨ। ਫਿਲਮ 'ਨਾਨਕ ਸ਼ਾਹ ਫਕੀਰ' ਦਾ ਵਿਵਾਦ ਸਿਰਫ ਸਿੱਖ ਸਮਾਜ ਵਿਚ ਹੈ, ਗੈਰ ਸਿੱਖਾਂ ਵਿਚਲੇ ਕਿਸੇ ਵੀ ਨਾਨਕ-ਪੰਥੀ ਨੂੰ ਇਸ ਨਾਲ ਮਤਲਬ ਨਹੀਂ ਜਾਪਦਾ। ਸਿੱਖਾਂ ਵਿਚ ਵੀ ਇਸ ਬਾਰੇ ਵਿਵਾਦ ਹੈ ਤਾਂ ਕਾਰਨ ਇਹ ਹੈ ਕਿ ਇਸ ਧਰਮ ਦੀ ਅਗਵਾਈ ਕਰਨ ਵਾਲਿਆਂ ਨੂੰ ਨਾ ਸਿੱਖੀ ਸਿਧਾਂਤ ਦੀ ਸੋਝੀ ਹੈ, ਨਾ ਸਮਾਜੀ ਵਿਹਾਰ ਦੀ ਲਾਜ ਹੈ, ਉਹ ਸਿਰਫ ਗੋਲਕ ਵੱਲ ਝਾਕ ਸਕਦੇ ਹਨ ਜਾਂ ਗੋਲਕ ਵਰਗੇ ਬਾਹਰੋਂ ਮਿਲਦੇ ਗੱਫਿਆਂ ਦੀ ਝਾਕ ਵਿਚ ਰਹਿੰਦੇ ਹਨ। ਇਸ ਫਿਲਮ ਵਾਲੇ ਮਾਮਲੇ ਦੀਆਂ ਉਲਝਣਾਂ ਦੌਰਾਨ ਪਲ-ਪਲ ਬਦਲਦੇ ਪੈਂਤੜੇ ਇਸੇ ਲਈ ਵੇਖਣ ਨੂੰ ਮਿਲਦੇ ਪਏ ਹਨ।

ਜਦੋਂ ਇਸ ਫਿਲਮ ਦਾ ਵਿਵਾਦ ਵਧ ਕੇ ਲੋਕਾਂ ਵਿਚ ਪਹੁੰਚ ਗਿਆ ਤਾਂ ਅਕਾਲ ਤਖਤ ਸਾਹਿਬ ਤੋਂ ਸਿੰਘ ਸਾਹਿਬਾਨ ਨੇ ਇੱਕ ਹੁਕਮਨਾਮਾ ਜਾਰੀ ਕਰ ਕੇ ਫਿਲਮ ਦੇ ਡਾਇਰੈਕਟਰ ਨੂੰ ਸਿੱਖੀ ਤੋਂ ਖਾਰਜ ਕਰ ਦਿੱਤਾ ਹੈ। ਫਿਲਮ ਡਾਇਰੈਕਟਰ ਜਾਣੇ ਤੇ ਉਸ ਦੇ ਖਿਲਾਫ ਹੁਕਮਨਾਮਾ ਜਾਰੀ ਕਰਨ ਵਾਲੇ ਜਾਣਨ, ਇਸ ਬਾਰੇ ਅਸੀਂ ਕੁਝ ਕਹਿਣ ਦੀ ਲੋੜ ਨਹੀਂ ਸਮਝਦੇ, ਪਰ ਹੁਕਮਨਾਮੇ ਵਿਚ ਇਹ ਵੀ ਦਰਜ ਹੈ ਕਿ 'ਇਹ ਫਿਲਮ ਸਿੱਖ ਕੌਮ ਦਾ ਘਾਣ ਕਰਾਉਣ ਦੀ ਡੂੰਘੀ ਸਾਜ਼ਿਸ਼ ਦਾ ਹਿੱਸਾ ਹੈ।'

ਇਸ ਕਾਰਨ ਇਹ ਗੱਲ ਸੋਚਣ ਵਾਲੀ ਹੈ ਕਿ 'ਸਾਜ਼ਿਸ਼' ਕਰਨ ਦੇ ਦੋਸ਼ ਦੀ ਉਂਗਲ ਕਿਸ ਵੱਲ ਉਠਾਈ ਗਈ ਹੈ ਤੇ ਇਹ ਵੀ ਕਿ ਅਸਲ ਵਿਚ ਕਿਸ ਵੱਲ ਉਠਣੀ ਚਾਹੀਦੀ ਹੈ। ਇਹ ਗੱਲ ਲੁਕੀ ਨਹੀਂ ਹੈ ਕਿ 'ਨਾਨਕ ਸ਼ਾਹ ਫਕੀਰ' ਫਿਲਮ ਦੇ ਡਾਇਰੈਕਟਰ ਨੂੰ ਪਹਿਲਾਂ ਪ੍ਰਵਾਨਗੀ ਦੀਆਂ ਚਿੱਠੀਆਂ ਦੇ ਦਿੱਤੀਆਂ ਗਈਆਂ ਤੇ ਫਿਰ ਉਸ ਦੇ ਖਿਲਾਫ ਦੁਹਾਈ ਪਾਈ ਗਈ ਹੈ। ਵੱਡਾ ਮੁੱਦਾ ਤਾਂ ਇਹੋ ਹੈ ਕਿ ਉਹ ਕੌਣ ਲੋਕ ਹਨ, ਜੋ ਅਜਿਹੀਆਂ ਚਿੱਠੀਆਂ ਦੇ ਦਿੰਦੇ ਤੇ ਫਿਰ ਖੁਦ ਹੀ ਉਹ ਚਿੱਠੀਆਂ ਰੱਦ ਕਰ ਸਕਦੇ ਹਨ। ਇਹ ਵੀ ਮੁੱਦਾ ਹੈ ਕਿ ਉਹ ਏਦਾਂ ਦਾ ਕੰਮ ਖੁਦ ਕਰਦੇ ਹਨ ਕਿ ਕੋਈ ਸਿਆਸੀ ਦਬਦਬੇ ਵਾਲੀ ਹਸਤੀ ਏਦਾਂ ਦਾ ਕੰਮ ਕਰਵਾਉਂਦੀ ਹੈ ਤੇ ਜੇ ਆਪ ਕਰਦੇ ਹਨ ਤਾਂ ਪੂੰਨਾਂ-ਹੱਥੀ ਕਰਦੇ ਹਨ ਜਾਂ 'ਚਿੱਠੀ-ਲਿਖਵਾਈ' ਦੀ ਭੇਟਾ ਵੀ ਖਰੀ ਕਰ ਲੈਂਦੇ ਹਨ! ਇਸ ਤਰ੍ਹਾਂ ਇਹ ਮੁੱਦਾ ਆਪਣੇ ਆਪ ਵਿਚ 'ਸਾਜ਼ਿਸ਼' ਹੈ।

ਇਸ ਵੇਲੇ ਵਿਵਾਦ ਵਿਚ ਫਸੀ ਫਿਲਮ ਦੇ ਡਾਇਰੈਕਟਰ ਨੂੰ ਮਿਲੀ ਚਿੱਠੀ ਬਾਰੇ ਪਹਿਲਾਂ ਸ਼੍ਰੋਮਣੀ ਕਮੇਟੀ ਵਾਲਿਆਂ ਨੇ ਇਹ ਕਿਹਾ ਕਿ ਇਹ ਚਿੱਠੀ ਸ਼੍ਰੋਮਣੀ ਕਮੇਟੀ ਦੇ ਸਾਬਕਾ ਚੀਫ ਸੈਕਟਰੀ ਨੇ ਦਿੱਤੀ ਸੀ। ਅੱਗੋਂ ਸਾਬਕਾ ਚੀਫ ਸੈਕਟਰੀ ਨੇ ਕਹਿ ਦਿੱਤਾ ਕਿ ਉਸ ਨੇ ਕੋਈ ਚਿੱਠੀ ਨਹੀਂ ਦਿੱਤੀ, ਉਸ ਦੀ ਡਿਊਟੀ ਇੱਕ ਕਮੇਟੀ ਨਾਲ ਜਾ ਕੇ ਫਿਲਮ ਵੇਖਣ ਤੇ ਉਸ ਦੀ ਰਿਪੋਰਟ ਦੇਣ ਦੀ ਸੀ ਤੇ ਉਨ੍ਹਾਂ ਦੀ ਰਿਪੋਰਟ ਤੋਂ ਪਹਿਲਾਂ ਹੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਚਿੱਠੀ ਜਾਰੀ ਕਰ ਦਿੱਤੀ ਸੀ। ਏਨੀ ਗੱਲ ਨਾਲ ਸਿੱਧਾ ਇਸ਼ਾਰਾ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲ ਹੋ ਗਿਆ ਤਾਂ ਅਗਲੀ ਗੱਲ ਨਿਕਲ ਤੁਰੀ ਕਿ ਅਕਾਲ ਤਖਤ ਦੇ ਜਥੇਦਾਰ ਨੇ ਜਦੋਂ ਸਿਰਸਾ ਦੇ ਸੱਚਾ ਸੌਦਾ ਡੇਰੇ ਵਾਲੇ ਬਾਬੇ ਵਾਸਤੇ ਮੁਆਫੀਨਾਮਾ ਜਾਰੀ ਕੀਤਾ ਸੀ, ਉਸ ਦੀ ਚਿੱਠੀ ਵੀ ਖੁਦ ਨਹੀਂ ਸੀ ਬਣਾਈ, ਇਸ ਵਾਰ ਵੀ ਆਪਣੇ ਆਪ ਨਹੀਂ ਲਿਖੀ ਹੋਣੀ! ਏਨੀ ਗੱਲ ਦੀ ਚਰਚਾ ਨਾਲ ਇਹ ਮੁੱਦਾ ਇੱਕ ਵੱਡੇ ਸਿਆਸੀ ਘਰਾਣੇ ਨਾਲ ਜੁੜਨ ਲੱਗ ਪਿਆ ਤੇ ਉਸ ਘਰਾਣੇ ਦੇ ਲੋਕ ਬੋਲ ਨਹੀਂ ਰਹੇ। ਸਾਜ਼ਿਸ਼ ਦੀ ਗੱਲ ਕਹਿ ਕੇ ਸੰਸਾਰ ਭਰ ਦੇ ਸਿੱਖ ਭਾਈਚਾਰੇ ਨੂੰ ਜੋ ਸੰਕੇਤ ਕੀਤਾ ਗਿਆ ਹੈ, ਜੇ ਉਸ ਸੰਕੇਤ ਦੀ ਨਿਸ਼ਾਨਦੇਹੀ ਚਿੱਠੀਆਂ ਦੇ ਰੂਪ ਵਿਚ ਸ਼੍ਰੋਮਣੀ ਕਮੇਟੀ ਦੀ ਲੀਡਰਸ਼ਿਪ ਤੱਕ ਜਾਂਦੀ ਹੈ ਤਾਂ ਪਰਦਾ ਵੀ ਉਠਣ ਦੇਣਾ ਚਾਹੀਦਾ ਹੈ।

ਇਹ ਗੱਲ ਅਸੀਂ ਇਸ ਕਰ ਕੇ ਕਹੀ ਹੈ ਕਿ ਤਾਜ਼ਾ ਹੁਕਮਨਾਮੇ ਵਿਚ 1978 ਦੇ ਹੁਕਮਨਾਮੇ ਦਾ ਜ਼ਿਕਰ ਵੀ ਕੀਤਾ ਗਿਆ ਹੈ, ਪਰ ਉਹ ਹੁਕਮਨਾਮਾ ਜਿਨ੍ਹਾਂ ਨਿਰੰਕਾਰੀਆਂ ਦੇ ਖਿਲਾਫ ਕੀਤਾ ਗਿਆ ਸੀ, ਅਕਾਲੀ ਲੀਡਰਸ਼ਿਪ ਅੱਜ ਤੱਕ ਇਹ ਨਹੀਂ ਦੱਸ ਸਕੀ ਕਿ ਉਨ੍ਹਾਂ ਨਿਰੰਕਾਰੀਆਂ ਨਾਲ ਉਸ ਹੁਕਮਨਾਮੇ ਤੋਂ ਪਹਿਲਾਂ ਕਿੱਦਾਂ ਦੇ ਸਬੰਧ ਸਨ? ਬਹੁਤੇ ਲੋਕ ਇਹ ਗੱਲ ਨਹੀਂ ਜਾਣਦੇ ਕਿ 1978 ਦਾ ਹੁਕਮਨਾਮਾ ਜਾਰੀ ਹੋਣ ਤੋਂ ਮਸਾਂ ਤੇਰਾਂ ਮਹੀਨੇ ਪਹਿਲਾਂ ਉਨ੍ਹਾਂ ਹੀ ਨਿਰੰਕਾਰੀਆਂ ਦੇ ਮੁਖੀ ਵੱਲ ਲਗਭਗ ਸਾਰੇ ਵੱਡੇ ਅਕਾਲੀ ਲੀਡਰਾਂ ਨੇ ਵੋਟਾਂ ਮੰਗਣ ਲਈ ਜਦੋਂ ਚਿੱਠੀਆਂ ਲਿਖੀਆਂ ਤਾਂ ਉਨ੍ਹਾਂ ਦਾ ਮੁੱਢ 'ਹਿੱਜ਼ ਹਾਈਨੈਸ ਸ੍ਰੀ ਸਤਿਗੁਰੂ ਗੁਰਬਚਨ ਸਿੰਘ ਜੀ ਮਹਾਰਾਜ' ਦੇ ਸ਼ਬਦਾਂ ਨਾਲ ਹੁੰਦਾ ਸੀ। ਕਮਾਲ ਦੀ ਗੱਲ ਹੈ ਕਿ ਸਿਰਫ ਤੇਰਾਂ ਮਹੀਨੇ ਪਹਿਲਾਂ ਜਿਸ ਨੂੰ 'ਹਿੱਜ਼ ਹਾਈਨੈਸ ਸ੍ਰੀ ਸਤਿਗੁਰੂ ਜੀ' ਲਿਖਿਆ ਜਾਂਦਾ ਰਿਹਾ ਸੀ, ਉਸ ਨਾਲ ਨੇੜਤਾ ਰੱਖਣ ਵਾਲੇ ਅਕਾਲੀ ਲੀਡਰ ਹੀ ਬਾਅਦ ਵਿਚ ਉਸ ਨੂੰ 'ਸਾਜ਼ਿਸ਼' ਦਾ ਹਿੱਸਾ ਦੱਸ ਕੇ ਰੌਲਾ ਪਾਉਣ ਲੱਗੇ ਸਨ। ਫਿਰ ਡੇਰਾ ਸੱਚਾ ਸੌਦਾ ਦੇ ਮੁਖੀ ਕੋਲ ਹਰ ਚੋਣ ਵਿਚ ਜਾ ਕੇ ਉਸ ਦੀ ਚਰਨ-ਬੰਦਨਾ ਕਰਦੇ ਰਹਿਣ ਵਾਲੇ ਅਕਾਲੀ ਲੀਡਰਾਂ ਨੇ ਉਸ ਵਿਰੁਧ ਸੰਸਾਰ ਭਰ ਦੇ ਸਿੱਖਾਂ ਨੂੰ ਭੜਕਾਇਆ ਤੇ ਪੰਜ ਸਾਲ ਬਾਅਦ ਵਿਧਾਨ ਸਭਾ ਚੋਣਾਂ ਵਿਚ ਉਸ ਦੀਆਂ ਵੋਟਾਂ ਲੈਣ ਲਈ ਉਸ ਉਤੇ ਚੱਲਦਾ ਕੇਸ ਚੁੱਪ-ਚੁਪੀਤੇ ਵਾਪਸ ਕਰਾਉਣ ਦਾ ਐਫੀਡੇਵਿਟ ਪੇਸ਼ ਕਰਵਾ ਦਿੱਤਾ ਸੀ। ਏਡੀ ਵੱਡੀ ਸਾਜ਼ਿਸ਼ੀ ਹਰਕਤ ਨੂੰ ਅੱਜ ਤੱਕ ਅਕਾਲ ਤਖਤ ਜਾਂ ਕਿਸੇ ਵੀ ਹੋਰ ਸਿੱਖ ਅਦਾਰੇ ਨੇ ਕਦੀ ਸਾਜ਼ਿਸ਼ ਨਹੀਂ ਆਖਿਆ, ਤੇ ਕਦੇ ਆਖਣਾ ਵੀ ਨਹੀਂ।

ਫਿਲਮ 'ਨਾਨਕ ਸ਼ਾਹ ਫਕੀਰ' ਦੇ ਕੇਸ ਵਿਚ ਏਧਰ-ਓਧਰ ਸਾਜ਼ਿਸ਼ੀਆਂ ਦੀ ਭਾਲ ਕਰਨ ਦਾ ਸਾਂਗ ਹੋਈ ਜਾ ਰਿਹਾ ਹੈ, ਪਰ ਸ਼੍ਰੋਮਣੀ ਕਮੇਟੀ ਵਿਚ ਬੈਠੇ ਉਹ ਲੋਕ ਕਾਰਵਾਈ ਦੇ ਦਾਇਰੇ ਤੋਂ ਬਾਹਰ ਹਨ, ਜੋ ਫਿਲਮ ਦੀ ਹਰ ਸਰਗਰਮੀ ਨਾਲ ਜੁੜੇ ਦੱਸੇ ਜਾਂਦੇ ਹਨ। ਮਿਸਾਲ ਵਜੋਂ ਫਿਲਮ ਦਾ ਪਰੋਮੋ ਜਾਰੀ ਕਰਨ ਵਿਚ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਦਾ ਨਾਂ ਆਉਂਦਾ ਹੈ, ਉਸ ਨੂੰ ਕਿਸੇ ਨੇ ਪੁੱਛਿਆ ਹੀ ਨਹੀਂ, ਕਿਉਂਕਿ ਉਹ ਸ਼੍ਰੋਮਣੀ ਕਮੇਟੀ ਨੂੰ ਜੇਬ ਵਿਚ ਰੱਖਣ ਦਾ ਭਰਮ ਪਾਲਣ ਵਾਲੀ ਅਕਾਲੀ ਲੀਡਰਸ਼ਿਪ ਦਾ ਹਿੱਸਾ ਹੈ। ਜਦੋਂ ਬੁੱਕਲ ਵਿਚ ਚੋਰ ਬੈਠੇ ਹੋਏ ਹਨ ਤਾਂ ਫਿਰ ਸਾਜ਼ਿਸ਼ ਦਾ ਰੌਲਾ ਕਿਸ ਦੇ ਖਿਲਾਫ ਤੇ ਕਿਹੜੇ ਮਕਸਦ ਲਈ ਪਾਇਆ ਜਾਂਦਾ ਹੈ? ਗੱਲ ਸਿਰਫ ਇੱਕ ਫਿਲਮ ਦੀ ਨਹੀਂ, ਪਿਛਲੇ ਦਸ ਸਾਲਾਂ ਵਿਚ ਕੁਝ ਕਿਤਾਬਾਂ ਬਾਰੇ ਵੀ ਅਜਿਹੀ ਦੂਸ਼ਣਬਾਜ਼ੀ ਹੁੰਦੀ ਰਹੀ ਤੇ ਕਦੇ ਇਹ ਪਤਾ ਨਹੀਂ ਲੱਗ ਸਕਿਆ ਕਿ ਉਨ੍ਹਾਂ ਦੀ ਜਾਂਚ ਹੋਈ ਕਿ ਨਹੀਂ ਤੇ ਜੇ ਹੋਈ ਸੀ ਤਾਂ ਸਿੱਟਾ ਕੀ ਨਿਕਲਿਆ ਸੀ? ਆਮ ਲੋਕਾਂ ਤੇ ਲੇਖਕਾਂ ਜਾਂ ਫਿਲਮਕਾਰਾਂ ਨੂੰ ਸ਼ਿਕਾਇਤਾਂ ਦੇ ਦੋਸ਼ ਹੇਠ ਚਿੱਠੀਆਂ ਜਾਰੀ ਕਰਨ ਤੇ ਫਿਰ ਅੰਦਰਖਾਤੇ ਮਾਮਲੇ ਮੁਕਾਉਣ ਦੀ ਜੋ ਬਦਨਾਮੀ ਚਿਰਾਂ ਤੋਂ ਹੋਈ ਜਾ ਰਹੀ ਸੀ, ਇਸ ਫਿਲਮ ਦਾ ਵਿਵਾਦ ਵੀ ਓਸੇ ਵਰਤਾਰੇ ਨਾਲ ਜੁੜਦਾ ਮਹਿਸੂਸ ਹੁੰਦਾ ਹੈ।

# ਫਿਲਮ 'ਨਾਨਕ ਸ਼ਾਹ ਫਕੀਰ' ਦਾ ਰੇੜਕਾ

## ਭਖਦੇ ਮੁੱਦੇ

ਡਾ. ਹਰਪਾਲ ਸਿੰਘ ਪੰਨੂ
ਫੋਨ: 91-94642-51454

ਫਿਲਮ 'ਨਾਨਕ ਸ਼ਾਹ ਫਕੀਰ' ਦੀ ਪ੍ਰੋਡਕਸ਼ਨ ਵਾਸਤੇ ਹਰਿੰਦਰ ਸਿੰਘ ਸਿੱਕਾ ਨੇ 2014 ਤੋਂ ਵਿਉਂਤਬੰਦੀ ਸ਼ੁਰੂ ਕੀਤੀ। ਵਕਤ-ਬੇਵਕਤ ਜਥੇਦਾਰਾਂ ਨੂੰ ਮਿਲ ਕੇ ਸਕੀਮ ਸਮਝਾਉਂਦਾ ਰਿਹਾ ਤੇ ਪ੍ਰਵਾਨਗੀ ਮੰਗਦਾ ਰਿਹਾ। ਪ੍ਰਵਾਨਗੀ ਲੈਣ ਵਾਸਤੇ ਕੀ ਉਸ ਨੇ ਇਹ ਸਪਸ਼ਟ ਕੀਤਾ ਸੀ ਕਿ ਫਿਲਮ ਵਿਚ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਪਰਿਵਾਰ ਦੀ ਭੂਮਿਕਾ ਅਭਿਨੇਤਾ ਅਤੇ ਅਭਿਨੇਤਰੀਆਂ ਮਰਦ-ਔਰਤਾਂ ਨਿਭਾਉਣਗੇ? ਕੀ ਜਥੇਦਾਰਾਂ ਨੇ ਇਹ ਪ੍ਰਵਾਨਗੀ ਦਿੱਤੀ ਸੀ? ਜੇ ਦਿੱਤੀ ਸੀ, ਤਦ ਭਾਰੀ ਕੁਤਾਹੀ ਤੇ ਗੈਰਜਿੰਮੇਵਾਰੀ ਹੈ, ਜੇ ਨਹੀਂ ਤਾਂ ਭਾਰੇ ਬਜਟ ਦੀ ਫਿਲਮ ਬਿਨਾ ਆਗਿਆ ਬਣਾਉਣ ਦਾ ਜੋਖਮ ਸਿੱਕਾ ਨੇ ਕਿਉਂ ਉਠਾਇਆ?

ਐਨੀਮੇਸ਼ਨ ਦੇ ਰੂਪ ਵਿਚ ਚਾਰ ਸਾਹਿਬਜ਼ਾਦੇ ਫਿਲਮ ਲੋਕਾਂ ਨੇ ਭਾਰੀ ਦਿਲਚਸਪੀ ਨਾਲ ਦੇਖੀ ਅਤੇ ਪ੍ਰਸ਼ੰਸਾ ਕੀਤੀ। ਸਾਰੀ ਤਾਂ ਨਹੀਂ, ਵਟਸੈਪ ਰਾਹੀਂ ਮੈਂ ਇਸ ਦੇ ਕੁਝ ਹਿੱਸੇ ਦੇਖੇ ਹਨ, ਜਿਨ੍ਹਾਂ ਵਿਚੋਂ ਉਚ ਕੋਟੀ ਦੀ ਕਲਾ ਦਾ ਕੋਈ ਨਮੂਨਾ ਨਹੀਂ ਦਿੱਸਿਆ।

ਫਿਲਮ 'ਨਾਨਕ ਸ਼ਾਹ ਫਕੀਰ' ਬਣੀ, ਰਿਲੀਜ਼ ਹੋਣ ਤੋਂ ਪਹਿਲਾਂ ਦਿਖਾਉਣ ਦੀ ਸ਼ਰਤ ਪੂਰੀ ਕਰਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਥਾਪੀ ਕਲਾ ਮਾਹਿਰ ਕਮੇਟੀ ਨੂੰ ਦਿਖਾਈ। ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਖੁਦ ਵੀ ਦੇਖੀ। ਕਮੇਟੀ ਅਤੇ ਸਿੰਘ ਸਾਹਿਬ ਨੇ 'ਸਭ ਅੱਛਾ ਹੈ' ਦਾ ਸਰਟੀਫਿਕੇਟ ਜਾਰੀ ਕਰ ਦਿੱਤਾ।

ਸ਼੍ਰੋਮਣੀ ਕਮੇਟੀ ਵਲੋਂ ਕੇਵਲ ਪ੍ਰਦਰਸ਼ਨ ਦੀ ਪ੍ਰਵਾਨਗੀ ਹੀ ਨਹੀਂ ਮਿਲੀ, ਇਸ ਫਿਲਮ ਦੇ ਪੋਸਟਰ ਗੁਰਦੁਆਰਿਆਂ ਵਿਚ ਲਾਉਣ ਲਈ ਮੈਨੇਜਰਾਂ ਦੇ ਨਾਮ ਸਰਕੁਲਰ ਵੀ ਜਾਰੀ ਕੀਤਾ ਗਿਆ। ਪ੍ਰਵਾਨਗੀ ਦੇ ਪੱਤਰ ਨੰ: 21104 ਮਿਤੀ 13-05-16 ਵਿਚ ਸਿੱਕਾ ਨੂੰ ਲਿਖਿਆ ਗਿਆ ਹੈ, "ਇਸ ਦਫਤਰ ਦੇ ਪੱਤਰ ਨੰ: 31424 ਮਿਤੀ 24-02-16 ਦੀ ਨਿਰੰਤਰਤਾ ਵਿਚ ਕਿਹਾ ਜਾਂਦਾ ਹੈ ਕਿ ਸ਼੍ਰੋ. ਗੁ. ਪ੍ਰ. ਕਮੇਟੀ ਅੰਮ੍ਰਿਤਸਰ ਵਲੋਂ ਥਾਪੀ ਕਮੇਟੀ ਨੇ ਇਹ ਫਿਲਮ ਦੇਖਣ ਬਾਅਦ ਨਾਨਕ ਸ਼ਾਹ ਫਕੀਰ ਰਿਲੀਜ਼ ਕਰਨ ਉਪਰ ਕੋਈ ਇਤਰਾਜ਼ ਨਹੀਂ ਦਾ ਸਰਟੀਫਿਕੇਟ ਜਾਰੀ ਕਰ ਦਿੱਤਾ ਹੈ।" ਇਸ ਪੱਤਰ 'ਤੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਹਰਚਰਨ ਸਿੰਘ ਦੇ ਦਸਤਖਤ ਹਨ।

ਡਾ. ਰੂਪ ਸਿੰਘ ਮੁੱਖ ਸਕੱਤਰ ਦੇ ਦਸਤਖਤਾਂ ਹੇਠ ਇਕ ਸਰਕੁਲਰ ਨੰ: 11992/8 ਮਿਤੀ 19-03-18 ਜਾਰੀ ਹੋਇਆ ਜਿਸ ਵਿਚ ਗੁਰਦੁਆਰਿਆਂ ਦੇ ਮੈਨੇਜਰਾਂ ਨੂੰ ਲਿਖਿਆ ਗਿਆ, "ਸ੍ਰੀਮਾਨ ਜੀ, ਸ. ਹਰਿੰਦਰ ਸਿੰਘ ਸਿੱਕਾ, ਪ੍ਰੋਡਿਊਸਰ ਨਾਨਕ ਸ਼ਾਹ ਫਕੀਰ, 160, ਪੌਕਿਟ 1, ਜਸੋਲਾ ਵਿਹਾਰ, ਨਵੀਂ ਦਿੱਲੀ ਵੱਲੋਂ ਪ੍ਰਾਪਤ ਪੱਤ੍ਰਿਕਾ ਦੇ ਸਬੰਧ ਵਿਚ ਲਿਖਿਆ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦੀ ਸਬ ਕਮੇਟੀ ਵੱਲੋਂ ਮਨਜ਼ੂਰਸ਼ੁਦਾ ਧਾਰਮਿਕ ਫਿਲਮ 'ਨਾਨਕ ਸ਼ਾਹ ਫਕੀਰ' ਦੇ ਪ੍ਰਚਾਰ ਲਈ ਗੁਰਦੁਆਰਾ ਸਾਹਿਬਾਨ ਦੇ ਕੰਪਲੈਕਸ ਵਿਖੇ ਯੋਗ ਥਾਂਵਾਂ ਪੁਰ ਇਸ਼ਤਿਹਾਰ ਲਾਉਣ ਦੀ ਆਗਿਆ ਹੈ। ਮੈਨੇਜਰ ਗੁਰਦੁਆਰਾ ਸਾਹਿਬਾਨ ਆਪੋ ਆਪਣੀ ਹਾਜਰੀ ਵਿਚ ਢੁਕਵੀਂ ਜਗ੍ਹਾ ਦੇਖ ਕੇ ਇਸ਼ਤਿਹਾਰ ਲਗਵਾ ਦੇਣ ਦੀ ਕ੍ਰਿਪਾਲਤਾ ਕਰਨ।"




ਸ਼੍ਰੋਮਣੀ ਕਮੇਟੀ ਵੱਲੋਂ ਥਾਪੀ ਗਈ ਸਬ ਕਮੇਟੀ ਤੋਂ ਇਲਾਵਾ ਅਜੇ ਤੱਕ ਕਿਸੇ ਹੋਰ ਨੇ ਇਹ ਫਿਲਮ ਨਹੀਂ ਦੇਖੀ। ਰਿਲੀਜ਼ ਹੋਣ ਤੋਂ ਪਹਿਲਾਂ ਦੇਖੀ ਵੀ ਕਿਵੇਂ ਜਾ ਸਕਦੀ ਹੈ? ਪ੍ਰਚਾਰ ਵਾਸਤੇ ਫਿਲਮ ਦੇ ਟ੍ਰੇਲਰ ਸੋਸ਼ਲ ਮੀਡੀਆ ਉਪਰ ਪਾਏ, ਤਦ ਦਰਸ਼ਕਾਂ ਨੂੰ ਪਤਾ ਲੱਗਾ ਕਿ ਗੁਰੂ ਜੀ ਅਤੇ ਗੁਰੂ ਪਰਿਵਾਰ ਦੇ ਜੀਆਂ ਦੇ ਰੋਲ ਐਕਟਰਾਂ/ਐਕਟਰੈਸਾਂ ਨੇ ਨਿਭਾਏ ਹਨ। ਇਸ ਨਾਲ ਧਮਾਕਾ ਹੋਣਾ ਹੀ ਹੋਣਾ ਸੀ। ਮੀਡੀਏ ਉਪਰ ਇਤਰਾਜ਼ ਦਰ ਇਤਰਾਜ਼ ਸ਼ੁਰੂ ਹੋਏ। ਪੰਜ ਮੁਤਵਾਜ਼ੀ ਜਥੇਦਾਰਾਂ ਨੇ ਫਿਲਮ ਉਪਰ ਪਾਬੰਦੀ ਦੀ ਮੰਗ ਕਰ ਦਿੱਤੀ ਕਿ ਪੰਥ ਨੂੰ ਇਹ ਬੇਅਦਬੀ ਮਨਜ਼ੂਰ ਨਹੀਂ। ਹਵਾ, ਹਨੇਰੀ ਦਾ ਰੂਪ ਵਟਾਉਣ ਲੱਗੀ ਤਾਂ ਸ਼੍ਰੋਮਣੀ ਕਮੇਟੀ ਅਤੇ ਜਥੇਦਾਰ ਅਕਾਲ ਤਖਤ ਨੇ ਬਿਆਨ ਦਾਗ ਦਿੱਤਾ, ਫਿਲਮ ਰਿਲੀਜ਼ ਨਹੀਂ ਹੋਣ ਦਿੱਤੀ ਜਾਏਗੀ। ਸੁਪਰੀਮ ਕੋਰਟ ਨੂੰ ਅਪੀਲ ਕਰਕੇ ਕਹਾਂਗੇ, ਪ੍ਰਵਾਨਗੀ ਵਾਪਸ ਲੈ ਕੇ ਪਾਬੰਦੀ ਲਗਾਏ।

ਫਿਲਮ ਦੇਖ ਕੇ ਰਿਲੀਜ਼ ਕਰਨ ਦੀ ਪ੍ਰਵਾਨਗੀ ਦੇਣ ਵਾਲੇ ਵੀ ਸਿੰਘ ਸਾਹਿਬ ਜਥੇਦਾਰ ਅਕਾਲ ਤਖਤ ਅਤੇ ਸ਼੍ਰੋਮਣੀ ਕਮੇਟੀ, ਹੁਣ ਪਾਬੰਦੀ ਦੀ ਮੰਗ ਕਰਨ ਵਾਲੇ ਵੀ ਇਹੋ ਸੱਜਣ! ਇਹ ਸਾਰਾ ਤਮਾਸ਼ਾ ਕਿਉਂ ਹੋ ਰਿਹਾ ਹੈ ਤੇ ਕੌਣ ਕਰਵਾ ਰਿਹਾ ਹੈ? ਸ਼੍ਰੋਮਣੀ ਕਮੇਟੀ ਕੋਲ ਉਹ ਕਿਹੜੇ ਲਾਸਾਨੀ ਕਲਾ ਪਾਰਖੂ ਹਨ ਜੋ ਕਦੀ ਪ੍ਰਦਰਸ਼ਨ ਦੀ ਆਗਿਆ ਦੇ ਦਿੰਦੇ ਹਨ, ਫਿਰ ਵਾਪਸ ਲੈ ਲੈਂਦੇ ਹਨ? ਜਿਸ ਸ਼੍ਰੋਮਣੀ ਕਮੇਟੀ ਨੇ ਫਿਲਮ ਦਿਖਾਉਣ ਦੀ ਆਗਿਆ ਦਿੱਤੀ, ਗੁਰਦੁਆਰਿਆਂ ਵਿਚ ਪੋਸਟਰ ਲਾਉਣ ਦੀ ਡਿਊਟੀ ਮੈਨੇਜਰਾਂ ਦੀ ਲਾਈ, ਉਸੇ ਕਮੇਟੀ ਵੱਲੋਂ ਹੁਣ ਪਾਬੰਦੀ ਦੀ ਮੰਗ ਕਰਨਾ ਨੈਤਿਕ ਅਤੇ ਕਾਨੂੰਨਨ ਕਿਵੇਂ ਜਾਇਜ਼ ਹੈ? ਵੈਸੇ ਇਨ੍ਹਾਂ ਜਥੇਦਾਰਾਂ ਦੇ ਬਿਆਨਾਂ ਅਨੁਸਾਰ ਸ੍ਰੀ ਅਕਾਲ ਤਖਤ ਸਾਹਿਬ ਦੀ ਹੈਸੀਅਤ ਸੁਪਰੀਮ ਕੋਰਟ ਤੋਂ ਉਪਰ ਹੈ। ਜਿਸ ਅਕਾਲ ਤਖਤ ਨੇ ਖੁਦ ਪ੍ਰਦਰਸ਼ਨ ਦੀ ਪ੍ਰਵਾਨਗੀ ਦਿੱਤੀ ਹੋਵੇ, ਵਿਚਾਰੀ ਸੁਪਰੀਮ ਕੋਰਟ ਉਸ ਅੱਗੇ ਕੀ ਕਰੇ? ਜਥੇਦਾਰ ਕਿਹਾ ਕਰਦੇ ਹਨ, 'ਅਕਾਲ ਤਖਤ ਸਰਵਉਚ ਹੈ।' ਕਦੀ ਕਦੀ ਅਜਿਹਾ ਬਿਆਨ ਵੀ ਪੜ੍ਹਨ ਨੂੰ ਮਿਲਦਾ ਰਹਿੰਦਾ ਹੈ, ਸ੍ਰੀ ਅਕਾਲ ਤਖਤ ਦੀ ਸਰਵਉਚਤਾ ਹੋਰ ਉਚੀ ਹੋਈ। ਐਤਕਾਂ ਇਹੋ ਕੁਝ ਹੋਇਆ।

# ਕੈਲੀਫੋਰਨੀਆ ਵਾਲਿਆਂ ਨੂੰ 'ਭੰਗ' ਦਾ ਤੋਹਫਾ

*(ਪਿਛਲੇ ਸਫੇ ਦੀ ਬਾਕੀ)*

ਕਿਹਾ ਕਿ ਜਾਓ, ਜੰਗਲ ਵਿਚੋਂ ਇਹਦਾ ਸਿਰ ਲੱਭ ਕੇ ਲਿਆਓ। ਚੇਲੇ ਜਿਹੜੇ ਪਹਿਲਾਂ ਹੀ ਭੰਗ ਨਾਲ ਰੱਜੇ ਹੋਏ ਸੀ, ਜੰਗਲ ਵੱਲ ਤੁਰ ਪਏ ਪਰ ਉਹਦਾ ਸਿਰ ਨਾ ਲੱਭਿਆ। ਅਖੀਰ ਉਨ੍ਹਾਂ ਨੂੰ ਹਾਥੀ ਦਾ ਬੱਚਾ ਦਿਸ ਪਿਆ। ਕਹਿੰਦੇ, ਆਹੀ ਆ ਬੱਸ! ਭੰਗ ਦੇ ਨਸ਼ੇ 'ਚ ਉਹਦਾ ਸਿਰ ਵੱਢ ਲਿਆਂਦਾ ਤੇ ਸ਼ਿਵ ਜੀ ਨੂੰ ਦੇ ਦਿੱਤਾ। ਉਹ ਪਹਿਲਾਂ ਹੀ ਭੰਗ ਨਾਲ ਟੱਲੀ ਸੀ। ਉਹਨੇ ਚੁੱਕਿਆ ਹਾਥੀ ਦਾ ਸਿਰ, ਤੇ ਜੋੜ ਦਿੱਤਾ ਬੱਚੇ ਦੇ ਧੜ ਨਾਲ, ਤੇ ਉਹ ਬਣ ਗਏ ਗਣੇਸ਼ ਭਗਵਾਨ। ਇਹ ਸਾਰਾ ਕੁਝ ਕਰਵਾਇਆ ਭੰਗ ਨੇ।

ਹੁਣ ਦੇਖਣਾ ਇਹ ਹੈ ਕਿ ਆਉਣ ਵਾਲਾ ਵਕਤ ਸਟੇਟ ਵਿਚ ਮਨੋਰੰਜਕ ਭੰਗ ਦੇ ਕੀ ਜਲਵੇ ਦਿਖਾਲਦਾ ਹੈ? ਕੈਲੀਫੋਰਨੀਆ ਵਿਚ ਤਾਂ ਬੇਘਰੇ ਲੋਕਾਂ ਦੀ ਪਹਿਲਾਂ ਹੀ ਭਰਮਾਰ ਹੈ। ਹੁਣ ਭੰਗ ਪੀਣ ਦੀ ਕਾਨੂੰਨੀ ਖੁੱਲ੍ਹ ਅਤੇ ਉਪਰੋਂ ਇਥੇ ਦਾ ਖੁਸ਼ਗਵਾਰ ਮੌਸਮ ਭੰਗ ਪੀਣ ਵਾਲਿਆਂ ਨੂੰ ਵਾਜਾਂ ਮਾਰੇਗਾ। ਰਿਹਾਇਸ਼ ਪੱਖੋਂ ਇਹ ਪਹਿਲਾਂ ਹੀ ਮਹਿੰਗਾ ਹੈ ਤੇ ਆਉਣ ਵਾਲੇ ਸਮੇਂ ਵਿਚ ਭੰਗੀਆਂ ਦਾ ਭਾਰ ਵੀ ਇਥੋਂ ਦੇ ਲੋਕਾਂ ਸਿਰ ਹੀ ਪੈਣਾ ਹੈ। ਮੁਜਰਿਮਾਂ ਦੇ ਵਾਧੇ ਵਾਲੇ ਖਦਸ਼ੇ ਕਾਰਨ ਪੁਲਿਸ ਪਹਿਲਾਂ ਹੀ ਇਹਦੀ ਖੁੱਲ੍ਹੀ ਵਿਕਰੀ ਦੇ ਖਿਲਾਫ ਸੀ। ਕੁਝ ਕਾਊਂਟੀਆਂ ਇਸ 'ਤੇ ਰੋਕ ਲਾਉਣ ਬਾਰੇ ਵਿਚਾਰ ਵੀ ਕਰ ਰਹੀਆਂ ਹਨ। ਸਾਰੇ ਸੁਹਿਰਦ ਸ਼ਹਿਰੀ ਇਸ ਬਾਰੇ ਸਿਰ ਜੋੜਨ ਅਤੇ ਇਸ ਨਾਮੁਰਾਦ ਮਨੋਰੰਜਨ ਤੋਂ ਕਿਵੇਂ ਨਾ ਕਿਵੇਂ ਛੁਟਕਾਰਾ ਪਾਉਣ ਲਈ ਕਦਮ ਚੁੱਕਣ। ਜੇ ਕੁਝ ਨਾ ਕੀਤਾ ਗਿਆ ਤਾਂ ਅਮਰੀਕਾ ਦੀਆਂ ਦੂਜੀਆਂ ਸਟੇਟਾਂ ਨੇ ਵੀ ਮੁਨਾਫੇ ਦੇ ਮੱਦੇਨਜ਼ਰ ਇਹਦੀ ਖੁੱਲ੍ਹ ਦੇ ਦੇਣੀ ਹੈ। ਇਸ ਨਾਲ ਅਮਰੀਕਾ ਦੀ ਜੁਆਨੀ ਕਿਤੇ ਭੰਗੀ ਹੀ ਨਾ ਬਣ ਜਾਵੇ!

ਪੰਜਾਬ ਵੱਲ ਝਾਤੀ ਮਾਰੀਏ ਤਾਂ ਉਥੇ ਸ਼ੱਰੇਆਮ ਨਹਿਰਾਂ ਦੀਆਂ ਪਟੜੀਆਂ, ਸੜਕਾਂ ਦੇ ਕੰਢਿਆਂ, ਸ਼ਾਮਲਾਟਾਂ ਤੇ ਸਿਵਿਆਂ ਦੀਆਂ ਜਮੀਨਾਂ ਵਿਚ ਕੁਦਰਤੀ ਉਗੀ ਭੰਗ ਨੇ ਰਾਹ ਖੋਲ੍ਹ ਦਿੱਤਾ ਅਗਲੇ ਨਸ਼ਿਆਂ ਦਾ, ਤੇ ਉਤੋਂ ਹਵਾ ਦਿੱਤੀ ਚਿਲਮਾਂ ਪੀਣ ਵਾਲੇ ਨੰਗ ਧੜੰਗੇ ਸਾਧਾਂ ਨੇ। ਫਿਰ ਪੰਜਾਬ ਦੀ ਜੁਆਨੀ ਨਾਲ ਖਾਰ ਖਾਣ ਵਾਲੀ ਸਟੇਟ ਨੇ ਪੰਜਾਬ ਦੇ ਨਾਮਵਰ ਗਾਇਕਾਂ ਨੂੰ ਥਾਪੜਾ ਦਿੱਤਾ ਕਿ ਇਨ੍ਹਾਂ ਚਿਲਮਾਂ ਪੀਣੇ ਸਾਧਾਂ ਦੇ ਡੇਰਿਆਂ 'ਤੇ ਖੁੱਲ੍ਹੇ ਅਖਾੜੇ ਲਾ ਕੇ ਉਨ੍ਹਾਂ ਨੂੰ ਰੱਬ ਸਾਬਤ ਕਰਨ ਦਾ। ਫਿਰ ਪੈਦਾ ਹੋ ਗਏ ਚਿੱਟੇ ਦੇ ਸਿਆਸੀ ਵਪਾਰੀ ਅਤੇ ਰੋਲ ਕੇ ਰੱਖ ਦਿੱਤਾ ਪੰਜਾਬ! ਇਹ ਸਾਰਾ ਕੁਝ ਅਮਰੀਕਾ ਵਿਚ ਨਾ ਵਾਪਰੇ, ਇਸ ਲਈ ਇਥੇ ਦੀ ਹਰ ਕਮਿਊਨਿਟੀ ਮਿਲ ਕੇ ਮੁਹਾਜ਼ ਬਣਾ ਕੇ ਇਹਨੂੰ ਰੋਕੇ, ਨਾ ਕਿ ਭੰਗ ਵੇਚਣ ਦੇ ਲਾਇਸੈਂਸ ਲੈਣ ਲਈ ਸਰਕਾਰ ਕੋਲ ਅਰਜ਼ੀਆਂ ਦਿੰਦੇ ਫਿਰਨ!

ਪੰਜਾਬ ਟਾਈਮਜ਼

*ਸਨਿਚਰਵਾਰ, 21 ਅਪਰੈਲ 2018*

## ਭਗਵਾ ਬ੍ਰਿਗੇਡ ਦੀ ਕਰਤੂਤ

ਉਤਰ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਵਿਚ ਸਾਹਮਣੇ ਆਈਆਂ ਦੋ ਘਟਨਾਵਾਂ ਨੇ ਸਮੁੱਚੇ ਭਾਰਤ ਨੂੰ ਝੰਜੋੜ ਸੁੱਟਿਆ ਹੈ। ਇਨ੍ਹਾਂ ਦੋਹਾਂ ਘਟਨਾਵਾਂ ਵਿਚ ਬੱਚੀਆਂ ਨਾਲ ਜਬਰ ਜਨਾਹ ਕੀਤਾ ਗਿਆ। ਇਹ ਕਰਤੂਤ ਕਰਨ ਅਤੇ ਇਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਨ ਵਾਲਿਆਂ ਦਾ ਸਬੰਧ ਭਗਵਾ ਬ੍ਰਿਗੇਡ ਨਾਲ ਹੈ। ਦੋਵੇਂ ਘਟਨਾਵਾਂ ਕੁਝ ਦਲੇਰ ਜਿਊੜਿਆਂ ਦੀ ਮਦਦ ਨਾਲ ਇਸ ਦੇਸ਼ ਦੇ ਲੋਕਾਂ ਸਾਹਮਣੇ ਆਈਆਂ ਹਨ ਜਿਨ੍ਹਾਂ ਨੇ ਹਰ ਔਖ ਤੇ ਔਕੜ ਝੱਲੀ ਅਤੇ ਇਸ ਭਗਵਾ ਬ੍ਰਿਗੇਡ ਅੱਗੇ ਝੁਕਣ ਤੋਂ ਨਾਂਹ ਕਰ ਦਿੱਤੀ। ਇਕ ਖਾਨਾਬਦੋਸ਼ ਕਬੀਲੇ 'ਬੱਕਰਵਾਲ' ਨਾਲ ਸਬੰਧਤ ਅੱਠ ਸਾਲਾ ਕੁੜੀ ਨੂੰ ਦਸ ਜਨਵਰੀ ਨੂੰ ਉਸ ਵਕਤ ਅਗਵਾ ਕਰ ਲਿਆ ਗਿਆ ਜਦੋਂ ਉਹ ਸ਼ਾਮ ਵੇਲੇ ਚਰਾਂਦ ਵਿਚ ਘੋੜੇ ਚਰਾ ਰਹੀ ਸੀ। ਇਕ ਹਫਤੇ ਬਾਅਦ ਉਸ ਦੀ ਲਾਸ਼ ਮਿਲੀ। ਇਸ ਦੌਰਾਨ ਉਸ ਨੂੰ ਬੇਹੋਸ਼ ਕਰ ਕੇ ਉਸ ਨਾਲ ਜਬਰ ਜਨਾਹ ਕੀਤਾ ਜਾਂਦਾ ਰਿਹਾ। ਦਰਿੰਦਗੀ ਦੀ ਹੱਦ ਉਦੋਂ ਹੋਈ ਜਦੋਂ ਮਾਰਨ ਤੋਂ ਪਹਿਲਾਂ ਵੀ ਉਸ ਨਾਲ ਜਬਰ ਜਨਾਹ ਕੀਤਾ ਗਿਆ। ਹੋਰ ਤਾਂ ਹੋਰ ਜਿਸ ਵਕਤ ਪੁਲਿਸ ਇਸ ਕੇਸ ਦੀ ਜਾਂਚ-ਪੜਤਾਲ ਕਰ ਰਹੀ ਸੀ, ਉਸ ਦੇ ਰਾਹ ਵਿਚ ਅੜਿੱਕੇ ਡਾਹੁਣ ਦੇ ਯਤਨ ਕੀਤੇ ਗਏ। ਪਿਛਲੇ ਹਫਤੇ ਕਰਾਈਮ ਬਰਾਂਚ ਦੇ ਮੁਲਾਜ਼ਮ ਜਦੋਂ ਅਦਾਲਤ ਵਿਚ ਦੋਸ਼ੀਆਂ ਖਿਲਾਫ ਚਾਰਜਸ਼ੀਟ ਦਾਖਲ ਕਰਨ ਪੁੱਜੇ ਤਾਂ ਵਕੀਲਾਂ ਨੇ ਉਨ੍ਹਾਂ ਨੂੰ ਪੰਜ ਘੰਟੇ ਅਦਾਲਤ ਦੇ ਅੰਦਰ ਹੀ ਨਾ ਵੜਨ ਦਿੱਤਾ। ਜਿਹੜੀ ਵਕੀਲ ਇਹ ਕੇਸ ਲੜਨ ਲਈ ਤਿਆਰ ਹੋਈ, ਉਸ ਨੂੰ ਵੀ ਇਸ ਬੱਚੀ ਵਾਲਾ ਹਸ਼ਰ ਕਰਨ ਦੀ ਧਮਕੀ ਦਿੱਤੀ ਗਈ। ਉਸ ਨੂੰ ਬਾਰ ਐਸੋਸੀਏਸ਼ਨ ਵਿਚੋਂ ਤਾਂ ਪਹਿਲਾਂ ਹੀ ਕੱਢ ਦਿੱਤਾ ਗਿਆ ਸੀ। ਤਸੱਲੀ ਵਾਲੀ ਗੱਲ ਇਹ ਹੋਈ ਕਿ ਹਰ ਅੜਿੱਕੇ ਅਤੇ ਧਮਕੀਆਂ ਦੇ ਬਾਵਜੂਦ ਇਹ ਕੇਸ ਮੀਡੀਆ ਵਿਚ ਵੱਡੇ ਪੱਧਰ ਉਤੇ ਨਸ਼ਰ ਹੋਇਆ ਅਤੇ ਭਗਵਾ ਬ੍ਰਿਗੇਡ ਨੂੰ ਫਿਲਹਾਲ ਕੁਝ ਪਿਛੇ ਹਟਣਾ ਪੈ ਗਿਆ। ਮਸਲਾ ਵਿਚੋਂ ਇਹ ਸੀ ਕਿ ਮੰਦਿਰ ਦਾ ਪੁਜਾਰੀ ਤੇ ਇਸ ਕੇਸ ਦਾ ਮੁੱਖ ਦੋਸ਼ੀ ਸਾਂਝੀ ਰਾਮ ਇਲਾਕੇ ਵਿਚੋਂ ਬੱਕਰਵਾਲ ਭਾਈਚਾਰੇ ਨੂੰ ਖਦੇੜਨਾ ਚਾਹੁੰਦਾ ਸੀ। ਇਨ੍ਹਾਂ ਲੋਕਾਂ ਨੂੰ ਵਹਿਮ ਸੀ ਕਿ ਇਹ ਮੁਸਲਮਾਨ ਭਾਈਚਾਰਾ ਕਿਤੇ ਇਲਾਕੇ ਵਿਚ ਪੱਕੇ ਤੌਰ 'ਤੇ ਹੀ ਨਾ ਵਸ ਜਾਵੇ ਜਦਕਿ ਇਹ ਭਾਈਚਾਰਾ ਪਹਿਲੀ ਰੀਤ ਮੁਤਾਬਕ ਠੰਢ ਦੇ ਦਿਨਾਂ ਵਿਚ ਪਹਾੜਾਂ ਤੋਂ ਹੇਠਾਂ ਉਤਰ ਆਉਂਦਾ ਸੀ ਅਤੇ ਫਿਰ ਵਾਪਸ ਪਰਤ ਜਾਂਦਾ ਸੀ। ਇਸ ਭਾਈਚਾਰੇ ਦਾ ਮੁੱਖ ਧੰਦਾ ਪਸ਼ੂ ਪਾਲਣ ਹੈ। ਭਾਈਚਾਰੇ ਨੂੰ ਡਰਾਉਣ ਲਈ ਭਗਵਾ ਬ੍ਰਿਗੇਡ ਨਾਲ ਸਬੰਧਤ ਕੁਝ ਲੋਕਾਂ ਨੇ ਸੋਚ-ਸਮਝ ਕੇ ਇਹ ਭਿਆਨਕ ਕਾਰਾ ਕੀਤਾ ਅਤੇ ਭਗਵਾ ਬ੍ਰਿਗੇਡ ਨੇ ਬਹੁਤ ਬੇਸ਼ਰਮੀ ਨਾਲ ਇਨ੍ਹਾਂ ਲੋਕਾਂ ਦੀ ਮਦਦ ਕੀਤੀ ਜਿਸ ਬਾਰੇ ਪੜ੍ਹ-ਸੁਣ ਕੇ ਹਰ ਰੂਹ ਕੰਬ ਉਠੀ ਪਰ ਇਨ੍ਹਾਂ ਦਰਿੰਦਿਆਂ ਨੂੰ ਰੱਤੀ ਭਰ ਪੀੜ ਵੀ ਨਾ ਹੋਈ। ਇਨ੍ਹਾਂ ਲੋਕਾਂ ਨੇ ਪ੍ਰਚਾਰਿਆ ਇਹ ਕਿ ਪੁਲਿਸ ਨੇ ਕੇਸ ਦੀ ਜਾਂਚ ਸਹੀ ਨਹੀਂ ਕੀਤੀ, ਇਸ ਕਰ ਕੇ ਜਾਂਚ ਸੀ.ਬੀ.ਆਈ. ਤੋਂ ਕਰਵਾਈ ਜਾਵੇ।

ਦੂਜੀ ਘਟਨਾ ਵਿਚ ਉਤਰ ਪ੍ਰਦੇਸ਼ ਦੇ ਵਿਧਾਇਕ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂ ਕੁਲਦੀਪ ਸਿੰਘ ਸੇਂਗਰ ਉਤੇ ਦੋਸ਼ ਹਨ ਕਿ ਉਸ ਨੇ ਇਕ ਲੜਕੀ ਨਾਲ ਜਬਰ ਜਨਾਹ ਕੀਤਾ। ਲੜਕੀ ਵੱਲੋਂ ਲਗਾਤਾਰ ਮਾਮਲਾ ਉਠਾਉਣ 'ਤੇ ਉਸ ਦੇ ਪਿਤਾ ਨੂੰ ਪੁਲਿਸ ਨੇ ਚੁੱਕ ਲਿਆ ਅਤੇ ਪੁਲਿਸ ਹਿਰਾਸਤ ਵਿਚ ਵਿਧਾਇਕ ਦੇ ਭਰਾ ਨੇ ਲੜਕੀ ਦੇ ਪਿਤਾ ਨੂੰ ਇੰਨੀ ਬੇਦਰਦੀ ਨਾਲ ਕੁੱਟਿਆ ਕਿ ਉਸ ਦੀ ਮੌਤ ਹੋ ਗਈ। ਇੰਨੀ ਵਧੀਕੀ ਹੋਣ ਦੇ ਬਾਵਜੂਦ ਯੋਗੀ ਅਦਿਤਿਆਨਾਥ ਦੀ ਸਰਕਾਰ ਅਤੇ ਪੁਲਿਸ ਨੇ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ। ਇਸ ਦੌਰਾਨ ਕੁਝ ਲੋਕ ਇਹ ਕੇਸ ਅਦਾਲਤ ਵਿਚ ਲੈ ਗਏ ਅਤੇ ਅਦਾਲਤ ਨੇ ਯੋਗੀ ਅਦਿਤਿਆਨਾਥ ਦੀ ਸਰਕਾਰ ਨੂੰ ਸਪਸ਼ਟ ਪੁੱਛਿਆ ਸੀ ਕਿ ਸਰਕਾਰ ਵਿਧਾਇਕ ਨੂੰ ਗ੍ਰਿਫਤਾਰ ਕਿਉਂ ਨਹੀਂ ਕਰ ਰਹੀ ਅਤੇ ਉਸ ਖਿਲਾਫ ਕੇਸ ਕਿਉਂ ਨਹੀਂ ਦਰਜ ਕਰ ਰਹੀ? ਇਸ ਤੋਂ ਬਾਅਦ ਇਹ ਮਾਮਲਾ ਮੀਡੀਆ ਵਿਚ ਬਹੁਤ ਜ਼ਿਆਦਾ ਫੈਲ ਗਿਆ ਅਤੇ ਲੋਕ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਸਿੱਧੇ ਹੀ ਸਵਾਲ ਕਰਨ ਲੱਗੇ। ਲੋਕਾਂ ਨੇ ਮਿਹਣੇ ਤੱਕ ਮਾਰੇ ਕਿ ਜੇ ਧੀਆਂ ਨਾਲ ਇਸ ਤਰ੍ਹਾਂ ਹੀ ਹੋਣਾ ਹੈ ਤਾਂ 'ਬੇਟੀ ਬਚਾਓ ਬੇਟੀ ਪੜ੍ਹਾਓ' ਦਾ ਕੀ ਮਤਲਬ ਹੈ? ਹਰ ਨਿੱਕੀ-ਮੋਟੀ ਗੱਲ 'ਤੇ ਟਵੀਟ ਕਰਨ ਵਾਲੇ ਪ੍ਰਧਾਨ ਮੰਤਰੀ ਨੇ ਕਈ ਦਿਨਾਂ ਦੀ ਖਾਮੋਸ਼ੀ ਤੋਂ ਬਾਅਦ ਸਿਰਫ ਇੰਨਾ ਹੀ ਕਿਹਾ ਕਿ ਬੇਟੀਆਂ ਦੀ ਸੁਰੱਖਿਆ ਹਰ ਹਾਲ ਕੀਤੀ ਜਾਵੇਗੀ। ਇਸ ਤੋਂ ਬਾਅਦ ਹੀ ਇਸ ਕੇਸ ਦੀ ਜਾਂਚ ਸੀ.ਬੀ.ਆਈ. ਹਵਾਲੇ ਕਰ ਦਿੱਤੀ ਗਈ ਅਤੇ ਫਿਰ ਲੋਕ ਰੋਹ ਤੋਂ ਡਰਦਿਆਂ ਰਾਤੋ-ਰਾਤ ਵਿਧਾਇਕ ਨੂੰ ਗ੍ਰਿਫਤਾਰ ਵੀ ਕਰ ਲਿਆ ਗਿਆ। ਇਨ੍ਹਾਂ ਦੋ ਘਟਨਾਵਾਂ ਨੇ ਭਗਵਾ ਬ੍ਰਿਗੇਡ ਦੀ ਹਕੀਕਤ ਲੋਕਾਂ ਸਾਹਮਣੇ ਨਸ਼ਰ ਕਰ ਦਿੱਤੀ ਹੈ ਅਤੇ ਲੋਕਾਂ ਨੂੰ ਚਾਨਣ ਹੋ ਗਿਆ ਕਿ ਇਹ ਲੋਕ ਕਿਨ੍ਹਾਂ ਵਿਚਾਰਾਂ ਦੇ ਮਾਲਕ ਹਨ ਅਤੇ ਆਪਣੇ ਲੋਕਾਂ ਨੂੰ ਬਚਾਉਣ ਲਈ ਕਿਸ ਹੱਦ ਤੱਕ ਜਾ ਸਕਦੇ ਹਨ। ਇਨ੍ਹਾਂ ਦੋਹਾਂ ਮਾਮਲਿਆਂ ਵਿਚ ਮੀਡੀਆ ਦੇ ਇਕ ਹਿੱਸੇ ਵੱਲੋਂ ਭਗਵਾ ਬ੍ਰਿਗੇਡ ਦੇ ਹੱਕ ਵਿਚ ਲੋਕ-ਰਾਏ ਬਣਾਉਣ ਦਾ ਯਤਨ ਕੀਤਾ ਗਿਆ ਪਰ ਇਹ ਲੋਕ ਇਸ ਵਾਰ ਅਸਫਲ ਰਹੇ ਅਤੇ ਲੋਕਾਂ ਦੇ ਮਾਮਲੇ ਸੰਜੀਦਗੀ ਨਾਲ ਉਠਾਉਣ ਵਾਲਾ ਪੱਤਰਕਾਰ ਭਾਈਚਾਰਾ ਸਰਕਾਰ ਅਤੇ ਭਗਵਾ ਬ੍ਰਿਗੇਡ ਖਿਲਾਫ ਪੂਰੀ ਤਾਕਤ ਨਾਲ ਡਟਿਆ। ਸਿੱਟੇ ਵਜੋਂ ਇਹ ਦੋਵੇਂ ਮਾਮਲੇ ਸਮੁੱਚੇ ਦੇਸ਼ ਵਿਚ ਹੀ ਸਗੋਂ ਸੰਸਾਰ ਵਿਚ ਚਰਚਾ ਦਾ ਵਿਸ਼ਾ ਬਣੇ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਨੇ ਵੀ ਇਨ੍ਹਾਂ ਘਟਨਾਵਾਂ ਦਾ ਨੋਟਿਸ ਲਿਆ ਹੈ। ਪੂਰੇ ਚਾਰ ਸਾਲ ਭਗਵਾ ਬ੍ਰਿਗੇਡ ਨੇ ਆਪ-ਹੁਦਰੀਆਂ ਕੀਤੀਆਂ ਹਨ। ਇਸ ਨੇ ਘੱਟ ਗਿਣਤੀਆਂ ਅਤੇ ਦਲਿਤ ਭਾਈਚਾਰੇ ਨਾਲ ਜਿੰਨੀਆਂ ਜ਼ਿਆਦਤੀਆਂ ਕੀਤੀਆਂ, ਭਗਵਾਂ ਬ੍ਰਿਗੇਡ ਖਿਲਾਫ ਇਨ੍ਹਾਂ ਲੋਕਾਂ ਦਾ ਗੁੱਸਾ ਹੁਣ ਸੜਕਾਂ ਉਤੇ ਦੇਖਿਆ ਜਾ ਸਕਦਾ ਹੈ। ਸਿਆਸੀ ਮਾਹਿਰਾਂ ਦਾ ਵਿਸ਼ਲੇਸ਼ਣ ਹੈ ਕਿ ਜੇ ਇਹ ਲੋਕ ਇਸੇ ਤਰ੍ਹਾਂ ਇਕੱਠੇ ਹੋ ਕੇ ਭਗਵਾਂ ਬ੍ਰਿਗੇਡ ਦਾ ਮੁਕਾਬਲਾ ਕਰਨਗੇ ਤਾਂ ਕੋਈ ਵੱਡੀ ਗੱਲ ਨਹੀਂ ਹੋਵੇਗੀ ਕਿ ਇਸ ਨੂੰ ਅਗਲੀਆਂ ਲੋਕ ਸਭਾ ਵਿਚ ਹਾਰ ਦਾ ਸਾਹਮਣਾ ਕਰਨਾ ਪਵੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਭੰਨੋ ਘੜਾ ਜ਼ੁਲਮਾਂ ਦਾ*

'ਬੇਟੀ ਬਚਾਓ ਤੇ ਪੜ੍ਹਾਓ' ਦਾ ਲਾ ਨਾਅਰਾ, ਚੰਦ ਨਵਾਂ ਹੀ ਦੇਖੋ ਚਾੜ੍ਹ ਦਿੱਤਾ।
ਹੱਦ ਪਾਰ ਕੀਤੀ ਸ਼ਰਮ ਲਾਹ ਛੱਡੀ, ਪੰਨਾ ਹਯਾ ਵਾਲਾ ਹੀ ਪਾੜ ਦਿੱਤਾ।
ਕਰ ਕੇ ਜ਼ੁਲਮ ਭਗਵਾਨ ਦੇ ਦਰਾਂ ਉਤੇ, ਕੇਹਾ ਧਰਮ ਕਮਾਉਂਦੇ ਨੇ ਘੋਰ ਪਾਪੀ,
ਪੜ੍ਹ-ਸੁਣ ਕੇ ਰੂਹ ਪਈ ਕੰਬਦੀ ਏ, ਭਰੋਸਾ ਰੱਬ ਵਾਲਾ ਦੇਖੋ ਉਖਾੜ ਦਿੱਤਾ।
ਲੋਕੋ ਤੁਰੋ ਹੁਣ ਬੰਨ੍ਹ ਕਤਾਰ, ਇਸ ਤੋਂ ਬਿਨਾ ਨਹੀਂ ਜੱਗ ਦਾ ਸਰਨ ਲੱਗਿਆ।
ਭੰਨੋ ਘੜਾ ਉਹ ਹੁਣ ਚੌਰਾਹ ਅੰਦਰ, ਜੋ ਚਿਰਾਂ ਤੋਂ ਜ਼ੁਲਮਾਂ ਦਾ ਭਰਨ ਲੱਗਿਆ।

# ਕਠੂਆ ਕੇਸ, ਫਿਰਕੂ ਨਫਰਤ ਤੇ ਭਗਵਾ ਬ੍ਰਿਗੇਡ

**ਕਠੂਆ ਕੇਸ ਲੂੰ-ਕੰਡੇ ਖੜ੍ਹੇ ਕਰਨ ਵਾਲਾ ਹੈ। ਇਸ ਕੇਸ ਨਾਲ ਫਿਰਕੂ ਨਫਰਤ ਸਭ ਪਰਦੇ ਪਾੜ ਕੇ ਬਾਹਰ ਆ ਗਈ। ਅੱਠ ਸਾਲ ਦੀ ਮਾਸੂਮ ਬੱਚੀ ਨਾਲ ਜਿਸ ਢੰਗ ਨਾਲ ਪਹਿਲਾਂ ਵਧੀਕੀ ਕੀਤੀ ਗਈ ਅਤੇ ਫਿਰ ਜਿਸ ਢੰਗ ਨਾਲ ਦੋਸ਼ੀਆਂ ਨੂੰ ਬਚਾਉਣ ਲਈ ਰੋਸ ਮੁਜ਼ਾਹਰੇ ਤੱਕ ਕੀਤੇ ਗਏ, ਉਸ ਤੋਂ ਸਮਾਜ ਦੇ ਨਿੱਘਰ ਜਾਣ ਦਾ ਪਤਾ ਲੱਗਦਾ ਹੈ। ਅਭੈ ਸਿੰਘ ਨੇ ਇਸ ਹੌਲਨਾਕ ਕੇਸ ਦੇ ਕੁਝ ਪੱਖ ਆਪਣੇ ਇਸ ਲੇਖ ਵਿਚ ਸਾਂਝੇ ਕੀਤੇ ਹਨ। -ਸੰਪਾਦਕ**

ਪਤਾ ਨਹੀਂ ਬੇਹਯਾਈ ਦੀ ਕੋਈ ਹੱਦ ਹੁੰਦੀ ਵੀ ਹੈ ਜਾਂ ਨਹੀਂ ਪਰ ਜੰਮੂ ਕਸ਼ਮੀਰ ਦੇ ਕਸਬੇ ਕਠੂਆ ਵਿਚ ਅੱਠ ਸਾਲ ਦੀ ਲੜਕੀ ਨਾਲ ਜਬਰ ਜਨਾਹ ਅਤੇ ਕਤਲ ਦੇ ਕੇਸ ਵਿਚ ਜੋ ਕੁਝ ਹੋਇਆ ਹੈ, ਉਸ ਵਿਚ ਬੇਹਯਾਈ ਸਭ ਹੱਦਾਂ ਪਾਰ ਕਰ ਗਈ ਹੈ ਤੇ ਅਜੇ ਵੀ ਕਰ ਰਹੀ ਹੈ। ਪਤਾ ਹੀ ਨਹੀਂ ਲੱਗਦਾ ਕਿ ਇਸ ਨੂੰ ਹਵਸ ਕਹਾਂਗੇ, ਦਰਿੰਦਗੀ, ਗੈਰ ਸੱਭਿਅਕ ਜਾਂ ਬੇਸ਼ਰਮੀ? ਇਹ ਹੈਰਾਨੀ ਦੀ ਹੱਦ ਤੱਕ ਭਰਿਆ ਕਿੱਸਾ ਹੈ। ਕਿਸੇ ਤਰ੍ਹਾਂ ਇਹ ਅਨੁਮਾਨ ਨਹੀਂ ਲਗਾਇਆ ਜਾ ਸਕਦਾ ਕਿ ਇਨਸਾਨੀਅਤ ਇੰਨੀ ਹੇਠਾਂ ਵੀ ਡਿੱਗ ਸਕਦੀ ਹੈ।

ਜਬਰ ਜਨਾਹਾਂ ਦੇ ਕੇਸ ਤਾਂ ਪਹਿਲਾਂ ਵੀ ਪੜ੍ਹੇ-ਸੁਣੇ ਸਨ, ਛੋਟੀਆਂ ਬੱਚੀਆਂ ਬਾਰੇ ਵੀ, ਪਰ ਇਸ ਕਾਂਡ ਦੀ ਪਹਿਲਾਂ ਤਾਂ ਤਫਸੀਲ ਹੀ ਬਹੁਤ ਦਰਦਨਾਕ ਹੈ, ਤੇ ਦੂਜਾ ਇਸ ਕਾਂਡ ਤੋਂ ਬਾਅਦ ਜੋ ਕੁਝ ਵਾਪਰਦਾ ਰਿਹਾ ਤੇ ਹੁਣ ਵੀ ਵਾਪਰ ਰਿਹਾ ਹੈ, ਉਹ ਬਿਲਕੁਲ ਅਜੀਬ ਤੇ ਨਵੀਂ ਕਿਸਮ ਦਾ ਹੈ। ਬੱਕਰਵਾਲ ਟੱਪਰੀਵਾਸ ਕਬੀਲਾ ਹੈ ਜੋ ਜੰਮੂ ਕਸ਼ਮੀਰ ਅਤੇ ਰਾਜਸਥਾਨ ਵਿਚ ਵੱਡੀ ਗਿਣਤੀ ਵਿਚ ਮਿਲਦਾ ਹੈ। ਇਹ ਲੋਕ ਗਰਮੀਆਂ ਵਿਚ ਪਹਾੜਾਂ ਦੀਆਂ ਚੋਟੀਆਂ ਤੱਕ ਪਸ਼ੂ ਲੈ ਕੇ ਚਲੇ ਜਾਂਦੇ ਹਨ ਅਤੇ ਉਥੇ ਹੀ ਤੰਬੂ ਗੱਡ ਕੇ ਆਪਣਾ

ਇਸ ਲੜਕੀ ਨੂੰ ਪਹਿਲਾਂ ਹੀ ਖਰੀਦ ਕੇ ਰੱਖੀ ਹੋਈ ਬੇਹੋਸ਼ੀ ਦੀ ਦਵਾਈ ਪਿਆ ਦਿੱਤੀ ਗਈ ਸੀ ਅਤੇ ਕੁਕਰਮ ਕਰ ਕੇ ਭਗਵਾਨ ਦੇ ਘਰ ਸੁੱਟ ਦਿੱਤਾ ਗਿਆ ਸੀ। ਕਹਿੰਦੇ ਹਨ, ਭਗਵਾਨ ਤਾਂ ਸੱਤਾਂ ਪਰਦਿਆਂ ਵਿਚ ਵੀ ਸਭ ਕੁਝ ਦੇਖ ਲੈਂਦਾ ਹੈ ਪਰ ਉਹ ਆਪਣੇ ਸਾਹਮਣੇ ਹੀ ਮਜ਼ਲੂਮ ਨਾਲ ਹੁੰਦੇ ਜ਼ੁਲਮ ਨਹੀਂ ਦੇਖ ਸਕਿਆ। ਪੂਰੇ ਛੇ ਦਿਨ ਇਸ ਬੱਚੀ ਨੂੰ ਸਿਰਫ ਬੇਹੋਸ਼ੀ ਦੀਆਂ ਦਵਾਈਆਂ

**ਅਭੈ ਸਿੰਘ**
ਫੋਨ: 91-98783-75903

ਦੀ ਖੁਰਾਕ ਨਾਲ ਮੰਦਰ ਵਿਚ ਰੱਖਿਆ ਗਿਆ ਅਤੇ ਉਸ ਨਾਲ ਜ਼ਿਆਦਤੀ ਹੁੰਦੀ ਰਹੀ। ਜੋ ਗੱਲਾਂ ਸਾਹਮਣੇ ਆ ਰਹੀਆਂ ਹਨ, ਦੱਸਣੀਆਂ ਵੀ ਔਖੀਆਂ ਤੇ ਸੁਣਨੀਆਂ ਵੀ ਔਖੀਆਂ ਹਨ। ਇਹ ਲਿਖਣੀਆਂ ਵੀ ਆਸਾਨ ਨਹੀਂ ਤੇ ਪੜ੍ਹਨ ਵਾਸਤੇ ਵੀ ਵੱਡਾ ਜਿਗਰਾ ਮੰਗਦੀਆਂ ਹਨ। ਫੋਨ ਉਤੇ ਹੋਈਆਂ ਗੱਲਾਂ ਪਤਾ ਲੱਗ ਰਹੀਆਂ ਹਨ; ਪਿਤਾ ਆਪਣੇ ਪੁੱਤਰ ਨੂੰ ਕਹਿ ਰਿਹਾ ਹੈ ਕਿ ਅਜੇ ਇਸ ਨੂੰ ਜਾਨੋਂ ਨਾ ਮਾਰਨਾ, ਮੈਂ ਵੀ ਵਗਦੀ ਗੰਗਾ ਵਿਚ ਚੁੱਭੀ ਮਾਰ ਲਵਾਂ!

ਦਿੰਦੇ ਹਨ।

ਸਿਰਫ਼ ਇੰਨਾ ਇਤਮੀਨਾਨ ਹੈ, ਤਸੱਲੀ ਹੈ ਤੇ ਸ਼ੁਕਰ ਹੈ ਕਿ ਸਾਰਾ ਤਬਕਾ ਹੀ 'ਸੰਤੁਲਨ ਬਣਾਉਣ' ਵੱਲ ਨਹੀਂ ਤੁਰ ਪਿਆ। ਇਸ ਤਬਕੇ ਦੇ ਬਹੁਤ ਲੋਕ ਲੜਕੀ ਨੂੰ ਆਪਣੀ ਹੀ ਧੀ ਸਮਝ ਕੇ ਇਨਸਾਫ਼ ਦਿਵਾਉਣ ਵਾਸਤੇ ਤੱਤਪਰ ਹਨ। ਉਸ ਦੇ ਵਕੀਲ ਵੀ ਹਨ, ਗਵਾਹ ਵੀ ਤੇ ਤਫ਼ਤੀਸ਼ ਕਰਤਾ ਵੀ। ਜੰਮੂ ਬੰਦ ਜਿਸ ਦੇ ਸੱਦੇ ਵਿਚ ਭਾਜਪਾ ਮੰਤਰੀ ਵੀ ਸ਼ਾਮਿਲ ਸਨ, ਚੰਗਾ ਹੁੰਗਾਰਾ ਨਹੀਂ ਪ੍ਰਾਪਤ ਕਰ ਸਕਿਆ। ਬਹੁਤੇ ਕਸਬਿਆਂ ਤੇ ਪਿੰਡਾਂ ਵਿਚ ਇਸ ਦਾ ਕੋਈ ਅਸਰ ਨਹੀਂ।

ਸੁਣਿਆ ਹੈ ਕਿ ਵਕੀਲਾਂ ਵਾਸਤੇ ਲੜਾਈ ਦਾ ਹਥਿਆਰ ਕਾਨੂੰਨ ਹੁੰਦਾ ਹੈ ਲੇਕਿਨ ਇਥੇ ਉਹ ਬਾਹਵਾਂ ਟੁੰਗ ਕੇ ਅਦਾਲਤ ਦੇ ਕਮਰੇ ਵਿਚ ਪੁਲਿਸ ਵੱਲੋਂ ਚਾਰਜਸ਼ੀਟ ਪੇਸ਼ ਕਰਨ ਵੇਲੇ ਧੱਕਾ-ਮੁੱਕੀ ਕਰਦੇ ਹਨ। ਵਕੀਲ ਹੜਤਾਲਾਂ ਕਰਦੇ ਅਤੇ ਨਾਅਰੇ ਮਾਰਦੇ ਹਨ। ਉਹ ਤਾਂ ਕੋਈ ਅਨਪੜ੍ਹ ਗੰਵਾਰ ਨਹੀਂ, ਕਾਨੂੰਨ ਦੇ ਜਾਣੂ ਹਨ, ਜ਼ਿਰ੍ਹਾ ਅਤੇ ਬਹਿਸ ਕਰ ਸਕਦੇ ਹਨ; ਜੇ ਉਨ੍ਹਾਂ ਦਾ ਪੱਖ ਮਜ਼ਬੂਤ ਹੈ ਤਾਂ ਕੋਰਟ ਵਿਚ ਦਰਖਾਸਤਾਂ ਦੇਣ, ਦਲੀਲਾਂ ਰੱਖਣ ਤੇ ਆਪਣੀ ਗੱਲ ਮਨਵਾਉਣ। ਕਾਨੂੰਨ ਵਕੀਲਾਂ ਵਾਸਤੇ ਪੂਜਣਯੋਗ ਵਸਤੂ ਹੈ ਤੇ ਰੋਟੀ ਰੋਜ਼ੀ ਵੀ,




ਵਸੇਬਾ ਬਣਾ ਲੈਂਦੇ ਹਨ। ਸਿਆਲ ਵਿਚ ਇਹ ਲੋਕ ਫਿਰ ਆਪਣੇ ਘਰਾਂ ਜਾਂ ਟੱਪਰੀਆਂ ਵਿਚ ਆ ਜਾਂਦੇ ਹਨ। ਇਸ ਤਰ੍ਹਾਂ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਮਾੜਾ ਅਸਰ ਬੱਚਿਆਂ ਦੀ ਪੜ੍ਹਾਈ ਉਪਰ ਲਗਾਤਾਰ ਪੈ ਰਿਹਾ ਹੈ।

ਕਠੂਆ ਕਸਬੇ ਦੀ ਸਾਡੀ ਇਹ ਅੱਠ ਸਾਲ ਦੀ ਬੱਚੀ ਸਕੂਲ ਦਾ ਮੂੰਹ ਨਹੀਂ ਵੇਖ ਸਕੀ ਪਰ ਇਸ ਨੇ ਗਿਣਤੀ ਸਿੱਖੀ ਹੋਈ ਸੀ ਅਤੇ ਰੋਜ਼ਾਨਾ ਸ਼ਾਮ ਨੂੰ ਆਪਣੇ ਘਰ ਦੇ ਸਾਰੇ ਪਸ਼ੂਆਂ ਦੀ ਗਿਣਤੀ ਕਰਦੀ ਸੀ; ਤੇ ਜੇ ਕੋਈ ਚਰਾਂਦਾਂ ਤੋਂ ਨਹੀਂ ਮੁੜਿਆ ਤਾਂ ਉਸ ਨੂੰ ਲੱਭਣ ਦੌੜ ਜਾਂਦੀ ਸੀ। ਇਸ ਨੂੰ ਗੋਦ ਲੈਣ ਵਾਲੇ ਪਿਤਾ ਨੇ ਦੱਸਿਆ ਕਿ ਇਹ ਗਿਣਤੀ ਵਿਚ ਕਦੇ ਗ਼ਲਤੀ ਨਹੀਂ ਕਰਦੀ ਸੀ ਤੇ ਇਕੱਲੀ ਜੰਗਲਾਂ ਵਿਚ ਜਾਣ ਤੋਂ ਵੀ ਨਹੀਂ ਸੀ ਡਰਦੀ; ਨਾ ਹੀ ਜੰਗਲੀ ਜਾਨਵਰਾਂ ਦਾ ਕੋਈ ਖ਼ੌਫ਼ ਖਾਂਦੀ ਸੀ। ਉਹ ਆਪਣੀ ਉਮਰ ਦੇ ਹਿਸਾਬ ਨਾਲ ਬਹੁਤ ਸਿਆਣੀ ਤੇ ਬਹਾਦਰ ਲੜਕੀ ਸੀ। ਫਿਰ ਇਸ ਕਾਂਡ ਵੇਲੇ ਉਸ ਦੀ ਸਿਆਣਪ ਤੇ ਬਹਾਦਰੀ ਕੰਮ ਕਿਉਂ ਨਹੀਂ ਆਈ? ਸ਼ਾਇਦ ਇਸ ਕਰ ਕੇ, ਕਿ ਉਹ ਪਸ਼ੂਆਂ ਦੀ ਗਿਣਤੀ ਕਰਨਾ ਜਾਣਦੀ ਸੀ, ਉਨ੍ਹਾਂ ਨੂੰ ਚੰਗੀ ਤਰ੍ਹਾਂ ਪਛਾਣਦੀ ਸੀ ਪਰ ਇਨਸਾਨਾਂ ਨੂੰ ਪਛਾਣਨ ਵਿਚ ਖ਼ਤਾ ਖਾ ਗਈ। ਉਸ ਨੂੰ ਜੰਗਲੀ ਜਾਨਵਰਾਂ ਦਾ ਖ਼ੌਫ਼ ਨਹੀਂ ਸੀ ਪਰ ਉਹ ਨਹੀਂ ਸੀ ਜਾਣਦੀ ਕਿ ਇਸੇ ਜੰਗਲ ਵਿਚ ਇਨਸਾਨ ਵੀ ਮਿਲ ਸਕਦੇ ਸਨ। ਜਨਵਰੀ ਦੇ ਮਹੀਨੇ ਇਕ ਸ਼ਾਮ ਜਦੋਂ ਉਹ ਗਵਾਚੇ ਘੋੜੇ ਦੀ ਤਲਾਸ਼ ਕਰ ਰਹੀ ਸੀ ਤਾਂ ਉਸ ਨੂੰ ਇਨਸਾਨ ਟੱਕਰ ਗਿਆ। ਫਿਰ ਘੋੜਾ ਤਾਂ ਅਗਲੇ ਦਿਨ ਘਰ ਪਹੁੰਚ ਗਿਆ ਪਰ ਲੜਕੀ ਨਹੀਂ ਪਹੁੰਚੀ।

ਡੀਐਨਏ ਟੈਸਟ ਮਿਲ ਗਏ, ਫੋਨ ਕਾਲਾਂ ਰਿਕਾਰਡ ਹੋ ਗਈਆਂ, ਵਾਲਾਂ ਦੀ ਜਾਂਚ ਮੈਚ ਕਰ ਗਈ। ਫਿਰ ਰਹਿ ਕੀ ਗਿਆ ਸੀ ਕਿ ਹੁਣ ਸੀ.ਬੀ.ਆਈ. ਤੋਂ ਜਾਂਚ ਦੀ ਮੰਗ ਗੂੰਜ ਉਠੀ? ਤਿਰੰਗੇ ਝੰਡੇ ਨਿਕਲੇ ਅਤੇ 'ਭਾਰਤ ਮਾਤਾ ਦੀ ਜੈ' ਦੇ ਨਾਅਰੇ ਲੱਗੇ। ਵੱਡੇ ਵੱਡੇ ਬੋਰਡ ਬਣ ਗਏ ਜਿਨ੍ਹਾਂ ਉਪਰ 'ਹਿੰਦੂ ਏਕਤਾ ਮੰਚ' ਲਿਖਿਆ ਮਿਲਿਆ। ਪਤਾ ਨਹੀਂ ਲੱਗਾ ਕਿ ਇਹ ਹਿੰਦੂ ਏਕਤਾ ਮੰਚ ਉਸ ਮੰਦਰ ਦੀ ਬੇਹੁਰਮਤੀ ਦਾ ਵਿਰੋਧ ਕਰ ਰਿਹਾ ਹੈ ਜਿਥੇ ਇਹ ਅਧਰਮ ਹੋਇਆ ਜਾਂ ਕੁਝ ਹੋਰ। ਬਹੁਤ ਬਾਅਦ ਪਤਾ ਲੱਗਾ ਕਿ ਇਹ ਮੰਚ ਦਰਿੰਦਿਆਂ ਦੀ ਸੁਰੱਖਿਆ ਵਾਸਤੇ ਮੈਦਾਨ ਵਿਚ ਉਤਰਿਆ ਹੈ।

ਅਗਲੀਆਂ ਰਿਪੋਰਟਾਂ ਦੀ ਸਾਰ ਦਿਲ ਹਿਲਾ ਦਿੰਦੀ ਹੈ, ਦਹਿਲਾ ਦਿੰਦੀ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਇੱਜ਼ਤ ਰੇਜ਼ੀ ਦਾ ਕਾਰਨ ਜਿਸਮਾਨੀ ਹਵਸ ਘੱਟ, ਫਿਰਕੂ ਨਫ਼ਰਤ ਵੱਧ ਸੀ। ਇਕ ਤਬਕੇ ਦੇ ਕੁਝ ਲੋਕਾਂ ਨੂੰ ਦੂਸਰੇ ਤਬਕੇ ਦੇ ਲੋਕਾਂ ਦੀਆਂ ਸ਼ਕਲਾਂ ਹੀ ਪਸੰਦ ਨਹੀਂ, ਉਨ੍ਹਾਂ ਦਾ ਇਥੇ ਰਹਿਣਾ ਹੀ ਪਸੰਦ ਨਹੀਂ। ਇਕ ਨਵੀਂ ਗੱਲ ਚੱਲ ਰਹੀ ਹੈ ਕਿ 'ਆਬਾਦੀ ਦਾ ਸੰਤੁਲਨ' ਵਿਗੜ ਰਿਹਾ ਹੈ। ਪਤਾ ਨਹੀਂ ਇਹ ਕੀ ਹੁੰਦਾ ਹੈ, ਆਬਾਦੀ ਦਾ ਮਤਲਬ ਤਾਂ ਇਨਸਾਨੀ ਆਬਾਦੀ ਹੈ ਜਿਸ ਵਿਚ ਸਭ ਤਬਕਿਆਂ, ਰੰਗਾਂ ਤੇ ਖਿਆਲਾਂ ਦੇ ਲੋਕਾਂ ਨੇ ਇਕੋ ਜ਼ਮੀਨ ਉਪਰ ਰਹਿਣਾ ਹੈ। ਹੱਦ ਹੋ ਗਈ, ਇਹ ਸੰਤੁਲਨ ਬਣਾਉਣ ਵਾਸਤੇ ਪਿਓ ਪੁੱਤਰ, ਚਾਚਾ ਭਤੀਜਾ ਤੇ ਮੰਦਰ ਦਾ ਪੁਜਾਰੀ ਮਿਲ ਕੇ ਆਪਣੀ ਹੀ ਧਰਤੀ ਦੀ ਮਾਸੂਮ ਜਿੰਦ ਨੂੰ ਕੋਹ ਕੋਹ ਕੇ ਚੀਥੜੇ ਕਰਦੇ ਹਨ ਤੇ ਖੱਡ ਵਿਚ ਸੁੱਟ

ਤੇ ਉਹ ਇਸੇ ਦੀ ਬੇਅਦਬੀ ਕਰ ਰਹੇ ਹਨ। ਜੇ ਵਕੀਲ ਹੀ ਕਾਨੂੰਨ ਦਾ ਸਹਾਰਾ ਨਹੀਂ ਲੈਣਗੇ ਤਾਂ ਫਿਰ ਹੋਰ ਕੌਣ ਲਵੇਗਾ?

ਇਕ ਗੱਲ ਹੋਰ ਨੋਟ ਕਰਨ ਵਾਲੀ ਹੈ ਕਿ ਇਧਰ ਇਸ ਲੜਕੀ ਨਾਲ ਜੋ ਵਾਪਰਿਆ, ਬਿਲਕੁੱਲ ਉਸੇ ਮਹੀਨੇ ਇਸੇ ਸਾਲ ਤੇ ਇੰਨੀ ਕੁ ਉਮਰ ਦੀ ਇੱਕ ਲੜਕੀ ਨਾਲ ਇਹੀ ਕੁਝ ਪਾਕਿਸਤਾਨ ਦੇ ਸ਼ਹਿਰ ਕਸੂਰ ਵਿਚ ਵਾਪਰਿਆ। ਇਧਰ ਅਜੇ ਚਾਰਜਸ਼ੀਟ ਦਾ ਦਾਖਲਾ ਹੀ ਭਗਤੇ ਵਿਚ ਪਿਆ ਹੈ, ਤੇ ਉਧਰ ਪਾਕਿਸਤਾਨ ਦੀ ਅਦਾਲਤ ਨੇ ਉਸ ਲੜਕੀ ਦੇ ਕਾਤਲ ਨੂੰ ਫਾਂਸੀ ਦੀ ਸਜ਼ਾ ਵੀ ਸੁਣਾ ਦਿੱਤੀ ਹੈ ਤੇ ਉਸ ਤੋਂ ਬਾਅਦ ਹਾਈ ਕੋਰਟ ਨੇ ਉਸ ਦੀ ਅਪੀਲ ਵੀ ਖਾਰਜ ਕਰ ਦਿੱਤੀ ਹੈ। ਅਸੀਂ ਬੇਸ਼ੱਕ ਮੌਤ ਦੀ ਸਜ਼ਾ ਦੇ ਹੱਕ ਵਿਚ ਨਹੀਂ ਪਰ ਅਸੀਂ ਗੁਆਂਢੀ ਮੁਲਕ ਵਿਚ ਇਨਸਾਫ਼ ਦੀ ਕਾਰਵਾਈ ਦੀ ਤੇਜ਼ੀ ਸਰਾਹਵਾਂਗੇ ਜ਼ਰੂਰ।

ਇਧਰ ਇਸ ਲੜਕੀ ਦੇ ਕੇਸ ਵਿਚ ਵੀ ਸਾਡੇ ਕਈ ਲੋਕ ਵਾਜਬ ਗੁੱਸੇ ਵਿਚ ਗੁਨਾਹਗਾਰਾਂ ਨੂੰ ਵੱਖ ਵੱਖ ਤਰ੍ਹਾਂ ਦੀਆਂ ਸਖ਼ਤ ਸਜ਼ਾਵਾਂ ਦੀਆਂ ਗੱਲਾਂ ਕਰ ਰਹੇ ਹਨ। ਠੀਕ ਹੈ, ਸਜ਼ਾਵਾਂ ਤਾਂ ਬਹੁਤ ਜ਼ਰੂਰੀ ਹਨ ਪਰ ਅਸਾਂ ਪਾਪੀਆਂ ਨਾਲ ਨਹੀਂ, ਪਾਪ ਨਾਲ ਨਫ਼ਰਤ ਕਰਨੀ ਹੈ। ਸਜ਼ਾਵਾਂ ਜ਼ਰੂਰੀ ਹਨ ਪਰ ਸਜ਼ਾਵਾਂ ਨਾਲ ਅਜਿਹੇ ਗੁਨਾਹ ਨਹੀਂ ਰੁਕਦੇ, ਇਹ ਸਿਰਫ਼ ਬਾ-ਅਖ਼ਲਾਕ ਸਮਾਜ ਉਸਾਰਨ ਨਾਲ ਹੀ ਰੁਕ ਸਕਦੇ ਹਨ ਜੋ ਅਸਾਂ ਸਭ ਨੇ ਉਸਾਰਨਾ ਹੈ। ਅਜੇ ਤੱਕ ਅਸੀਂ ਅਜਿਹਾ ਸਮਾਜ ਉਸਾਰ ਨਹੀਂ ਸਕੇ। ਇਉਂ ਸ਼ਾਇਦ ਅਸੀਂ ਸਾਰੇ ਹੀ ਇਸ ਲੜਕੀ ਨਾਲ ਹੋਈ ਜ਼ਿਆਦਤੀ ਦੇ ਦੋਸ਼ੀ ਹਾਂ।

# ਬਦਲ ਰਹੇ ਹਨ ਲੋਕਤੰਤਰ ਦੇ ਅਰਥ

ਬਜਟ ਸੈਸ਼ਨ ਦੇ ਦੂਜੇ ਪੜਾਅ ਦੌਰਾਨ ਲੋਕ ਸਭਾ ਦੀ ਕਾਰਵਾਈ ਨਾ ਚੱਲਣ ਬਾਅਦ ਆਖਰਕਾਰ ਇਸ ਸਦਨ ਨੂੰ ਅਨਮਿੱਥੇ ਸਮੇਂ ਲਈ ਉਠਾ ਦਿੱਤਾ ਗਿਆ। ਸਪੀਕਰ ਨੇ ਵਿਰੋਧੀ ਧਿਰ ਦੇ ਬੇਵਿਸਾਹੀ ਮਤੇ ਨੂੰ ਅਮਲ ਵਿਚ ਨਾ ਲਿਆਏ ਜਾ ਸਕਣ ਦਾ ਕਾਰਨ ਸਦਨ ਵਿਚ ਅਜਿਹਾ ਕਰਨ ਵਾਸਤੇ ਲੋੜੀਂਦਾ ਢੁਕਵਾਂ ਮਾਹੌਲ ਨਾ ਬਣ ਸਕਣਾ ਕਰਾਰ ਦੇ ਦਿੱਤਾ। ਅਜਿਹੀਆਂ ਹਾਲਤਾਂ ਨੂੰ ਹੀ

**ਕੇ.ਸੀ. ਸਿੰਘ**

ਆਧਾਰ ਬਣਾ ਕੇ ਪਹਿਲਾਂ ਸਾਲਾਨਾ ਬਜਟ ਬਗ਼ੈਰ ਬਹਿਸ ਕਰਵਾਏ ਪਾਸ ਕਰ ਦਿੱਤਾ ਗਿਆ ਸੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸੰਸਦ ਦੇ ਸਾਰੇ ਭਾਜਪਾ ਮੈਂਬਰਾਂ ਨੂੰ ਸੱਦਾ ਦਿੱਤਾ ਕਿ ਉਹ ਵਿਰੋਧੀ ਧਿਰ ਵੱਲੋਂ ਸੰਸਦ ਦੀ ਕਾਰਵਾਈ ਚੱਲਣ ਨਾ ਦੇਣ ਦੇ ਰੋਸ ਵਜੋਂ ਇਕ ਦਿਨ ਲਈ ਭੁੱਖ ਹੜਤਾਲ ਰੱਖਣ ਅਤੇ ਇਹ ਭੁੱਖ ਹੜਤਾਲ ਵੀਰਵਾਰ ਨੂੰ ਰੱਖੀ ਵੀ ਗਈ। ਦੂਜੇ ਪਾਸੇ ਵਿਰੋਧੀ ਧਿਰ ਦਾ ਕਹਿਣਾ ਹੈ ਕਿ ਸੰਸਦ ਦੀ ਕਾਰਵਾਈ ਨਾ ਚੱਲਣ ਵਾਸਤੇ ਸਰਕਾਰ ਦੀਆਂ ਹੀ ਕੁਝ ਭਾਈਵਾਲ ਪਾਰਟੀਆਂ ਕਸੂਰਵਾਰ ਸਨ ਕਿਉਂਕਿ ਉਨ੍ਹਾਂ ਦੇ ਮੈਂਬਰਾਂ ਨੇ ਨਿੱਤ ਦਿਹਾੜੇ ਸ਼ੋਰ-ਸ਼ਰਾਬਾ ਕੀਤਾ ਸੀ।

ਕਿਸੇ ਵੀ ਸਰਕਾਰ ਦੇ ਬਹੁਮਤ ਨੂੰ ਪਰਖਣ ਦਾ ਵਿਰੋਧੀ ਧਿਰ ਦਾ ਅਧਿਕਾਰ ਉਸ ਨੂੰ ਨਾ ਦੇਣਾ, ਸਬੰਧਤ ਸਰਕਾਰ ਵੱਲੋਂ ਮਾੜੀ ਪਿਰਤ ਪਾਉਣਾ ਹੈ। ਭਵਿਖ ਵਿਚ ਬਹੁਮਤ ਗਵਾ ਚੁੱਕੀ ਕੋਈ ਵੀ ਸਰਕਾਰ ਸਦਨ ਵਿਚ ਸ਼ੋਰ-ਸ਼ਰਾਬੇ ਵਾਲਾ ਮਾਹੌਲ ਪੈਦਾ ਕਰ ਕੇ ਅਤੇ ਸਪੀਕਰ ਦੀ ਗੁੱਝੀ ਰਜ਼ਾਮੰਦੀ ਨਾਲ ਬਹੁਮਤ ਦੀ ਪਰਖ ਨੂੰ ਅਸੰਭਵ ਬਣਾ ਸਕਦੀ ਹੈ। ਬਹੁਮਤ ਗਵਾ ਚੁੱਕੀ ਸਰਕਾਰ ਅਜਿਹੀ ਰੀਤ ਅਪਨਾਏ ਅਤੇ ਦੇਸ਼ ਨੂੰ ਦਰਪੇਸ਼ ਮਹੱਤਵਪੂਰਨ ਮੁੱਦਿਆਂ ਉਪਰ ਸਦਨ ਵਿਚ ਬਗ਼ੈਰ ਬਹਿਸ ਕਰਵਾਏ, ਆਪਣਾ ਕਾਰਜਕਾਲ ਪੂਰਾ ਕਰ ਸਕਦੀ ਹੈ। ਜਮਹੂਰੀ ਕਾਮਯਾਬੀਆਂ ਲਈ ਕੇਵਲ ਲਿਖਤ ਦਿਸ਼ਾ-ਨਿਰਦੇਸ਼ ਹੀ ਨਹੀਂ ਸਗੋਂ ਬਹੁਤ ਸਾਰੇ ਅਣਲਿਖਤ ਹਕੀਕੀ ਨਿਯਮਾਂ ਤੇ ਪਰੰਪਰਾਵਾਂ ਦੀ ਪਾਲਣਾ ਕਰਨ ਦੀ ਵੀ ਲੋੜ ਹੁੰਦੀ ਹੈ। ਇਸ ਵਰ੍ਹੇ ਦੌਰਾਨ ਅਜਿਹੇ ਬੁਨਿਆਦੀ ਸਵਾਲਾਂ 'ਤੇ ਚਰਚਾ ਕਰਨ ਵਾਲੀਆਂ ਕਈ ਪੁਸਤਕਾਂ ਲਿਖੀਆਂ ਗਈਆਂ।

ਪੁਸਤਕ 'ਹਾਉ ਡੈਮੋਕਰੇਸੀਜ਼ ਡਾਈ' ਵਿਚ ਇਸ ਦੇ ਲੇਖਕ ਸਟੀਵਨ ਲੈਵਿਤਸਕੀ ਅਤੇ ਡੇਨੀਅਲ ਜ਼ਿਬਲੈਟ ਉਪਰੋਕਤ ਸਵਾਲਾਂ ਦਾ ਹੱਲ ਇਤਿਹਾਸ ਵਿਚੋਂ ਤਲਾਸ਼ਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਚੋਣ ਬਾਅਦ "ਸਿਆਸਤਦਾਨ ਅਜਿਹੀਆਂ ਗੱਲਾਂ ਕਹਿ ਅਤੇ ਕਰ ਰਹੇ ਹਨ, ਜਿਹੜੀਆਂ ਅਮਰੀਕਾ ਵਿਚ ਅਸਾਧਾਰਨ ਹਨ।" ਉਹ ਹੋਰ ਲਿਖਦੇ ਹਨ, "ਸਿਆਸਤਦਾਨ ਹੁਣ ਆਪਣੇ ਵਿਰੋਧੀਆਂ ਨਾਲ ਦੁਸ਼ਮਣਾਂ ਵਰਗਾ ਵਿਹਾਰ ਕਰਦੇ, ਆਜ਼ਾਦ ਮੀਡੀਆ ਨੂੰ ਡਰਾਉਂਦੇ ਅਤੇ ਚੋਣ ਨਤੀਜਿਆਂ ਨੂੰ ਰੱਦ ਕਰਨ ਦੀਆਂ ਧਮਕੀਆਂ ਦਿੰਦੇ ਹਨ।" ਹੋਰ ਚਿੰਤਾ ਵਾਲੀ ਗੱਲ ਇਹ ਹੈ ਕਿ ਉਹ ਸਾਡੇ ਲੋਕਤੰਤਰੀ ਸੰਸਥਾਗਤ ਭੰਡਾਰ, ਅਦਾਲਤਾਂ, ਖ਼ੁਫ਼ੀਆ ਸੇਵਾਵਾਂ ਤੇ ਦਫ਼ਤਰਾਂ ਵਿਚਲੀ ਨੈਤਿਕਤਾ ਨੂੰ ਕਮਜ਼ੋਰ ਕਰ ਰਹੇ ਹਨ। ਆਖਰ ਵਿਚ ਉਹ ਨਿਰਾਸ਼ਾਜਨਕ ਲਹਿਜ਼ੇ ਨਾਲ ਲਿਖਦੇ ਹਨ, "2016 ਵਿਚ ਅਮਰੀਕਨਾਂ ਨੇ ਅਜਿਹਾ ਰਾਸ਼ਟਰਪਤੀ ਚੁਣ ਲਿਆ, ਤੇ ਉਹ ਵੀ ਅਮਰੀਕਾ ਦੇ ਇਤਿਹਾਸ ਵਿਚ ਪਹਿਲੀ ਵਾਰ, ਜਿਸ ਨੂੰ ਸਰਕਾਰੀ ਕੰਮਕਾਜ ਦਾ ਭੋਰਾ ਵੀ ਤਜਰਬਾ ਨਹੀਂ ਸੀ, ਜਿਸ ਦੀ ਸੰਵਿਧਾਨਕ ਹੱਕਾਂ ਨਾਲ ਭੋਰਾ ਵੀ ਵਚਨਬੱਧਤਾ ਨਹੀਂ ਸੀ ਅਤੇ ਜਿਸ ਵਿਚ ਤਾਨਾਸ਼ਾਹ ਹੋਣ ਦੀਆਂ ਖ਼ਾਹਿਸ਼ਾਂ ਸਪਸ਼ਟ ਨਜ਼ਰ ਆ ਰਹੀਆਂ ਸਨ।" ਲੈਰੀ ਡਾਇਮੰਡ ਦਾ ਮੰਨਣਾ ਹੈ ਕਿ ਦੁਨੀਆਂ ਲੋਕਤੰਤਰ ਦੇ ਨਿਘਾਰ ਵਾਲੇ ਦੌਰ ਵਿਚ ਦਾਖ਼ਲ ਹੋ ਗਈ ਹੈ।

ਭਾਰਤ ਵਿਚ ਵੀ ਸੰਸਦੀ ਚੋਣਾਂ ਤੋਂ ਪਹਿਲਾਂ ਦੇ ਆਖ਼ਰੀ ਸਾਲ ਵਿਚ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੇ ਯਤਨ ਹੋ ਰਹੇ ਹਨ। ਬਿਨਾਂ ਸ਼ੱਕ, ਅਜਿਹਾ ਪਹਿਲੀ ਵਾਰ ਨਹੀਂ ਹੋ ਰਿਹਾ। ਐਮਰਜੈਂਸੀ ਦੌਰਾਨ ਇਸ ਤੋਂ ਵੀ ਵੱਧ ਨਿਘਾਰ ਦੇਖਣ ਨੂੰ ਮਿਲਿਆ ਸੀ। ਰਾਜੀਵ ਗਾਂਧੀ ਦੀ ਸਰਕਾਰ ਨੇ ਵੀ ਪ੍ਰੈਸ ਦੀ ਆਜ਼ਾਦੀ ਉਪਰ ਰੋਕਾਂ ਲਾਉਣ ਲਈ ਵਿਧਾਨਕ ਕਾਰਵਾਈ ਵਰਗਾ ਕਦਮ ਚੁੱਕ ਕੇ ਸਿਆਣਪ ਨਹੀਂ ਸੀ ਦਿਖਾਈ। ਦਰਅਸਲ, 1980ਵਿਆਂ ਤੋਂ ਇਕ ਪਾਸੀ ਬਹੁਮਤ ਵਾਲੇ ਪ੍ਰਧਾਨ ਮੰਤਰੀਆਂ ਵਿਚ ਲੋਕਤੰਤਰੀ ਸਿਧਾਂਤ ਨੂੰ ਕੁਚਲਣ ਦੀ ਖ਼ਾਹਿਸ਼ ਸਪਸ਼ਟ ਨਜ਼ਰ ਆਈ ਹੈ।

ਯੂਰਪ ਜਿਸ ਨੇ 1930ਵਿਆਂ ਵਿਚ ਜਰਮਨੀ ਤੇ ਇਟਲੀ ਵਿਚ ਜਮਹੂਰੀ ਤੌਰ ਤਰੀਕੇ ਅਪਣਾ ਕੇ ਚੜ੍ਹਤ ਬਣਾਉਣ ਵਾਲੇ ਤਾਨਾਸ਼ਾਹ ਆਗੂਆਂ ਦਾ ਉਭਾਰ ਦੇਖਿਆ ਸੀ, ਹੁਣ ਫਿਰ ਜਮਹੂਰੀ ਸਿਧਾਂਤਾਂ ਦਾ ਘਾਣ ਹੁੰਦਾ ਦੇਖ ਰਿਹਾ ਹੈ। ਇਸ ਵਰਤਾਰੇ ਤੋਂ ਯੂਰਪੀ ਯੂਨੀਅਨ ਵੀ ਨਹੀਂ ਬਚੀ। ਹੰਗਰੀ ਦੀ ਉਦਾਹਰਣ ਇਸੇ ਪ੍ਰਸੰਗ ਵਿਚ ਦਿੱਤੀ ਜਾ ਸਕਦੀ ਹੈ, ਜਿਸ ਨੇ 1989 ਵਿਚ ਬਰਲਿਨ ਦੀ ਦੀਵਾਰ ਢਹਿਣ ਬਾਅਦ ਕਮਿਊਨਿਸਟ ਜਕੜ ਤੋੜਦਿਆਂ ਆਜ਼ਾਦੀ ਹਾਸਲ ਕੀਤੀ ਸੀ। 1956 ਵਿਚ ਕਮਿਊਨਿਸਟਾਂ ਦੀ ਜਕੜ ਤੋੜਨ ਲਈ ਦਲੇਰਾਨਾ ਪਰ ਨਿਹਫਲ ਸੰਘਰਸ਼ ਦੇ ਇਤਿਹਾਸ ਦੇ ਬਾਵਜੂਦ ਅੱਜ ਅਜਿਹੇ ਪ੍ਰਧਾਨ ਮੰਤਰੀ ਵਿਕਟਰ ਓਰਬਾਨ ਦੀ ਜਕੜ ਵਿਚ ਹੈ ਜੋ ਸਿਆਸੀ ਤੇ ਆਰਥਿਕ ਤਾਕਤਾਂ ਦੇ ਕੇਂਦਰੀਕਰਨ ਵਿਚ ਲੱਗਿਆ ਹੋਇਆ ਹੈ। ਉਹ ਆਪਣੇ ਪੁਰਾਣੇ ਸਰਪ੍ਰਸਤ ਸੋਰੋਸ ਵਾਂਗ ਪਰਵਾਸ ਤੇ ਬਾਹਰੀ ਚੁਣੌਤੀਆਂ ਨੂੰ ਵਰਤ ਰਿਹਾ ਹੈ, ਜਿਸ ਨੇ ਉਸ ਨੂੰ ਔਕਸਫੋਰਡ ਪੜ੍ਹਨ ਲਈ 1988 ਵਿਚ ਬਾਗ਼ੀ ਨੌਜਵਾਨ ਵਜੋਂ ਸਕਾਲਰਸ਼ਿਪ ਦਿੱਤੀ ਸੀ, ਤਾਂ ਕਿ ਅੱਠ ਸਾਲ ਸੱਤਾ ਵਿਚ ਰਹਿਣ ਬਾਅਦ ਉਹ ਮੁੜ ਚੁਣਿਆ ਜਾ ਸਕੇ।



ਇਸੇ ਤਰ੍ਹਾਂ ਜਰਮਨੀ ਵਿਚ ਖ਼ਾਸ ਕਰ ਕੇ ਸਾਬਕਾ ਪੂਰਬੀ ਜਰਮਨੀ ਵਿਚ, ਕੱਟੜ ਮੂਲਵਾਦੀ ਵਿੰਗ 'ਆਲਟਰਨੇਟਿਵ ਫਾਰ ਜਰਮਨੀ' ਦੇ ਉਭਾਰ ਨੇ ਉਦਾਰਵਾਦੀ ਕੇਂਦਰੀ ਪਾਰਟੀਆਂ ਨੂੰ 'ਪਛਾਣ ਦੀ ਸਿਆਸਤ' ਅਪਣਾਉਣ ਲਈ ਮਜਬੂਰ ਕਰ ਦਿੱਤਾ ਸੀ। ਕੇਂਦਰੀ ਅਮਰੀਕਨ ਖਿੱਤੇ ਵਿਚ ਕੋਸਟਾਰੀਕਾ ਅੰਦਰ ਕਾਰਲੋਸ ਅਲਵਰੈਦੋ ਨੇ ਆਪਣੇ ਵਿਰੋਧੀ ਫੈਬਰੀਦੋ ਅਲਵਰੈਦੋ ਨੂੰ ਹਰਾ ਕੇ ਉਦਾਰਵਾਦੀ ਕਦਰਾਂ-ਕੀਮਤਾਂ ਦਾ ਝੰਡਾ ਬੁਲੰਦ ਕੀਤਾ। ਇਥੋਪੀਆ ਜਿਥੇ ਕਰੀਬ ਤਿੰਨ ਦਹਾਕਿਆਂ ਤੋਂ ਇਥੋਪੀਅਨ ਪੀਪਲਜ਼ ਰੈਵੋਲੂਸ਼ਨਰੀ ਫਰੰਟ ਸੱਤਾ 'ਤੇ ਕਾਬਜ਼ ਸੀ, ਵਿਚ ਇਸ ਵਾਰ ਇੱਕ ਨੌਜਵਾਨ ਆਬੀ ਅਹਿਮਦ ਗੁਪਤ ਵੋਟ ਰਾਹੀਂ ਪ੍ਰਧਾਨ ਮੰਤਰੀ ਚੁਣਿਆ ਗਿਆ। ਇਸ ਵਿਚ ਭਾਵੇਂ ਲੋਕਤੰਤਰ ਦਾ ਰੋਲ ਨਹੀਂ ਸੀ, ਫਿਰ ਵੀ ਸਾਰੀਆਂ ਪਾਰਟੀਆਂ ਵੱਲੋਂ ਜਿਸ ਢੰਗ ਨਾਲ ਇਹ ਚੋਣ ਕੀਤੀ ਗਈ, ਉਸ ਨੇ ਕੰਟਰੋਲ ਕੀਤੀ ਆਜ਼ਾਦੀ ਦਾ ਪ੍ਰਦਰਸ਼ਨ ਕੀਤਾ ਹੈ। ਹੋਰ ਖੁੱਲ੍ਹੇ-ਡੁੱਲ੍ਹੇ ਪ੍ਰਸ਼ਾਸਨ ਵੱਲ ਇਸ ਨੂੰ ਅਹਿਮ ਕਦਮ ਕਿਹਾ ਜਾ ਸਕਦਾ ਹੈ।

ਅਜਿਹੇ ਪਿਛੋਕੜ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਵੱਲੋਂ ਆਪਣੀ ਤਾਕਤ ਵਿਚ ਵਾਧਾ ਕੀਤੇ ਜਾਣ ਵਾਲੇ ਆਲਮ ਵਿਚ ਭਾਰਤ ਦਾ ਇਹ ਫਰਜ਼ ਬਣ ਜਾਂਦਾ ਹੈ ਕਿ ਉਹ ਲੋਕਤੰਤਰ ਤੇ ਉਦਾਰਵਾਦ ਦਾ ਪਰਚਮ ਬੁਲੰਦ ਰੱਖੇ। ਅਜਿਹਾ ਸੋਚਣਾ ਠੀਕ ਨਹੀਂ ਕਿ ਇਹ ਕਦਰਾਂ-ਕੀਮਤਾਂ ਪੱਛਮੀ ਦਰਾਮਦ ਹਨ। ਯੂਨਾਨ ਤੇ ਪੁਰਾਣੇ ਭਾਰਤੀ ਸਰੋਤਾਂ ਵਿਚ ਅਜਿਹੇ ਕਾਫ਼ੀ ਇਤਿਹਾਸਕ ਸਬੂਤ ਮਿਲਦੇ ਹਨ ਕਿ ਸਿਕੰਦਰ ਦੇ ਹਮਲੇ ਸਮੇਂ ਵੀ ਭਾਰਤ ਵਿਚ ਗਣਰਾਜੀ ਕਦਰਾਂ-ਕੀਮਤਾਂ ਸਨ। ਦਲਾਈਲਾਮਾ ਵੀ ਜਿਸ ਭਾਰਤੀ ਰੌਸ਼ਨੀ ਦੀ ਗੱਲ ਕਰਦੇ ਹਨ, ਉਹ ਭਾਰਤੀ ਧਾਰਮਿਕ ਤੇ ਦਾਰਸ਼ਨਿਕ ਪ੍ਰਵਚਨਾਂ ਵਿਚ ਮੌਜੂਦ ਹੈ।

ਇਸ ਲਈ, ਲੋਕਤੰਤਰ ਦੇ ਸੰਸਥਾਗਤ ਆਧਾਰ ਨੂੰ ਕਮਜ਼ੋਰ ਕਰਨ ਦੇ ਮੌਜੂਦਾ ਯਤਨਾਂ ਦਾ ਮੁਕਾਬਲਾ ਕਰਨ ਦੀ ਲੋੜ ਹੈ। ਸੂਚਨਾ ਤੇ ਪ੍ਰਸਾਰਨ ਮੰਤਰਾਲੇ ਵੱਲੋਂ ਫੇਕ ਨਿਊਜ਼ (ਮਨਘੜਤ ਖ਼ਬਰਾਂ) ਰੋਕਣ ਦੇ ਨਾਂ ਉਪਰ ਮੀਡੀਆ ਦੀ ਆਜ਼ਾਦੀ 'ਤੇ ਕੀਤਾ ਗਿਆ ਹਮਲਾ, ਵੱਡੇ ਪੱਧਰ 'ਤੇ ਨੁਕਤਾਚੀਨੀ ਹੋਣ ਕਾਰਨ ਨਾਕਾਮ ਹੋ ਗਿਆ ਹੈ। ਪ੍ਰਧਾਨ ਮੰਤਰੀ ਦੇ ਦਖ਼ਲ ਦੇਣ 'ਤੇ ਮੀਡੀਆ ਖ਼ਿਲਾਫ਼ ਸਖ਼ਤੀ ਵਰਤੇ ਜਾਣ ਦੇ ਲਏ ਫ਼ੈਸਲੇ ਨੂੰ ਵਾਪਸ ਲੈਣਾ ਪਿਆ ਹੈ ਪਰ ਅਜਿਹੇ ਫ਼ੈਸਲੇ ਲੈਣ ਦਾ ਅਧਿਕਾਰ ਭਾਰਤੀ ਪ੍ਰੈਸ ਕੌਂਸਲ ਦੇ ਅਧਿਕਾਰ ਖੇਤਰ ਵਿਚ ਰਹਿਣ ਨਾਲ ਸਰਕਾਰ ਦੀ ਸ਼ੱਕੀ ਨੀਯਤ ਉਪਰ ਸਵਾਲ ਬਰਕਰਾਰ ਹੈ।

ਨਿਆਂਪਾਲਿਕਾ ਨੂੰ ਕਾਰਜਪਾਲਿਕਾ ਦੇ ਆਦੇਸ਼ ਨਾਲ ਝੁਕਾਉਣ ਦਾ ਮਾਮਲਾ ਉਸ ਸਮੇਂ ਸਾਹਮਣੇ ਆ ਗਿਆ ਜਦੋਂ ਸੁਪਰੀਮ ਕੋਰਟ ਦੇ ਚਾਰ ਸੀਨੀਅਰ ਜੱਜਾਂ ਨੇ ਚੀਫ ਜਸਟਿਸ ਖ਼ਿਲਾਫ਼ ਬਗ਼ਾਵਤ ਕਰਦਿਆਂ ਮੀਡੀਆ ਸਾਹਮਣੇ ਜਨਤਕ 'ਤੇ ਦੋਸ਼ ਲਾਏ ਕਿ ਅਹਿਮ ਮਾਮਲਿਆਂ ਦੀ ਸੁਣਵਾਈ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰ ਕੇ ਆਪਣੇ ਮਨਮਰਜ਼ੀ ਦੇ ਜੂਨੀਅਰ ਜੱਜਾਂ ਨੂੰ ਸੌਂਪੀ ਜਾ ਰਹੀ ਹੈ। ਸਰਕਾਰ ਸੰਸਦ ਨੂੰ ਚਲਾਉਣ ਲਈ ਸੰਜੀਦਾ ਨਹੀਂ। ਇੰਜ ਸਰਕਾਰ ਦੀ ਸੰਵਿਧਾਨ ਪ੍ਰਤੀ ਵਚਨਬੱਧਤਾ ਉਪਰ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਸੰਸਦ ਨਾ ਚੱਲਣ ਦਾ ਸਾਰਾ ਦੋਸ਼ ਵਿਰੋਧੀ ਧਿਰ ਉਪਰ ਮੜ੍ਹ ਕੇ ਆਪਣੀ ਜ਼ਿੰਮੇਵਾਰੀ ਤੋਂ ਪੱਲਾ ਝਾੜਿਆ ਜਾ ਰਿਹਾ ਹੈ। ਅਜਿਹੇ ਹਾਲਾਤ ਵਿਚ ਚੋਣ ਕਮਿਸ਼ਨ ਦੀ ਸਾਰੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਮਸ਼ੀਨ ਵੋਟ ਪ੍ਰਣਾਲੀ ਵਿਚ ਲੋਕਾਂ ਦਾ ਵਿਸ਼ਵਾਸ ਬਰਕਰਾਰ ਰੱਖਣ ਲਈ ਚੋਣਾਂ ਪੂਰੀ ਤਰ੍ਹਾਂ ਸਾਫ਼-ਸੁਥਰੀਆਂ ਤੇ ਨਿਰਪੱਖ ਬਣਾਈ ਰੱਖੇ।

ਬਹੁਤ ਸਾਰੀਆਂ ਵਿਰੋਧੀ ਪਾਰਟੀਆਂ ਨੇ ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ (ਈ.ਵੀ.ਐਮਜ਼) ਨਾਲ ਛੇੜ-ਛਾੜ ਹੋਣ ਦੀ ਸ਼ੱਕ ਪ੍ਰਗਟ ਕੀਤੀ ਹੈ। ਹਰਵਾਰਡ ਯੂਨੀਵਰਸਿਟੀ ਦੇ 'ਬੈਲਫਰ ਸੈਂਟਰ' ਨੇ ਈ.ਵੀ.ਐਮਜ਼ ਬਾਰੇ ਰਿਪੋਰਟ ਅਮਰੀਕਾ ਵਿਚ ਪੇਸ਼ ਕੀਤੀ ਹੈ। ਅਮਰੀਕਾ ਵਿਚ ਫੈਡਰਲ ਸਿਸਟਮ ਅਨੁਸਾਰ ਵੋਟਿੰਗ ਮਸ਼ੀਨਾਂ ਦੀ ਚੋਣ ਦਾ ਮੁੱਦਾ ਰਾਜਾਂ ਉਪਰ ਛੱਡ ਦਿੱਤਾ ਜਾਂਦਾ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਵਿਚ ਵੋਟਾਂ ਲਈ ਵਰਤੀਆਂ ਜਾਂਦੀਆਂ ਮਸ਼ੀਨਾਂ ਨੂੰ 'ਹੈਕ' ਕੀਤਾ ਜਾ ਸਕਦਾ ਹੈ। ਰਿਪੋਰਟ ਵਿਚ ਸਿਫਾਰਿਸ਼ ਕੀਤੀ ਗਈ ਹੈ ਕਿ ਅਮਰੀਕਾ ਵਿਚ ਬਦਲਵੀਆਂ ਮਸ਼ੀਨਾਂ ਵਰਤੀਆਂ ਜਾ ਸਕਦੀਆਂ ਹਨ। ਸਿਫਾਰਿਸ਼ ਅਨੁਸਾਰ ਵੋਟਾਂ ਬੈਲਟ ਪੇਪਰ ਰਾਹੀਂ ਪਵਾ ਕੇ ਉਨ੍ਹਾਂ ਨੂੰ ਮਸ਼ੀਨ ਨਾਲ ਸਕੈਨ ਕਰ ਕੇ ਸੰਭਾਲਿਆ ਜਾ ਸਕਦਾ ਹੈ ਤਾਂ ਜੋ ਵੋਟਾਂ ਦੀ ਮੁੜ ਗਿਣਤੀ ਕਰਾਏ ਜਾਣ ਦੀ ਨੌਬਤ ਆਉਣ ਸਮੇਂ ਪੇਪਰ ਰਿਕਾਰਡ ਪ੍ਰਾਪਤ ਹੋ ਸਕੇ।

ਭਾਰਤੀ ਲੋਕਤੰਤਰ ਲਈ ਕਰਨਾਟਕ ਦੀਆਂ ਵਿਧਾਨ ਸਭਾ ਚੋਣਾਂ ਬਹੁਤ ਮਹੱਤਵਪੂਰਨ ਹਨ। ਜੇ ਇਹ ਚੋਣਾਂ ਭਾਜਪਾ ਜਿੱਤ ਗਈ ਤਾਂ ਉਹ ਇਸ ਤੋਂ ਗ਼ਲਤ ਸਬਕ ਲੈਂਦਿਆਂ ਇਹ ਕਹੇਗੀ ਕਿ ਲੋਕਾਂ ਨੇ ਉਸ ਦੇ ਤੌਰ-ਤਰੀਕਿਆਂ ਨੂੰ ਪ੍ਰਵਾਨ ਕੀਤਾ ਹੈ। ਜੇ ਭਾਜਪਾ ਹਾਰ ਗਈ ਤਾਂ ਮੋਦੀ ਨੂੰ ਇਹ ਫ਼ੈਸਲਾ ਕਰਨਾ ਪਵੇਗਾ ਕਿ ਉਹ ਆਪਣੇ ਤੌਰ-ਤਰੀਕੇ ਸੁਧਾਰਨਾ ਚਾਹੁਣਗੇ ਜਾਂ ਨਹੀਂ।

# ਰਾਖਵਾਂਕਰਨ ਅਤੇ ਰਾਜਨੀਤੀ

1990 ਦੇ ਦਹਾਕੇ ਦੀ ਸ਼ੁਰੂਆਤ ਵਿਚ ਰਾਖਵਾਂਕਰਨ ਵਿਰੋਧੀ ਅੰਦੋਲਨ ਦਾ ਮੁੱਖ ਨਿਸ਼ਾਨਾ ਹੋਰ ਪਛੜੇ ਵਰਗਾਂ ਨੂੰ ਦਿੱਤੇ ਗਏ 27 ਫ਼ੀਸਦੀ ਰਾਖਵਾਂਕਰਨ ਦਾ ਵਿਰੋਧ ਸੀ। ਨਾ ਉਸ ਸਮੇਂ ਅਤੇ ਉਸ ਦੇ ਬਾਅਦ ਜਾਂ ਪਹਿਲਾਂ ਕਦੇ ਭਾਰਤ ਵਿਚ ਅਨੁਸੂਚਿਤ ਜਾਤੀਆਂ ਤੇ ਜਨਜਾਤੀਆਂ ਨੂੰ ਸੰਵਿਧਾਨ ਵਲੋਂ ਦਿੱਤੇ ਗਏ ਰਾਖਵਾਂਕਰਨ ਵਿਰੁਧ ਕਦੇ ਕੋਈ ਅੰਦੋਲਨ ਹੋਇਆ ਸੀ ਪਰ ਰਾਖਵਾਂਕਰਨ ਵਿਰੋਧੀਆਂ ਵਲੋਂ ਅਪਣਾਈ ਜਾਣ ਵਾਲੀ ਇਹ ਮਰਿਆਦਾ ਹੁਣ ਟੁੱਟ ਗਈ ਹੈ। ਦਲਿਤਾਂ ਦੇ ਪ੍ਰਦਰਸ਼ਨ ਦੇ ਪ੍ਰਤੀਕਰਮ ਵਿਚ ਜਿਸ ਤਰ੍ਹਾਂ ਉਚੀ ਜਾਤੀਆਂ ਨੇ ਸੋਸ਼ਲ ਮੀਡੀਆ ਦੀ ਮਦਦ ਨਾਲ ਦੇਸ਼ ਵਿਆਪੀ ਬੰਦ ਕਰਨ ਦੀ ਕੋਸ਼ਿਸ਼ ਕੀਤੀ, ਉਸ ਤੋਂ ਲਗਦਾ ਹੈ ਕਿ ਹੁਣ ਰਾਖਵਾਂਕਰਨ ਵਿਰੋਧੀਆਂ

**ਅਭੈ ਕੁਮਾਰ ਦੂਬੇ**

ਦੀਆਂ ਸਰਗਰਮੀਆਂ ਆਪਣੇ ਹਮਲੇ ਦਾ ਦਾਇਰਾ ਵਿਆਪਕ ਪੱਧਰ 'ਤੇ ਕਰਦੇ ਹੋਏ ਜਨਤਕ ਜੀਵਨ ਨੂੰ ਪ੍ਰਭਾਵਿਤ ਕਰਨਗੀਆਂ। ਜ਼ਾਹਰ ਹੈ ਕਿ ਕੋਈ ਰਾਜਨੀਤਕ ਦਲ ਖੁੱਲ੍ਹ ਕੇ ਇਸ ਦਾ ਸਮਰਥਨ ਨਹੀਂ ਕਰੇਗਾ, ਪਰ ਉਨ੍ਹਾਂ ਦੀਆਂ ਕਾਰਵਾਈਆਂ ਨੂੰ ਸਮਰਥਨ ਕਈ ਪਾਸਿਆਂ ਤੋਂ ਮਿਲਣ ਵਾਲਾ ਹੈ। ਛੇਤੀ ਹੀ ਰਾਖਵਾਂਕਰਨ ਇਕ ਵਾਰ ਫਿਰ ਕੌਮੀ ਬਹਿਸ ਦੇ ਕੇਂਦਰ ਵਿਚ ਹੋਵੇਗਾ ਅਤੇ ਹੋ ਸਕਦਾ ਹੈ ਕਿ ਅਗਲੀ ਚੋਣ ਵਿਚ ਇਸ ਦੇ ਆਲੇ-ਦੁਆਲੇ ਹੋਣ ਵਾਲੀ ਰਾਜਨੀਤੀ ਇਕ ਫ਼ੈਸਲਾਕੁਨ ਮੁੱਦੇ ਦੇ ਰੂਪ ਵਿਚ ਸਾਹਮਣੇ ਆਏ।

ਅਨੁਸੂਚਿਤ ਜਾਤੀ, ਜਨਜਾਤੀ ਅੱਤਿਆਚਾਰ ਰੋਕੂ ਕਾਨੂੰਨ (ਐਸ.ਸੀ./ਐਸ.ਟੀ.) ਐਕਟ 'ਤੇ ਸੁਪਰੀਮ ਕੋਰਟ ਵਲੋਂ ਆਪਣੀਆਂ ਹਦਾਇਤਾਂ ਦੇਣ ਤੋਂ ਬਾਅਦ ਹੋਏ ਘਟਨਾਕ੍ਰਮ ਨਾਲ ਤਿੰਨ ਤਰ੍ਹਾਂ ਦੇ ਸਵਾਲ ਉਠ ਖੜ੍ਹੇ ਹੋਏ ਹਨ। ਪਹਿਲਾ ਸਵਾਲ ਇਹ ਹੈ ਕਿ, ਕੀ ਨਿਆਂਪਾਲਿਕਾ ਦਾ ਰਵੱਈਆ ਪੂਰਬ-ਅਛੂਤ ਜਾਤੀਆਂ ਦੇ ਵਿਰੋਧ ਵਿਚ ਅਤੇ ਉਚ ਜਾਤੀਆਂ ਦੇ ਪੱਖ ਵਿਚ ਝੁਕਿਆ ਹੋਇਆ ਹੈ? ਦੂਜਾ ਸਵਾਲ ਇਹ ਹੈ ਕਿ ਦਲਿਤਾਂ ਵਲੋਂ ਸੁਪਰੀਮ ਕੋਰਟ ਦੀਆਂ ਹਦਾਇਤਾਂ ਦਾ ਵਿਰੋਧ ਕਰਨ ਦੀ ਹਿੰਸਕ ਅਤੇ ਹਮਲਾਵਰ ਸ਼ੈਲੀ ਕੀ ਸਹੀ ਹੈ? ਤੀਜਾ ਸਵਾਲ ਹੈ ਕਿ, ਕੀ ਇਸ ਘਟਨਾ ਤੋਂ ਬਾਅਦ 2014 ਅਤੇ 2017 ਵਿਚ ਮਿਲੇ ਦਲਿਤ ਵੋਟ ਭਾਜਪਾ ਦੀ ਝੋਲੀ 'ਚੋਂ ਨਿਕਲ ਜਾਣਗੇ?

ਕਰੀਬ 23 ਸਾਲ ਪਹਿਲਾਂ ਰਾਜਸਥਾਨ ਵਿਚ ਭੰਵਰੀ ਦੇਵੀ ਨਾਲ ਉਚ ਜਾਤੀ ਦੇ ਲੋਕਾਂ ਵਲੋਂ ਜਬਰ ਜਨਾਹ ਦੇ ਮੁਕੱਦਮੇ ਦੇ ਫ਼ੈਸਲੇ ਵਿਚ ਅਦਾਲਤ ਨੇ ਦੋਸ਼ੀਆਂ ਨੂੰ ਛੱਡਦੇ ਹੋਏ ਕਿਹਾ ਸੀ ਕਿ ਉਹ ਜਬਰ ਜਨਾਹ ਕਰ ਹੀ ਨਹੀਂ ਸਕਦੇ ਸਨ, ਕਿਉਂਕਿ ਉਸ ਨਾਲ ਉਨ੍ਹਾਂ ਦੀ ਜਾਤ ਦੇ ਅਸ਼ੁੱਧ ਹੋਣ ਦਾ ਖ਼ਤਰਾ ਸੀ। ਇਸ ਫ਼ੈਸਲੇ ਤੋਂ ਬਾਅਦ ਤੋਂ ਹੀ ਨਿਆਇਕ ਟਿੱਪਣੀਆਂ ਦੇ ਜਾਤੀਗਤ ਪਹਿਲੂਆਂ ਨੂੰ ਬਹੁਤ ਧਿਆਨ ਨਾਲ ਦੇਖਿਆ, ਪਰਖਿਆ ਜਾਣ ਲੱਗਿਆ। ਜ਼ਾਹਰ ਹੈ ਕਿ ਸੁਪਰੀਮ ਕੋਰਟ ਦੇ ਜੱਜਾਂ ਨੇ ਅਜਿਹੀ ਕੋਈ ਟਿੱਪਣੀ ਨਹੀਂ ਕੀਤੀ ਅਤੇ ਉਨ੍ਹਾਂ ਦਾ ਇਹ ਵੀ ਦਾਅਵਾ ਹੈ ਕਿ ਉਨ੍ਹਾਂ ਦੀਆਂ ਹਦਾਇਤਾਂ ਨਾਲ ਕਾਨੂੰਨ ਦਾ ਅਸਰ ਵੀ ਘੱਟ ਨਹੀਂ ਹੋਇਆ। ਦਰਅਸਲ ਇਹੀ ਕਹਿੰਦੇ ਹੋਏ ਉਨ੍ਹਾਂ ਨੇ ਕੇਂਦਰ ਸਰਕਾਰ ਵਲੋਂ ਦਾਇਰ ਕੀਤੀ ਗਈ ਨਜ਼ਸਾਨੀ ਪਟੀਸ਼ਨ ਦੇ ਬਦਲੇ ਆਪਣੀਆਂ ਹੋਰ ਹਦਾਇਤਾਂ ਤੁਰੰਤ ਵਾਪਸ ਲੈਣ ਤੋਂ ਇਨਕਾਰ ਕਰ ਦਿੱਤਾ। ਇਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਇਸ ਕਾਨੂੰਨ ਦੀ ਦੁਰਵਰਤੋਂ ਦੀਆਂ ਸ਼ਿਕਾਇਤਾਂ ਨਾ ਸਿਰਫ ਪਰੰਪਰਕ ਉਚ ਜਾਤੀਆਂ ਵਲੋਂ ਕੀਤੀਆਂ ਜਾਂਦੀਆਂ ਰਹੀਆਂ ਹਨ, ਸਗੋਂ ਹਾਲ ਹੀ ਵਿਚ ਮਜ਼ਬੂਤ ਹੋ ਚੁੱਕੀਆਂ ਪਛੜੀਆਂ ਜਾਤੀਆਂ (ਜਿਵੇਂ ਮਰਾਠਾ, ਜਾਟ, ਗੁੱਜਰ, ਕੁਰਮੀ, ਯਾਦਵ, ਪਟੇਲ) ਵਲੋਂ ਵੀ ਇਹ ਮਸਲਾ ਚੁੱਕਿਆ ਗਿਆ ਹੈ। ਮਹਾਰਾਸ਼ਟਰ ਵਿਚ ਮਰਾਠਾ ਦੇ ਮੌਨ ਜਲੂਸਾਂ ਦੀਆਂ ਮੰਗਾਂ ਵਿਚ ਇਹ ਵੀ ਸ਼ਾਮਿਲ ਹੈ। ਇਸੇ ਕਰ ਕੇ ਇਸ ਕਾਨੂੰਨ ਨਾਲ ਜੁੜੀਆਂ ਨਿਆਇਕ ਸਰਗਰਮੀਆਂ ਨੇ ਪੂਰੇ ਸਮਾਜ ਨੂੰ ਤਕਰੀਬਨ ਦੋ ਅਣਐਲਾਨੇ ਹਿੱਸਿਆਂ ਵਿਚ ਵੰਡ ਦਿੱਤਾ ਹੈ।

ਨਿਆਂਪਾਲਿਕਾ ਉਤੇ ਜਾਤੀਵਾਦੀ ਹੋਣ ਦਾ ਦੋਸ਼ ਲਗਾਉਣ ਵਾਲੇ ਪੁੱਛ ਰਹੇ ਹਨ ਕਿ ਸੜਕਾਂ 'ਤੇ ਨਿਕਲ ਕੇ ਹਮਲਾਵਰ ਵਿਰੋਧ ਕਰਨ ਵਾਲੇ ਦਲਿਤਾਂ ਵਿਰੁਧ ਕਈ ਥਾਵਾਂ 'ਤੇ ਪੁਲਿਸ ਨੇ ਤਾਕਤ ਦੀ ਵਰਤੋਂ ਦਾ ਫ਼ੈਸਲਾ ਕੀਤਾ ਪਰ ਇਸੇ ਤਰ੍ਹਾਂ ਦਾ ਹਮਲਾਵਰ ਅਤੇ ਹਿੰਸਕ ਵਿਰੋਧ ਕਰਨ ਵਾਲੀ ਰਾਜਪੂਤਾਂ ਦੀ ਕਰਨੀ ਸੈਨਾ ਵਿਰੁਧ ਕਿਤੇ ਕੋਈ ਤਾਕਤ ਦੀ ਵਰਤੋਂ ਨਹੀਂ ਕੀਤੀ ਗਈ ਸੀ। ਇਸ ਦੇ ਉਲਟ ਨਿਆਂਪਾਲਿਕਾ ਦੇ ਸਮਰਥਕਾਂ ਵਲੋਂ ਇਹ ਪੁੱਛਿਆ ਜਾ ਰਿਹਾ ਹੈ ਕਿ ਬਿਨਾਂ ਜਾਂਚ ਕੀਤੇ ਅਤੇ ਬਿਨਾਂ ਅੰਤ੍ਰਿਮ ਜ਼ਮਾਨਤ ਦੀ ਸਹੂਲਤ ਦੇ ਸਿਰਫ ਰਿਪੋਰਟ ਦੇ ਆਧਾਰ 'ਤੇ ਕੀਤੀ ਜਾਣ ਵਾਲੀ ਗ੍ਰਿਫ਼ਤਾਰੀ ਕੀ ਆਪਣੇ-ਆਪ ਵਿਚ ਮੁਕੱਦਮੇ ਦੀ ਹੈਸੀਅਤ ਨਹੀਂ ਪ੍ਰਾਪਤ ਕਰ ਲੈਂਦੀ ਅਤੇ ਕੀ ਇਸ ਤਰ੍ਹਾਂ ਦੀ ਗ੍ਰਿਫ਼ਤਾਰੀ ਕੁੱਲ ਮਿਲਾ ਕੇ ਦੋਸ਼ੀ ਦੇ ਮਾਣ-ਸਨਮਾਨ ਨੂੰ ਨੁਕਸਾਨ ਨਹੀਂ ਪਹੁੰਚਾ ਦਿੰਦੀ, ਭਾਵੇਂ ਉਹ ਬਾਅਦ ਵਿਚ ਮੁਕੱਦਮਾ ਜਿੱਤ ਵੀ ਕਿਉਂ ਨਾ ਜਾਵੇ? ਇਸ ਲਈ ਜੇ ਸੁਪਰੀਮ ਕੋਰਟ ਗ੍ਰਿਫ਼ਤਾਰੀ ਤੋਂ ਪਹਿਲਾਂ ਜ਼ਮਾਨਤ ਦੀਆਂ ਸੰਭਾਵਨਾਵਾਂ ਖੋਲ੍ਹਣਾ ਚਾਹੁੰਦੀ ਹੈ ਅਤੇ ਨਿਸ਼ਚਿਤ ਸਮੇਂ ਵਿਚ ਜਾਂਚ ਤੋਂ ਬਾਅਦ ਗ੍ਰਿਫ਼ਤਾਰੀ ਦੀ ਹਦਾਇਤ ਦੇ ਰਹੀ ਹੈ ਤਾਂ ਇਸ ਵਿਚ ਕੀ ਗ਼ਲਤ ਹੈ?

ਅਦਾਲਤ ਨੂੰ ਕਾਨੂੰਨ ਬਣਾਉਣ ਦਾ ਤਾਂ ਅਧਿਕਾਰ ਨਹੀਂ ਹੈ ਪਰ ਜੇ ਅਸੀਂ ਗ਼ੈਰ-ਦਲਿਤਾਂ ਵੱਲ ਹਾਂ ਤਾਂ ਸਾਨੂੰ ਲੱਗੇਗਾ ਕਿ ਅਦਾਲਤ ਨੇ ਸਮਾਜਿਕ ਨਿਆਂ ਖ਼ਾਤਰ ਬਣਾਏ ਗਏ ਕਾਨੂੰਨ ਦੇ ਅਤਿਵਾਦ ਨੂੰ ਸੀਮਤ ਕਰਨ ਦਾ ਕਦਮ ਉਠਾਇਆ ਹੈ। ਦਰਅਸਲ ਇਸ ਕੰਧ ਦਾ ਮੌਜੂਦ ਰਹਿਣਾ ਭਾਰਤੀ ਸਮਾਜ ਦੀ ਅਸਫ਼ਲਤਾ ਹੈ। ਇਸ ਕੰਧ ਦੀ ਜੜ੍ਹ ਵਿਚ ਉਹ ਹਿਕਾਰਤ ਦਾ ਭਾਵ ਹੈ ਜਿਸ ਨਾਲ ਗ਼ੈਰ-ਦਲਿਤ ਸਮਾਜ ਦਲਿਤਾਂ ਨੂੰ ਦੇਖਦਾ ਹੈ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਕੋਈ ਦਲਿਤ ਪੜ੍ਹ-ਲਿਖ ਗਿਆ ਹੈ ਜਾਂ ਸਫ਼ਲ ਹੋ ਗਿਆ ਹੈ। ਦਲਿਤਾਂ ਦਾ ਜਿਹੜਾ ਮੱਧ ਵਰਗ ਵੀ ਉਭਰਿਆ ਹੈ, ਉਸ ਨੂੰ ਅਜੇ ਤੱਕ ਭਾਰਤੀ ਸਮਾਜ ਦੇ ਮੱਧ ਵਰਗ ਦੀ ਮੁੱਖਧਾਰਾ ਵਿਚ ਜਗ੍ਹਾ ਨਹੀਂ ਮਿਲੀ। ਦਲਿਤ ਮੱਧ ਵਰਗ ਇਸ ਮੁੱਖ ਧਾਰਾ ਨਾਲ ਵੱਖਰੇ ਕੋਨੇ ਵਿਚ ਬੈਠਾ ਰਹਿੰਦਾ ਹੈ। ਜਦੋਂ ਤੱਕ ਇਹ ਸਥਿਤੀ ਰਹੇਗੀ, ਉਦੋਂ ਤੱਕ ਕੰਧ ਰਹੇਗੀ ਅਤੇ ਉਦੋਂ ਤੱਕ ਇਸ ਤਰ੍ਹਾਂ ਦਾ ਪੱਖਪਾਤ ਸਾਨੂੰ ਸਤਾਉਂਦਾ ਰਹੇਗਾ।

ਜਿਥੋਂ ਤੱਕ ਦਲਿਤਾਂ ਵਲੋਂ ਵਿਰੋਧ ਪ੍ਰਦਰਸ਼ਨ ਕਰਨ ਦੀ ਸ਼ੈਲੀ ਦਾ ਸਵਾਲ ਹੈ, ਇਥੇ ਬਿਲਕੁਲ ਨਵੀਂ ਪ੍ਰਵਿਰਤੀ ਦੇ ਦਰਸ਼ਨ ਕੀਤੇ ਜਾ ਸਕਦੇ ਹਨ। ਦਲਿਤਾਂ ਨੇ ਠੀਕ ਉਸੇ ਤਰ੍ਹਾਂ ਨਾਲ ਅੰਦੋਲਨ ਕੀਤਾ ਹੈ, ਜਿਸ ਤਰ੍ਹਾਂ ਪਿਛਲੇ ਦਿਨੀਂ ਰਾਖਵਾਂਕਰਨ ਦੀ ਮੰਗ ਨੂੰ ਲੈ ਕੇ ਜਾਟਾਂ ਅਤੇ ਗੁੱਜਰਾਂ ਨੇ ਅੰਦੋਲਨ ਕੀਤੇ ਸਨ- ਰਸਤਾ ਰੋਕਣਾ, ਅੱਗ ਲਗਾਉਣਾ, ਦੁਕਾਨਾਂ 'ਤੇ ਹਮਲਾ ਕਰਨਾ, ਕੁੱਟਮਾਰ ਕਰਨਾ, ਪੱਥਰਾਓ ਅਤੇ ਰੇਲ ਦੀਆਂ ਪਟੜੀਆਂ ਰੋਕਣਾ। ਦਲਿਤ ਨੌਜਵਾਨ ਮੂੰਹ 'ਤੇ ਪੱਟੀਆਂ ਬੰਨ੍ਹ ਅਤੇ ਹੱਥ ਵਿਚ ਡੰਡੇ ਫੜੀ ਦੇਖੇ ਜਾ ਸਕਦੇ ਸਨ। ਜੇ ਇਹ ਰੁਝਾਨ ਮਜ਼ਬੂਤ ਹੋਇਆ ਤਾਂ ਇਸ ਦੇ ਦੋ-ਤਿੰਨ ਪ੍ਰਦਰਸ਼ਨ ਹੋਰ ਦਿਖੇ ਤਾਂ ਵਿਆਪਕ ਸਮਾਜ ਵਿਚ ਦਲਿਤਾਂ ਅਤੇ ਗ਼ੈਰ-ਦਲਿਤਾਂ ਦੇ ਵਿਚਕਾਰ ਧਰੁਵੀਕਰਨ ਹੋਰ ਤਿੱਖਾ ਹੋ ਜਾਵੇਗਾ।

ਤੀਸਰਾ ਸਵਾਲ ਵੋਟਾਂ ਦੀ ਰਾਜਨੀਤੀ ਨਾਲ ਜੁੜਿਆ ਹੈ। ਭਾਰਤੀ ਜਨਤਾ ਪਾਰਟੀ ਇਸ ਸਮੇਂ ਕੁਝ ਹਿੱਲੀ ਹੋਈ ਹੈ। ਉਸ ਨੂੰ ਲੱਗ ਰਿਹਾ ਹੈ ਕਿ ਕਿਤੇ ਉਸ 'ਤੇ ਫਿਰ ਤੋਂ ਬ੍ਰਾਹਮਣ-ਬਾਣੀਆ ਪਾਰਟੀ ਦਾ ਠੱਪਾ ਤਾਂ ਨਹੀਂ ਲੱਗ ਰਿਹਾ? ਇਸ ਅਕਸ ਨੂੰ ਖ਼ਤਮ ਕਰਨ ਲਈ ਮੋਦੀ ਅਤੇ ਆਰ. ਐਸ. ਐਸ. ਨੇ ਪਿਛਲੇ ਚਾਰ ਸਾਲ ਤੋਂ ਬਹੁਤ ਕੋਸ਼ਿਸ਼ਾਂ ਕੀਤੀਆਂ ਹਨ, ਦੂਸਰੇ ਪਾਸੇ ਜੇ ਵਿਰੋਧੀ ਧਿਰ ਇਹ ਸੋਚ ਰਹੀ ਹੈ ਕਿ ਇਸ ਘਟਨਾ ਨੂੰ ਚੁੱਕ ਕੇ ਭਾਜਪਾ ਦੇ ਦਲਿਤ ਵੋਟਾਂ ਨੂੰ ਤੋੜ ਲਵੇਗੀ ਤਾਂ ਮੈਂ ਸਮਝਦਾ ਹਾਂ ਕਿ ਇਹ ਕੁਝ ਜਲਦਬਾਜ਼ੀ ਹੈ।

ਜਦੋਂ ਤੱਕ ਦਲਿਤ ਸਮਾਜ 'ਚ ਰਾਖਵਾਂਕਰਨ ਅਤੇ ਸੱਤਾ ਦੀਆਂ ਨਜ਼ਦੀਕੀਆਂ ਤੋਂ ਮਿਲਣ ਵਾਲੇ ਲਾਭ ਦੀ ਸਹੀ ਵੰਡ ਨਹੀਂ ਹੋਵੇਗੀ, ਉਦੋਂ ਤੱਕ ਭਾਜਪਾ ਦਲਿਤਾਂ ਵਿਚਕਾਰ ਉਭਰੀਆਂ ਪ੍ਰਭਾਵਸ਼ਾਲੀ ਜਾਤੀਆਂ ਅਤੇ ਛੋਟੀਆਂ ਦਲਿਤ ਬਰਾਦਰੀਆਂ ਵਿਚਕਾਰ ਅੰਦਰੂਨੀ ਵਿਰੋਧ ਦਾ ਲਾਭ ਉਠਾਉਂਦੀ ਰਹੇਗੀ। ਇਹ ਅੰਦਰੂਨੀ ਵਿਰੋਧ ਅਜੇ ਵੀ ਕਾਇਮ ਹੈ ਅਤੇ ਇਸ ਦਾ ਅੰਦਾਜ਼ਾ ਓਮ ਪ੍ਰਕਾਸ਼ ਰਾਜਭਰ ਦੇ ਬਿਆਨ ਤੋਂ ਲਗਾਇਆ ਜਾ ਸਕਦਾ ਹੈ, ਜਿਸ ਵਿਚ ਉਨ੍ਹਾਂ ਨੇ ਆਮ ਦਲਿਤ ਰਵੱਈਏ ਤੋਂ ਹਟਦੇ ਹੋਏ ਸੁਪਰੀਮ ਕੋਰਟ ਦੇ ਫ਼ੈਸਲੇ ਦੇ ਪੱਖ ਵਿਚ ਬਿਆਨ ਦਿੱਤਾ ਹੈ। ਰਾਜਭਰ ਨੂੰ ਹੀ ਕੇਂਦਰ ਬਣਾ ਕੇ ਉਤਰ ਪ੍ਰਦੇਸ਼ ਵਿਚ ਭਾਜਪਾ ਨੇ ਗ਼ੈਰ-ਜਾਟਵ, ਦਲਿਤ ਗੋਲਬੰਦੀ ਕੀਤੀ ਸੀ। ਹਾਂ, ਇਹ ਵੱਖਰੀ ਗੱਲ ਹੈ ਕਿ ਜੇ ਭਾਜਪਾ ਇਹ ਦਲਿਤ ਨਾਰਾਜ਼ਗੀ ਨਾ ਸੰਭਾਲ ਸਕੀ ਅਤੇ ਹਾਲਾਤ ਇਸੇ ਤਰ੍ਹਾਂ ਵਿਗੜਦੇ ਚਲੇ ਗਏ ਤਾਂ ਸੰਘ ਪਰਿਵਾਰ ਦੇ ਦਲਿਤ-ਪ੍ਰੋਜੈਕਟ ਦੇ ਬਿਖਰਨ ਦੀ ਨੌਬਤ ਆ ਸਕਦੀ ਹੈ।

# ਸਿੱਖ ਜਥੇਬੰਦੀਆਂ ਦੇ ਰੋਹ ਕਾਰਨ ਰਿਲੀਜ਼ ਨਾ ਹੋ ਸਕੀ 'ਨਾਨਕ ਸ਼ਾਹ ਫਕੀਰ'



**ਅੰਮ੍ਰਿਤਸਰ:** ਵਿਵਾਦਤ ਫਿਲਮ 'ਨਾਨਕ ਸ਼ਾਹ ਫਕੀਰ' ਉਤੇ ਅਕਾਲ ਤਖਤ ਵੱਲੋਂ ਲਾਈ ਰੋਕ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਇਸ ਖਿਲਾਫ਼ ਬੁਲੰਦ ਕੀਤੀ ਆਵਾਜ਼ ਦੇ ਸਿੱਟੇ ਵਜੋਂ ਇਹ ਫਿਲਮ ਦੇਸ਼ ਭਰ ਵਿਚ ਵਧੇਰੇ ਸਿੱਖ ਵਸੋਂ ਵਾਲੇ ਸ਼ਹਿਰਾਂ ਵਿਚ ਰਿਲੀਜ਼ ਨਹੀਂ ਹੋ ਸਕੀ।

ਦੱਸਣਯੋਗ ਹੈ ਕਿ ਫਿਲਮ ਦੇ ਰਿਲੀਜ਼ ਹੋਣ ਦੇ ਰੋਸ ਵਜੋਂ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਸਮੂਹ ਅਦਾਰੇ ਬੰਦ ਰੱਖੇ ਗਏ ਸਨ, ਜਿਸ ਦੇ ਸਿੱਟੇ ਵਜੋਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਆਉਂਦੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਆਦਿ ਵਿਚ ਗੁਰਦੁਆਰਿਆਂ ਦੇ ਪ੍ਰਬੰਧਕੀ ਦਫਤਰ, ਸੌ ਤੋਂ ਵੱਧ ਵਿਦਿਅਕ ਅਦਾਰੇ ਪੂਰੀ ਤਰ੍ਹਾਂ ਬੰਦ ਰੱਖੇ ਗਏ।

ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ, ਧਰਮ ਪ੍ਰਚਾਰ ਕਮੇਟੀ ਦਾ ਦਫਤਰ ਆਦਿ ਵੀ ਬੰਦ ਰੱਖੇ ਗਏ ਸਨ ਅਤੇ ਕਾਲੀਆਂ ਦਸਤਾਰਾਂ ਸਜਾ ਕੇ ਰੋਸ ਪ੍ਰਗਟਾਇਆ ਗਿਆ ਸੀ।

ਸ਼੍ਰੋਮਣੀ ਕਮੇਟੀ ਦੇ ਬੁਲਾਰੇ ਦਿਲਜੀਤ ਸਿੰਘ ਬੇਦੀ ਨੇ ਦਾਅਵਾ ਕੀਤਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਦਿੱਤੇ ਸੱਦੇ 'ਤੇ ਦੇਸ਼ ਭਰ ਵਿਚ ਸਿੱਖਾਂ ਵੱਲੋਂ ਇਸ ਫਿਲਮ ਦਾ ਵਿਰੋਧ ਕੀਤਾ ਗਿਆ ਹੈ, ਜਿਸ ਦੇ ਸਿੱਟੇ ਵਜੋਂ ਇਹ ਫਿਲਮ ਰਿਲੀਜ਼ ਨਹੀਂ ਹੋ ਸਕੀ। ਉਨ੍ਹਾਂ ਆਖਿਆ ਕਿ ਪੰਜਾਬ ਸਮੇਤ ਉਤਰੀ ਭਾਰਤ ਦੇ ਹਰਿਆਣਾ, ਹਿਮਾਚਲ ਪ੍ਰਦੇਸ਼ , ਜੰਮੂ-ਕਸ਼ਮੀਰ, ਰਾਜਸਥਾਨ, ਦਿੱਲੀ ਸਮੇਤ ਉਤਰ ਪ੍ਰਦੇਸ਼, ਛੱਤੀਸਗੜ੍ਹ ਤੇ ਹੋਰਨਾਂ ਸੂਬਿਆਂ ਵਿਚ ਇਸ ਫਿਲਮ ਦੇ ਵਿਰੋਧ ਕਾਰਨ ਇਸ ਦਾ ਪ੍ਰਦਰਸ਼ਨ ਨਹੀਂ ਹੋ ਸਕਿਆ।

ਉਤਰ ਪ੍ਰਦੇਸ਼ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਸਥਾਪਤ ਸਿੱਖ ਮਿਸ਼ਨ ਦੇ ਨੁਮਾਇੰਦੇ ਬ੍ਰਿਜ ਪਾਲ ਸਿੰਘ ਨੇ ਦੱਸਿਆ ਕਿ ਮੇਰਠ, ਰਾਮਪੁਰ, ਲਖਨਊ, ਗਾਜ਼ੀਆਬਾਦ, ਹਾਪੜ ਤੇ ਹੋਰ ਸ਼ਹਿਰਾਂ ਵਿਚ ਫਿਲਮ ਰਿਲੀਜ਼ ਨਹੀਂ ਹੋਈ।

ਜੰਮੂ-ਕਸ਼ਮੀਰ ਸੂਬੇ ਵਿਚ ਸਥਾਪਤ ਸਿੱਖ ਮਿਸ਼ਨ ਦੇ ਨੁਮਾਇੰਦੇ ਅਵਤਾਰ ਸਿੰਘ ਨੇ ਦੱਸਿਆ ਕਿ ਜੰਮੂ ਸਮੇਤ ਸ੍ਰੀਨਗਰ ਆਦਿ ਵਿਚ ਕਿਸੇ ਵੀ ਥਾਂ ਉਤੇ ਫਿਲਮ ਦਾ ਪ੍ਰਦਰਸ਼ਨ ਨਹੀਂ ਹੋਇਆ ਹੈ। ਅੰਬਾਲਾ, ਕਰਨਾਲ, ਕੁਰੂਕਸ਼ੇਤਰ, ਆਦਿ ਕਿਸੇ ਵੀ ਥਾਂ 'ਤੇ ਫਿਲਮ ਰਿਲੀਜ਼ ਨਹੀਂ ਹੋਈ। ਇਸੇ ਤਰ੍ਹਾਂ ਰਾਜਸਥਾਨ ਦੇ ਸੂਰਤਗੜ੍ਹ, ਅਨੂਪਗੜ੍ਹ, ਵਿਜੇ ਨਗਰ, ਗੰਗਾਨਗਰ ਸਮੇਤ ਹੋਰ ਕਿਸੇ ਵੀ ਥਾਂ ਉਤੇ ਫਿਲਮ ਨਹੀਂ ਚੱਲੀ ਹੈ।

ਛੱਤੀਸਗੜ੍ਹ ਤੋਂ ਸਿੱਖ ਸੰਗਠਨ ਦੇ ਨੁਮਾਇੰਦੇ ਗੁਰਮੀਤ ਸਿੰਘ ਨੇ ਆਖਿਆ ਕਿ ਸਿੱਖ ਸੰਗਤ ਵੱਲੋਂ ਪਹਿਲਾਂ ਹੀ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਗਈ ਸੀ ਕਿ ਫਿਲਮ ਨਾ ਚਲਾਈ ਜਾਵੇ। ਇਸੇ ਤਹਿਤ ਛੱਤੀਸਗੜ੍ਹ ਵਿਚ ਵੱਡੀ ਗਿਣਤੀ ਸਿੱਖ ਨੌਜਵਾਨ ਇਕੱਠੇ ਹੋ ਗਏ ਸਨ ਤੇ ਉਨ੍ਹਾਂ ਫਿਲਮ ਖਿਲਾਫ਼ ਰੋਸ ਵਿਖਾਵਾ ਵੀ ਕੀਤਾ। ਇਸ ਕਾਰਨ ਕਿਸੇ ਵੀ ਥਾਂ ਉਤੇ ਫਿਲਮ ਦਾ ਪ੍ਰਦਰਸ਼ਨ ਨਹੀਂ ਹੋ ਸਕਿਆ।

## ਸਿੱਕਾ ਨੂੰ ਪੰਥ ਵਿਚੋਂ ਛੇਕਿਆ

**ਅੰਮ੍ਰਿਤਸਰ:** ਨਾਨਕ ਸ਼ਾਹ ਫਕੀਰ ਫਿਲਮ ਵਿਵਾਦ ਨੇ ਉਦੋਂ ਨਵਾਂ ਮੋੜ ਲੈ ਲਿਆ ਜਦੋਂ ਸ੍ਰੀ ਅਕਾਲ ਤਖਤ ਉਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੌਰਾਨ ਫਿਲਮ ਨਿਰਮਾਤਾ ਹਰਿੰਦਰ ਸਿੰਘ ਸਿੱਕਾ ਨੂੰ ਸਿੱਖ ਪੰਥ ਵਿਚੋਂ ਛੇਕਣ ਦਾ ਹੁਕਮਨਾਮਾ ਜਾਰੀ ਕਰ ਦਿੱਤਾ। ਸ੍ਰੀ ਅਕਾਲ ਤਖਤ ਦੀ ਫਸੀਲ ਤੋਂ ਜਥੇਦਾਰ ਵੱਲੋਂ ਸੁਣਾਏ ਹੁਕਮਨਾਮੇ ਵਿਚ ਕਿਹਾ ਗਿਆ ਹੈ ਕਿ ਇਸ ਵਿਵਾਦਤ ਫਿਲਮ ਦੇ ਕਾਰਨ ਦੇਸ਼ ਵਿਦੇਸ਼ ਦੀਆਂ ਸਿੱਖ ਸੰਗਤਾਂ ਵਿਚ ਭਾਰੀ ਰੋਸ ਹੈ, ਪਰ ਇਸ ਦੇ ਬਾਵਜੂਦ ਫਿਲਮ ਦੇ ਨਿਰਮਾਤਾ ਹਰਿੰਦਰ ਸਿੰਘ ਸਿੱਕਾ ਨੇ ਸਿੱਖ ਭਾਵਨਾਵਾਂ ਨੂੰ ਅਣਡਿੱਠਾ ਕਰਦਿਆਂ ਫਿਲਮ ਨੂੰ ਰਿਲੀਜ਼ ਕਰਾਉਣ ਲਈ ਅਦਾਲਤ ਤੋਂ ਹਰੀ ਝੰਡੀ ਪ੍ਰਾਪਤ ਕੀਤੀ ਹੈ।

# ਚੰਗੀ ਜ਼ਿੰਦਗੀ ਦੀ ਆਸ ਲੈ ਤੁਰਦੀ ਹੈ ਗੈਰ ਕਾਨੂੰਨੀ ਪਰਵਾਸ ਦੇ ਰਾਹ

**ਚੰਡੀਗੜ੍ਹ:** ਚੰਗੀ ਜ਼ਿੰਦਗੀ ਦੀ ਆਸ ਵਿਚ ਘਰ ਬਾਹਰ ਛੱਡ ਕੇ ਇਰਾਕ ਗਏ 39 ਭਾਰਤੀਆਂ ਨੂੰ ਆਖਰਕਾਰ ਤਾਬੂਤਾਂ ਵਿਚ ਦੇਸ਼ ਪਰਤਣਾ ਪਿਆ, ਪਰ ਇਰਾਕ ਦੇ ਮੋਸੂਲ 'ਚ ਵਾਪਰੇ ਕਤਲੇਆਮ ਦੇ ਬਾਵਜੂਦ ਪੰਜਾਬ ਦੇ ਹਜ਼ਾਰਾਂ ਨੌਜਵਾਨ ਅਜੇ ਵੀ ਵਿਦੇਸ਼ ਜਾਣ ਦਾ ਸੁਪਨਾ ਪੂਰਾ ਕਰਨ ਲਈ ਹਰ ਤਰ੍ਹਾਂ ਦਾ ਰਿਸਕ ਲੈਣ ਲਈ ਤਿਆਰ ਬੈਠੇ ਹਨ।

ਮੱਧ ਪੂਰਬੀ ਮੁਲਕਾਂ ਵਿਚ ਰੁਜ਼ਗਾਰ ਦੀ ਭਾਲ ਵਿਚ ਨਿਕਲੇ ਪੰਜਾਬੀਆਂ ਨੂੰ ਤਾਂ ਅਕਸਰ ਦਰ-ਦਰ ਦੀਆਂ ਠੋਕਰਾਂ ਹੀ ਨਹੀਂ ਖਾਣੀਆਂ ਪੈਂਦੀਆਂ ਹਨ। ਸੰਯੁਕਤ ਰਾਸ਼ਟਰ ਦੀ ਸੰਸਥਾ 'ਯੂਨਾਈਟਿਡ ਨੇਸ਼ਨ ਆਫਿਸ ਆਨ ਡਰੱਗਜ਼ ਐਂਡ ਕਰਾਈਮ' (ਯੂ.ਐਨ.ਓ.ਡੀ.ਸੀ.) ਵੱਲੋਂ ਕੁਝ ਵਰ੍ਹੇ ਪਹਿਲਾਂ ਪੰਜਾਬ ਵਿਚੋਂ ਗੈਰ-ਕਾਨੂੰਨੀ ਪਰਵਾਸ ਕਰਨ ਵਾਲੇ ਵਿਅਕਤੀਆਂ ਸਬੰਧੀ ਕਰਵਾਏ ਵਿਸ਼ੇਸ਼ ਅਧਿਐਨ ਦੌਰਾਨ ਇਹ ਤੱਥ ਸਾਹਮਣੇ ਆਏ ਸਨ ਕਿ ਪੰਜਾਬ ਵਿਚੋਂ ਹਰ ਸਾਲ 20,000 ਤੋਂ ਵਧੇਰੇ ਨੌਜਵਾਨ ਗੈਰ-ਕਾਨੂੰਨੀ ਤਰੀਕਿਆਂ ਰਾਹੀਂ ਵਿਦੇਸ਼ਾਂ ਨੂੰ ਪਰਵਾਸ ਕਰਦੇ ਹਨ। ਰਿਪੋਰਟ ਮੁਤਾਬਕ ਗੈਰ ਕਾਨੂੰਨੀ ਪਰਵਾਸ ਕਰਨ ਵਾਲਿਆਂ ਵਿਚ 84 ਫੀਸਦੀ ਦਿਹਾਤੀ ਖੇਤਰ ਨਾਲ ਸਬੰਧ ਰੱਖਦੇ ਹਨ। ਇਨ੍ਹਾਂ ਵਿਚ ਜ਼ਿਆਦਾਤਰ ਦੀ ਉਮਰ 21 ਤੋਂ 30 ਸਾਲ ਦੇ ਦਰਮਿਆਨ ਹੁੰਦੀ ਹੈ। ਇਸੇ ਤਰ੍ਹਾਂ 31 ਤੋਂ 40 ਸਾਲ ਉਮਰ ਦੇ ਵਿਅਕਤੀ ਵੀ ਗੈਰ ਕਾਨੂੰਨੀ ਢੰਗ ਨਾਲ ਪਰਵਾਸ ਕਰਦੇ ਹਨ।

ਫਰਾਂਸ ਦੀ ਇਕ ਸੰਸਥਾ ਨਾਲ ਮਿਲ ਕੇ ਸੈਂਟਰ ਫਾਰ ਰੂਰਲ ਐਂਡ ਇੰਡਸਟਰੀਅਲ ਡਿਵੈਲਪਮੈਂਟ (ਕ੍ਰਿਡ) ਵੱਲੋਂ ਕੀਤੇ ਸਰਵੇਖਣ ਦੌਰਾਨ ਸਾਹਮਣੇ ਆਇਆ ਹੈ ਕਿ ਪੰਜਾਬ ਦੇ ਸਾਰੇ 55 ਲੱਖ ਪਰਿਵਾਰਾਂ ਵਿਚੋਂ 11 ਫੀਸਦੀ ਪਰਿਵਾਰਾਂ ਦੇ ਇਕ ਜਾਂ ਇਕ ਤੋਂ ਵੱਧ ਜੀਅ ਵਿਦੇਸ਼ ਵਿਚ ਹਨ। ਦੋਆਬੇ ਵਿਚ 23.7 ਫੀਸਦੀ ਪਰਿਵਾਰਾਂ ਵਿਚੋਂ, ਮਾਝੇ ਵਿਚੋਂ 11.5 ਫੀਸਦੀ ਤੇ ਮਾਲਵੇ ਦੇ 5 ਫੀਸਦੀ ਘਰਾਂ ਵਿਚੋਂ ਇਕ ਜਾਂ ਇਕ ਤੋਂ ਵੱਧ ਜੀਅ ਵਿਦੇਸ਼ਾਂ ਵਿਚ ਰਹਿ ਰਹੇ ਹਨ। ਪੇਂਡੂ 13 ਫੀਸਦੀ ਅਤੇ ਸ਼ਹਿਰੀ 6 ਫੀਸਦੀ ਪਰਿਵਾਰਾਂ ਦੇ ਇਕ ਜਾਂ ਇਸ ਤੋਂ ਵੱਧ ਵਿਅਕਤੀ ਵਿਦੇਸ਼ਾਂ ਰਹਿ ਰਹੇ ਹਨ। ਇਨ੍ਹਾਂ ਵਿਚੋਂ 60 ਫੀਸਦੀ ਵਿਕਸਿਤ ਦੇਸ਼ਾਂ ਜਿਵੇਂ ਕੈਨੇਡਾ, ਇਟਲੀ, ਅਮਰੀਕਾ, ਆਸਟਰੇਲੀਆ, ਯੂਕੇ ਤੇ ਹੋਰ ਦੇਸ਼ਾਂ ਵਿਚ ਹਨ, ਜਦੋਂਕਿ 40 ਫੀਸਦੀ ਦੇ ਕਰੀਬ ਮੱਧ ਪੂਰਬੀ ਦੇਸ਼ਾਂ ਵਿਚ ਹਨ। ਪ੍ਰੋਜੈਕਟ ਡਾਇਰੈਕਟਰ ਅਸ਼ਵਨੀ ਕੁਮਾਰ ਨੰਦਾ ਅਨੁਸਾਰ ਸੂਬੇ ਦੇ 133 ਪਿੰਡਾਂ ਤੇ 73 ਸ਼ਹਿਰਾਂ ਵਿਚੋਂ ਅੱਠ ਹਜ਼ਾਰ ਤੋਂ ਵੱਧ ਵਿਅਕਤੀਆਂ ਤੋਂ ਕੀਤੇ ਅਧਿਐਨ ਵਿਚ ਸਾਹਮਣੇ ਆਏ ਤੱਥਾਂ ਤਹਿਤ ਰੋਜ਼ੀ-ਰੋਟੀ ਤੋਂ ਇਲਾਵਾ ਪੰਜਾਬੀਆਂ ਲਈ ਕਿਸੇ ਮੈਂਬਰ ਨੂੰ ਬਾਹਰ ਭੇਜਣਾ 'ਸਟੇਟਸ ਸਿੰਬਲ' ਵੀ ਬਣਿਆ ਹੋਇਆ ਹੈ।

ਵਿਦਵਾਨਾਂ ਦਾ ਮੰਨਣਾ ਹੈ ਕਿ ਪਹਿਲਾਂ ਪੰਜਾਬ ਵਿਚੋਂ ਹੁਨਰ ਬਾਹਰ ਜਾਣ ਲੱਗ ਪਿਆ ਤੇ ਹੁਣ ਪੂੰਜੀ ਵੀ ਜਾ ਰਹੀ ਹੈ। ਸਾਲ 2017 ਦੌਰਾਨ ਹੀ ਇਕ ਲੱਖ ਤੋਂ ਵੱਧ ਪੰਜਾਬੀ ਵਿਦੇਸ਼ੀ ਵਿਦਿਅਕ ਸੰਸਥਾਵਾਂ ਵਿਚ ਪੜ੍ਹਾਈ ਦੇ ਨਾਮ ਉਤੇ ਵਿਦੇਸ਼ ਗਏ ਹਨ। ਕ੍ਰਿਡ ਦੇ ਸਰਵੇਖਣ ਅਨੁਸਾਰ 2007 ਤੋਂ 2010 ਦੇ ਲਗਭਗ ਸਾਢੇ ਤਿੰਨ ਸਾਲ ਦੌਰਾਨ 51 ਫੀਸਦੀ ਪਰਵਾਸੀਆਂ ਨੇ ਪੰਜਾਬ ਵਿਚ ਔਸਤਨ ਇਕ ਲੱਖ ਰੁਪਏ ਕਿਸੇ ਨਾ ਕਿਸੇ ਰੂਪ ਵਿਚ ਭੇਜੇ ਸਨ। 12.2 ਫੀਸਦੀ ਨੇ ਦਸ ਹਜ਼ਾਰ ਰੁਪਏ ਤੱਕ ਹੀ ਭੇਜੇ। ਬਾਕੀਆਂ ਨੇ ਦਸ ਹਜ਼ਾਰ ਤੋਂ ਇਕ ਲੱਖ ਰੁਪਏ ਤੱਕ ਭੇਜੇ। 19ਵੀਂ ਸਦੀ ਦੇ ਆਖਰੀ ਦਹਾਕੇ ਤੋਂ ਚੱਲੇ ਪਰਵਾਸ ਦੇ ਦੌਰ ਸਮੇਂ ਤੋਂ ਜ਼ਿਆਦਾਤਰ ਲੋਕ ਵਾਪਸ ਆਉਣ ਲਈ ਜਾਂਦੇ ਸਨ, ਪਰ ਹੁਣ ਲਗਭਗ ਸਾਰੇ ਹੀ ਸਥਾਈ ਤੌਰ ਉਤੇ ਵਿਦੇਸ਼ ਰਹਿਣ ਲਈ ਜਾਂਦੇ ਹਨ।

ਕੈਲੀਫੋਰਨੀਆ ਯੂਨੀਵਰਸਿਟੀ ਦੇ ਪ੍ਰੋਫੈਸਰ ਸ਼ਿੰਦਰ ਸਿੰਘ ਥਾਂਦੀ ਦਾ ਕਹਿਣਾ ਹੈ ਕਿ ਪੰਜਾਬੀ ਮੁੱਖ ਤੌਰ ਉਤੇ 2.5 ਕਰੋੜ ਦੇ ਲਗਭਗ ਪਰਵਾਸੀ ਭਾਰਤੀਆਂ ਵਿਚੋਂ 20 ਲੱਖ ਭਾਵ ਅੱਠ ਫੀਸਦੀ ਦੇ ਕਰੀਬ ਹਨ। ਪਰਵਾਸੀ ਪੰਜਾਬੀਆਂ ਵੱਲੋਂ ਮਕਾਨ ਬਣਾਉਣ ਤੇ ਛੋਟੀਆਂ ਵਪਾਰਕ ਗਤੀਵਿਧੀਆਂ ਉਤੇ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਦਾ 20 ਤੋਂ 30 ਫੀਸਦੀ ਹਿੱਸਾ ਬਣ ਜਾਂਦਾ ਸੀ, ਜੋ ਪੰਜਾਬ ਦੀ ਅਰਥਵਿਵਸਥਾ ਵਿਚ ਵੱਡੀ ਭੂਮਿਕਾ ਨਿਭਾਉਂਦਾ ਸੀ, ਪਰ ਹੁਣ ਪਿਛਲੇ ਦੋ ਦਹਾਕਿਆਂ ਤੋਂ ਇਹ ਟਿਕਾਊ ਨਹੀਂ ਰਹਿ ਸਕਿਆ। ਹੁਣ ਵਿਦੇਸ਼ਾਂ ਵਿਚ ਜੰਮੀ ਪੰਜਾਬੀ ਪੀੜ੍ਹੀ ਲਈ ਆਪਣਾ ਮੂਲ ਸੂਬਾ ਖਿੱਚ ਦਾ ਕੇਂਦਰ ਨਹੀਂ ਰਿਹਾ।

## ਧੋਖੇਬਾਜ਼ ਟਰੈਵਲ ਏਜੰਟਾਂ ਅੱਗੇ ਬੇਵੱਸ ਸਰਕਾਰਾਂ

**ਚੰਡੀਗੜ੍ਹ:** ਵਿਦੇਸ਼ ਜਾਣ ਲਈ ਨੌਜਵਾਨ ਹਰ ਜਾਇਜ਼, ਨਾਜਾਇਜ਼ ਢੰਗ-ਤਰੀਕੇ ਵਰਤਣ ਤੋਂ ਗੁਰੇਜ਼ ਨਹੀਂ ਕਰਦੇ। ਇਸ ਹਾਲਤ ਵਿਚ ਉਹ ਅਣ-ਰਜਿਸਟਰਡ ਟਰੈਵਲ ਏਜੰਟਾਂ ਦੇ ਹੱਥੇ ਚੜ੍ਹ ਜਾਂਦੇ ਹਨ। ਟਰੈਵਲ ਏਜੰਟ ਉਨ੍ਹਾਂ ਨੂੰ ਵਰਕ ਪਰਮਿਟ ਦੀ ਥਾਂ ਟੂਰਿਸਟ ਵੀਜ਼ੇ ਜਾਂ ਹੋਰ ਗਲਤ ਵੀਜ਼ੇ ਲਵਾ ਕੇ ਵਿਦੇਸ਼ ਭੇਜ ਦਿੰਦੇ ਹਨ, ਪਰ ਵਿਦੇਸ਼ ਦੀ ਧਰਤੀ ਉਤੇ ਪੈਰ ਧਰਦਿਆਂ ਹੀ ਉਨ੍ਹਾਂ ਦੇ ਸੁਪਨੇ ਚਕਨਾਚੂਰ ਹੋ ਜਾਂਦੇ ਹਨ। ਉਨ੍ਹਾਂ ਨੂੰ ਹਵਾਈ ਅੱਡਿਆਂ 'ਤੇ ਕੋਈ ਲੈਣ ਨਹੀਂ ਆਉਂਦਾ। ਉਨ੍ਹਾਂ ਵਿਚੋਂ ਕਈਆਂ ਨੂੰ ਹਵਾਈ ਅੱਡੇ ਤੋਂ ਪੁੱਠੇ ਪੈਰੀਂ ਦੇਸ਼ ਪਰਤਣਾ ਪੈਂਦਾ ਹੈ। ਜਿਹੜੇ ਵਿਦੇਸ਼ ਵਿਚ ਦਾਖਲ ਹੋ ਜਾਂਦੇ ਹਨ, ਉਨ੍ਹਾਂ ਦੇ 'ਮਾੜੇ ਦਿਨ' ਸ਼ੁਰੂ ਹੋ ਜਾਂਦੇ ਹਨ। ਕਈਆਂ ਨੂੰ ਵਿਦੇਸ਼ਾਂ ਦੀਆਂ ਜੇਲ੍ਹਾਂ ਦੀ ਹਵਾ ਖਾਣੀ ਪੈਂਦੀ ਹੈ। ਸਰਕਾਰਾਂ ਅਜਿਹੇ ਏਜੰਟਾਂ ਖਿਲਾਫ ਕਾਰਵਾਈ ਦੇ ਦਾਅਵੇ ਤਾਂ ਕਰਦੀਆਂ ਹਨ ਪਰ ਅਜੇ ਤੱਕ ਇਸ ਮਸਲੇ ਨੂੰ ਅਸਰਦਾਰ ਢੰਗ ਨਾਲ ਨਜਿੱਠਣ ਦੀਆਂ ਕੋਸ਼ਿਸ਼ਾਂ ਤੱਕ ਨਹੀਂ ਹੋਈਆਂ।

# ਹਰਮਿੰਦਰ ਸਿੰਘ ਮਿੰਟੂ ਨੂੰ 3 ਮਹੀਨੇ ਦੀ ਸਜ਼ਾ

**ਨਵੀਂ ਦਿੱਲੀ:** ਦਿੱਲੀ ਦੀ ਇਕ ਅਦਾਲਤ ਨੇ 2016 ਵਿਚ ਪੰਜਾਬ ਦੀ ਨਾਭਾ ਜੇਲ੍ਹ ਵਿਚੋਂ ਫਰਾਰ ਹੋਏ ਖਾਲਿਸਤਾਨੀ ਲਿਬਰੇਸ਼ਨ ਫੋਰਸ (ਕੇ.ਐਲ.ਐਫ਼.) ਦੇ ਮੁਖੀ ਹਰਮਿੰਦਰ ਸਿੰਘ ਮਿੰਟੂ ਨੂੰ ਸਰਕਾਰੀ ਮੁਲਾਜ਼ਮਾਂ ਉਤੇ ਹਮਲਾ ਕਰਨ ਅਤੇ ਆਪਣੀ ਮੁੜ ਗ੍ਰਿਫਤਾਰੀ ਤੋਂ ਬਚਣ ਲਈ ਪੁਲਿਸ ਅਧਿਕਾਰੀਆਂ ਉਤੇ ਗੋਲੀਬਾਰੀ ਕਰਨ ਦੇ ਦੋਸ਼ 'ਚ ਤਿੰਨ ਮਹੀਨਿਆਂ ਦੀ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਮਿੰਟੂ ਨੂੰ ਤਿੰਨ ਮਹੀਨਿਆਂ ਲਈ ਜੇਲ੍ਹ ਭੇਜ ਦਿੱਤਾ, ਹਾਲਾਂਕਿ ਉਹ ਪਹਿਲਾਂ ਹੀ ਇੰਨੀ ਸਜ਼ਾ ਕੱਟ ਚੁੱਕਾ ਹੈ। ਅਦਾਲਤ ਨੇ ਇਕ ਹੋਰ ਆਦੇਸ਼ ਜਾਰੀ ਕਰਦਿਆਂ ਕਿਹਾ ਕਿ ਉਸ ਨੂੰ ਜੇਲ੍ਹ ਵਿਚੋਂ ਰਿਹਾਅ ਕਰ ਦਿੱਤਾ ਜਾਵੇਗਾ ਕਿਉਂਕਿ ਉਹ ਪਹਿਲਾਂ ਹੀ ਜੇਲ੍ਹ 'ਚ ਉਨਾ ਸਮਾਂ ਕੈਦ ਕੱਟ ਚੁੱਕਾ ਹੈ। ਮਿੰਟੂ ਨਵੰਬਰ 2016 ਤੋਂ ਹੀ ਜੇਲ੍ਹ ਵਿਚ ਹੈ।



ਦੱਸਣਯੋਗ ਹੈ ਕਿ 51 ਸਾਲਾ ਮਿੰਟੂ 28 ਨਵੰਬਰ 2016 ਨੂੰ ਪੰਜ ਹੋਰਨਾਂ ਦੇ ਨਾਲ ਨਾਭਾ ਜੇਲ੍ਹ ਵਿਚੋਂ ਫਰਾਰ ਹੋ ਗਿਆ ਸੀ, ਪਰ ਇਕ ਦਿਨ ਬਾਅਦ ਹੀ ਉਸ ਨੂੰ ਦਿੱਲੀ ਦੇ ਨਿਜ਼ਾਮੂਦੀਨ ਰੇਲਵੇ ਸਟੇਸ਼ਨ ਤੋਂ ਗ੍ਰਿਫਤਾਰ ਕਰ ਲਿਆ ਗਿਆ ਸੀ। ਸਰਕਾਰੀ ਵਕੀਲ ਨੇ ਕਿਹਾ ਕਿ ਜਦ ਮਿੰਟੂ ਨੇ ਆਪਣੇ ਆਪ ਨੂੰ ਪੁਲਿਸ 'ਚ ਘਿਰਿਆ ਵੇਖਿਆ ਤਾਂ ਉਸ ਨੇ ਪਿਸਤੌਲ ਕੱਢ ਕੇ ਉਨ੍ਹਾਂ 'ਤੇ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਨੂੰ ਕਾਬੂ ਕਰ ਲਿਆ ਗਿਆ। ਜਾਂਚ ਪੂਰੀ ਕਰਨ ਤੋਂ ਬਾਅਦ ਉਸ ਖਿਲਾਫ਼ ਆਈ.ਪੀ.ਸੀ. ਦੀ ਧਾਰਾ 186 ਅਤੇ 353 ਦੇ ਤਹਿਤ ਦੋਸ਼ ਪੱਤਰ ਦਾਇਰ ਕੀਤਾ ਗਿਆ। ਮਿੰਟੂ ਨੇ ਅਦਾਲਤ ਵਿਚ ਅਰਜ਼ੀ ਦਾਇਰ ਕਰ ਕੇ ਅਪਰਾਧ ਸਵੀਕਾਰ ਕਰਦਿਆਂ ਅਦਾਲਤ ਤੋਂ ਸਜ਼ਾ 'ਚ ਢਿੱਲ ਦੀ ਮੰਗ ਕੀਤੀ ਸੀ। ਉਸ ਨੇ ਕਿਹਾ ਸੀ ਕਿ ਉਹ 15 ਮਹੀਨਿਆਂ ਤੋਂ ਹਿਰਾਸਤ 'ਚ ਹੈ ਅਤੇ ਉਹ ਦਿਲ ਦੀ ਬਿਮਾਰੀ ਤੋਂ ਪੀੜਤ ਹੈ।

# ਡਾ. ਪਰਦੀਪ ਸਿੰਘ ਗਿੱਲ ਸਿੱਖ ਰਿਲੀਜੀਅਸ ਸੁਸਾਇਟੀ ਦੇ ਨਵੇਂ ਪ੍ਰਧਾਨ ਬਣੇ

**ਸ਼ਿਕਾਗੋ (ਬਿਊਰੋ):** ਸ. ਪਰਦੀਪ ਸਿੰਘ ਗਿੱਲ ਸਥਾਨਕ ਗੁਰਦੁਆਰਾ ਪੈਲਾਟਾਈਨ ਦੀ ਪ੍ਰਬੰਧਕ ਕਮੇਟੀ ਸਿੱਖ ਰਿਲੀਜੀਅਸ ਸੁਸਾਇਟੀ ਦੇ ਨਵੇਂ ਪ੍ਰਧਾਨ ਚੁਣੇ ਗਏ। ਇਸ ਤੋਂ ਇਲਾਵਾ ਇਰਵਿਨਪ੍ਰੀਤ ਸਿੰਘ ਜਨਰਲ ਸਕੱਤਰ, ਪ੍ਰੇਮ ਪਾਲ ਸਿੰਘ ਵਿੱਤ ਸਕੱਤਰ ਅਤੇ ਗੁਰਮੀਤ ਸਿੰਘ ਬੈਂਸ ਰਿਲੀਜੀਅਸ ਸਕੱਤਰ ਚੁਣੇ ਗਏ ਹਨ। ਨਵੇਂ ਚੁਣੇ ਗਏ ਅਹੁਦੇਦਾਰਾਂ ਨੇ ਆਪਣੀ ਜ਼ਿੰਮੇਵਾਰੀ ਲੰਘੇ ਐਤਵਾਰ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਪ੍ਰਵਾਨ ਕੀਤੀ। ਇਸ ਮੌਕੇ ਸੇਵਾ ਮੁਕਤ ਹੋ ਰਹੇ ਪਿਛਲੇ ਬੋਰਡ ਮੈਂਬਰਾਂ ਬੀਬੀ ਜਸਬੀਰ ਕੌਰ ਮਾਨ ਤੇ ਗਿਆਨ ਸਿੰਘ ਸੀਹਰਾ ਦਾ ਪ੍ਰਬੰਧਕੀ ਕਾਰਜਾਂ ਵਿਚ ਸੇਵਾ ਨਿਭਾਉਣ ਲਈ ਪਲੇਕ ਦੇ ਸਨਮਾਨ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਸਿੱਖ ਰਿਲੀਜੀਅਸ ਸੁਸਾਇਟੀ ਦੀਆਂ ਚੋਣਾਂ ਲੰਘੀ ਪਹਿਲੀ ਅਪਰੈਲ ਨੂੰ ਹੋਈਆਂ ਸਨ ਜਿਸ ਵਿਚ ਜੈਰਾਮ ਸਿੰਘ ਕਾਹਲੋਂ, ਇਰਵਿਨਪ੍ਰੀਤ ਸਿੰਘ, ਅਮਰਦੇਵ ਸਿੰਘ ਬਦੇਸ਼ਾ, ਪ੍ਰੇਮਪਾਲ ਸਿੰਘ ਅਤੇ ਸਲਵਿੰਦਰ ਕੌਰ ਸੰਧੂ ਚੋਣ ਜਿੱਤੇ ਸਨ। ਇਹ ਚੋਣਾਂ ਬੋਰਡ ਦੀਆਂ ਖਾਲੀ ਹੋਈਆਂ 5 ਸੀਟਾਂ ਅਤੇ ਸੀ. ਆਈ. ਸੀ. ਦੀ ਇਕ ਸੀਟ ਲਈ ਹੋਈਆਂ ਸਨ। ਸੀ. ਆਈ. ਸੀ. ਦੀ ਸੀਟ ਗੁਰਦੀਪ ਸਿੰਘ ਸੰਘਾ ਨੇ ਜਿੱਤੀ ਸੀ। ਬੋਰਡ ਦੇ ਮਿਆਦ ਪੂਰੀ ਕਰ ਚੁਕੇ ਮੈਂਬਰਾਂ ਵਿਚ ਮਹਾਂਬੀਰ ਸਿੰਘ ਬਰਾੜ, ਜਸਬੀਰ ਕੌਰ ਸਲੂਜਾ, ਸੁਰਿੰਦਰ ਕੌਰ ਸੈਣੀ, ਗਿਆਨ ਸਿੰਘ ਸੀਹਰਾ ਤੇ ਜਸਬੀਰ ਕੌਰ ਮਾਨ ਸ਼ਾਮਲ ਹਨ ਜਦੋਂਕਿ ਸੀ. ਆਈ. ਸੀ. ਮੈਂਬਰ ਸੁਭਾਸ਼ ਸਿੰਘ ਹਨ। ਇਹ ਵੀ ਜ਼ਿਕਰਯੋਗ ਹੈ ਕਿ ਚੋਣਾਂ ਬੜੇ ਅਮਨ ਅਮਾਨ ਨਾਲ ਹੋਈਆਂ।

## ਸਾਬਕਾ ਚੀਫ ਜਸਟਿਸ ਖੇਹਰ ਨੂੰ ਪੰਜਾਬੀ ਰਤਨ ਪੁਰਸਕਾਰ

**ਨਵੀਂ ਦਿੱਲੀ:** ਭਾਰਤ ਦੇ ਪਹਿਲੇ ਸਿੱਖ ਚੀਫ ਜਸਟਿਸ ਜੇ.ਐਸ. ਖੇਹਰ ਨੂੰ ਵਿਸਾਖੀ ਮੌਕੇ ਵਰਲਡ ਪੰਜਾਬੀ ਆਰਗੇਨਾਈਜ਼ੇਸ਼ਨ (ਡਬਲਿਊ.ਪੀ.ਓ.) ਵੱਲੋਂ ਕਰਵਾਏ ਗਏ ਸਮਾਗਮ 'ਚ ਪੰਜਾਬੀ ਰਤਨ ਪੁਰਸਕਾਰ ਨਾਲ ਨਿਵਾਜਿਆ ਗਿਆ।

ਦਿੱਲੀ ਦੇ ਸ੍ਰੀ ਫੋਰਟ ਆਡੀਟੋਰੀਅਮ 'ਚ ਹੋਏ ਸਮਾਗਮ ਵਿਚ ਡਬਲਿਊ.ਪੀ.ਓ. ਦੇ ਪ੍ਰਧਾਨ ਵਿਕਰਮਜੀਤ ਸਾਹਨੀ ਨੇ ਪੰਜਾਬੀਆਂ ਦੇ ਜੋਸ਼, ਬਹਾਦਰੀ ਅਤੇ ਜਜ਼ਬੇ ਨੂੰ ਸਲਾਮ ਕਰਦਿਆਂ ਕਿਹਾ ਕਿ ਪੰਜਾਬੀਆਂ ਨੇ ਵਿਸ਼ਵ ਭਰ 'ਚ ਭਾਰਤ ਦਾ ਮਾਣ ਵਧਾਇਆ ਹੈ।

## ਡਾ. ਪਰਦੀਪ ਸਿੰਘ ਗਿੱਲ ਨਾਲ ਜਾਣ ਪਛਾਣ

ਡਾ. ਪਰਦੀਪ ਸਿੰਘ ਗਿੱਲ ਦਾ ਜਨਮ ਪਿੰਡ ਹਲਵਾਰਾ (ਜਿਲ੍ਹਾ ਲੁਧਿਆਣਾ) ਵਿਖੇ ਪਿਤਾ ਉਜਾਗਰ ਸਿੰਘ ਗਿੱਲ ਤੇ ਮਾਤਾ ਸੁਰਜੀਤ ਕੌਰ ਗਿੱਲ ਦੇ ਗ੍ਰਹਿ ਵਿਖੇ ਹੋਇਆ। ਉਨ੍ਹਾਂ ਦਾ ਮੁਢਲਾ ਜੀਵਨ ਪਿੰਡ ਗਗੇਵਾਲ, ਜਿਲ੍ਹਾ ਬਰਨਾਲਾ ਵਿਖੇ ਗੁਜਰਿਆ। ਉਨ੍ਹਾਂ ਆਪਣੀ ਉਚੇਰੀ ਸਿਖਿਆ ਪੰਜਾਬ ਖੇਤੀ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ। ਉਪਰੰਤ 1989 ਵਿਚ ਅਮਰੀਕਾ ਆ ਗਏ। ਜਿਥੇ ਉਨ੍ਹਾਂ ਪਰਡਿਊ (Purdue) ਯੂਨੀਵਰਸਿਟੀ ਤੋਂ ਵੈਟ ਸਰਜਰੀ ਵਿਚ ਮਾਸਟਰ ਡਿਗਰੀ ਹਾਸਿਲ ਕੀਤੀ। ਇਸ ਵੇਲੇ ਉਨ੍ਹਾਂ ਦਾ ਆਪਣਾ ਕਾਰੋਬਾਰ ਤੇ ਵੈਟਰਨਰੀ ਹਸਪਤਾਲ ਹੈ।



ਡਾ. ਪਰਦੀਪ ਸਿੰਘ ਗਿੱਲ

ਡਾ ਗਿੱਲ ਇਥੋਂ ਦੀ ਸਬਰਬ ਰੋਲਿੰਗ ਮੈਡੋਜ਼ ਵਿਚ ਰਹਿੰਦੇ ਹਨ ਅਤੇ ਪਿਛਲੇ 25 ਸਾਲ ਤੋਂ ਸਿੱਖ ਰਿਲੀਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਦੇ ਸਰਗਰਮ ਮੈਂਬਰ ਹਨ। 2016 ਵਿਚ ਉਹ ਗੁਰਦੁਆਰਾ ਸਾਹਿਬ ਦੇ ਬੋਰਡ ਮੈਂਬਰ ਬਣੇ। ਪ੍ਰਧਾਨਗੀ ਦੇ ਅਹੁਦੇ ਤੋਂ ਪਹਿਲਾ ਉਹ ਗੁਰਦੁਆਰਾ ਪੈਲਾਟਾਈਨ ਦੇ ਫਾਇਨੈਂਸ ਸੈਕਟਰੀ ਤੇ ਪਿਛਲੇ ਸਾਲ ਐਗਜ਼ੈਕਟਿਵ ਸੈਕਟਰੀ ਦੀ ਸੇਵਾ ਨਿਭਾ ਚੁਕੇ ਹਨ। ਇਸ ਤੋਂ ਇਲਾਵਾ ਉਹ ਇੰਡੋ ਅਮੈਰਿਕਨ ਵੈਟਰੀਨੇਰੀਅਨ ਐਸੋਸੀਏਸ਼ਨ ਦੇ 2017-2018 ਲਈ ਮੌਜੂਦਾ ਪ੍ਰਧਾਨ ਵੀ ਹਨ।

ਜ਼ਿਕਰਯੋਗ ਹੈ ਕਿ ਡਾ. ਪਰਦੀਪ ਸਿੰਘ ਗਿੱਲ ਉਘੇ ਸਿੱਖ ਚਿੰਤਕ ਤੇ ਵਿਦਵਾਨ ਸਵਰਗੀ ਸ. ਉਜਾਗਰ ਸਿੰਘ ਗਿੱਲ ਦੇ ਸਪੁੱਤਰ ਹਨ, ਜਿਨ੍ਹਾਂ ਸਿੱਖ ਇਤਿਹਾਸ ਦੀ ਡੂੰਘੀ ਖੋਜ ਕਰਕੇ ਕਈ ਪੁਸਤਕਾਂ ਸਿੱਖ ਪੰਥ ਦੀ ਝੋਲੀ ਪਾਈਆਂ।

# ਸਾਜਨਾ ਦਿਵਸ 'ਤੇ ਖਾਲਸੇ ਦੀ ਧਰਤੀ ਉਤੇ ਸ਼ਰਧਾ ਦਾ ਸੈਲਾਬ

**ਸ੍ਰੀ ਅਨੰਦਪੁਰ ਸਾਹਿਬ:** ਖਾਲਸਾ ਪੰਥ ਦੇ ਜਨਮ ਸਥਾਨ ਅਨੰਦਪੁਰ ਸਾਹਿਬ ਵਿਖੇ 300 ਸਾਲਾ ਖਾਲਸਾ ਸਾਜਨਾ ਦਿਵਸ ਤੋਂ ਬਾਅਦ 18 ਸਾਹਿਬ ਵਿਖੇ ਮੱਥਾ ਟੇਕਿਆ। ਵਿਸਾਖੀ ਜੋੜ ਮੇਲ ਦੌਰਾਨ 7 ਲੱਖ ਤੋਂ ਵੱਧ ਸੰਗਤ ਨਤਮਸਤਕ ਹੋਈ। ਇਸ ਦੌਰਾਨ 5 ਹਜ਼ਾਰ ਪ੍ਰਾਣੀਆਂ ਨੇ ਅੰਮ੍ਰਿਤ ਗਏ ਤੇ ਪੰਥ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ। ਇਸ ਮੌਕੇ ਗਿਆਨੀ ਰਘੁਬੀਰ ਸਿੰਘ ਨੇ ਸਿੱਖ ਕੌਮ ਦੇ ਨਾਮ ਸੰਦੇਸ਼ ਜਾਰੀ ਕਰਦੇ ਹੋਏ



ਸਾਲਾਂ ਮਗਰੋਂ ਸੰਗਤ ਦਾ ਹੜ੍ਹ ਆਇਆ ਵੇਖਿਆ। ਲੱਖਾਂ ਦੀ ਗਿਣਤੀ ਵਿਚ ਸੰਗਤ ਨੇ ਤਖਤ ਕੇਸਗੜ੍ਹ ਛਕਿਆ। ਤਖਤ ਸਾਹਿਬ ਸਣੇ ਵੱਖ-ਵੱਖ ਗੁਰਦੁਆਰਿਆਂ ਵਿਖੇ ਅਖੰਡ ਪਾਠ ਦੇ ਭੋਗ ਪਾਏ ਕਿਹਾ ਕਿ ਲੋੜ ਹੈ ਕਿ ਅਸੀਂ ਨਿੱਜੀ ਰੰਜਿਸ਼ਾਂ ਤੇ ਭੇਦ-ਭਾਵ ਮਿਟਾ ਕੇ ਇਕ ਹੋਈਏ ਅਤੇ ਤਖਤ ਕੇਸਗੜ੍ਹ ਸਾਹਿਬ ਦੇ ਸਿਧਾਂਤ ਨੂੰ ਮਨ ਵਿਚ ਵਸਾ ਕੇ ਅੰਮ੍ਰਿਤਧਾਰੀ ਹੋਈਏ। ਉਨ੍ਹਾਂ ਕਿਹਾ ਕਿ ਵਿਆਹਾਂ ਦੀ ਫਜ਼ੂਲਖਰਚੀ ਅਤੇ ਸਭਿਆਚਾਰ ਦੇ ਨਾਮ ਉਤੇ ਹੋ ਰਹੇ ਸਿੱਖੀ ਵਿਰਸੇ ਦੇ ਘਾਣ ਤੋਂ ਬਚੀਏ ਅਤੇ ਗੁਰੂ ਸਾਹਿਬਾਨ ਦੇ ਨਾਂਵਾਂ 'ਤੇ ਬਣ ਰਹੀਆਂ ਅਜਿਹੀਆਂ ਫਿਲਮਾਂ, ਨਾਟਕ ਤੇ ਗੀਤ, ਜਿਨ੍ਹਾਂ ਰਾਹੀਂ ਸਿੱਖੀ ਦਾ ਘਾਣ ਹੋ ਰਿਹਾ ਹੈ, ਤੋਂ ਸੁਚੇਤ ਰਹੀਏ।ਐਤਕੀਂ ਦਮਦਮਾ ਸਾਹਿਬ ਦੇ ਵਿਸਾਖੀ ਮੇਲੇ ਉਤੇ ਮੌਸਮ ਦੇ ਵਿਗੜੇ ਮਿਜ਼ਾਜ ਦਾ ਪਰਛਾਵਾਂ ਵੇਖਣ ਨੂੰ ਮਿਲਿਆ। ਵਰ੍ਹਿਆਂ ਮਗਰੋਂ ਵਿਸਾਖੀ ਮੌਕੇ ਪਹਿਲੀ ਦਫਾ ਹੋਇਆ ਕਿ ਪੈਰ ਮਿੱਧਣ ਵਾਲੀ ਭੀੜ ਨਹੀਂ ਜੁੜ ਸਕੀ। ਖਾਲਸਾ ਸਾਜਨਾ ਦਿਵਸ ਮੌਕੇ ਐਤਕੀਂ ਸਿਆਸੀ ਕਾਨਫਰੰਸਾਂ ਵੀ ਬਹੁਤੀ ਭੀੜ ਨਹੀਂ ਜੁਟਾ ਸਕੀਆਂ। ਕਣਕਾਂ ਦੀ ਵਾਢੀ ਤੋਂ ਵਿਹਲੇ ਨਾ ਹੋਣ ਕਾਰਨ ਕਿਸਾਨਾਂ ਨੇ ਖੇਤਾਂ ਵਿਚ ਹੀ ਵਿਸਾਖੀ ਮਨਾਈ। ਕਈ ਕਿਸਾਨ ਵਿਸਾਖੀ ਮੇਲੇ ਤੋਂ ਪਹਿਲਾਂ ਹੀ ਤਖਤ ਸਾਹਿਬ ਉਤੇ ਮੱਥਾ ਟੇਕ ਕੇ ਪਰਤ ਗਏ।

ਤਖਤ ਸਾਹਿਬ ਨੇੜੇ ਭੀੜ ਜ਼ਰੂਰ ਰਹੀ, ਪਰ ਪਹਿਲਾਂ ਵਾਂਗ ਸੰਗਤ ਦਾ ਸੈਲਾਬ ਨਹੀਂ ਆਇਆ। ਉਂਜ, ਵਿਸਾਖੀ ਦਿਹਾੜੇ ਮੌਕੇ ਵੱਡੀ ਗਿਣਤੀ ਵਿਚ ਸੰਗਤ ਨੇ ਹਾਜ਼ਰੀ ਭਰ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਦੁਕਾਨਦਾਰਾਂ ਨੇ ਦੱਸਿਆ ਕਿ ਪਹਿਲੀ ਵਾਰ ਵਿਸਾਖੀ ਇੰਨੀ ਮੱਠੀ ਰਹੀ ਹੈ।

## ਗੁਰੂ ਕੀਆਂ ਲਾਡਲੀਆਂ ਫੌਜਾਂ ਨੇ ਵਿਖਾਏ ਜੌਹਰ

**ਤਲਵੰਡੀ ਸਾਬੋ:** ਦਮਦਮਾ ਸਾਹਿਬ ਵਿਖੇ ਚਾਰ ਰੋਜ਼ਾ ਵਿਸਾਖੀ ਮੇਲੇ ਦੀ ਸਮਾਪਤੀ ਮੌਕੇ ਗੁਰੂ ਕੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘਾਂ ਵੱਲੋਂ ਕੱਢੇ ਗਏ ਮਹੱਲੇ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ। ਨੀਲੇ ਬਾਣਿਆਂ ਵਿਚ ਸਜੀਆਂ ਗੁਰੂ ਕੀਆਂ ਲਾਡਲੀਆਂ ਫੌਜਾਂ ਸ਼ਿੰਗਾਰੇ ਹੋਏ ਘੋੜਿਆਂ ਉਤੇ ਸਵਾਰ ਹੋ ਕੇ ਪਹਿਲਾਂ ਨਿਹੰਗਾਂ ਸਿੰਘਾਂ ਦੀ ਮੁੱਖ ਛਾਉਣੀ ਗੁਰਦੁਆਰਾ ਦੇਗਸਰ ਬੇਰ ਸਾਹਿਬ ਵਿਖੇ ਇਕੱਠੀਆਂ ਹੋਈਆਂ। ਜਿਥੋਂ ਉਹ ਛਿਆਨਵੇਂ ਕਰੋੜੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁੱਖ ਜਥੇਦਾਰ ਬਾਬਾ ਬਲਬੀਰ ਸਿੰਘ ਦੀ ਅਗਵਾਈ ਵਿਚ ਅਰਦਾਸ ਕਰਨ ਮਗਰੋਂ ਨਗਾਰਿਆਂ ਦੀਆਂ ਚੋਟਾਂ ਅਤੇ ਖਾਲਸਈ ਜੈਕਾਰਿਆਂ ਦੀ ਗੂੰਜ ਨਾਲ ਸਖਤ ਸੁਰੱਖਿਆ ਪ੍ਰਬੰਧਾਂ ਵਿਚ ਹੇਠ ਰਵਾਨਾ ਹੋਏ। ਨਿਹੰਗ ਸਿੰਘਾਂ ਨੇ ਘੋੜ ਸਵਾਰੀ, ਕਿੱਲਾ ਪੁੱਟਣ ਤੇ ਗਤਕੇ ਦੇ ਕਰਤਬ ਦਿਖਾਏ। ਬਾਬਾ ਬਲਬੀਰ ਸਿੰਘ ਨੇ ਜੇਤੂਆਂ ਨੂੰ ਇਨਾਮ ਵੰਡੇ। ਦੂਜੇ ਪਾਸੇ, ਬੁੱਢਾ ਦਲ ਦੇ ਦੂਜੇ ਗਰੁੱਪ ਨੇ ਬਾਬਾ ਸਮਸ਼ੇਰ ਸਿੰਘ ਦੀ ਅਗਵਾਈ ਵਿਚ ਰਵਾਇਤੀ ਮਹੱਲਾ ਕੱਢਿਆ ਗਿਆ।

# ਵਿਸਾਖੀ ਕਾਨਫਰੰਸਾਂ: ਸਿਆਸੀ ਧਿਰਾਂ ਵੱਲੋਂ ਇਕ ਦੂਜੇ ਦੀ ਖਿੱਚ-ਧੂਹ

**ਤਲਵੰਡੀ ਸਾਬੋ:** ਦਮਦਮਾ ਸਾਹਿਬ ਵਿਖੇ ਵਿਸਾਖੀ ਦਿਹਾੜੇ ਮੌਕੇ ਸਿਆਸੀ ਕਾਨਫਰੰਸਾਂ ਵਿਚ ਕਾਂਗਰਸ ਤੇ ਅਕਾਲੀਆਂ ਨੇ ਇਕ ਦੂਜੇ ਖਿਲਾਫ ਖੁੱਲ੍ਹ ਕੇ ਭੜਾਸ ਕੱਢੀ। ਮੁੱਖ ਸਿਆਸੀ ਕਾਨਫਰੰਸਾਂ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਗੈਰਹਾਜ਼ਰੀ ਵਿਚ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਕਾਂਗਰਸੀ ਦੀ ਕਮਾਨ ਸੰਭਾਲੀ, ਜਦੋਂਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਗੈਰਹਾਜ਼ਰੀ ਵਿਚ ਅਕਾਲੀ ਕਾਨਫਰੰਸ ਵਿਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਪ੍ਰਮੁੱਖ ਸਨ।

ਮਨਪ੍ਰੀਤ ਬਾਦਲ ਨੇ ਕਾਨਫਰੰਸ ਵਿਚ ਸਿੱਧੇ ਤੌਰ ਉਤੇ ਸੁਖਬੀਰ ਤੇ ਮਜੀਠੀਆ ਪਰਿਵਾਰ ਖਿਲਾਫ ਕੁਝ ਨਹੀਂ ਬੋਲਿਆ। ਸੁਖਬੀਰ ਬਾਦਲ ਤੇ ਹਰਸਿਮਰਤ ਬਾਦਲ ਨੇ ਵੀ ਮਨਪ੍ਰੀਤ ਬਾਦਲ ਨੂੰ ਨਿਸ਼ਾਨਾ ਬਣਾਉਣ ਤੋਂ ਟਾਲਾ ਵੱਟਿਆ। ਸਿਰਫ ਬਿਕਰਮ ਸਿੰਘ ਮਜੀਠੀਆ ਨੇ ਮਨਪ੍ਰੀਤ ਬਾਦਲ 'ਤੇ ਸਿਆਸੀ ਵਾਰ ਕੀਤੇ। ਕੈਪਟਨ ਅਮਰਿੰਦਰ ਸਿੰਘ ਦੇ ਵਿਸਾਖੀ ਕਾਨਫਰੰਸ ਵਿਚ ਨਾ ਆਉਣ ਦਾ ਪਹਿਲਾਂ ਹੀ ਪਤਾ ਲੱਗਣ ਕਰ ਕੇ ਲੋਕਾਂ ਦੀ ਖਿੱਚ ਕਾਂਗਰਸੀ ਕਾਨਫਰੰਸ ਵੱਲ ਬਹੁਤੀ ਨਹੀਂ ਰਹੀ। ਸ਼੍ਰੋਮਣੀ ਅਕਾਲੀ ਦਲ ਨੇ ਵੀ ਐਤਕੀਂ ਬੱਸਾਂ ਜਾਂ ਟਰੱਕਾਂ ਰਾਹੀਂ ਵਰਕਰਾਂ ਨੂੰ ਨਹੀਂ ਲਿਆਂਦਾ। ਦੋਵੇਂ ਕਾਨਫਰੰਸਾਂ ਵਿਚ ਕਿਸਾਨੀ ਮੁੱਦਿਆਂ ਉਤੇ ਹੀ ਜ਼ਿਆਦਾ ਗੱਲ ਹੋਈ।

ਬਹੁਜਨ ਸਮਾਜ ਪਾਰਟੀ ਦੀ ਕਾਨਫਰੰਸ ਸਭ ਤੋਂ ਦੇਰ ਤੱਕ ਚੱਲਦੀ ਰਹੀ, ਜਦੋਂਕਿ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਵੀ ਪਾਣੀਆਂ ਦੇ ਮੁੱਦੇ ਨੂੰ ਲੈ ਕੇ ਖੰਡਾ ਚੌਕ ਵਿਚ ਸੰਬੋਧਨ ਕੀਤਾ। 'ਆਪ' ਨੇ ਕਾਨਫਰੰਸ ਦੀ ਥਾਂ ਸੇਵਾ ਕੀਤੀ। ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਕਰਵਾਏ ਗਤਕਾ ਪ੍ਰਦਰਸ਼ਨੀ ਮੁਕਾਬਲੇ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ। ਕਾਂਗਰਸ ਹਕੂਮਤ ਬਣਨ ਮਗਰੋਂ ਦੂਜੀ ਵਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਸਾਖੀ ਦਿਹਾੜੇ ਉਤੇ ਨਾ ਪੁੱਜੇ। ਰਾਜ ਪੱਧਰੀ ਸਮਾਗਮਾਂ 'ਚ ਪੰਚਾਇਤੀ ਚੋਣਾਂ ਦੇ ਚਰਚੇ ਹੋਏ ਅਤੇ ਲੰਗਰ ਤੇ ਰਾਜ ਸਰਕਾਰ ਵੱਲੋਂ ਆਪਣੇ ਹਿੱਸੇ ਦੇ ਮੁਆਫ ਕੀਤੇ ਜੀ.ਐਸ.ਟੀ. ਨੂੰ ਪ੍ਰਾਪਤੀ ਵਜੋਂ ਉਭਾਰਿਆ ਗਿਆ। ਮਨਪ੍ਰੀਤ ਸਿੰਘ ਬਾਦਲ ਨੇ ਮੁੱਖ ਭਾਸ਼ਣ 'ਚ ਖਾਲਸਾ ਸਾਜਨਾ ਦਿਵਸ ਦੀ ਵਧਾਈ ਦਿੰਦੇ ਹੋਏ ਆਖਿਆ ਕਿ ਕਾਂਗਰਸ ਸਰਕਾਰ ਤਰਫੋਂ ਸਤੰਬਰ 2018 ਤੱਕ 10 ਲੱਖ ਛੋਟੇ ਅਤੇ ਮੱਧ ਵਰਗ ਦੇ ਕਿਸਾਨਾਂ ਦੇ ਕਰਜ਼ੇ ਮੁਆਫ ਕਰ ਦਿੱਤੇ ਜਾਣਗੇ, ਜਿਸ ਲਈ ਸਰਕਾਰ ਨੇ ਖੁਦ ਕਰਜ਼ਾ ਚੁੱਕਿਆ ਹੈ। ਕਰਜ਼ਾ ਮੁਆਫੀ ਦੇ ਚਾਰ ਪੜਾਅ ਮੁਕੰਮਲ ਹੋ ਗਏ ਹਨ।

ਇਸੇ ਤਰ੍ਹਾਂ ਦਲਿਤ ਪਰਿਵਾਰਾਂ ਵੱਲੋਂ ਐਸ ਸੀ/ਬੀ ਸੀ ਕਾਰਪੋਰੇਸ਼ਨ ਤੋਂ ਲਿਆ ਗਿਆ 50 ਹਜ਼ਾਰ ਰੁਪਏ ਤੱਕ ਦਾ ਕਰਜ਼ਾ ਵੀ ਸੂਬਾ ਸਰਕਾਰ ਵੱਲੋਂ ਮੁਆਫ ਕੀਤਾ ਜਾ ਰਿਹਾ ਹੈ। ਵਿੱਤ ਮੰਤਰੀ ਨੇ ਆਖਿਆ ਕਿ ਸਰਕਾਰ ਨੇ ਇਕ ਵਰ੍ਹੇ ਵਿਚ ਆਪਣੇ ਖਰਚੇ 102 ਫੀਸਦੀ ਤੋਂ ਘਟਾ ਕੇ 88 ਫੀਸਦੀ ਕਰ ਲਏ ਹਨ ਅਤੇ ਜਲਦੀ ਪੰਜਾਬ ਨੂੰ ਪੈਰਾਂ ਸਿਰ ਖੜ੍ਹਾ ਕਰ ਦਿੱਤਾ ਜਾਵੇਗਾ। ਉਨ੍ਹਾਂ ਆਖਿਆ ਕਿ ਦੋ ਮਹੀਨੇ ਹਕੂਮਤ ਦੇ ਮੰਗਣ ਵਾਲੇ ਸੁਖਬੀਰ ਬਾਦਲ ਦਾ ਢਿੱਡ 10 ਵਰ੍ਹਿਆਂ 'ਚ ਭਰਿਆ ਨਹੀਂ ਹੈ। ਉਨ੍ਹਾਂ ਆਖਿਆ ਕਿ ਪੰਥਕ ਪਾਰਟੀ ਦੀ ਹਰਸਿਮਰਤ ਕੌਰ ਬਾਦਲ ਨੇ ਮੋਦੀ ਕੈਬਨਿਟ ਕੋਲ ਲੰਗਰ ਤੋਂ ਜੀ.ਐਸ.ਟੀ. ਹਟਾਏ ਜਾਣ ਬਾਰੇ ਮੂੰਹ ਨਹੀਂ ਖੋਲ੍ਹਿਆ।

## ਕਾਂਗਰਸ ਨੇ ਹਮੇਸ਼ਾ ਪੰਜਾਬ ਦੇ ਹੱਕਾਂ 'ਤੇ ਡਾਕਾ ਮਾਰਿਆ: ਸੁਖਬੀਰ ਬਾਦਲ

**ਤਲਵੰਡੀ ਸਾਬੋ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸ ਪੰਜਾਬ ਅਤੇ ਸਿੱਖਾਂ ਦੀ ਦੁਸ਼ਮਣ ਪਾਰਟੀ ਹੈ, ਜਿਸ ਨੇ ਹਮੇਸ਼ਾ ਹੀ ਪੰਜਾਬ ਦੇ ਹੱਕਾਂ ਉਤੇ ਡਾਕਾ ਮਾਰਿਆ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਪਿਛਲੇ ਦਸ ਸਾਲ ਦੇ ਰਾਜ ਵਿਚ ਬਾਦਲ




ਪਰਿਵਾਰ ਆਮ ਲੋਕਾਂ ਵਿਚ ਰਹਿੰਦਾ ਸੀ, ਜਿਸ ਕਰ ਕੇ ਲੋਕਾਂ ਨੂੰ ਅਨੇਕਾਂ ਸਹੂਲਤਾਂ ਮਿਲੀਆਂ ਅਤੇ ਵਿਕਾਸ ਕਾਰਜ ਹੋਏ ਪਰ ਦੂਜੇ ਪਾਸੇ ਕਾਂਗਰਸ ਦੀ ਸਰਕਾਰ ਦਾ ਇਕ ਸਾਲ ਦਾ ਸਮਾਂ ਬੀਤ ਜਾਣ ਉਤੇ ਇਕ ਵੀ ਪੈਸਾ ਵਿਕਾਸ ਉਤੇ ਨਹੀਂ ਖਰਚਿਆ ਗਿਆ। ਉਨ੍ਹਾਂ ਕਿਹਾ ਕਿ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਵਾਉਣ ਲਈ ਉਹ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਕੇਂਦਰੀ ਵਿੱਤ ਮੰਤਰੀ ਨੂੰ ਮਿਲ ਚੁੱਕੇ ਹਨ, ਜਿਨ੍ਹਾਂ ਨੇ ਰਿਪੋਰਟ ਜਲਦੀ ਲਾਗੂ ਕਰਨ ਦਾ ਵਿਸ਼ਵਾਸ ਦਿਵਾਇਆ ਹੈ। ਉਨ੍ਹਾਂ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਲੰਗਰਾਂ ਤੋਂ ਜੀ.ਐਸ.ਟੀ. ਹਟਾਉਣ ਦਾ ਭਰੋਸਾ ਵੀ ਦਿੱਤਾ।

# ਪਹਿਲੀ ਜੂਨ ਨੂੰ ਬਰਗਾੜੀ ਵਿਚ ਹੋਵੇਗਾ 'ਪੰਥਕ ਸਮਾਗਮ'

**ਤਲਵੰਡੀ ਸਾਬੋ:** ਦਮਦਮਾ ਸਾਹਿਬ ਵਿਖੇ ਖਾਲਸਾ ਸਾਜਨਾ ਦਿਵਸ ਮੌਕੇ ਜੁੜੇ 'ਪੰਥਕ ਇਕੱਠ' ਦੌਰਾਨ ਗੁਰੂ ਗ੍ਰੰਥ ਸਾਹਿਬ ਦੇ ਬੇਅਦਬੀ ਮਾਮਲਿਆਂ ਖਿਲਾਫ ਅਗਲੇ ਪ੍ਰੋਗਰਾਮ ਦਾ ਐਲਾਨ ਅਕਾਲੀ ਦਲ (1920) ਦੇ ਆਗੂ ਵੀ ਪੁੱਜੇ ਹੋਏ ਸਨ।

ਪੰਥਕ ਇਕੱਤਰਤਾ ਵਿਚ ਕੁਝ ਮਤੇ ਵੀ ਪਾਸ ਕੀਤੇ ਗਏ। ਇਸ ਦੌਰਾਨ ਬਹਿਬਲ ਕਲਾਂ ਕਾਂਡ



ਕੀਤਾ ਗਿਆ। ਇਸ ਦੌਰਾਨ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਅਤੇ ਬਲਜੀਤ ਸਿੰਘ ਦਾਦੂਵਾਲ ਦੀ ਅਗਵਾਈ ਵਿਚ ਪਹਿਲੀ ਜੂਨ ਨੂੰ ਬਰਗਾੜੀ ਵਿਚ 'ਪੰਥਕ ਸਮਾਗਮ' ਕੀਤੇ ਜਾਣ ਦਾ ਐਲਾਨ ਕੀਤਾ ਗਿਆ। ਪਹਿਲੀ ਜੂਨ ਦੇ ਸਮਾਗਮਾਂ ਵਿਚ ਅਗਲੀ ਰਣਨੀਤੀ ਐਲਾਨੀ ਜਾਣੀ ਹੈ। ਪੰਥਕ ਇਕੱਠ ਵਿਚ ਅਕਾਲੀ ਦਲ (ਅੰਮ੍ਰਿਤਸਰ), ਯੂਨਾਈਟਿਡ ਅਕਾਲੀ ਦਲ ਤੇ ਅਤੇ ਬਰਗਾੜੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਸੰਘਰਸ਼ ਜਾਰੀ ਰੱਖਣ ਦਾ ਅਹਿਦ ਲਿਆ ਗਿਆ ਤੇ ਬੰਦੀ ਸਿੱਖਾਂ ਦੀ ਰਿਹਾਈ ਲਈ ਸੰਘਰਸ਼ ਤੇਜ਼ ਕਰਨ ਦਾ ਵੀ ਪ੍ਰਣ ਲਿਆ ਗਿਆ। ਆਗੂਆਂ ਨੇ ਕਿਹਾ ਕਿ ਮੌੜ ਕਾਂਡ ਵਿਚ ਪੁਲਿਸ ਨੇ ਡੇਰਾ ਸਿਰਸਾ ਦੇ ਪੈਰੋਕਾਰਾਂ ਦਾ ਹੱਥ ਦੱਸਿਆ ਹੈ, ਇਸ ਦੇ ਬਾਵਜੂਦ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ।

# ਸਿੱਖ ਜਥੇ ਨਾਲ ਮਿਲਣ ਤੋਂ ਰੋਕਣ ਦਾ ਮਾਮਲਾ ਭਖਿਆ

**ਇਸਲਾਮਾਬਾਦ:** ਪਾਕਿਸਤਾਨ ਵੱਲੋਂ ਭਾਰਤੀ ਅਧਿਕਾਰੀਆਂ ਨੂੰ ਵਿਸਾਖੀ ਮਨਾਉਣ ਗਈ ਸਿੱਖ ਸੰਗਤ ਨਾਲ ਮਿਲਣ ਤੋਂ ਰੋਕਣ ਦਾ ਮਾਮਲਾ ਭਖ ਗਿਆ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਪਾਕਿਸਤਾਨ ਦੀ ਕਾਰਵਾਈ ਦਾ ਸਖਤ ਵਿਰੋਧ ਕੀਤਾ ਹੈ। ਭਾਰਤ ਨੇ ਕਿਹਾ ਹੈ ਕਿ ਪਾਕਿਸਤਾਨ ਨੇ ਧਾਰਮਿਕ ਯਾਤਰਾ ਲਈ ਦੁਵੱਲੇ ਸਮਝੌਤੇ ਦੀ ਉਲੰਘਣਾ ਕੀਤੀ ਹੈ।

ਪਾਕਿਸਤਾਨ ਨੇ 12 ਅਪਰੈਲ ਨੂੰ ਭਾਰਤੀ ਅਧਿਕਾਰੀਆਂ ਨੂੰ ਸਿੱਖ ਸੰਗਤ ਨਾਲ ਮਿਲਣ ਤੋਂ ਰੋਕ ਦਿੱਤਾ ਸੀ। ਇਸ ਤੋਂ ਇਲਾਵਾ 14 ਅਪਰੈਲ ਨੂੰ ਗੁਰਦੁਆਰਾ ਪੰਜਾ ਸਾਹਿਬ ਦਾਖਲ ਹੋਣ 'ਤੇ ਵੀ ਰੋਕ ਲਾਈ ਸੀ। ਵਿਸਾਖੀ ਮੌਕੇ ਭਾਰਤ ਤੇ ਹੋਰ ਦੇਸ਼ਾਂ ਤੋਂ 2,000 ਸਿੱਖ ਸ਼ਰਧਾਲੂ ਪਾਕਿਸਤਾਨ ਪਹੁੰਚੇ ਸਨ। ਭਾਰਤ ਤੋਂ 717 ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਲਈ ਰਵਾਨਾ ਹੋਇਆ ਸੀ।

ਵਿਦੇਸ਼ ਮਾਮਲਿਆਂ ਦੇ ਮੰਤਰਾਲੇ ਨੇ ਦੱਸਿਆ ਭਾਰਤੀ ਹਾਈ ਕਮਿਸ਼ਨਰ ਵਿਸਾਖੀ ਦੇ ਦਿਹਾੜੇ ਉਤੇ ਗੁਰਦੁਆਰਾ ਪੰਜਾ ਸਾਹਿਬ ਵਿਖੇ ਸਿੱਖ ਸ਼ਰਧਾਲੂਆਂ ਨੂੰ ਵਧਾਈ ਦੇਣਾ ਚਾਹੁੰਦਾ ਸੀ ਪਰ ਉਸ ਨੂੰ ਉਥੇ ਜਾਣ ਨਾ ਦਿੱਤਾ ਗਿਆ। ਮੰਤਰਾਲੇ ਨੇ ਕਿਹਾ ਕਿ ਇਹ ਪਾਕਿਸਤਾਨ ਦੀ ਕੂਟਨੀਤਕ ਬਦਸਲੂਕੀ ਦੀ ਮਿਸਾਲ ਹੈ ਤੇ ਇਹੋ ਜਿਹੀਆਂ ਘਟਨਾਵਾਂ ਕੂਟਨੀਤਕ ਸਬੰਧਾਂ ਬਾਰੇ ਵੀਏਨਾ ਅਹਿਦਨਾਮੇ ਦੀ ਖਿਲਾਫਵਰਜ਼ੀ ਹੈ।

ਭਾਰਤ ਨੇ ਪਾਕਿਸਤਾਨ ਕੋਲ ਸਿੱਖ ਯਾਤਰੀਆਂ ਨੂੰ ਭਾਰਤੀ ਡਿਪਲੋਮੈਟਾਂ ਤੇ ਕਾਊਂਸਲਰ ਟੀਮਾਂ ਨਾਲ ਮਿਲਣ ਤੋਂ ਰੋਕਣ ਉਤੇ ਸਖਤ ਇਤਰਾਜ਼ ਜਤਾਇਆ ਹੈ। ਦੋ ਕੁ ਹਫਤੇ ਪਹਿਲਾਂ ਹੀ ਭਾਰਤ ਤੇ ਪਾਕਿਸਤਾਨ ਨੇ ਆਪੋ ਆਪਣੇ ਮੁਲਕਾਂ ਵਿਚ ਇਕ ਦੂਜੇ ਦੇ ਸਫ਼ੀਰਾਂ ਨਾਲ ਵਿਹਾਰ ਦੇ ਮਾਮਲੇ ਮਿਲ-ਜੁਲ ਕੇ ਸੁਲਝਾਉਣ ਦੀ ਸਹਿਮਤੀ ਜਤਾਈ ਸੀ।

ਵਿਦੇਸ਼ ਮਾਮਲਿਆਂ ਬਾਰੇ ਮੰਤਰਾਲੇ ਨੇ ਕਿਹਾ ਕਿ ਪਾਕਿਸਤਾਨ ਵਿਚਲੇ ਭਾਰਤੀ ਹਾਈ ਕਮਿਸ਼ਨਰ ਔਕਾਫ ਟਰੱਸਟ ਬੋਰਡ ਦੇ ਮੁਖੀ ਦੇ ਸੱਦੇ ਉਤੇ ਗੁਰਦੁਆਰਾ ਪੰਜਾ ਸਾਹਿਬ ਜਾਣਾ ਚਾਹੁੰਦੇ ਸੀ ਪਰ ਉਨ੍ਹਾਂ ਨੂੰ 'ਕੁਝ ਸੁਰੱਖਿਆ ਕਾਰਨਾਂ' ਕਰ ਕੇ ਰਾਹ ਵਿਚੋਂ ਹੀ ਵਾਪਸ ਮੁੜਨ ਲਈ ਕਹਿ ਦਿੱਤਾ ਗਿਆ। ਬਿਆਨ ਮੁਤਾਬਕ ਹਾਈ ਕਮਿਸ਼ਨਰ ਵਿਸਾਖੀ ਮੌਕੇ ਭਾਰਤੀ ਯਾਤਰੀਆਂ ਨੂੰ ਵਧਾਈ ਦੇਣਾ ਚਾਹੁੰਦੇ ਸੀ ਪਰ ਉਨ੍ਹਾਂ ਨੂੰ ਬਿਨਾਂ ਮਿਲੇ ਪਰਤਣਾ ਪਿਆ ਸੀ।

ਮੰਤਰਾਲੇ ਨੇ ਕਿਹਾ ਕਿ ਭਾਰਤ ਨੇ ਸਮਝ 'ਚ ਨਾ ਆਉਣ ਵਾਲੀ ਇਸ ਕੂਟਨੀਤਕ ਬਦਸਲੂਕੀ ਉਤੇ ਪਾਕਿਸਤਾਨ ਕੋਲ ਸਖਤ ਇਤਰਾਜ਼ ਜਤਾਇਆ ਹੈ ਤੇ ਧਿਆਨ ਦਿਵਾਇਆ ਕਿ ਇਹ ਘਟਨਾਵਾਂ ਵੀਏਨਾ ਅਹਿਦਨਾਮਾ 1961 ਤੇ ਭਾਰਤ ਤੇ ਪਾਕਿਸਤਾਨ ਦੇ ਕੂਟਨੀਤਕ ਤੇ ਸਫਾਰਤੀ ਅਮਲੇ ਨਾਲ ਸਲੂਕ ਬਾਰੇ ਵਿਹਾਰ ਜ਼ਾਬਤੇ ਜਿਸ ਦੀ ਹਾਲ ਹੀ ਵਿਚ ਤਸਦੀਕ ਵੀ ਕੀਤੀ ਗਈ ਸੀ, ਦੀ ਸਪੱਸ਼ਟ ਉਲੰਘਣਾ ਹੈ। ਸ਼ਰਧਾਲੂਆਂ ਨੂੰ ਭਾਰਤੀ ਕੂਟਨੀਤੀਵਾਨਾਂ ਨਾਲ ਮਿਲਣ ਤੋਂ ਰੋਕੇ ਜਾਣ ਦੇ ਸਵਾਲ ਉਤੇ ਆਮ ਵਿਧੀ ਇਹ ਰਹੀ ਹੈ ਕਿ ਭਾਰਤੀ ਹਾਈ ਕਮਿਸ਼ਨ ਦੀ ਕਾਊਂਸਲਰ/ਪ੍ਰੋਟੋਕੋਲ ਟੀਮ ਯਾਤਰਾ 'ਤੇ ਗਏ ਸ਼ਰਧਾਲੂਆਂ ਨਾਲ ਹੁੰਦੀ ਹੈ ਤਾਂ ਜੋ ਉਨ੍ਹਾਂ ਨੂੰ ਮੈਡੀਕਲ ਜਾਂ ਪਰਿਵਾਰਕ ਹੰਗਾਮੀ ਸੂਰਤ ਮੌਕੇ ਮਦਦ ਦਿੱਤੀ ਜਾ ਸਕੇ।

ਪਾਕਿਸਤਾਨ ਨੇ ਭਾਰਤ ਵੱਲੋਂ ਲਾਏ ਦੋਸ਼ਾਂ ਨੂੰ ਮੁੱਢੋਂ ਖਾਰਜ ਕਰਦਿਆਂ ਕਿਹਾ ਕਿ ਤੱਥਾਂ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਸਲਾਮਾਬਾਦ ਨੇ ਕਿਹਾ ਕਿ ਭਾਰਤ ਵਿਚ ਫਿਲਮ 'ਨਾਨਕ ਸ਼ਾਹ ਫਕੀਰ' ਸਬੰਧੀ ਸਿੱਖ ਸ਼ਰਧਾਲੂਆਂ ਵਿਚ ਚੱਲ ਰਹੇ ਰੋਸ ਦੇ ਮੱਦੇਨਜ਼ਰ ਇਹਤਿਆਤ ਵਜੋਂ ਇਹ ਕਦਮ ਚੁੱਕਿਆ ਗਿਆ ਸੀ।


# ਰਾਸ਼ਟਰਮੰਡਲ ਖੇਡਾਂ: ਭਾਰਤੀ ਖਿਡਾਰੀਆਂ ਨੇ ਕਰਵਾਈ ਧੰਨ ਧੰਨ

## ਆਸਟਰੇਲੀਆ ਅਤੇ ਇੰਗਲੈਂਡ ਪਿੱਛੋਂ ਭਾਰਤ ਨੂੰ ਤੀਜੀ ਥਾਂ



**ਗੋਲਡ ਕੋਸਟ:** ਆਸਟਰੇਲੀਆ ਦੇ ਗੋਲਡ ਕੋਸਟ ਵਿਚ ਹੋਈਆਂ ਰਾਸ਼ਟਰਮੰਡਲ ਖੇਡਾਂ ਵਿਚ ਭਾਰਤੀ ਖਿਡਾਰੀਆਂ ਦੀ ਕਾਰਗੁਜਾਰੀ ਆਸ ਨਾਲੋਂ ਕਿਤੇ ਚੰਗੀ ਰਹੀ। ਖਾਸਕਰ ਭਾਰਤੀ ਕੁੜੀਆਂ ਨੇ ਕਮਾਲ ਦਾ ਖੇਡ ਪ੍ਰਦਰਸ਼ਨ ਕੀਤਾ।

ਭਾਰਤ ਨੇ ਸੋਨੇ ਦੇ 26, ਚਾਂਦੀ ਦੇ 20 ਅਤੇ ਕਾਂਸੀ ਦੇ 20 ਮੈਡਲ ਜਿੱਤੇ ਅਤੇ ਇਸ ਤਰ੍ਹਾਂ 66 ਮੈਡਲਾਂ ਨਾਲ ਤਗਮਾ ਸੂਚੀ ਵਿਚ ਮੇਜ਼ਬਾਨ ਆਸਟਰੇਲੀਆ ਤੇ ਇੰਗਲੈਂਡ ਤੋਂ ਬਾਅਦ ਤੀਜੇ ਸਥਾਨ ਉਤੇ ਰਿਹਾ। ਭਾਰਤ ਦਾ ਪਹਿਲਾ ਅਤੇ ਉਹ ਵੀ ਸੋਨੇ ਦਾ ਤਗਮਾ ਭਾਰਤੀ ਭਾਰਤੋਲਕ ਮੀਰਾਬਾਈ ਚਾਨੂ ਨੇ ਜਿੱਤਿਆ। ਦੂਜੇ ਦਿਨ ਦਾ ਇਕੋ-ਇਕ ਸੋਨੇ ਦਾ ਤਗਮਾ ਸੰਜੀਤਾ ਚਾਨੂ ਨੇ ਭਾਰ ਤੋਲਕ ਮੁਕਾਬਲੇ ਵਿਚ ਹੀ ਦਿਵਾਇਆ। ਪਹਿਲੇ ਦੋ ਦਿਨ ਦੇ ਚਾਰ ਤਗਮਿਆਂ ਤੋਂ ਸ਼ੁਰੂ ਹੋਈ ਇਹ ਯਾਤਰਾ ਇਨ੍ਹਾਂ ਮੁਕਾਬਲਿਆਂ ਦੇ ਆਖਰੀ ਦਿਨ 15 ਅਪਰੈਲ ਨੂੰ 66 ਤਗਮਿਆਂ ਦੇ ਮੁਕਾਮ ਉਤੇ ਪਹੁੰਚ ਗਈ। ਇਨ੍ਹਾਂ ਤਗਮਿਆਂ ਵਿਚ 26 ਸੋਨੇ, 20 ਚਾਂਦੀ ਅਤੇ 20 ਕਾਂਸੀ ਦੇ ਤਗਮੇ ਸ਼ਾਮਲ ਹਨ। ਭਾਰਤੀ ਖਿਡਾਰੀਆਂ ਨੇ ਨਿਸ਼ਾਨੇਬਾਜ਼ੀ, ਕੁਸ਼ਤੀ, ਭਾਰ ਤੋਲਨ ਅਤੇ ਮੁੱਕੇਬਾਜ਼ੀ ਵਿਚ ਪੂਰਾ ਜਲਵਾ ਦਿਖਾਇਆ ਹੈ। ਟੇਬਲ ਟੈਨਿਸ ਵਿਚ ਵੀ ਭਾਰਤ ਨੇ ਤਿੰਨ ਸੋਨੇ ਦੇ ਤਗਮਿਆਂ ਸਮੇਤ ਛੇ ਤਗਮੇ ਜਿੱਤੇ ਹਨ। ਬੈਡਮਿੰਟਨ ਦੇ ਮਹਿਲਾ ਸਿੰਗਲ ਫਾਈਨਲ ਵਿਚ ਸਾਈਨਾ ਨੇਹਵਾਲ ਨੇ ਭਾਰਤ ਦੀ ਹੀ ਪੀ. ਵੀ. ਸਿੰਧੂ ਨੂੰ ਹਰਾਇਆ। ਸਿਰਫ ਅਥਲੈਟਿਕਸ ਵਿਚ ਭਾਰਤ ਨੂੰ ਇਕ ਸੋਨੇ, ਇਕ ਚਾਂਦੀ ਅਤੇ ਕਾਂਸੀ ਦੇ ਤਗਮੇ ਨਾਲ ਹੀ ਸਬਰ ਕਰਨਾ ਪਿਆ।



*ਕੁਸ਼ਤੀ ਵਿਚ ਕਾਂਸੀ ਦਾ ਤਗਮਾ ਜਿੱਤਣ ਵਾਲੀ ਸਾਕਸ਼ੀ ਮਲਿਕ*

ਭਾਰਤੀ ਖਿਡਾਰੀਆਂ ਨੇ ਖੇਡਾਂ ਦੇ ਆਖਰੀ ਦਿਨ ਇਕ ਸੋਨ, 4 ਚਾਂਦੀ ਤੇ 2 ਕਾਂਸੀ ਦੇ ਤਗਮਿਆਂ ਨਾਲ ਰਾਸ਼ਟਰਮੰਡਲ ਖੇਡਾਂ ਨੂੰ ਅਲਵਿਦਾ ਆਖਿਆ। ਐਮ.ਸੀ. ਮੇਰੀ ਕੋਮ 48 ਕਿਲੋਗ੍ਰਾਮ, ਵਿਕਾਸ ਕ੍ਰਿਸ਼ਨ 75 ਕਿਲੋਗ੍ਰਾਮ, ਗੌਰਵ ਸੋਲੰਕੀ 52 ਕਿਲੋਗ੍ਰਾਮ ਨੇ ਸੋਨ ਤਗਮੇ ਜਿੱਤੇ ਜਦਕਿ ਸਤੀਸ਼ ਕੁਮਾਰ 91 ਕਿਲੋਗ੍ਰਾਮ, ਅਮਿਤ ਪੰਗਾਲ 49 ਕਿਲੋਗ੍ਰਾਮ ਤੇ ਮਨੀਸ਼ ਕੌਸ਼ਿਕ 60 ਕਿਲੋਗ੍ਰਾਮ ਨੇ ਚਾਂਦੀ ਦੇ ਤਗਮੇ ਹਾਸਲ ਕੀਤੇ। ਐਤਕੀਂ ਭਾਰਤੀ ਮੁੱਕੇਬਾਜ਼ਾਂ ਨੇ ਨੌਂ ਤਗਮੇ ਜਿੱਤ ਕੇ ਹੁਣ ਤੱਕ ਦੀ ਆਪਣੀ ਬਿਹਤਰੀਨ ਕਾਰਗੁਜ਼ਾਰੀ ਦਿਖਾਈ ਹੈ।

ਮੁੱਕੇਬਾਜ਼ਾਂ ਦੇ ਆਲ੍ਹਾ ਪ੍ਰਦਰਸ਼ਨ ਤੋਂ ਇਲਾਵਾ ਭਾਰਤੀ ਅਥਲੀਟ ਨੀਰਜ ਚੋਪੜਾ ਨੇ ਜੈਵਲਿਨ-ਥ੍ਰੋਅ ਮੁਕਾਬਲੇ ਵਿਚ ਸੋਨ ਤਗਮਾ ਜਿੱਤ ਕੇ ਇਤਿਹਾਸ ਸਿਰਜਿਆ। ਉਹ ਅਜਿਹਾ ਮਾਅਰਕਾ ਮਾਰਨ ਵਾਲਾ ਪਹਿਲਾ ਭਾਰਤੀ ਹੈ। ਉਸ ਨੇ ਫਾਈਨਲ ਵਿਚ ਇਸ ਸੈਸ਼ਨ ਦਾ ਸਰਵੋਤਮ 86.47 ਮੀਟਰ ਜੈਵਲਿਨ ਸੁੱਟਿਆ।

ਪੁਰਸ਼ ਨਿਸ਼ਾਨੇਬਾਜ਼ੀ ਦੇ 50 ਮੀਟਰ ਰਾਈਫਲ ਥ੍ਰੀ ਪੁਜ਼ੀਸ਼ਨਜ਼ ਵਿਚ ਭਾਰਤ ਦੇ ਸੰਜੀਵ ਰਾਜਪੂਤ ਨੇ ਸੋਨ ਤਗਮਾ ਜਿੱਤਿਆ ਹੈ। ਇਸ ਤੋਂ ਇਲਾਵਾ ਕੁਸ਼ਤੀ ਵਿਚ ਸੁਮਿਤ ਮਲਿਕ ਨੇ 125 ਕਿੱਲੋ ਭਾਰ ਵਰਗ ਤੇ ਵਿਨੇਸ਼ ਫੋਗਾਟ ਨੇ 50 ਕਿੱਲੋ ਭਾਰ ਵਰਗ ਵਿਚ ਭਾਰਤ ਨੂੰ ਦੋ ਸੋਨ ਤਗਮੇ ਦਿਵਾਏ। ਜਦਕਿ ਸਾਕਸ਼ੀ ਮਲਿਕ ਨੇ 62 ਕਿੱਲੋ ਭਾਰ ਵਰਗ ਵਿਚ ਕਾਂਸੀ ਦਾ ਤਗਮਾ ਜਿੱਤਿਆ। ਮਹਿਲਾ ਸਿੰਗਲਜ਼ ਮੁਕਾਬਲੇ ਵਿਚ ਭਾਰਤ ਦੀ ਮਨਿਕਾ ਬੱਤਰਾ ਨੇ ਸਿੰਗਾਪੁਰ ਦੀ ਯੂ ਮੈਂਗਯੂ ਨੂੰ 4-0 ਨਾਲ ਮਾਤ ਦੇ ਕੇ ਸੋਨ ਤਗਮਾ ਜਿੱਤਿਆ। ਸਕੂਐਸ਼ ਦੇ ਮਿਕਸਡ ਡਬਲਜ਼ ਮੁਕਾਬਲੇ ਵਿਚ ਵੀ ਭਾਰਤ ਦੇ ਸੌਰਭ ਘੋਸ਼ਾਲ ਤੇ ਦੀਪਿਕਾ ਪੱਲੀਕਲ ਦੀ ਜੋੜੀ ਨੇ ਕਾਂਸੀ ਦਾ ਤਗਮਾ ਹਾਸਲ ਕਰ ਕੇ ਰਾਸ਼ਟਰਮੰਡਲ ਖੇਡਾਂ ਵਿਚ ਇਹ ਉਪਲਬਧੀ ਹਾਸਲ ਕਰਨ ਵਾਲੀ ਪਹਿਲੀ ਜੋੜੀ ਵਜੋਂ ਆਪਣਾ ਨਾਂ ਦਰਜ ਕਰਾਇਆ ਹੈ। ਨਿਸ਼ਾਨੇਬਾਜ਼ਾਂ ਅਤੇ ਪਹਿਲਵਾਨਾਂ ਦੇ ਸੁਨਹਿਰੀ ਪ੍ਰਦਰਸ਼ਨ ਕਾਰਨ ਭਾਰਤ ਨੇ ਗੋਲਡ ਕੋਸਟ ਵਿਚ ਗਲਾਸਗੋ ਦੇ ਆਪਣੇ ਪਿਛਲੇ ਪ੍ਰਦਰਸ਼ਨ ਨੂੰ ਪਿੱਛੇ ਛੱਡ ਦਿੱਤਾ ਹੈ। ਇਹ ਰਾਸ਼ਟਰਮੰਡਲ ਖੇਡਾਂ ਵਿਚ ਭਾਰਤ ਦਾ ਚੌਥਾ ਸਭ ਤੋਂ ਸਫਲ ਪ੍ਰਦਰਸ਼ਨ ਹੈ। ਭਾਰਤ ਦੇ 15 ਸਾਲ ਦੇ ਅਨੀਸ਼ ਭਨਵਾਲਾ ਨੇ ਪੁਰਸ਼ਾਂ ਦੇ 25 ਮੀਟਰ ਰੈਪਿਡ ਫਾਇਰ ਪਿਸਟਲ ਮੁਕਾਬਲੇ ਵਿਚ ਰਿਕਾਰਡ ਬਣਾਉਂਦਿਆਂ ਸੁਨਹਿਰੀ ਤਗਮਾ ਜਿੱਤ ਕੇ ਇਤਿਹਾਸ ਸਿਰਜ ਦਿੱਤਾ। ਅਨੀਸ਼ ਰਾਸ਼ਟਰਮੰਡਲ ਖੇਡਾਂ ਵਿਚ ਸੋਨਾ ਜਿੱਤਣ ਵਾਲਾ ਉਮਰ ਵਿਚ ਸਭ ਤੋਂ ਛੋਟਾ ਭਾਰਤੀ ਨਿਸ਼ਾਨੇਬਾਜ਼ ਵੀ ਬਣ ਗਿਆ ਹੈ। ਅਨੀਸ਼ ਤੋਂ ਇਲਾਵਾ ਤੇਜਸਵਿਨੀ ਸਾਵੰਤ ਨੇ 50 ਮੀਟਰ ਰਾਈਫਲ ਥ੍ਰੀ ਪੋਜੀਸ਼ਨ ਵਿਚ ਸੋਨਾ ਅਤੇ ਅੰਜੁਮ ਮੋਦਗਿਲ ਨੇ ਚਾਂਦੀ ਦਾ ਤਗਮਾ ਜਿੱਤਿਆ। ਮਹਿਲਾ ਟਰੈਪ ਵਿਚ ਸ਼੍ਰੇਅਸੀ ਸਿੰਘ ਨੂੰ ਪੰਜਵਾਂ ਸਥਾਨ ਮਿਲਿਆ।




## ਹਰਿਆਣਵੀ ਖਿਡਾਰੀਆਂ ਦੀ ਚੜ੍ਹਤ

**ਚੰਡੀਗੜ੍ਹ:** ਖੇਡਾਂ ਦੇ ਖੇਤਰ ਵਿਚ ਕਿਸੇ ਵੇਲੇ ਪੰਜਾਬ ਨੂੰ ਭਾਰਤ ਦਾ ਧੁਰਾ ਮੰਨਿਆ ਜਾਂਦਾ ਸੀ, ਪਰ ਵਰਤਮਾਨ 'ਚ ਪੰਜਾਬ ਕੋਲੋਂ ਇਹ ਖਿਤਾਬ ਹੁਣ ਖੁੱਸਦਾ ਜਾ ਰਿਹਾ ਹੈ। ਕੌਮੀ ਤੇ ਕੌਮਾਂਤਰੀ ਪੱਧਰ ਦੇ ਮੁਕਾਬਲਿਆਂ 'ਚ ਪੰਜਾਬ ਦੇ ਗੁਆਂਢੀ ਸੂਬੇ ਹਰਿਆਣਾ ਦੇ ਖਿਡਾਰੀਆਂ ਦੀ ਹੁਣ ਪੂਰੀ ਚੜ੍ਹਤ ਹੈ। ਕੌਮਾਂਤਰੀ ਪੱਧਰ 'ਤੇ ਦੇਸ਼ ਨੂੰ ਮਿਲਦੇ ਕੁੱਲ ਤਗਮਿਆਂ ਵਿਚੋਂ ਵੱਡਾ ਹਿੱਸਾ ਹਰਿਆਣਾ ਦੇ ਖਿਡਾਰੀਆਂ ਦਾ ਹੁੰਦਾ ਹੈ। ਆਸਟਰੇਲੀਆ ਦੇ ਗੋਲਡ ਕੋਸਟ 'ਚ ਹੋਈਆਂ ਰਾਸ਼ਟਰਮੰਡਲ ਖੇਡਾਂ ਵਿਚੋਂ ਭਾਰਤ ਨੂੰ ਮਿਲੇ 66 ਤਗਮਿਆਂ ਵਿਚੋਂ 22 ਤਗਮੇ ਇਕੱਲੇ ਹਰਿਆਣਾ ਦੇ ਖਿਡਾਰੀਆਂ ਨੇ ਹੂੰਝੇ ਹਨ।

ਇਸ ਵਿਚ 9 ਸੋਨੇ ਦੇ, 6 ਚਾਂਦੀ ਦੇ ਅਤੇ 7 ਕਾਂਸੀ ਦੇ ਤਗਮੇ ਸ਼ਾਮਲ ਹਨ। ਜਦਕਿ ਪੰਜਾਬ ਨੇ ਭਾਰਤ ਲਈ ਸਿਰਫ 3 ਤਗਮੇ ਹੀ ਜਿੱਤੇ ਹਨ। ਇਸ ਵਿਚ ਇਕ ਚਾਂਦੀ ਅਤੇ ਦੋ ਕਾਂਸੀ ਦੇ ਤਗਮੇ ਸ਼ਾਮਲ ਹਨ। ਗੋਲਡ ਕੋਸਟ ਰਾਸ਼ਟਰਮੰਡਲ ਖੇਡਾਂ 'ਚ ਹਿੱਸਾ ਲੈਣ ਗਏ ਭਾਰਤੀ ਦਲ ਵਿਚ ਪੰਜਾਬ ਦੇ 28 ਅਤੇ ਹਰਿਆਣਾ ਦੇ 32 ਖਿਡਾਰੀ ਸ਼ਾਮਲ ਸਨ। ਦੇਸ਼ ਲਈ 3 ਤਗਮੇ ਜਿੱਤਣ ਵਾਲੇ ਪੰਜਾਬੀ ਖਿਡਾਰੀਆਂ ਵਿਚ ਜਲੰਧਰ ਜਿਲ੍ਹੇ ਨਾਲ ਸਬੰਧਤ ਵੇਟ ਲਿਫਟਰ ਪ੍ਰਦੀਪ ਸਿੰਘ ਨੇ ਚਾਂਦੀ, ਲੁਧਿਆਣਾ ਦੇ ਵੇਟ ਲਿਫਟਰ ਵਿਕਾਸ ਠਾਕੁਰ ਨੇ ਕਾਂਸੀ ਅਤੇ ਅੰਮ੍ਰਿਤਸਰ ਦੀ ਨਵਜੀਤ ਕੌਰ ਢਿੱਲੋਂ ਨੇ ਡਿਸਕਸ ਥ੍ਰੋਅ ਵਿਚੋਂ ਕਾਂਸੀ ਦਾ ਤਗਮਾ ਜਿੱਤਿਆ। ਹਰਿਆਣਾ ਦੀਆਂ ਮਹਿਲਾ ਖਿਡਾਰਨਾਂ ਇਕੱਲਿਆਂ 7 ਤਗਮੇ ਜਿੱਤਣ ਵਿਚ ਕਾਮਯਾਬ ਰਹੀਆਂ।

## ਤਾਜ ਮਹੱਲ 'ਤੇ ਮਾਲਕਾਨਾ ਹੱਕ ਮਾਮਲੇ ਨੇ ਲਿਆ ਨਵਾਂ ਮੋੜ

**ਨਵੀਂ ਦਿੱਲੀ:** ਤਾਜ ਮਹੱਲ ਉਤੇ ਮਾਲਕਾਨਾ ਹੱਕ ਜਤਾਉਣ ਵਾਲੇ ਸੁੰਨੀ ਵਕਫ ਬੋਰਡ ਨੂੰ ਸੁਪਰੀਮ ਕੋਰਟ ਨੇ ਕਿਹਾ ਕਿ ਦੇਸ਼ ਵਿਚ ਕੌਣ ਵਿਸ਼ਵਾਸ ਕਰੇਗਾ ਕਿ ਤਾਜ ਮਹੱਲ ਵਕਫ ਬੋਰਡ ਦੀ ਸੰਪਤੀ ਹੈ ਤੇ ਅਜਿਹੇ ਮਾਮਲਿਆਂ ਵਿਚ ਸੁਪਰੀਮ ਕੋਰਟ ਦਾ ਵਕਤ ਖਰਾਬ ਨਹੀਂ ਕਰਨਾ ਚਾਹੀਦਾ।



ਸੁਪਰੀਮ ਕੋਰਟ ਨੇ ਤਾਜ ਮਹੱਲ ਉਤੇ ਦਾਅਵਾ ਜਤਾਉਣ ਵਾਲੇ ਉਤਰ ਪ੍ਰਦੇਸ਼ ਸੁੰਨੀ ਵਕਫ ਬੋਰਡ ਨੂੰ ਕਿਹਾ ਕਿ ਅਦਾਲਤ ਨੂੰ ਮੁਗਲ ਬਾਦਸ਼ਾਹ ਸ਼ਾਹ ਜਹਾਨ ਦੇ ਦਸਤਖਤ ਵਾਲੇ ਉਹ ਦਸਤਾਵੇਜ਼ ਵਿਖਾਏ ਜਾਣ ਜਿਸ ਤੋਂ ਪਤਾ ਲੱਗ ਸਕੇ ਕਿ ਉਨ੍ਹਾਂ ਇਸ ਇਤਿਹਾਸਕ ਇਮਾਰਤ ਨੂੰ ਵਕਫ ਬੋਰਡ ਹਵਾਲੇ ਕਰ ਦਿੱਤਾ ਸੀ।

ਅਦਾਲਤ ਨੇ 1631 'ਚ ਸ਼ਾਹਜਹਾਨ ਵੱਲੋਂ ਆਪਣੀ ਪਤਨੀ ਮੁਮਤਾਜ਼ ਮਹਿਲ ਦੀ ਯਾਦ ਵਿਚ ਬਣਾਈ ਗਈ ਇਸ ਵਿਸ਼ਵ ਪ੍ਰਸਿੱਧ ਯਾਦਗਾਰ ਦਾ 'ਵਕਫਨਾਮਾ' ਬੋਰਡ ਦੇ ਹੱਕ 'ਚ ਲਿਖੇ ਜਾਣ ਦਾ ਸਬੂਤ ਦੇਣ ਲਈ ਆਖਿਆ ਹੈ। ਦੱਸਣਯੋਗ ਹੈ ਕਿ ਇਸ ਸਮੇਂ ਭਾਰਤੀ ਪੁਰਾਤਤਵ ਵਿਭਾਗ ਵੱਲੋਂ ਤਾਜ ਮਹੱਲ ਦੀ ਸਾਂਭ-ਸੰਭਾਲ ਕੀਤੀ ਜਾ ਰਹੀ ਹੈ।

## ਯਾਦਸ਼ਕਤੀ 'ਤੇ ਮਾਰੂ ਅਸਰ ਪਾਉਂਦਾ ਹੈ ਪ੍ਰਦੂਸ਼ਣ

**ਵਾਸ਼ਿੰਗਟਨ:** ਇਕ ਅਧਿਐਨ ਵਿਚ ਦੱਸਿਆ ਗਿਆ ਹੈ ਕਿ ਪ੍ਰਦੂਸ਼ਿਤ ਮਹਾਂਨਗਰਾਂ ਵਿਚ ਰਹਿਣ ਵਾਲੇ ਬੱਚਿਆਂ ਤੇ ਬਾਲਗਾਂ ਨੂੰ ਅਲਜ਼ਾਈਮਰ (ਯਾਦਸ਼ਕਤੀ ਖਰਾਬ ਹੋਣ) ਦਾ ਖਤਰਾ ਵੱਧ ਹੁੰਦਾ ਹੈ। ਅਮਰੀਕਾ ਵਿਚ ਮੋਂਟੈਨਾ ਯੂਨੀਵਰਸਿਟੀ ਦੇ ਖੋਜੀਆਂ ਨੇ ਮੈਕਸਿਕੋ ਸਿਟੀ



ਵਿਚ 40 ਸਾਲ ਦੀ ਉਮਰ ਤੱਕ ਦੇ 203 ਮ੍ਰਿਤਕਾਂ ਦਾ ਅਧਿਐਨ ਕੀਤਾ ਹੈ।

ਵਾਤਾਵਰਨ ਖੋਜ ਦੀ ਪੱਤ੍ਰਿਕਾ ਵਿਚ ਪ੍ਰਕਾਸ਼ਿਤ ਇਸ ਅਧਿਐਨ ਵਿਚ ਖੋਜੀਆ ਨੇ ਦੋ ਨਿਖੜਵੇਂ ਪ੍ਰੋਟੀਨਾਂ ਵੱਲ ਇਸ਼ਾਰਾ ਕੀਤਾ ਹੈ ਜੋ ਅਲਜ਼ਾਈਮਰ ਦੇ ਖਤਰੇ ਵੱਲ ਇਸ਼ਾਰਾ ਕਰਦੇ ਹਨ ਤੇ ਇਹ ਇਕ ਸਾਲ ਦੇ ਬੱਚਿਆਂ ਵਿਚ ਵੀ ਨਜ਼ਰ ਆਏ ਹਨ। ਮੋਂਟੈਨਾ ਯੂਨੀਵਰਸਿਟੀ ਦੇ ਖੋਜੀ ਕਾਲਡਰਨ ਗਾਰਸਿਡਯੂਨਾਸ ਨੇ ਕਿਹਾ ਕਿ ਪ੍ਰਦੂਸ਼ਿਤ ਇਲਾਕਿਆਂ ਵਿਚ ਬੱਚਿਆਂ ਵਿਚ ਵੀ ਅਲਜ਼ਾਈਮਰ ਦੇ ਰੋਗ ਦੇ ਸਪੱਸ਼ਟ ਲੱਛਣ ਦਿਸੇ ਹਨ ਤੇ ਸਾਨੂੰ ਜਲਦੀ ਰੋਕਥਾਮ ਦੇ ਤੌਰ ਤਰੀਕੇ ਕਰਨੇ ਚਾਹੀਦੇ ਹਨ।

## ਮਾਪਿਆਂ ਦੀ ਮੌਤ ਤੋਂ ਚਾਰ ਸਾਲ ਬਾਅਦ ਬੱਚੇ ਦਾ ਜਨਮ

**ਨਵੀਂ ਦਿੱਲੀ:** ਸਾਲ 2013 ਵਿਚ ਕਾਰ ਹਾਦਸੇ ਵਿਚ ਮਾਰੇ ਗਏ ਜੋੜੇ ਦੇ ਬੱਚੇ ਨੇ ਵਿਗਿਆਨ ਦੀ ਸਹਾਇਤਾ ਚਾਰ ਸਾਲ ਬਾਅਦ ਜਨਮ ਲਿਆ ਹੈ। ਦਰਅਸਲ, ਬੱਚੇ ਦੇ ਮਾਪਿਆਂ ਨੇ ਭਰੂਣ ਨੂੰ ਵਿਗਿਆਨਕ ਵਿਧੀ ਰਾਹੀਂ ਸੰਭਾਲ ਲਿਆ ਸੀ। ਚੀਨੀ ਮੀਡੀਆ ਸ਼ਿਨ ਜੇ ਤੇ ਲੂਈ ਸ਼ੀ ਨਾਂ ਦੇ ਜੋੜੇ ਨੇ ਆਪਣੇ ਵਿਆਹ ਤੋਂ ਦੋ ਸਾਲ ਬਾਅਦ ਹੋਣ ਵਾਲੇ ਬੱਚੇ ਦੇ ਭਰੂਣ ਨੂੰ ਸੰਭਾਲਣ ਦਾ ਫੈਸਲਾ ਲਿਆ। ਮਾਰਚ 2013 'ਚ ਜਦ ਉਹ ਬੱਚਾ ਪੈਦਾ ਕਰਨ ਬਾਰੇ ਸਹਿਮਤ ਹੋ ਗਏ ਸਨ ਤਾਂ ਸ਼ੀ ਵੱਲੋਂ ਮੁੜ ਤੋਂ ਭਰੂਣ ਅਪਨਾਉਣ ਤੋਂ 5 ਦਿਨ ਪਹਿਲਾਂ ਉਨ੍ਹਾਂ ਦੀ ਕਾਰ ਹਾਦਸੇ ਵਿਚ ਮੌਤ ਹੋ ਗਈ।

ਸ਼ੈੱਨ ਜ਼ਿਨਾਨ ਨੇ ਆਪਣੇ ਪੁੱਤਰ ਤੇ ਨੂੰਹ ਵੱਲੋਂ ਸੰਭਾਲੇ ਚਾਰ ਭਰੂਣਾਂ ਲਈ ਲੰਮੀ ਅਦਾਲਤੀ ਲੜਾਈ ਲੜੀ ਤੇ ਅੰਤ ਉਨ੍ਹਾਂ ਨੂੰ ਜਨਵਰੀ 2017 ਨੂੰ ਇਨ੍ਹਾਂ ਭਰੂਣਾਂ ਦੇ ਹੱਕ ਮਿਲ ਗਏ। ਇਸ ਪਿਛੋਂ ਜ਼ਿਨਾਨ ਨੇ ਗੁਪਤ ਤੌਰ 'ਤੇ ਕੰਮ ਕਰਨ ਵਾਲੀ ਏਜੰਸੀ ਤੋਂ ਕਿਰਾਏ ਦੀ ਕੁੱਖ ਦਾ ਇੰਤਜ਼ਾਮ ਕੀਤਾ ਤੇ ਟਿਆਨਟੀਆਨ ਨਾਂ ਦੇ ਪੋਤਰੇ ਦਾ ਜਨਮ ਹੋਇਆ। ਚੀਨ 'ਚ ਸੈਰੋਗੇਸੀ ਵਿਧੀ ਗੈਰ ਕਾਨੂੰਨੀ ਹੈ।

ਉਨ੍ਹਾਂ ਦੱਸਿਆ ਕਿ ਉਹ ਹਾਲੇ ਵੀ ਕਾਨੂੰਨੀ ਪ੍ਰਕਿਰਿਆ ਨਾਲ ਦੋ-ਚਾਰ ਹੋ ਰਹੇ ਹਨ। ਉਨ੍ਹਾਂ ਨੂੰ ਬੱਚੇ ਦੀ ਪੁਸ਼ਟੀ ਲਈ ਡੀ.ਐਨ.ਏ. ਟੈਸਟ ਵੀ ਕਰਵਾਉਣੇ ਪਏ ਸਨ।

## ਨੋਟਬੰਦੀ ਦੇ ਹੱਕ ਵਿਚ ਨਹੀਂ ਸੀ ਰਘੂਰਾਮ ਰਾਜਨ

**ਨਿਊ ਯਾਰਕ:** ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਨੇ ਕਿਹਾ ਹੈ ਕਿ ਉਸ ਨੇ ਸਰਕਾਰ ਨੂੰ ਪੂਰੀ ਤਰ੍ਹਾਂ ਸਪਸ਼ਟ ਕਰ ਦਿੱਤਾ ਸੀ ਕਿ ਨੋਟਬੰਦੀ ਕੋਈ ਚੰਗਾ ਵਿਚਾਰ ਨਹੀਂ ਅਤੇ ਜਦੋਂ ਤੱਕ 87.5 ਫੀਸਦੀ ਨੋਟ ਬਦਲੀ ਨਹੀਂ ਹੋ ਜਾਂਦੇ ਉਦੋਂ ਤੱਕ ਇਹ ਯੋਜਨਾ ਸਹੀ ਢੰਗ ਨਾਲ ਲਾਗੂ ਨਹੀਂ ਹੋ ਸਕਦੀ।



ਜ਼ਿਕਰਯੋਗ ਹੈ ਕਿ ਸਰਕਾਰ ਨੇ 8 ਨਵੰਬਰ 2016 ਨੂੰ 500 ਰੁਪਏ ਅਤੇ 1000 ਰੁਪਏ ਦੇ ਪੁਰਾਣੇ ਨੋਟਾਂ ਉਤੇ ਪਾਬੰਦੀ ਲਾ ਦਿੱਤੀ ਸੀ। ਕੈਂਬਰਿਜ ਵਿਚ ਹਾਰਵਰਡ ਕੈਂਡੀ ਸਕੂਲ ਵਿਚ ਸ੍ਰੀ ਰਾਜਨ ਨੇ ਇਸ ਦਾਅਵੇ ਨੂੰ ਖਾਰਜ ਕਰ ਦਿੱਤਾ ਕਿ ਨੋਟਬੰਦੀ ਤੋਂ ਪਹਿਲਾਂ ਸਰਕਾਰ ਨੇ ਰਿਜ਼ਰਵ ਬੈਂਕ ਦੇ ਨਾਲ ਵਿਚਾਰ ਵਟਾਂਦਰਾ ਨਹੀਂ ਕੀਤਾ। ਸ੍ਰੀ ਰਾਜਨ ਅੱਜ ਕੱਲ੍ਹ ਸ਼ਿਕਾਗੋ ਯੂਨੀਵਰਸਿਟੀ ਵਿਚ ਪ੍ਰੋਫੈਸਰ ਹਨ। ਉਨ੍ਹਾਂ ਕਿਹਾ ਕਿ ਭਾਰਤ ਨੇ ਨੋਟਬੰਦੀ ਤੋਂ ਪਹਿਲਾਂ ਲੋੜ ਅਨੁਸਾਰ ਤਿਆਰੀ ਨਹੀਂ ਕੀਤੀ ਸੀ। ਨੋਟਬੰਦੀ ਨੂੰ ਕਾਮਯਾਬ ਕਰਨ ਲਈ 87.5 ਫੀਸਦੀ ਨੋਟ ਜਮ੍ਹਾਂ ਰਕਵਾਏ ਜਾਣੇ ਜ਼ਰੂਰੀ ਸਨ ਅਤੇ ਇੰਨੀ ਗਿਣਤੀ ਵਿਚ ਹੀ ਨਵੇਂ ਨੋਟ ਛਾਪਣੇ ਵੀ ਜ਼ਰੂਰੀ ਸਨ।

# ਮੱਖਣ ਬੈਂਸ ਤੇ ਗਿਆਨੀ ਰਵਿੰਦਰ ਸਿੰਘ ਵਲੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਨੂੰ ਐਂਬੂਲੈਂਸ ਵੈਨ ਭੇਟ

**ਹੁਸ਼ਿਆਰਪੁਰ (ਬਿਊਰੋ):** ਅਮਰੀਕਾ ਦੇ ਪੰਜਾਬੀ ਭਾਈਚਾਰੇ 'ਚ ਆਪਣੀਆਂ ਸਮਾਜ ਸੇਵੀ ਸੇਵਾਵਾਂ ਲਈ ਜਾਣੇ ਜਾਂਦੇ ਰਾਜਾ ਸਵੀਟਸ ਦੇ ਮਾਲਕ ਮੱਖਣ ਸਿੰਘ ਬੈਂਸ ਤੇ ਗਿਆਨੀ ਰਵਿੰਦਰ ਸਿੰਘ ਨੇ ਗੁਰੂ ਨਾਨਕ ਮਿਸ਼ਨ ਹਸਪਤਾਲ ਨਵਾਂਗਰਾਂ ਕੁੱਲਪੁਰ (ਹੁਸ਼ਿਆਰਪੁਰ) ਨੂੰ ਇਕ ਐਂਬੂਲੈਂਸ ਵੈਨ ਲਈ ਨਕਦ ਰਾਸ਼ੀ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਬਾਨੀ ਬਾਬਾ ਬੁੱਧ ਸਿੰਘ ਢਾਹਾਂ ਨੂੰ ਭੇਟ ਕੀਤੀ। ਇਹ ਰਾਸ਼ੀ ਐਸ. ਅਸ਼ੋਕ ਭੌਰਾ ਰਾਹੀਂ ਭੇਂਟ ਕੀਤੀ ਗਈ। ਇਸ ਮੌਕੇ ਮੈਡਮ ਸੁਸ਼ੀਲ ਕੌਰ ਵੀ ਹਾਜ਼ਰ ਸਨ।

ਇਸ ਤੋਂ ਇਲਾਵਾ ਮਰੀਜ਼ਾਂ ਦੇ ਲੰਗਰ ਅਤੇ ਕੈਂਸਰ ਤੇ ਹੋਰ ਕਈ ਖਤਰਨਾਕ ਬਿਮਾਰੀਆਂ ਤੋਂ ਪੀੜਤ ਮਰੀਜਾਂ ਲਈ ਮਾਲੀ ਮਦਦ ਵੀ ਦਿੱਤੀ ਗਈ। ਹਸਪਤਾਲ ਲਈ ਲੋੜੀਂਦੇ ਆਧੁਨਿਕ ਸਾਜੋ-ਸਾਮਾਨ ਲਈ ਵੀ ਸਹਿਯੋਗ ਦਿੱਤਾ ਗਿਆ।

ਬਾਬਾ ਬੁੱਧ ਸਿੰਘ ਢਾਹਾਂ ਭਾਵੇਂ ਆਪ ਗੱਲਬਾਤ ਕਰਨ ਤੋਂ ਅਸਮਰੱਥ ਸਨ ਪਰ ਬੀਬੀ ਸੁਸ਼ੀਲ ਕੌਰ ਤੇ ਰਘੁਬੀਰ ਸਿੰਘ ਨੇ ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਤੇ ਗਿਆਨੀ ਰਵਿੰਦਰ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਕੰਢੀ ਖੇਤਰ 'ਚ ਪਛੜੇ ਵਰਗ ਦੇ ਲੋਕਾਂ ਲਈ ਚਲਾਏ ਜਾ ਰਹੇ ਇਸ ਹਸਪਤਾਲ ਲਈ ਮਾਲੀ ਮਦਦ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਹੋਰ ਵੀ ਦਾਨੀ ਮਹਾਂਪੁਰਸ਼ ਇਸ ਹਸਪਤਾਲ ਦੀ ਮਦਦ ਲਈ ਅੱਗੇ ਆਉਣਗੇ।

ਸ. ਮੱਖਣ ਸਿੰਘ ਬੈਂਸ ਨੇ ਕਿਹਾ ਕਿ ਜਦੋਂ ਐਸ. ਪੀ. ਸਿੰਘ ਓਬਰਾਏ ਅਮਰੀਕਾ ਆਏ ਸਨ ਤਾਂ ਉਨ੍ਹਾਂ ਇਹ ਸੇਵਾ ਕਰਨ ਲਈ ਸਾਨੂੰ ਪ੍ਰੇਰਿਤ ਕੀਤਾ ਸੀ ਤੇ ਉਹ ਆਪਣਾ ਵਾਅਦਾ ਪੂਰਾ ਕਰਕੇ ਮਨੋਂ ਸੰਤੁਸ਼ਟ ਹਨ।



ਬਾਬਾ ਬੁੱਧ ਸਿੰਘ ਨੂੰ ਐਂਬੂਲੈਂਸ ਵੈਨ ਅਤੇ ਹਸਪਤਾਲ ਲਈ ਲੋੜੀਂਦੇ ਸਾਜੋ-ਸਾਮਾਨ ਲਈ ਨਕਦ ਰਾਸ਼ੀ ਭੇਟ ਕਰਦੇ ਹੋਏ ਐਸ. ਅਸ਼ੋਕ ਭੌਰਾ



ਮਰੀਜ਼ਾਂ ਦੇ ਲੰਗਰ ਲਈ ਨਕਦ ਰਾਸ਼ੀ ਪ੍ਰਬੰਧਕ ਰਘੁਬੀਰ ਸਿੰਘ ਨੂੰ ਤੇ ਵੱਖ ਵੱਖ ਮਰੀਜ਼ਾਂ ਨੂੰ ਮਾਲੀ ਮਦਦ ਦਿੱਤੇ ਜਾਣ ਦਾ ਦ੍ਰਿਸ਼

# ਸੈਲਮਾ 'ਚ ਵਿਸਾਖੀ ਮੌਕੇ ਸਾਲਾਨਾ ਨਗਰ ਕੀਰਤਨ ਦੀਆਂ ਰੌਣਕਾਂ

**ਸੈਲਮਾ (ਬਿਊਰੋ):** ਗੁਰਦੁਆਰਾ ਸਿੱਖ ਸੈਂਟਰ ਆਫ ਪੈਸਿਫਿਕ ਕੋਸਟ ਵਿਖੇ ਵਿਸਾਖੀ ਨੂੰ ਸਮਰਪਿਤ 24ਵਾਂ ਸਾਲਾਨਾ ਨਗਰ ਕੀਰਤਨ ਕੱਢਿਆ ਗਿਆ। ਨਗਰ ਕੀਰਤਨ ਦੀ ਸ਼ੁਰੂਆਤ ਅਰਦਾਸ ਕਰਨ ਨਾਲ ਹੋਈ। ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਵਾਲੇ ਫਲੋਟ ਦੇ ਅੱਗੇ ਅੱਗੇ ਪੰਜ ਪਿਆਰੇ ਰਵਾਇਤੀ ਬਾਣੇ ਵਿਚ ਸਜੇ ਚੱਲ ਰਹੇ ਸਨ। ਸੇਵਾਦਾਰਾਂ ਨੇ ਅਮਰੀਕੀ ਕੌਮੀ ਝੰਡੇ ਅਤੇ ਕੈਲੀਫੋਰਨੀਆ ਸਟੇਟ ਦੇ ਝੰਡੇ ਚੁੱਕੇ ਹੋਏ ਸਨ। ਨਿਸ਼ਾਨਚੀ ਕੇਸਰੀ ਝੰਡੇ ਲਹਿਰਾ ਰਹੇ ਸਨ। ਨਗਰ ਕੀਰਤਨ ਸ਼ਾਮਲ ਸੰਗਤਾਂ ਦੀਆਂ ਕੇਸਰੀ ਤੇ ਰੰਗ-ਬਰੰਗੀਆਂ ਪੱਗਾਂ ਅਤੇ ਚੁੰਨੀਆਂ ਨਾਲ ਇਕ ਵੱਖਰਾ ਨਜ਼ਾਰਾ ਬੱਝ ਰਿਹਾ ਸੀ। ਨਗਰ ਕੀਰਤਨ ਉਤੇ ਹੈਲੀਕਪਟਰ ਰਾਹੀਂ ਫੁੱਲਾਂ ਦੀ ਵਰਖਾ ਹੋ ਰਹੀ ਸੀ। ਨਗਰ ਕੀਰਤਨ ਵਿਚ ਸਿੱਖ ਭਾਈਚਾਰੇ ਤੋਂ ਇਲਾਵਾ ਹੋਰਨਾਂ ਭਾਈਚਾਰਿਆਂ ਦੇ ਲੋਕਾਂ ਨੇ ਵੀ ਹਾਜ਼ਰੀ ਭਰੀ।

ਇਸੇ ਦੌਰਾਨ ਕਰਮਨ ਪੰਜਾਬੀ ਸਕੂਲ ਅਤੇ ਇਲਾਕੇ ਦੇ ਹੋਰ ਪੰਜਾਬੀ ਸਕੂਲਾਂ ਦੇ ਬੱਚੇ ਅਮੈਰਿਕਨ ਲੋਕਾਂ ਨਾਲ ਇਤਿਹਾਸਕ ਜਾਣਕਾਰੀ ਸਾਂਝੀ ਕਰ ਰਹੇ ਸਨ। ਨਗਰ ਕੀਰਤਨ ਦੌਰਾਨ ਖਾਣੇ ਦੇ ਸਟਾਲ ਲੱਗੇ ਹੋਏ ਸਨ, ਜਿਨ੍ਹਾਂ ਦਾ ਸੰਗਤਾਂ ਨੇ ਖੂਬ ਅਨੰਦ ਮਾਣਿਆ। ਇਸ ਤੋਂ ਇਲਾਵਾ ਖਰੀਦੋ-ਫਰੋਖਤ ਦੀਆਂ ਦੁਕਾਨਾਂ ਵੀ ਭਾਰਤੀ ਮੇਲੇ ਦੀ ਤਸਵੀਰ ਪੇਸ਼ ਕਰ ਰਹੀਆਂ ਸਨ।

ਵਿਸਾਖੀ ਸਮਾਗਮ ਦੌਰਾਨ ਗੁਰੂਘਰ ਵਿਖੇ ਵਿਸ਼ੇਸ਼ ਸਮਾਗਮ ਅਤੇ ਗੁਰਮਤਿ ਵਿਚਾਰਾਂ ਹੋਈਆਂ ਜਿਸ ਵਿਚ ਸਿੱਖ ਸੰਗਤਾਂ ਤੋਂ ਇਲਾਵਾ ਰਾਗੀ-ਢਾਡੀ, ਕਥਾਵਾਚਕ ਅਤੇ ਕੀਰਤਨੀ ਜਥਿਆਂ ਨੇ ਸੰਗਤਾਂ ਨੂੰ ਗੁਰਬਾਣੀ ਜਸ ਰਾਹੀਂ ਨਿਹਾਲ ਕੀਤਾ। ਗੁਰੂਘਰ ਵਿਖੇ ਅੰਮ੍ਰਿਤ ਸੰਚਾਰ ਵੀ ਕੀਤਾ ਗਿਆ। ਬਹੁਤ ਸਾਰੇ ਪ੍ਰਾਣੀ ਖੰਡੇ ਬਾਟੇ ਦੀ ਪਹੁਲ ਲੈ ਕੇ ਗੁਰੂ ਵਾਲੇ ਬਣੇ।



## ਢੇਸੀ ਦਾ 'ਸਿੱਖ ਆਫ ਦਾ ਯੀਅਰ' ਐਵਾਰਡ ਨਾਲ ਸਨਮਾਨ

**ਜਲੰਧਰ:** ਪਿੰਡ ਰਾਏਪੁਰ ਦੇ ਵਸਨੀਕ ਅਤੇ ਇੰਗਲੈਂਡ ਦੇ ਪਹਿਲੇ ਦਸਤਾਰਧਾਰੀ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਦਾ ਵਿਸਾਖੀ ਮੌਕੇ 'ਸਿੱਖ ਆਫ ਦਾ ਯੀਅਰ' ਐਵਾਰਡ ਨਾਲ ਸਨਮਾਨ ਕੀਤਾ ਗਿਆ ਹੈ। ਇਹ ਸਨਮਾਨ ਇੰਗਲੈਂਡ ਦੀ ਸਮਾਜ ਸੇਵੀ ਸੰਸਥਾ ਸਿੱਖ ਫੋਰਮ ਇੰਟਰਨੈਸ਼ਨਲ ਵੱਲੋਂ 31ਵੇਂ ਸਾਲਾਨਾ ਸਮਾਗਮ ਦੌਰਾਨ ਹਾਊਸ ਆਫ ਲਾਰਡਜ਼ ਵਿਚ ਦਿੱਤਾ ਗਿਆ। ਜਥੇਬੰਦੀ ਉਨ੍ਹਾਂ ਸਿੱਖ ਸ਼ਖਸੀਅਤਾਂ ਨੂੰ ਇਸ ਪੁਰਸਕਾਰ ਨਾਲ ਨਿਵਾਜਦੀ ਹੈ, ਜੋ ਸਿੱਖ ਕੌਮ ਲਈ ਵਿਸ਼ਵ ਭਰ ਵਿਚ ਰੋਲ ਮਾਡਲ ਵਜੋਂ ਉਭਰਦੇ ਹਨ।

# ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਕੈਲੀਫੋਰਨੀਆ ਵੱਲੋਂ ਧਰਮੀ ਫੌਜੀ ਭਾਈ ਮੇਘ ਸਿੰਘ ਦਾ ਗੋਲਡ ਮੈਡਲ ਨਾਲ ਸਨਮਾਨ



**ਸਟਾਕਟਨ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਕੈਲੀਫੋਰਨੀਆ ਇਕਾਈ ਵੱਲੋਂ ਸਿੱਖ ਸੰਘਰਸ਼ ਵਿਚ ਪਾਏ ਯੋਗਦਾਨ ਬਦਲੇ ਧਰਮੀ ਫੌਜੀ ਭਾਈ ਮੇਘ ਸਿੰਘ ਦਾ ਇਥੇ ਬੀਤੇ ਸਨਿਚਰਵਾਰ ਸਨਮਾਨ ਕੀਤਾ ਗਿਆ। ਗੋਲਡ ਮੈਡਲ ਤੇ ਬਾਕੀ ਮਾਲੀ ਮਦਦ ਯੂਥ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਦੇ ਸਾਬਕਾ ਪ੍ਰਧਾਨ ਰਵਿੰਦਰ ਸਿੰਘ (ਰਿੰਪੀ) ਧਾਲੀਵਾਲ ਨੇ ਕੀਤੀ।

ਇਸ ਮੌਕੇ ਪਾਰਟੀ ਦੇ ਅਹੁਦੇਦਾਰ ਵੱਡੀ ਗਿਣਤੀ ਵਿਚ ਪਹੁੰਚੇ। ਲਗਭਗ ਤਿੰਨ ਘੰਟੇ ਚੱਲੇ ਇਸ ਪ੍ਰੋਗਰਾਮ ਵਿਚ ਕੌਮੀ ਘਰ ਨੂੰ ਆਜ਼ਾਦ ਕਰਵਾਉਣ ਲਈ ਵਿਚਾਰਾਂ ਕੀਤੀਆਂ ਗਈਆਂ।

ਬੁਲਾਰਿਆਂ ਵਿਚ ਭਾਈ ਮੇਘ ਸਿੰਘ ਧਰਮੀ ਫੌਜੀ, ਜੌਹਨ ਸਿੰਘ ਗਿੱਲ, ਪ੍ਰਧਾਨ ਕੈਲੀਫੋਰਨੀਆ ਤਰਸੇਮ ਸਿੰਘ ਟੁਲੈਰੀ, ਨਿਊ ਜਰਸੀ ਸਟੇਟ ਦੇ ਪ੍ਰਧਾਨ ਜੋਗਾ ਸਿੰਘ, ਯੂਥ ਵਿੰਗ ਕੈਲੀਫੋਰਨੀਆ ਦੇ ਪ੍ਰਧਾਨ ਅਰਵਿੰਦਰ ਸਿੰਘ, ਜਰਨਲ ਸਕੱਤਰ ਸਰਬਜੀਤ ਸਿੰਘ ਦਿੱਲੀ, ਸੀਨੀਅਰ ਆਗੂ ਪ੍ਰੀਤਮ ਸਿੰਘ ਜੋਗਾ ਨੰਗਲ, ਦਰਬਾਰਾ ਸਿੰਘ ਕਰਨਾਲ ਅਤੇ ਅਮਰੀਕ ਸਿੰਘ ਖਾਲਿਸਤਾਨੀ ਸ਼ਾਮਲ ਸਨ। ਇਸ ਮੌਕੇ ਗੁਰਨਾਮ ਸਿੰਘ ਟਿੱਕਾ, ਗੁਰਨਾਮ ਸਿੰਘ ਮਨਟੀਕਾ, ਲਾਡੀ ਗਿੱਲ, ਨੌਜਵਾਨ ਆਗੂ ਤੇਗਪਾਲ ਸਿੰਘ ਟੁਲੈਰੀ ਤੇ ਗੁਲਭਿੰਦਰ ਸਿੰਘ ਭਿੰਦਾ ਨੇ ਵੀ ਹਾਜ਼ਰੀ ਭਰੀ।

# ਨਿਤੀਸ਼ ਵੀ ਲੰਗਰ ਤੋਂ ਜੀ.ਐਸ.ਟੀ. ਹਟਾਉਣ ਦੇ ਹੱਕ 'ਚ

**ਪਟਨਾ:** ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਜੀ.ਐਸ.ਟੀ. ਕੌਂਸਲ ਤੋਂ ਮੰਗ ਕੀਤੀ ਹੈ ਕਿ ਗੁਰਦੁਆਰਿਆਂ ਵਿਚ ਲੰਗਰ ਤਿਆਰ ਕਰਨ ਲਈ ਵਰਤੀਆਂ ਜਾਂਦੀਆਂ ਵਸਤਾਂ ਨੂੰ ਜੀ.ਐਸ.ਟੀ. ਤੋਂ ਛੋਟ ਦਿੱਤੀ ਜਾਵੇ।

ਵਿੱਤ ਮੰਤਰੀ ਅਰੁਣ ਜੇਤਲੀ ਜੋ ਕਿ ਜੀ.ਐਸ.ਟੀ. ਕੌਂਸਲ ਦੇ ਚੇਅਰਮੈਨ ਵੀ ਹਨ, ਨੂੰ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਪੱਤਰ ਲਿਖ ਕੇ ਜਾਣੂ ਕਰਵਾਇਆ ਹੈ ਕਿ ਲੰਗਰ ਰਾਹੀਂ ਵਰਤਾਇਆ ਜਾਂਦਾ ਭੋਜਨ ਭਾਵੇਂ ਜੀ.ਐਸ.ਟੀ. ਟੈਕਸ ਥੱਲੇ ਨਹੀਂ ਆਉਂਦਾ ਪਰ ਪਰ ਲੰਗਰ ਤਿਆਰ ਕਰਨ ਲਈ ਵਰਤੀਆਂ ਜਾਂਦੀਆਂ ਅਹਿਮ ਵਸਤਾਂ ਚੀਨੀ,ਆਟਾ, ਘਿਉ, ਖੁਰਾਕੀ ਤੇਲ ਅਤੇ ਮਸਾਲਿਆਂ ਆਦਿ ਉਤੇ ਜੀ.ਐਸ.ਟੀ. ਲੱਗਦਾ ਹੈ।

ਇਨ੍ਹਾਂ ਵਸਤਾਂ ਉਤੇ ਲੱਗਦੇ ਟੈਕਸ ਨਾਲ ਗੁਰਦੁਆਰਿਆਂ ਦੇ ਖਰਚ ਵਿਚ ਵਾਧਾ ਹੁੰਦਾ ਹੈ। ਇਸ ਲਈ ਲੰਗਰ ਵਿਚ ਵਰਤੀਆਂ ਜਾਂਦੀਆਂ ਵਸਤਾਂ ਨੂੰ ਟੈਕਸ ਤੋਂ ਛੋਟ ਦਿੱਤੀ ਜਾਵੇ।

ਜ਼ਿਕਰਯੋਗ ਹੈ ਕਿ ਸਿੱਖਾਂ ਦਾ ਇਕ ਤਖਤ ਹਰਿਮੰਦਰ ਸਾਹਿਬ ਬਿਹਾਰ ਦੀ ਰਾਜਧਾਨੀ ਪਟਨਾ ਸਾਹਿਬ ਵਿਚ ਸਥਾਪਤ ਹੈ। ਇਹ ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਸਥਾਨ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਦਿਵਸ ਸਬੰਧੀ ਸੰਗਤ ਵੱਡੀ ਗਿਣਤੀ ਵਿਚ ਜਾ ਰਹੀ ਹੈ।

ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਕਿਹਾ ਹੈ ਕਿ ਉਨ੍ਹਾਂ ਦਾ ਵਿਚਾਰ ਹੈ ਕਿ ਜੇ ਟੈਕਸ ਖਤਮ ਨਾ ਕੀਤਾ ਗਿਆ ਤਾਂ ਲੰਗਰ ਨਾਲ ਸਬੰਧਤ ਗਤੀਵਿਧੀਆਂ ਘਟ ਸਕਦੀਆਂ ਹਨ। ਲੰਗਰ ਕੋਈ ਵਪਾਰ ਨਹੀਂ ਹੈ, ਇਸ ਲਈ ਇਸ ਨੂੰ ਜੀ.ਐਸ.ਟੀ. ਟੈਕਸ ਦੇ ਘੇਰੇ ਵਿਚੋਂ ਬਾਹਰ ਰੱਖਣਾ ਚਾਹੀਦਾ ਹੈ।


ਗੁਰਦੁਆਰਿਆਂ ਵਿਚ ਭੁੱਖਿਆਂ ਨੂੰ ਲੰਗਰ ਛਕਾ ਕੇ ਬੇਆਸਰਿਆਂ ਦੀ ਸੇਵਾ ਕੀਤੀ ਜਾਂਦੀ ਹੈ। ਗੁਰਦੁਆਰੇ ਹੋਰ ਸਮਾਜ ਸੇਵਾ ਦੇ ਕਾਰਜਾਂ ਵਿਚ ਵੀ ਯੋਗਦਾਨ ਪਾਉਂਦੇ ਹਨ। ਉਧਰ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਇਕ ਪੱਤਰ ਲਿਖ ਕੇ ਗੁਰਦੁਆਰਿਆਂ ਵਿਚ ਤਿਆਰ ਹੁੰਦੇ ਲੰਗਰ ਲਈ ਆਉਂਦੀ ਰਸਦ ਨੂੰ ਜੀ.ਐਸ.ਟੀ. ਮੁਕਤ ਕਰਨ ਦੀ ਅਪੀਲ ਕੀਤੀ ਹੈ।

Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

*We Accept Personal Injury (PI) Cases*





*Contact:*
Dr. Baljit Jammu
*Doctor of Chiropractic*
Ph: 510-940-8236
40000 Fremont Blvd., Suite H
Fremont, CA 94538

# ਚੀਸ ਚੁਰਾਸੀ

## ਚਿੱਤਰਕਾਰ ਪ੍ਰੇਮ ਸਿੰਘ ਦਾ 'ਝੁਲਸਿਆ ਸ਼ਹਿਰ'

***ਪ੍ਰਸਿੱਧ ਚਿੱਤਰਕਾਰ ਪ੍ਰੇਮ ਸਿੰਘ ਨੇ 1984 ਵਿਚ ਸਿੱਖਾਂ ਦੇ ਕਤਲੇਆਮ ਨੂੰ ਰੂਪਮਾਨ ਕਰਦੀ ਚਿੱਤਰ-ਲੜੀ 'ਇਮੇਜਿਜ਼ ਆਫ ਸਕਾਰਡ ਸਿਟੀ' (ਝੁਲਸੇ ਹੋਏ ਸ਼ਹਿਰ ਦੇ ਚਿੱਤਰ) ਬਣਾਈ ਸੀ। ਕਲਾ ਸਮੀਖਿਅਕ ਅਤੇ ਸ਼ਾਇਰ ਜਗਤਾਰਜੀਤ ਸਿੰਘ ਨੇ ਇਨ੍ਹਾਂ ਚਿੱਤਰਾਂ ਵਿਚੋਂ ਇਕ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ। ਬਹੁਤ ਸਰਲ ਚਿੱਤਰ ਦੀ ਬਹੁਤ ਸਰਲ ਵਿਆਖਿਆ ਨਾਲ ਇਸ ਚਿੱਤਰ ਵਿਚੋਂ ਦਰਦ ਦੀਆਂ ਲਕੀਰਾਂ ਬਣਦੀਆਂ ਦਰਸ਼ਕ/ਪਾਠਕ ਮਹਿਸੂਸ ਕਰਨ ਲਗਦਾ ਹੈ। -ਸੰਪਾਦਕ***

ਪ੍ਰੇਮ ਸਿੰਘ ਚਾਰ ਦਹਾਕਿਆਂ ਤੋਂ ਵੱਧ ਸਮੇਂ ਤੋਂ ਚਿੱਤਰ ਰਚਨਾ ਕਰ ਰਿਹਾ ਹੈ। ਨਿਰੰਤਰਤਾ ਉਸ ਦੀ ਰੁਚੀ ਅਤੇ ਝੁਕਾਅ ਨੂੰ ਉਭਾਰਦੀ ਹੈ। ਜਾਹਰ ਹੈ, ਇੰਨੇ ਲੰਮੇ ਵਕਫੇ ਵਿਚ ਫੈਲੇ ਪ੍ਰਗਟਾਵੇ ਦਾ ਇਕ ਵਿਸ਼ਾ ਜਾਂ ਮਾਧਿਅਮ ਨਹੀਂ ਹੋ ਸਕਦਾ। ਆਪਣੀ ਬਦਲਦੀ ਸੋਚ ਨਾਲ ਆਲੇ-ਦੁਆਲੇ ਦੀ ਉਥਲ-ਪੁਥਲ ਰਚਨਾਕਾਰ ਨੂੰ ਪ੍ਰਭਾਵਿਤ ਕਰਦੀ ਹੈ। ਉਂਜ ਜ਼ਰੂਰੀ ਨਹੀਂ ਕਿ ਰਚੈਤਾ ਹਰ ਘਟਨਾਕ੍ਰਮ ਬਾਰੇ ਆਪਣੇ ਵਿਚਾਰ ਰੱਖੇ। ਇਸ ਦੇ ਬਾਵਜੂਦ ਸਮਾਜ ਪ੍ਰਤੀ ਉਸ ਦੀ ਜ਼ਿੰਮੇਵਾਰੀ ਬਣਦੀ ਹੈ ਜਿਸ ਨੂੰ ਉਹ ਆਪਣੀ ਸਮਰੱਥਾ ਅਨੁਸਾਰ ਨਿਭਾਉਂਦਾ-ਨਜਿੱਠਦਾ ਹੈ।

ਪ੍ਰੇਮ ਸਿੰਘ ਦਾ ਸਮੁੱਚਾ ਕੰਮ ਪੜਾਵਾਂ 'ਚ ਵੰਡਿਆ ਹੋਇਆ ਹੈ। ਆਮ ਤੌਰ 'ਤੇ ਚਿੱਤਰਕਾਰ ਰੋਗਨੀ ਰੰਗ ਇਸਤੇਮਾਲ ਕਰਦੇ ਹਨ ਤਾਂ ਵੀ

**ਜਗਤਾਰਜੀਤ ਸਿੰਘ**
**ਫੋਨ: +91-98990-91186**

ਕਿਸੇ ਵੇਲੇ ਖਾਸ ਪੜਾਅ, ਖਾਸ ਮਾਧਿਅਮ ਵਿਚ ਹੀ ਸ਼ੋਭਦਾ ਹੈ। ਚਿੱਤਰਕਾਰ ਪ੍ਰੇਮ ਸਿੰਘ ਦੇ ਜੀਵਨ ਵਿਚ ਅਜਿਹਾ ਦੌਰ ਵੀ ਆਉਂਦਾ ਹੈ, ਜਦੋਂ ਉਹ ਸਿਆਹ ਸਮੇਂ ਦੀਆਂ ਘਟਨਾਵਾਂ ਨੂੰ ਲਕੀਰਦਾ ਹੈ, ਜਦ ਸਿੱਖ ਆਪਣੇ ਹੀ ਦੇਸ਼ ਵਿਚ ਹਿੰਸਾ ਦਾ ਸ਼ਿਕਾਰ ਹੋਏ ਸਨ।

ਅੱਜ ਕੱਲ੍ਹ ਦਾ ਬੰਦਾ ਵੀ ਹਿੰਸਾ ਦਾ ਵਾਹਕ ਬਣ ਕੇ ਖੁਦ 'ਤੇ ਮਾਣ ਕਰਦਾ ਹੈ। ਅੱਜ ਦਾ ਦੌਰ ਸੋਚ ਨੂੰ 33-34 ਸਾਲ ਪਿੱਛੇ ਲੈ ਜਾਂਦਾ ਹੈ ਜਦੋਂ ਸਾਰੇ ਦੇਸ਼ 'ਚ ਇਕਸਾਰ ਹਿੰਸਾ ਫੈਲੀ ਸੀ। ਸਿੱਖਾਂ ਨੂੰ ਸਬਕ ਸਿਖਾਉਣ ਦੇ ਮਕਸਦ ਨਾਲ ਵੱਡੀ ਗਿਣਤੀ ਵਿਚ ਲੋਕ ਇਕਮੁੱਠ ਹੋ ਗਏ ਸਨ। ਹੁਣ ਦੇ ਹਾਲਾਤ ਉਨ੍ਹਾਂ ਦਿਨਾਂ ਤੋਂ ਵੱਖਰੇ ਨਹੀਂ ਹਨ। ਸੰਨ ਚੁਰਾਸੀ ਦੀ ਹਿੰਸਾ ਨੇ ਭਾਰਤ 'ਚ ਹੋਣ ਵਾਲੀ ਹਿੰਸਾ ਨੂੰ ਨਵਾਂ ਮੋੜ ਦਿੱਤਾ।

ਦਿੱਲੀ ਦੰਗਿਆਂ ਤੋਂ ਹਫਤਾ ਕੁ ਬਾਅਦ ਪ੍ਰੇਮ ਸਿੰਘ ਚੰਡੀਗੜ੍ਹੋਂ ਦਿੱਲੀ ਆਉਂਦਾ ਹੈ ਤਾਂ ਕਿ ਸ੍ਰੀਧਰਾਣੀ ਆਰਟ ਗੈਲਰੀ ਵਿਚ ਆਪਣੇ ਕੰਮ ਦੀ ਨੁਮਾਇਸ਼ ਲਾ ਸਕੇ। ਸ਼ੋਅ ਦੌਰਾਨ ਪੇਂਟਰ ਦਿੱਲੀ ਦੇ ਮਾਹੌਲ ਨੂੰ ਦੇਖਦਾ ਹੈ, ਮਿਲਣ ਆਏ ਲੋਕਾਂ ਦੀ ਹੱਡਬੀਤੀ ਸੁਣਦਾ ਹੈ। ਜੋ ਕੁਝ ਵੀ ਦੇਖਿਆ-ਸੁਣਿਆ ਜਾਂਦਾ ਹੈ, ਉਹ ਚਿੱਤਰਕਾਰ ਦੇ ਮਨ ਨੂੰ ਬੁਰੀ ਤਰ੍ਹਾਂ ਵਲੂੰਧਰਦਾ ਹੈ। ਦੇਖਿਆ-ਸੁਣਿਆ ਉਸ ਦੇ ਪ੍ਰਗਟਾਵੇ ਨੂੰ ਬਦਲ ਦਿੰਦਾ ਹੈ ਅਤੇ ਇਕ ਨਵੇਂ ਪੜਾਅ ਦੀ ਸ਼ੁਰੂਆਤ ਹੁੰਦੀ ਹੈ। ਪ੍ਰੇਮ ਸਿੰਘ 'ਇਮੇਜਿਜ਼ ਆਫ ਸਕਾਰਡ ਸਿਟੀ' ਦੇ ਸਿਰਲੇਖ ਨਾਲ ਨਵੀਂ ਚਿੱਤਰ ਲੜੀ ਸ਼ੁਰੂ ਕਰਦਾ ਹੈ। ਦਿਖਾਈ ਦੇ ਰਿਹਾ ਰੇਖਾਂਕਣ ਉਸੇ ਲੜੀ ਵਿਚੋਂ ਇਕ ਹੈ। ਇਕ ਆਕਾਰ ਦਰਸ਼ਕ ਵੱਲ ਪਿੱਠ ਕਰ ਕੇ ਖੜ੍ਹਾ ਦਿਖਾਈ ਦੇ ਰਿਹਾ ਹੈ। ਆਕਾਰ ਦੀ ਪਿੱਠ ਤਾਂ ਸਾਡੇ ਵੱਲ ਹੈ, ਪਰ ਉਹ ਦੇਖ ਬਾਹਰ ਵੱਲ ਰਿਹਾ ਹੈ ਅਤੇ ਜਿਸ ਅੱਗੇ ਖੜ੍ਹਾ ਹੋ ਕੇ ਦੇਖਿਆ ਜਾ ਰਿਹਾ ਹੈ, ਉਹ ਘਰ ਦਾ ਦਰਵਾਜਾ ਹੈ। ਡਰਾਇੰਗ ਦੱਸਦੀ ਹੈ ਕਿ ਬਾਹਰ ਘੁੱਪ ਹਨੇਰਾ ਹੈ। ਜਾਹਰ ਹੈ, ਦੇਖਣ ਵਾਲੇ ਦੀਆਂ ਅੱਖਾਂ ਦੂਰ ਦੂਰ ਤੱਕ ਤਾਂ ਕੀ, ਹੱਥ ਦੋ ਹੱਥ ਤੱਕ ਦੇਖਣੋਂ ਅਸਮਰੱਥ ਹਨ।

ਇਹਦੇ ਨਾਲ ਜੁੜਵੀਂ ਇਕਾਈ ਹੈ, ਅੱਗ ਦੀਆਂ ਨਿੱਕੀਆਂ ਨਿੱਕੀਆਂ ਪਰ ਸੰਘਣੀਆਂ ਲਾਟਾਂ ਹਨ ਜੋ ਬਾਹਰ ਵੱਲ ਫੈਲ ਰਹੀਆਂ ਹਨ। ਆਇਤਕਾਰ ਸਿਆਹ ਦਰਵਾਜੇ ਦੁਆਲੇ ਚੁਗਾਠ ਹੋਣੀ ਚਾਹੀਦੀ ਸੀ, ਪਰ ਹੈ ਨਹੀਂ। ਦਰਵਾਜੇ ਦੇ ਤਿੰਨ ਪਾਸੇ ਅੱਗ ਦੀਆਂ ਲਪਟਾਂ ਹਨ। ਏਧਰ ਖੜ੍ਹਾ ਆਕਾਰ ਜੇ ਬਾਹਰ ਪੈਰ ਪੁੱਟਦਾ ਹੈ ਤਾਂ ਉਹ ਅੱਗ ਦੀ ਲਪੇਟ ਵਿਚ ਆ ਸਕਦਾ ਹੈ।

ਇਹ ਸਥਿਤੀ ਸਾਧਾਰਨ ਜਿਹੀ ਲੱਗਦੀ ਹੈ। ਕਿਸੇ ਹੋਰ ਵੇਰਵੇ ਦਾ ਨਾ ਹੋਣਾ, ਇਸ ਨੂੰ ਹੋਰ ਸਾਧਾਰਨ ਬਣਾ ਦਿੰਦਾ ਹੈ। ਅਸੀਂ ਇਸੇ ਸਾਧਾਰਨਤਾ ਵਿਚੋਂ ਕੁਝ ਲੱਭਣਾ ਹੈ। ਕਾਗਜ਼ 'ਤੇ ਬਣੀ ਇਸ ਡਰਾਇੰਗ ਵਾਸਤੇ ਕਾਲੀ ਸਿਆਹੀ ਤੋਂ ਬਿਨਾ ਕਿਸੇ ਹੋਰ ਰੰਗ ਦੀ ਵਰਤੋਂ ਨਹੀਂ ਹੋਈ। ਦਰਵਾਜੇ ਤੋਂ ਬਾਹਰ ਖੜ੍ਹਾ ਹਨੇਰਾ, ਚੁਗਾਠ ਦੁਆਲੇ ਅੱਗ ਦੇ ਕਲੀਰੇ ਅਤੇ ਖੁਦ ਮਾਨਵੀ ਆਕਾਰ ਕਾਲੀ



*ਚਿੱਤਰਕਾਰ ਪ੍ਰੇਮ ਸਿੰਘ*

ਸਿਆਹੀ ਨਾਲ ਰੂਪਮਾਨ ਹੋਇਆ ਹੈ।

ਮਾਨਵੀ ਆਕਾਰ ਪੁਰਖ ਦਾ ਨਹੀਂ ਸਗੋਂ ਇਸਤਰੀ ਦਾ ਹੈ। ਇਹ ਚਿੱਤਰ ਦੇ ਭਾਵ ਅਤੇ ਪ੍ਰਭਾਵ ਨੂੰ ਬਦਲ ਦਿੰਦੀ ਹੈ। ਚਿੱਤਰ ਦੇ ਪਿਛੋਕੜ ਵਿਚ ਵਾਪਰੀ ਦੁਖਪੂਰਨ ਘਟਨਾ ਹੈ ਜਿਸ ਅਨੁਸਾਰ ਮੌਤ, ਅੱਗ ਅਤੇ ਤਬਾਹੀ ਤੁਰ ਕੇ ਘਰਾਂ ਤਕ ਆਈ ਸੀ। ਦਿਸ ਰਿਹਾ ਦ੍ਰਿਸ਼ ਇਨ੍ਹਾਂ ਇਕਾਈਆਂ ਦੇ ਆ ਕੇ ਤੁਰ ਜਾਣ ਦਾ ਹੈ, ਪਰ ਉਹ ਆਪਣੀਆਂ ਨਿਸ਼ਾਨੀਆਂ ਪਿੱਛੇ ਛੱਡ ਕੇ ਗਈਆਂ ਹਨ। ਇਕਾਈਆਂ ਦਾ ਰਹਿਣਾ, ਭਾਵ ਡਰ ਦਾ ਟਿਕੇ ਰਹਿਣਾ ਹੈ।



***ਪ੍ਰੇਮ ਸਿੰਘ ਦਾ ਪ੍ਰਸਿੱਧ ਚਿੱਤਰ 'ਝੁਲਸਿਆ ਸ਼ਹਿਰ'***

ਕਿਸੇ ਵੀ ਤਰ੍ਹਾਂ ਦੀ ਹਿੰਸਾ ਜਾਂ ਯੁੱਧ ਸੰਤਾਪ ਹੰਢਾਉਣ ਦਾ ਕੇਂਦਰ ਸਦਾ ਇਸਤਰੀ ਹੁੰਦੀ ਹੈ। ਇਹ ਸੱਚ ਹੈ ਕਿ ਚੁਰਾਸੀ ਦੀ ਹਿੰਸਾ ਦਾ ਸ਼ਿਕਾਰ ਅਣਜੰਮੇ ਬੱਚਿਆਂ ਤੋਂ ਲੈ ਕੇ ਮਰਨ ਨੂੰ ਝੂਰਦੇ ਜੀਆਂ ਤੱਕ ਨੂੰ ਬਣਾਇਆ ਗਿਆ। ਮਰਨ ਵਾਲਿਆਂ ਤੋਂ ਵੱਧ ਜਿਉਂਦੇ ਰਹਿ ਗਿਆਂ ਵਾਸਤੇ ਜੀਵਨ ਦੇ ਅਰਥ ਹੀ ਬਦਲ ਜਾਂਦੇ ਹਨ। ਲਕੀਰੀ ਚਿੱਤਰ ਦੀ ਪਾਤਰ, ਇਹਦਾ ਸੰਕੇਤ ਹੈ। ਇਹਦੇ ਲਈ ਘਰ ਅੰਦਰ ਟਿਕੇ ਰਹਿਣਾ ਜਾਂ ਘਰੋਂ ਬਾਹਰ ਨਿਕਲ ਜਾਣਾ ਇਕੋ ਜਿਹਾ ਹੈ। ਘਰ ਅੱਗ ਦੀ ਲਪੇਟ ਵਿਚ ਹੈ। ਬਾਹਰ ਸਿਆਹ ਕਾਲੀ ਰਾਤ ਉਹਦੇ ਲਈ ਕੀ ਸਾਂਭੀ ਬੈਠੀ ਹੈ, ਕਿਸੇ ਨੂੰ ਕੁਝ ਨਹੀਂ ਪਤਾ। ਕਿਰਦਾਰ ਦਾ ਇਕੱਲ ਹਰ ਤਰ੍ਹਾਂ ਦੇ ਦੁਖ ਨੂੰ ਜ਼ਰਬਾਂ ਦੇ ਰਿਹਾ ਹੈ। ਉਸ ਦਾ ਨਿਹੱਥਾ ਹੋਣਾ, ਉਸ ਕੋਲੋਂ ਕਿਸੇ ਵੀ ਤਰ੍ਹਾਂ ਦੀ ਬਦਲਾਖੋਰ ਹਿੰਸਾ ਦਾ ਸਰੋਤ ਖੋਹ ਲੈਂਦਾ ਹੈ।

ਉਸ ਦਾ ਇਕੱਲਾ ਹੋਣਾ ਹਾਲਾਤ ਨੂੰ ਗਹਿਰ ਗੰਭੀਰ ਬਣਾਉਂਦਾ ਹੈ। ਐਨ ਸਰਦਲ 'ਤੇ ਅਹਿਲ ਖੜ੍ਹੇ ਹੋਣਾ ਕਈ ਤਰ੍ਹਾਂ ਦੇ ਵਿਚਾਰ ਜਗਾਉਂਦਾ ਹੈ। ਇਕ, ਇਹ ਇਕੱਲੀ ਕਿਉਂ ਹੈ? ਦੋ, ਘਰ ਦੇ ਸਾਰੇ ਜੀਅ ਮਾਰ-ਮੁਕਾ ਦਿੱਤੇ ਹਨ। ਵਲੂੰਧਰੀ ਹੋਈ ਉਹ ਘਰ ਤਿਆਗ ਹਨੇਰੇ ਵਿਚ ਗੁਆਚਣਾ ਚਾਹੁੰਦੀ ਹੈ। ਤਿੰਨ, ਕੀ ਹਨੇਰਗਰਦੀ ਦੀ ਪਸਰੀ ਨਾਉਮੀਦੀ ਵਿਚੋਂ ਕਿਸੇ ਪਾਸਿਓਂ ਉਮੀਦ ਨੂੰ ਲੱਭ ਰਹੀ ਹੈ? ਚਾਰ, ਭਵਿਖ ਉਹਦੇ ਵਾਸਤੇ ਹੁਣ ਰਹੱਸ ਹੈ ਜਿਸ ਪਾਸ ਕਿਸੇ ਤਰ੍ਹਾਂ ਦਾ ਰੰਗ ਨਹੀਂ ਹੈ, ਸਿਰਫ ਸਿਆਹ ਸਿਆਹੀ ਹੈ?

ਆਮ ਤੌਰ 'ਤੇ ਮਨੁੱਖ ਦਾ ਸਰੀਰ ਅਤੇ ਉਸ ਦੇ ਹਾਵ-ਭਾਵ ਦੁਖ-ਸੁਖ ਵੇਲੇ ਹਰਕਤ ਵਿਚ ਆ ਜਾਂਦੇ ਹਨ, ਪਰ ਇਥੇ ਏਦਾਂ ਨਹੀਂ ਹੋ ਰਿਹਾ। ਲੱਗਦਾ ਅਚਾਨਕ, ਅਣਕਿਆਸੀ ਆਉਣ ਵਾਲੀ ਹਿੰਸਾ ਨੇ ਬੰਦੇ ਨੂੰ ਪਥਰਾ ਦਿੱਤਾ। ਆਕਾਰ ਦਾ ਸਿਰ ਅੱਗੇ ਨੂੰ ਝੁਕਿਆ ਹੋਇਆ ਹੈ ਅਤੇ ਬਹੁਪਰਤੀ, ਬਹੁਦਿਸ਼ਾਵੀ ਹਿੰਸਾ ਨੇ ਉਸ ਦਾ ਸਰੀਰ ਨਿੱਸਲ ਕਰ ਦਿੱਤਾ ਹੈ, ਭਾਵੇਂ ਚਾਦਰ ਦੀ ਬੁੱਕਲ ਕਾਫੀ ਕੁਝ ਲੁਕਾ ਲੈਂਦੀ ਹੈ।

ਇਕ ਹੋਰ ਜਗਿਆਸਾ ਉਸਲਵੱਟੇ ਲੈਂਦੀ ਹੈ ਕਿ ਇਹ ਆਕਾਰ ਦਰਸ਼ਕ ਸਾਹਮਣੇ ਹਾਜ਼ਰ ਕਿਉਂ ਨਹੀਂ ਹੈ? ਹੋ ਸਕਦਾ ਹੈ, ਪੜ੍ਹੀ ਜਾ ਰਹੀ ਕਿਰਤ ਦਾ ਕਿਰਦਾਰ ਵੀ ਚਿਹਰਾ ਵਿਹੀਣ ਹੋਵੇ।

ਚਿੱਤਰਕਾਰ ਪ੍ਰੇਮ ਸਿੰਘ ਨੇ ਡਰਾਇੰਗਾਂ ਲਈ ਰਪੀਡੋਗ੍ਰਾਫ ਦੀ ਮਦਦ ਲਈ ਹੈ ਜੋ ਜ਼ੀਰੋ ਨੰਬਰ ਤੋਂ ਸ਼ੁਰੂ ਹੁੰਦਾ ਹੈ। ਜਿਉਂ ਜਿਉਂ ਨੰਬਰ ਵਧਦਾ ਹੈ, ਉਸੇ ਅਨੁਸਾਰ ਲਕੀਰ ਦਾ ਮੋਟਾਪਣ ਵਧਦਾ ਜਾਂਦਾ ਹੈ।

ਪ੍ਰਸਤੁਤ ਡਰਾਇੰਗ ਦੀ ਚੋਣ ਅਨੇਕਾਂ ਡਰਾਇੰਗਾਂ ਵਿਚੋਂ ਕੀਤੀ ਹੈ। ਕੁਝ ਸਾਲ ਬੀਤਣ ਮਗਰੋਂ ਪੇਂਟਰ ਨੇ ਇਸੇ ਵਿਸ਼ੇ ਨੂੰ ਤੇਲ-ਰੰਗਾਂ ਵਿਚ ਵੀ ਨਿਭਾਇਆ। ਮਾਧਿਅਮ ਵਿਸ਼ੇ ਨੂੰ ਨਿਖਾਰਦਾ ਸੰਵਾਰਦਾ ਹੈ। ਇਹ ਨਹੀਂ ਕਿ ਇਕ ਤੋਂ ਵੱਧ ਆਕਾਰਾਂ ਵਾਲਾ ਕੰਮ ਕੀਤਾ ਹੀ ਨਹੀਂ। ਇਕ ਸਪੇਸ ਉਪਰ ਤਿੰਨ-ਚਾਰ ਰੂਪ-ਸਮੂਹ ਹਨ ਜਾਂ ਇਕ ਸਮੂਹ ਦੂਜੇ ਸਾਹਮਣੇ ਹੈ ਜਾਂ ਇਕ ਜਣਾ ਉਚੇਰੇ ਖੜ੍ਹਾ ਹੋਰਾਂ ਨੂੰ ਸੰਬੋਧਤ ਹੋਣ ਦਾ ਭਰਮ ਪੈਦਾ ਕਰ ਰਿਹਾ ਹੈ। ਇਹ ਸਥਿਤੀ ਆਪਣਾ ਦੁਖ-ਸੁਖ ਦੂਜਿਆਂ ਨਾਲ ਸਾਂਝਾ ਕਰਨ ਦੀ ਹੈ। ਇਹ ਡਰਾਇੰਗ ਸਪੇਸ ਨੂੰ ਨਿਸ਼ਚਿਤ ਦਾਇਰੇ ਵਿਚ ਨਹੀਂ ਬੰਨ੍ਹਦੀ। ਬਿਲਕੁਲ ਨਿਸ਼ਚਿਤ ਹੈ ਤਾਂ ਉਹ ਦਰ ਤੋਂ ਬਾਹਰਲਾ ਸੰਸਾਰ ਹੈ ਜੋ ਕਿਸੇ ਰੰਗ-ਭਾਵ ਦੀ ਪਛਾਣ ਨਹੀਂ ਕਰਦਾ। ਇਹ 'ਬਲੈਕ ਹੋਲ' (ਸਿਆਹ ਸੁਰਾਖ) ਜਿਹਾ ਪ੍ਰਤੀਤ ਹੋ ਰਿਹਾ ਹੈ। ਸਮਾਜ ਵਿਚ ਵਿਆਪਤ ਨਾਬਰਾਬਰੀ, ਅਨਿਆਂ, ਹਿੰਸਾ, ਹੱਕਾਂ ਦੀ ਉਲੰਘਣਾ ਵਰਗੇ ਤੱਤ ਸਾਂਝੀ ਤਬਾਹੀ ਦੇ 'ਬਲੈਕ ਹੋਲ' ਹਨ। ਅਸੀਂ ਤ੍ਰਾਸਦੀਆਂ ਹੁੰਦੀਆਂ ਦੇਖ ਰਹੇ ਹਾਂ ਜਿਵੇਂ ਇਹ ਕਿਰਦਾਰ। ਕੀ ਕਿਸੇ ਬੁਰਾਈ ਦੇ ਇਲਾਜ ਦਾ ਬੀਜ ਬੀਜਣ ਦਾ ਉਪਰਾਲਾ ਕਿਸੇ ਨੇ ਕੀਤਾ ਹੈ?

# ਆਖ ਤਸਵੀਰਾਂ ਬੋਲਦੀਆਂ

***ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 29 ਅਪਰੈਲ 2018 ਹੈ। -ਸੰਪਾਦਕ***

## ਕੈਪਸ਼ਨ ਮੁਕਾਬਲਾ-322



**ਸੌ ਰੁਪਈਆ ਸ਼ਗਨ ਫੜਾਇਆ, ਮੁੱਲ ਉਸ ਦਾ ਪਾਈਏ।**
**ਵਿਆਹ ਖਾਣ ਆਏ ਹਾਂ ਭਾਈ, ਤੁੰਨ ਤੁੰਨ ਕੇ ਖਾਈਏ।**

## ਕੈਪਸ਼ਨ ਮੁਕਾਬਲਾ-320



ਝੋਰਾ ਕੋਈ ਨ੍ਹੀਂ ਕਰਨਾ ਬਾਪੂ
ਲੈ ਬੁਰਕੀ ਮੂੰਹ ਪਾਵਾਂ।
ਮੈਂ ਹੀ ਤੇਰੇ ਹੱਥ ਬਣੂੰਗੀ
ਮੈਂ ਹੀ ਤੇਰੀਆਂ ਬਾਹਾਂ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਜਿੱਦਣ ਜੰਮੀ ਸੀ ਤੂੰ ਧੀਏ
ਘਰ ਵਿਚ ਸੋਗ ਪੈ ਗਿਆ ਸੀ।
ਤੇਰਾ ਆਉਣਾ ਮੇਰੇ ਘਰ ਵਿਚ
ਘਰ ਦੀਆਂ ਖੁਸ਼ੀਆਂ ਲੈ ਗਿਆ ਸੀ।
ਪਤਾ ਨਹੀਂ ਸੀ ਤੂੰ ਹੀ ਬਣਨਾ
ਬਾਂਹ-ਹੱਥ ਬੁਢਾਪੇ ਦੇ।
ਪੁੱਤਾਂ ਵਾਲੇ ਰੋਣ ਆਸ਼ਰਮੀਂ
ਜਾ ਸ਼ਰਣ ਇੱਕਲਾਪੇ ਦੇ।
***-ਗੁਰਦੇਵ ਸਿੰਘ ਢਪਾਲੀ, ਬਠਿੰਡਾ***
***ਫੋਨ: 91-94176-49275***

---

ਭਾਣਾ ਕੋਈ ਵਰਤ ਗਿਆ
ਹੋਇਆ ਭਾਵੇਂ ਲਾਚਾਰ।
ਜੀਓ, ਜੀਅ ਹੈ ਸਾਂਭਦਾ
ਨਾ ਰੱਖ ਮਨ 'ਤੇ ਭਾਰ।
ਨਿੱਕੀ ਪੋਤੀ ਮੂੰਹ 'ਚ ਪਾ ਰਹੀ
ਬੁਰਕੀਆਂ ਨਾਲ ਪਿਆਰ।
***-ਦਵਿੰਦਰ ਕੌਰ***

---

ਧੀਆਂ ਹੀ ਨੇ ਅਸਲੀ ਧਨ
ਸਮਝ ਲੈ ਮੇਰੇ ਬਾਈ।
ਝੋਰਾ ਧੀਆਂ ਦਾ ਕਦੇ ਨਾ ਕਰੀਂ
ਪਿਆਰ ਇਨ੍ਹਾਂ ਦਾ ਨਿਭੇ ਸਿਵਿਆਂ ਤਾਈਂ।
***-ਰਾਣੀ ਕੈਲਾਸ਼***

---

ਜ਼ਿੰਦਗੀ ਮੇਰੇ ਨਾਲ ਧ੍ਰੋਹ ਕਮਾਇਆ
ਬਾਹਾਂ ਦੋਹਾਂ ਤੋਂ ਨਕਾਰਾ ਬਣਾਇਆ।
ਜਿਹੜੇ ਸੀ 'ਜੀ' ਕਹਿ ਕੇ ਬੁਲਾਉਂਦੇ
ਬਿਪਤਾ ਵੇਲੇ ਕੋਈ ਨੇੜੇ ਨਾ ਆਇਆ।
ਨਾਜ਼ੁਕ ਮੌਕੇ ਬਹੁੜੀ ਪੋਤੀ ਮੇਰੀ
ਹਮਦਰਦੀ ਨਾਲ ਪ੍ਰਸ਼ਾਦਾ ਛਕਾਇਆ।
***-ਜਗਜੀਤ ਕੌਰ ਤੂਰ, ਚੰਡੀਗੜ੍ਹ***

---

ਅਪਾਹਜ ਹੁੰਦੇ ਤਰਸ ਦੇ ਪਾਤਰ
ਬਿਪਤਾਵਾਂ 'ਚ ਰੱਬ ਨਾ ਪਾਵੇ।
ਮੇਰੇ ਵਰਗਾ ਅਪਾਹਜ ਬੇਵਸ ਹੋਵੇ
ਖਾਣਾ ਕੋਈ ਬਣਾਵੇ, ਫਿਰ ਖੁਆਵੇ।
ਸੇਵਾ ਸਬਰ ਵਾਲਾ ਕੰਮ ਇਹ
ਪੋਤੀ, ਧੀ ਜਾਂ ਪਤਨੀ ਬਿਨ
ਕੋਈ ਮਰਦ ਨੇੜੇ ਨਾ ਆਵੇ।
***-ਅਮਰਜੀਤ ਸਿੰਘ ਤੂਰ***
***ਪਿੰਡ ਕੁਲਬੁਰਛਾ, ਪਟਿਆਲਾ।***

---

ਬਾਪੂ ਨਾ ਕਰ ਝੋਰਾ
ਮੈਂ ਹਾਂ ਤੇਰੀਆਂ ਬਾਹਾਂ।
ਮੂੰਹ ਖੋਲ੍ਹ ਆਪਣਾ ਬਾਪੂ
ਹੱਥੀਂ ਬੁਰਕੀਆਂ ਪਾਵਾਂ।
ਧੀਆਂ ਧਿਆਣੀਆਂ ਨੂੰ
ਕਰੋ ਸਭ ਪਿਆਰ।
ਪਤਾ ਨਹੀਂ ਕਿਉਂ ਦਿੰਦੇ
ਧੀਆਂ ਨੂੰ ਕੁੱਖਾਂ 'ਚ ਮਾਰ?
***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

---

ਆਪਣੇ ਹੀ ਆਉਂਦੇ
ਕੰਮ ਵੇਲੇ-ਕੁਵੇਲੇ।
ਸਾਡਾ ਸਭਿਆਚਾਰ ਬੜਾ ਅਨਮੋਲ
ਅਪਾਹਜ ਹਮੇਸ਼ਾ ਨਿਰਭਰ
ਹਰ ਅੰਗ ਜ਼ਰੂਰੀ ਜ਼ਿੰਦਗੀ ਲਈ
ਬੁਰਕੀਆਂ ਪਾਵੇ ਆਪਣਾ ਹੀ ਬੱਚਾ
ਨਹੀਂ ਕਰਦਾ ਝਿਜਕ।
ਦੁੱਖ ਸੁੱਖ ਹਮੇਸ਼ਾ ਨਾਲ ਖੜ੍ਹਦਾ।
ਆ ਜਾਣ ਝੱਖੜ ਤੂਫਾਨ ਭਾਵੇਂ
ਨਹੀਂ ਮੂੰਹ ਮੋੜਦਾ ਆਪਣੇ ਤੋਂ।
***-ਦਰਸ਼ਨਪਾਲ ਦੋਸਾਂਝ***

## ਨਿਰਵਿਘਨ ਪ੍ਰਕਾਸ਼ਨ ਦੇ 19ਵੇਂ ਸਾਲ 'ਚ (ਪਹਿਲੀ ਜਨਵਰੀ 2000-2018)

## ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦੇ ਮੁੱਦਈ ਪੰਜਾਬ ਟਾਈਮਜ਼ ਦੀ 18ਵੀਂ ਵਰ੍ਹੇਗੰਢ ਮੌਕੇ ਗੀਤ-ਸੰਗੀਤ ਭਰੀ ਇਕ ਸ਼ਾਮ

# 'ਪੰਜਾਬ ਟਾਈਮਜ਼ ਨਾਈਟ'

## 5 ਮਈ 2018 ਸਨਿਚਰਵਾਰ ਸ਼ਾਮੀ 6:30 ਵਜੇ

**Atlantis Banquets**
1273 N. Rand Road,
Arlington Heights, IL 60004

ਮੁੱਖ ਮਹਿਮਾਨ


ਪ੍ਰੋ. ਜੋਗਿੰਦਰ ਸਿੰਘ ਰਮਦੇਵ


ਪਹੁੰਚ ਰਹੇ ਵਿਸ਼ੇਸ਼ ਬੁਲਾਰੇ



ਵਰਿਆਮ ਸਿੰਘ ਸੰਧੂ


ਪ੍ਰਿੰ. ਸਰਵਣ ਸਿੰਘ


ਡਾ. ਗੁਰਬਖਸ਼ ਸਿੰਘ ਭੰਡਾਲ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਸਵਰਨਜੀਤ ਸਿੰਘ ਢਿਲੋਂ


ਅਮੋਲਕ ਸਿੰਘ ਗਾਖਲ



ਡਾ. ਨਵਦੀਪ ਕੌਰ ਸੰਧੂ


ਬਲਵਿੰਦਰ ਕੌਰ (ਨਿੱਕੀ) ਸੇਖੋਂ


ਡਾ. ਗੁਰਦਿਆਲ ਸਿੰਘ ਬਸਰਾਨ


ਹਰਦਿਆਲ ਸਿੰਘ ਦਿਓਲ


ਡਾ. ਹਰਗੁਰਮੁਖਪਾਲ ਸਿੰਘ


ਹਰਜੀਤ ਸਿੰਘ ਸਾਹੀ


ਰਘਬੀਰ ਸਿੰਘ ਘੁੰਨ



ਜੈਦੇਵ ਸਿੰਘ ਭੱਠਲ


ਜਗਦੀਸ਼ਰ ਸਿੰਘ ਕਲੇਰ


ਡਾ. ਤੇਜਿੰਦਰ ਸਿੰਘ ਮੰਡੇਰ


ਦਰਸ਼ਨ ਸਿੰਘ ਦਰੜ



ਦਰਸ਼ਨ ਸਿੰਘ ਗਰੇਵਾਲ


ਬਲਵਿੰਦਰ ਸਿੰਘ ਸੰਧੂ


ਜੱਸੀ ਗਿੱਲ


ਸਰਵਣ ਸਿੰਘ ਟਿਵਾਣਾ


ਮਨਦੀਪ ਸਿੰਘ ਭੂਰਾ


ਅਯੁਧਿਆ ਸਲਵਾਨ


ਰਾਜਿੰਦਰ ਸਿੰਘ

## ਸਾਡੇ ਸਥਾਈ ਲੇਖਕ ਤੇ ਕਾਲਮਨਵੀਸ


ਗੁਰਬਚਨ ਸਿੰਘ ਭੁੱਲਰ


ਤਰਲੋਚਨ ਸਿੰਘ ਦੁਪਾਲਪੁਰ


ਐਸ. ਅਸ਼ੋਕ ਭੌਰਾ


ਡਾ. ਗੁਰਨਾਮ ਕੌਰ


ਬੀਬੀ ਸੁਰਜੀਤ ਕੌਰ


ਬਲਜੀਤ ਬਾਸੀ


ਹਰਪਾਲ ਸਿੰਘ ਪੰਨੂ


ਜਤਿੰਦਰ ਪਨੂੰ


ਬੂਟਾ ਸਿੰਘ


ਮੇਜਰ ਕੁਲਾਰ


ਇਕਬਾਲ ਜੱਬੋਵਾਲ

**ਪੰਜਾਬ ਟਾਈਮਜ਼**

Ph: 847-359-0746

**ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ**

Published simultaneously from Chicago, California & New York.

*e-mail: punjabtimes1@gmail.com, website: www.punjabtimesusa.com*

# ਨਾਟੋ ਸੈਨਾਵਾਂ ਨੇ ਸੀਰੀਆ 'ਤੇ ਦਾਗੀਆਂ ਮਿਜ਼ਾਈਲਾਂ

**ਦਮਸ਼ਕ:** ਸੀਰੀਆ 'ਤੇ ਰਸਾਇਣਕ ਹਮਲਿਆਂ ਦੇ ਲੱਗੇ ਦੋਸ਼ਾਂ ਪਿੱਛੋਂ ਜਵਾਬ ਵਿਚ ਅਮਰੀਕਾ, ਫਰਾਂਸ ਅਤੇ ਬ੍ਰਿਟੇਨ ਨੇ ਬਸ਼ਰ ਅਲ ਅਸਦ ਹਕੂਮਤ ਖਿਲਾਫ਼ ਕਈ ਹਵਾਈ ਹਮਲੇ ਕੀਤੇ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਰਸਾਇਣਕ ਹਮਲੇ 'ਦਾਨਵੀ ਅਪਰਾਧ' ਕਰਾਰ ਦਿੱਤੇ ਹਨ। ਟਰੰਪ ਨੇ ਵ੍ਹਾਈਟ ਹਾਊਸ ਤੋਂ ਹਮਲਿਆਂ ਦਾ ਐਲਾਨ ਕੀਤਾ। ਰੂਸ ਦੀ ਚਿਤਾਵਨੀ ਦੇ ਬਾਵਜੂਦ ਇਹ ਹਮਲੇ ਕੀਤੇ ਗਏ। ਉਧਰ, ਰੂਸੀ ਫੌਜ ਨੇ ਦਾਅਵਾ ਕੀਤਾ ਹੈ ਕਿ ਗਠਜੋੜ ਫੌਜਾਂ ਨੇ 103 ਮਿਜ਼ਾਈਲਾਂ ਦਾਗੀਆਂ ਪਰ ਸੀਰੀਆ ਦੀ ਹਵਾਈ ਰੱਖਿਆ ਪ੍ਰਣਾਲੀ ਨੇ 71 ਨੂੰ ਰਾਹ ਵਿਚ ਹੀ ਫੁੰਡ ਦਿੱਤਾ। ਉਂਜ ਸੀਰੀਆ ਨੇ ਦਾਅਵਾ ਕੀਤਾ ਹੈ ਕਿ ਤਿੰਨ ਲੋਕ ਇਸ ਹਮਲੇ ਵਿਚ ਜਖ਼ਮੀ ਹੋਏ ਹਨ।

ਟਰੰਪ ਵੱਲੋਂ ਹਵਾਈ ਹਮਲਿਆਂ ਦਾ ਐਲਾਨ ਕਰਨ ਮਗਰੋਂ ਸੀਰੀਆ ਦੀ ਰਾਜਧਾਨੀ ਦਮਸ਼ਕ 'ਚ ਤੇਜ਼ ਧਮਾਕਿਆਂ ਦੀ ਆਵਾਜ਼ ਸੁਣੀ ਗਈ। ਇਨ੍ਹਾਂ ਹਮਲਿਆਂ ਨੇ ਸੱਤ ਸਾਲ ਦੇ ਗ੍ਰਹਿ ਯੁੱਧ ਦੇ ਨਵੇਂ ਪੰਨੇ ਖੁੱਲ੍ਹਣ ਦੇ ਸੰਕੇਤ ਦਿੱਤੇ ਹਨ। ਜ਼ਿਕਰਯੋਗ ਹੈ ਕਿ ਦੂਮਾ ਕਸਬੇ ਵਿਚ ਹਫਤਾ ਪਹਿਲਾਂ ਰਸਾਇਣਕ ਹਥਿਆਰਾਂ ਦੇ ਹਮਲੇ 'ਚ 40 ਤੋਂ ਵਧ ਵਿਅਕਤੀ ਮਾਰੇ ਗਏ ਸਨ। ਵਾਸ਼ਿੰਗਟਨ ਦੇ ਸੀਨੀਅਰ ਜਨਰਲ ਜੋਜ਼ੇਫ ਡਨਫੋਰਡ ਨੇ ਕਿਹਾ ਕਿ ਹਮਲਿਆਂ 'ਚ ਦਮਸ਼ਕ ਅਤੇ ਹੋਮਸ ਸੂਬੇ ਵਿਚ ਵਿਗਿਆਨਕ ਖੋਜ ਕੇਂਦਰ, ਭੰਡਾਰਨ ਕੇਂਦਰਾਂ ਅਤੇ ਇਕ ਕਮਾਂਡ ਚੌਕੀ ਸਮੇਤ ਹੋਰ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ।

ਉਧਰ, ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੀਰੀਆ 'ਚ ਕੀਤੇ ਗਏ ਹਵਾਈ ਹਮਲੇ ਦੀ ਹਮਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ ਆਪਣੇ ਨਾਗਰਿਕਾਂ ਖਿਲਾਫ਼ ਰਸਾਇਣਕ ਹਥਿਆਰਾਂ ਦੇ ਹਮਲਿਆਂ ਲਈ ਅਸਦ ਸਰਕਾਰ ਉਤੇ ਇਹ ਕਾਰਵਾਈ ਕਰਨੀ ਬਣਦੀ ਹੈ। ਫਰਾਂਸ ਨੇ ਕਿਹਾ ਹੈ ਕਿ ਸੀਰੀਆ 'ਚ ਸੰਘਰਸ਼ ਦੇ ਖਾਤਮੇ ਲਈ ਛੇਤੀ ਸਿਆਸੀ ਪ੍ਰਕਿਰਿਆ ਸ਼ੁਰੂ ਹੋਣੀ ਚਾਹੀਦੀ ਹੈ।

### ਸੀਰੀਆ ਨੂੰ ਸੰਯੁਕਤ ਰਾਸ਼ਟਰ 'ਚ ਨਾ ਮਿਲੀ ਹਮਾਇਤ

**ਸੰਯੁਕਤ ਰਾਸ਼ਟਰ:** ਅਮਰੀਕਾ, ਬ੍ਰਿਟੇਨ ਅਤੇ ਫਰਾਂਸ ਵੱਲੋਂ ਸੀਰੀਆ 'ਤੇ ਕੀਤੇ ਗਏ ਹਮਲੇ ਦੇ ਵਿਰੋਧ ਵਿਚ ਰੂਸ ਵੱਲੋਂ ਸੰਯੁਕਤ ਰਾਸ਼ਟਰ ਸਲਾਮਤੀ ਪ੍ਰੀਸ਼ਦ 'ਚ ਪਾਏ ਗਏ ਨਿਖੇਧੀ ਮਤੇ ਨੂੰ ਹਮਾਇਤ ਨਹੀਂ ਮਿਲੀ ਅਤੇ ਇਹ ਰੱਦ ਹੋ ਗਿਆ। ਸੀਰੀਆ ਵੱਲੋਂ ਕੀਤੇ ਗਏ ਰਸਾਇਣਕ ਹਮਲੇ ਦੇ ਵਿਰੋਧ 'ਚ ਹੁਣ ਤਿੰਨੋਂ ਮੁਲਕਾਂ ਵੱਲੋਂ ਸੰਯੁਕਤ ਰਾਸ਼ਟਰ ਵਿਚ ਮਤਾ ਲਿਆਂਦਾ ਜਾਵੇਗਾ ਅਤੇ ਇਸ ਦੀ ਜਾਂਚ ਮੰਗੀ ਜਾਵੇਗੀ। ਰੂਸ ਨੇ ਸੀਰੀਆ 'ਤੇ ਹਮਲੇ ਦੀ ਨਿਖੇਧੀ ਦੇ ਨਾਲ ਹਮਲਿਆਂ ਨੂੰ ਤੁਰਤ ਰੋਕਣ ਦਾ ਮਤਾ ਰੱਖਦਿਆਂ ਤਿੰਨ ਪੱਛਮੀ ਮੁਲਕਾਂ ਵੱਲੋਂ ਅੱਗੇ ਤਾਕਤ ਦੀ ਹੋਰ ਵਰਤੋਂ ਨਾ ਕਰਨ ਦੀ ਮੰਗ ਰੱਖੀ ਸੀ।

### ਸੀਰਿਆਈ ਲੋਕਾਂ ਵੱਲੋਂ ਦਮਸ਼ਕ ਵਿਚ ਮੁਜ਼ਾਹਰੇ

**ਦਮਸ਼ਕ:** ਅਮਰੀਕਾ, ਬ੍ਰਿਟੇਨ ਅਤੇ ਫਰਾਂਸ ਦੀਆਂ ਫੌਜਾਂ ਵੱਲੋਂ ਕੀਤੇ ਗਏ ਹਵਾਈ ਹਮਲਿਆਂ ਦੇ ਵਿਰੋਧ ਵਿਚ ਸੈਂਕੜੇ ਹੀ ਲੋਕ ਸੀਰਿਆਈ ਰਾਜਧਾਨੀ ਦੇ ਓਮਾਇਦ ਚੌਰਾਹੇ 'ਚ ਇਕੱਠੇ ਹੋ ਗਏ ਅਤੇ ਜੇਤੂ ਚਿੰਨ੍ਹ ਲਹਿਰਾ ਕੇ ਤੇ ਕਾਰਾਂ ਦੇ ਹਾਰਨ ਵਜਾ ਕੇ ਜ਼ੋਰਦਾਰ ਮੁਜ਼ਾਹਰਾ ਕੀਤਾ। ਦਮਸ਼ਕ 'ਚ ਇਕੱਤਰ ਹੋਏ ਲੋਕਾਂ ਵੱਲੋਂ ਸੀਰੀਆ, ਰੂਸ ਅਤੇ ਇਰਾਨ ਦੇ ਝੰਡੇ ਵੀ ਲਹਿਰਾਏ ਜਾ ਰਹੇ ਸਨ।

# ਸਿੱਖਾਂ ਵੱਲੋਂ ਸੰਯੁਕਤ ਰਾਸ਼ਟਰ ਦੇ ਦਫਤਰ ਅੱਗੇ ਮੁਜ਼ਾਹਰਾ




**ਸੰਯੁਕਤ ਰਾਸ਼ਟਰ:** ਡਾ. ਭੀਮਰਾਓ ਅੰਬੇਡਕਰ ਦੇ 127ਵੇਂ ਜਨਮ ਦਿਨ 'ਤੇ ਸਿੱਖ ਜਥੇਬੰਦੀਆਂ ਨੇ ਸੰਯੁਕਤ ਰਾਸ਼ਟਰ ਦੇ ਮੁੱਖ ਦਫਤਰ ਦੇ ਬਾਹਰ ਮੁਜ਼ਾਹਰਾ ਕਰ ਕੇ ਭਾਰਤ 'ਚ ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਉਤੇ ਜ਼ੁਲਮਾਂ ਖਿਲਾਫ਼ ਰੋਸ ਜ਼ਾਹਰ ਕੀਤਾ। ਸੰਯੁਕਤ ਰਾਸ਼ਟਰ 'ਚ ਭਾਰਤ ਦੇ ਸਥਾਈ ਮਿਸ਼ਨ ਨੇ ਡਾ. ਅੰਬੇਡਕਰ ਦੇ ਜਨਮ ਦਿਨ ਮੌਕੇ 'ਲਿਵਿੰਗ ਨੋ ਵਨ ਬਿਹਾਈਂਡ' ਨਾਂ ਹੇਠ ਵਿਸ਼ੇਸ਼ ਪ੍ਰੋਗਰਾਮ ਰੱਖਿਆ ਹੋਇਆ ਸੀ। ਇਸ ਮਗਰੋਂ ਸੰਯੁਕਤ ਰਾਸ਼ਟਰ 'ਚ ਭਾਰਤ ਦੇ ਸਥਾਈ ਨੁਮਾਇੰਦੇ ਸਈਦ ਅਕਬਰੂਦੀਨ ਨੇ ਆਪਣਾ ਭਾਸ਼ਣ ਸ਼ੁਰੂ ਕੀਤਾ ਤਾਂ ਸਿੱਖਾਂ ਦੇ ਧੜਿਆਂ ਨੇ ਖੜ੍ਹੇ ਹੋ ਕੇ ਸ਼ਾਂਤ ਢੰਗ ਨਾਲ ਰੋਸ ਮੁਜ਼ਾਹਰਾ ਸ਼ੁਰੂ ਕਰ ਦਿੱਤਾ ਤੇ 'ਘੱਟ ਗਿਣਤੀਆਂ ਖਤਰੇ ਵਿਚ' ਤੇ '84 ਨੂੰ ਨਾ ਭੁੱਲੇ' ਲਿਖੇ ਪੋਸਟਰ ਤੇ ਅਯੁੱਧਿਆ ਦੀ ਬਾਬਰੀ ਮਸਜਿਦ ਤੇ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਦੀਆਂ ਤਸਵੀਰਾਂ ਲਹਿਰਾਈਆਂ।

ਮੁਜ਼ਾਹਰਾਕਾਰੀ ਅਕਬਰੂਦੀਨ ਦੇ ਸਾਰੇ ਭਾਸ਼ਣ ਦੌਰਾਨ ਰੋਸ ਵਜੋਂ ਸ਼ਾਂਤ ਖੜ੍ਹੇ ਰਹੇ ਤੇ ਭਾਸ਼ਣ ਖਤਮ ਹੁੰਦਿਆਂ ਹੀ ਕਾਨਫਰੰਸ ਰੂਮ 'ਚੋਂ ਚਲੇ ਗਏ। ਬਾਹਰ ਆ ਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ.ਐਸ.ਏ. ਤੇ ਯੂਥ ਅਕਾਲੀ ਦਲ ਅੰਮ੍ਰਿਤਸਰ ਯੂ.ਐਸ.ਏ. ਨੇ ਦੱਸਿਆ ਕਿ ਉਨ੍ਹਾਂ ਸ਼ਾਂਤਮਈ ਢੰਗ ਨਾਲ ਰੋਸ ਜ਼ਾਹਿਰ ਕੀਤਾ ਹੈ। ਉਹ ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਦੀ ਆਵਾਜ਼ ਉਠਾ ਰਹੇ ਸਨ।

# ਨਵਾਜ਼ ਸ਼ਰੀਫ ਦੀ ਸਿਆਸਤ ਤੋਂ ਪੱਕੀ ਛੁੱਟੀ

**ਇਸਲਾਮਾਬਾਦ:** ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼



ਸ਼ਰੀਫ ਉਤੇ ਜੀਵਨ ਭਰ ਲਈ ਚੋਣ ਲੜਨ ਉਤੇ ਰੋਕ ਲਗਾ ਦਿੱਤੀ ਹੈ। ਸੁਪਰੀਮ ਕੋਰਟ ਨੇ ਆਪਣੇ ਇਤਿਹਾਸਕ ਫੈਸਲੇ ਵਿਚ ਕਿਹਾ ਕਿ ਸੰਵਿਧਾਨ ਤਹਿਤ ਕਿਸੇ ਜਨ ਪ੍ਰਤੀਨਿਧ ਦੀ ਅਯੋਗਤਾ ਸਥਾਈ ਹੈ। ਇਸ ਦੇ ਨਾਲ ਹੀ ਤਿੰਨ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਰਹੇ ਨਵਾਜ਼ ਸ਼ਰੀਫ ਦਾ ਰਾਜਨੀਤਕ ਸਫਰ ਹਮੇਸ਼ਾ ਲਈ ਖਤਮ ਹੋ ਗਿਆ। ਪੰਜ ਜੱਜਾਂ ਦੇ ਬੈਂਚ ਨੇ ਸੰਵਿਧਾਨ ਤਹਿਤ ਕਿਸੇ ਜਨ ਪ੍ਰਤੀਨਿਧ ਨੂੰ ਅਯੋਗਤਾ ਦੀ ਮਿਤੀ ਦਾ ਨਿਰਧਾਰਣ ਕਰਨ ਵਾਲੇ ਕੇਸ ਦੀ ਸੁਣਵਾਈ ਕਰਦੇ ਹੋਏ ਸਰਬਸੰਮਤੀ ਨਾਲ ਆਪਣਾ ਫੈਸਲਾ ਸੁਣਾਇਆ। ਅਦਾਲਤ ਨੇ ਕਿਹਾ ਕਿ ਆਰਟੀਕਲ 62 (1) (ਐਫ) ਤਹਿਤ ਭਵਿੱਖ ਲਈ ਇਹ ਫੈਸਲਾ ਸਥਾਈ ਹੈ ਤੇ ਕੋਈ ਵੀ ਅਯੋਗ ਕਰਾਰ ਦਿੱਤਾ ਗਿਆ ਵਿਅਕਤੀ ਕਦੇ ਚੋਣਾਂ ਨਹੀਂ ਲੜ ਸਕਦਾ ਤੇ ਨਾ ਹੀ ਸੰਸਦ ਮੈਂਬਰ ਬਣ ਸਕਦਾ ਹੈ। ਦੱਸਣਯੋਗ ਹੈ ਕਿ 68 ਸਾਲਾ ਸ਼ਰੀਫ ਨੂੰ 28 ਜੁਲਾਈ 2017 ਵਿਚ ਪਨਾਮਾ ਮਾਮਲੇ ਵਿਚ ਅਯੋਗ ਠਹਿਰਾਇਆ ਗਿਆ ਸੀ। ਸ਼ਰੀਫ ਨੂੰ ਇਕ ਹੋਰ ਝਟਕਾ ਦਿੰਦੇ ਹੋਏ ਅਦਾਲਤ ਨੇ ਕਿਹਾ ਸੀ ਕਿ ਅਯੋਗ ਠਹਿਰਾਇਆ ਗਿਆ ਕੋਈ ਵੀ ਵਿਅਕਤੀ ਕਿਸੇ ਰਾਜਨੀਤਕ ਦਲ ਦਾ ਮੁਖੀ ਨਹੀਂ ਰਹਿ ਸਕਦਾ। ਇਸ ਤੋਂ ਬਾਅਦ ਸੱਤਾਧਾਰੀ ਪਾਕਿਸਤਾਨ ਮੁਸਲਿਮ ਲੀਗ ਤੋਂ ਨਵਾਜ਼ ਸ਼ਰੀਫ ਨੂੰ ਆਪਣੀ ਕੁਰਸੀ ਗੁਆਉਣੀ ਪਈ ਸੀ।

## ਪਾਕਿਸਤਾਨੀ ਗਾਇਕਾ ਨੂੰ ਮਾਰੀ ਗੋਲੀ

**ਕਰਾਚੀ:** ਪਾਕਿਸਤਾਨ ਵਿਚ ਸਿੰਧ ਸੂਬੇ ਦੇ ਇਕ ਪਿੰਡ ਵਿਚ ਇਕ ਗਾਇਕਾ ਦੀ ਇਸ ਲਈ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਕਿਉਂਕਿ ਉਹ ਖੜ੍ਹੀ ਹੋ ਕੇ ਨਾ ਗਾ ਸਕੀ। ਤਾਰਿਕ ਜਤੋਈ ਨੇ ਗਾਇਕਾ ਸਮੀਨਾ ਸਮੂਨ ਨੂੰ ਖੜ੍ਹੇ ਹੋ ਕੇ ਗਾਉਣ ਲਈ ਕਿਹਾ ਪਰ ਜਦੋਂ ਉਹ ਗਰਭਪਤੀ ਹੋਣ ਕਾਰਨ ਖੜ੍ਹੀ ਨਾ ਹੋ ਸਕੀ ਤਾਂ ਉਸ ਨੇ ਗਾਇਕਾ ਨੂੰ ਗੋਲੀ ਮਾਰ ਦਿੱਤੀ। ਉਸ ਨੂੰ ਨੇੜਲੇ ਹਸਪਤਾਲ ਲਿਜਾਇਆ ਗਿਆ ਜਿਥੇ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਉਸ ਦੀ ਮੌਤ ਹੋ ਗਈ। ਪੁਲਿਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ। ਪੁਲਿਸ ਨੇ ਕਿਹਾ ਕਿ ਗਾਇਕਾ ਦੇ ਪਤੀ ਨੇ ਦੋਹਰੀ ਹੱਤਿਆ ਦਾ ਮਾਮਲਾ ਦਰਜ ਕਰਵਾਇਆ ਹੈ ਕਿਉਂਕਿ ਗਾਇਕਾ ਗਰਭਵਤੀ ਸੀ।

# ਇੰਗਲੈਂਡ ਵਿਚੋਂ ਹੋਵੇਗੀ ਗੈਰ-ਕਾਨੂੰਨੀ ਪਰਵਾਸੀਆਂ ਦੀ ਵਾਪਸੀ

**ਨਵੀਂ ਦਿੱਲੀ:** ਭਾਰਤ ਸਰਕਾਰ ਨੇ ਇੰਗਲੈਂਡ ਤੇ ਆਇਰਲੈਂਡ ਨਾਲ ਗੈਰ-ਕਾਨੂੰਨੀ ਪਰਵਾਸੀਆਂ ਦੀ ਵਾਪਸੀ ਸਬੰਧੀ ਸਮਝੌਤੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿਚ ਕੇਂਦਰੀ ਮੰਤਰੀ ਮੰਡਲ ਦੀ ਬੈਠਕ ਵਿਚ ਇਹ ਫੈਸਲਾ ਲਿਆ ਗਿਆ। ਇਹ ਕਰਾਰ ਹੋਣ ਤੋਂ ਬਾਅਦ ਇੰਗਲੈਂਡ ਤੇ ਆਇਰਲੈਂਡ ਵਿਚੋਂ ਉਨ੍ਹਾਂ ਸਾਰੇ ਲੋਕਾਂ ਦੀ ਵਾਪਸੀ ਯਕੀਨੀ ਹੋ ਸਕੇਗੀ, ਜਿਨ੍ਹਾਂ ਕੋਲ ਨਾਗਰਿਕਤਾ ਦੀ ਜਾਂਚ ਤੋਂ ਬਾਅਦ ਦੂਸਰੇ ਦੇ ਖੇਤਰ 'ਚ ਰਹਿਣ ਲਈ ਕੋਈ ਕਾਨੂੰਨੀ ਆਧਾਰ ਨਹੀਂ ਹੈ।

ਇਸ ਸਮਝੌਤੇ ਨਾਲ ਅਜਿਹੇ ਨਾਗਰਿਕਾਂ ਦੀ ਵਾਪਸੀ ਦੀ ਪ੍ਰਕਿਰਿਆ ਨੂੰ ਸਰਲ ਬਣਾਉਣ ਵਿਚ ਮਦਦ ਮਿਲੇਗੀ, ਜੋ ਇਕ ਨਿਸ਼ਚਤ ਸਮਾਂ ਸੀਮਾ ਵਿਚ ਦੂਸਰੇ ਦੇ ਖੇਤਰ 'ਚ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਹਨ। ਇਸ ਕਰਾਰ ਨਾਲ ਇੰਗਲੈਂਡ ਦੀ ਵੀਜ਼ਾ ਪ੍ਰਣਾਲੀ ਉਨ੍ਹਾਂ ਲੋਕਾਂ ਲਈ ਸਰਲ ਹੋ ਸਕੇਗੀ ਜੋ ਕਾਨੂੰਨੀ ਤੌਰ ਉਤੇ ਉਸ ਦੇਸ਼ ਦੀ ਯਾਤਰਾ ਉਤੇ ਹਨ। ਇਸ ਦੇ ਨਾਲ ਹੀ ਕੂਟਨੀਤਕ ਪਾਸਪੋਰਟ ਧਾਰਕਾਂ ਲਈ ਵੀਜ਼ਾ ਮੁਕਤ ਯਾਤਰਾ ਦੀ ਸਹੂਲਤ ਹੋਵੇਗੀ।

ਜ਼ਿਕਰਯੋਗ ਹੈ ਇਸ ਸਮਝੌਤੇ ਨੂੰ ਇਸ ਲਈ ਵੀ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ ਕਿ ਕਿਉਂਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਪਰੈਲ ਦੇ ਤੀਜੇ ਹਫਤੇ ਲੰਡਨ ਵਿਚ ਹੋ ਰਹੀ ਰਾਸ਼ਟਰਮੰਡਲ ਦੇਸ਼ਾਂ ਦੇ ਮੁਖੀਆਂ ਦੀ ਬੈਠਕ 'ਚ ਹਿੱਸਾ ਲੈਣ ਜਾ ਰਹੇ ਹਨ, ਜਿਸ ਦੌਰਾਨ ਉਨ੍ਹਾਂ ਵੱਲੋਂ ਇੰਗਲੈਂਡ ਦੀ ਪ੍ਰਧਾਨ ਮੰਤਰੀ ਥੈਰੇਸਾ ਮੇਅ ਤੇ ਮਹਾਰਾਣੀ ਐਲਿਜਾਬੈਥ ਨਾਲ ਵੀ ਮੁਲਾਕਾਤ ਕਰਨ ਦੀ ਸੰਭਾਵਨਾ ਹੈ।

# ਆਸਟਰੇਲੀਅਨ ਸਿੱਖ ਖੇਡਾਂ ਵਿਚ ਕੋਕੀਨ ਦੇ ਸੇਵਨ ਦਾ ਖੁਲਾਸਾ

**ਸਿਡਨੀ:** ਆਸਟਰੇਲੀਅਨ ਨੈਸ਼ਨਲ ਸਿੱਖ ਖੇਡਾਂ ਦੌਰਾਨ ਹੋਏ ਡੋਪ ਟੈਸਟ ਦੇ ਨਤੀਜੇ ਸਾਹਮਣੇ ਆਏ ਹਨ, ਜਿਸ ਵਿਚ ਖਿਡਾਰੀਆਂ ਵੱਲੋਂ ਖੇਡ ਦੌਰਾਨ ਕੋਕੀਨ ਤੇ ਹੋਰ ਨਸ਼ੇ ਦਾ ਸੇਵਨ ਕਰਨ ਦਾ ਖੁਲਾਸਾ ਹੋਇਆ ਹੈ। ਇਸ ਨਾਲ ਡੋਪ ਵਿਚ ਪਾਜ਼ੇਟਿਵ ਪਾਏ ਗਏ ਖਿਡਾਰੀਆਂ ਦੇ ਭਵਿੱਖ ਤੇ ਉਨ੍ਹਾਂ ਨੂੰ ਖਿਡਾਉਣ ਵਾਲੀਆਂ ਖੇਡ ਕਲੱਬਾਂ ਉਤੇ ਵੀ ਸਵਾਲੀਆ ਨਿਸ਼ਾਨ ਲੱਗ ਗਏ ਹਨ। ਕਮੇਟੀ ਅਨੁਸਾਰ ਖੇਡਾਂ ਨੂੰ ਨਸ਼ਾ ਮੁਕਤ ਕਰਨ ਦਾ ਅਹਿਦ ਸਖਤੀ ਨਾਲ ਸਿਡਨੀ ਵਿਚ ਪਿਛਲੇ ਮਹੀਨੇ ਸਮਾਪਤ ਹੋਈਆਂ ਖੇਡਾਂ ਦੌਰਾਨ ਲਿਆ ਗਿਆ ਸੀ। ਕਬੱਡੀ ਦਾ ਫਾਈਨਲ ਮੁਕਾਬਲਾ ਵੀ ਡੋਪ ਟੈਸਟ ਦੇ ਅੜਿੱਕੇ ਕਾਰਨ ਹੋਣੋਂ ਰਹਿ ਗਿਆ ਸੀ।



ਪ੍ਰਾਪਤ ਵੇਰਵਿਆਂ ਅਨੁਸਾਰ ਤਿੰਨ ਦਿਨ ਚੱਲੀਆਂ ਖੇਡਾਂ (30 ਮਾਰਚ ਤੋਂ 1 ਅਪਰੈਲ) ਵਿਚ ਕੁੱਲ 2925 ਖਿਡਾਰੀਆਂ ਨੇ ਹਿੱਸਾ ਲਿਆ ਸੀ। ਇਨ੍ਹਾਂ ਵਿਚੋਂ ਕਬੱਡੀ, ਸੌਕਰ ਤੇ ਹਾਕੀ ਨਾਲ ਸਬੰਧਤ 37 ਖਿਡਾਰੀਆਂ ਦੇ ਡੋਪ ਟੈਸਟ ਹੋਏ ਸਨ। ਕਬੱਡੀ ਦੇ ਕੁੱਲ 120 ਖਿਡਾਰੀਆਂ ਵਿਚੋਂ 30 ਦੇ ਡੋਪ ਟੈਸਟ ਹੋਏ। ਇਨ੍ਹਾਂ ਵਿਚੋਂ ਸਿਰਫ ਦੋ ਖਿਡਾਰੀ ਹੀ ਪਾਜ਼ੇਟਿਵ ਪਾਏ ਗਏ ਜਦੋਂਕਿ ਤਿੰਨ ਨੇ ਆਪਣਾ ਡੋਪ ਟੈਸਟ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਕਮੇਟੀ ਨੇ ਡੋਪ ਟੈਸਟ ਕਰਵਾਉਣ ਤੋਂ ਇਨਕਾਰੀ ਖਿਡਾਰੀਆਂ ਨੂੰ ਵੀ ਦੋਸ਼ ਸੂਚੀ ਵਿਚ ਸ਼ਾਮਲ ਕੀਤਾ ਹੈ।

ਕਮੇਟੀ ਦੇ ਪ੍ਰਧਾਨ ਅਮਨਦੀਪ ਸਿੰਘ ਸਿੱਧੂ ਅਨੁਸਾਰ 36 ਡੋਪ ਟੈਸਟ ਹੋਏ ਸਨ ਅਤੇ ਇਕ ਡੋਪ ਟੈਸਟ ਵਿਰੋਧੀ ਧਿਰ ਦੀ ਟੀਮ ਵੱਲੋਂ ਉਠਾਏ ਇਤਰਾਜ਼ ਉਤੇ ਕੀਤਾ ਗਿਆ ਸੀ। ਡੋਪ ਵਿਚ ਦੋਸ਼ੀ ਪਾਏ ਗਏ ਖਿਡਾਰੀਆਂ ਨੂੰ 15 ਮਹੀਨਿਆਂ ਲਈ ਖੇਡਣ ਤੋਂ ਵਰਜਿਤ ਕੀਤਾ ਹੈ ਜਦੋਂਕਿ ਸਬੰਧਤ ਕਲੱਬਾਂ ਨੂੰ 500 ਡਾਲਰ ਜੁਰਮਾਨਾ ਕੀਤਾ ਹੈ।

# ਸੰਯੁਕਤ ਰਾਸ਼ਟਰ ਵੱਲੋਂ ਸੜਕ ਸੁਰੱਖਿਆ ਟਰੱਸਟ ਫੰਡ ਦੀ ਸ਼ੁਰੂਆਤ

**ਸੰਯੁਕਤ ਰਾਸ਼ਟਰ:** ਭਾਰਤ ਤੇ ਕੈਨੇਡਾ ਵਿਚ ਹੁੰਦੇ ਦਰਦਨਾਕ ਸੜਕ ਹਾਦਸਿਆਂ ਦੀ ਮਿਸਾਲ ਦਿੰਦਿਆਂ ਸੰਯੁਕਤ ਰਾਸ਼ਟਰ (ਯੂ.ਐਨ.) ਨੇ ਸੜਕ ਸੁਰੱਖਿਆ ਟਰੱਸਟ ਫੰਡ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਯੂ.ਐਨ. ਵਿਚ ਡਿਪਟੀ ਸਕੱਤਰ ਜਨਰਲ ਅਮੀਨਾ ਮੁਹੰਮਦ ਨੇ ਟਰੈਫਿਕ ਕਰ ਕੇ ਹੁੰਦੀਆਂ ਮੌਤਾਂ ਨੂੰ ਆਲਮੀ ਚਿੰਤਾ ਕਰਾਰ ਦਿੰਦਿਆਂ ਕਿਹਾ ਕਿ ਇਸ ਫੰਡ ਨੂੰ ਮੁੱਖ ਤੌਰ ਉਤੇ ਸੜਕ ਹਾਦਸਿਆਂ ਮੌਕੇ ਕੀਮਤੀ ਜਾਨਾਂ ਨੂੰ ਬਚਾਉਣ ਲਈ ਖਰਚਿਆ ਜਾਵੇਗਾ।

ਇਥੇ ਸੜਕ ਸੁਰੱਖਿਆ ਉਤੇ ਜਾਰੀ ਵਿਚਾਰ ਚਰਚਾ ਮੌਕੇ ਅਮੀਨਾ ਮੁਹੰਮਦ ਨੇ ਕਿਹਾ ਕਿ ਅੱਜ ਨੌਜਵਾਨਾਂ ਦੀਆਂ ਸਭ ਤੋਂ ਵੱਧ ਜਾਨਾਂ ਸੜਕ ਹਾਦਸਿਆਂ 'ਚ ਜਾਂਦੀਆਂ ਹਨ ਤੇ ਇਹ ਹਰ ਸਾਲ ਲੱਖਾਂ ਲੋਕਾਂ ਨੂੰ ਕੰਗਾਲੀ ਦੀ ਕਗਾਰ ਉਤੇ ਲਿਜਾਣ ਲਈ ਜ਼ਿੰਮੇਵਾਰ ਹੈ। ਹਰ ਸਾਲ ਲਗਭਗ 13 ਲੱਖ ਡਰਾਈਵਰ, ਮੁਸਾਫਰ ਤੇ ਪੈਦਲ ਜਾਣ ਵਾਲੇ ਲੋਕ ਸੜਕ ਹਾਦਸਿਆਂ 'ਚ ਜਾਨ ਗੁਆਉਂਦੇ ਹਨ ਜਦਕਿ ਜ਼ਖ਼ਮੀਆਂ ਦੀ ਗਿਣਤੀ ਪੰਜ ਕਰੋੜ ਦੇ ਕਰੀਬ ਹੈ। ਮੁਹੰਮਦ ਨੇ ਆਪਣੇ ਸੰਬੋਧਨ 'ਚ ਕੈਨੇਡਾ ਤੇ ਭਾਰਤ ਵਿਚ ਹੁੰਦੇ ਦਰਦਨਾਕ ਹਾਦਸਿਆਂ ਦਾ ਹਵਾਲਾ ਦਿੰਦਿਆਂ ਪੀੜਤ ਪਰਿਵਾਰਾਂ ਨਾਲ ਹਮਦਰਦੀ ਵੀ ਜਤਾਈ।

ਫੰਡ ਦੀਆਂ ਖੂਬੀਆਂ ਨੂੰ ਉਜਾਗਰ ਕਰਦਿਆਂ ਮੁਹੰਮਦ ਨੇ ਕਿਹਾ ਇਸ ਪੈਸੇ ਨੂੰ ਸੜਕ ਹਾਦਸਿਆਂ ਵਿਚ ਅਜਾਈਂ ਜਾਂਦੀਆਂ ਜਾਨਾਂ ਨੂੰ ਬਚਾਉਣ ਉਤੇ ਖਰਚ ਕੀਤਾ ਜਾਵੇਗਾ। ਉਨ੍ਹਾਂ ਸਾਰੇ ਭਾਈਵਾਲਾਂ ਨੂੰ ਅਪੀਲ ਕੀਤੀ ਕਿ ਉਹ ਇਸ ਟਰੱਸਟ ਫੰਡ ਵਿਚ ਵਧ ਚੜ੍ਹ ਕੇ ਹਿੱਸਾ ਪਾਉਣ ਤੇ ਸੜਕ ਸੁਰੱਖਿਆ ਦੇ ਟੀਚੇ ਨੂੰ ਸਰ ਕਰਨ ਲਈ ਆਪਣੇ ਯਤਨਾਂ ਨੂੰ ਤੇਜ਼ ਕਰਨ।

## ਹਵਾਰਾ ਨੂੰ ਹੁਣ 27 ਨੂੰ ਸੁਣਾਈ ਜਾਵੇਗੀ ਸਜ਼ਾ

**ਲੁਧਿਆਣਾ:** ਅਸਲਾ ਬਰਾਮਦਗੀ ਦੇ ਮਾਮਲੇ ਦਾ ਸਾਹਮਣਾ ਕਰ ਰਹੇ ਜਗਤਾਰ ਸਿੰਘ ਹਵਾਰਾ ਨੂੰ ਹੁਣ ਸਜ਼ਾ 27 ਅਪਰੈਲ ਨੂੰ ਸੁਣਾਈ ਜਾਵੇਗੀ। ਅਦਾਲਤ ਵੱਲੋਂ ਹਵਾਰਾ ਨੂੰ ਇਸ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਸੀ ਅਤੇ ਜੁਡੀਸ਼ੀਅਲ ਮੈਜਿਸਟ੍ਰੇਟ ਪਹਿਲਾ ਦਰਜਾ ਸ੍ਰੀ ਵਰਿੰਦਰ ਕੁਮਾਰ ਨੇ ਇਸ ਮਾਮਲੇ ਨੂੰ ਮੁੱਖ ਨਿਆਇਕ ਅਧਿਕਾਰੀ (ਸੀ.ਜੀ.ਐਮ.) ਦੀ ਅਦਾਲਤ ਵਿਚ ਭੇਜ ਦਿੱਤਾ ਸੀ। ਅਦਾਲਤ ਨੇ ਸੁਣਵਾਈ 27 ਅਪਰੈਲ ਤੱਕ ਮੁਲਤਵੀ ਕਰ ਦਿੱਤੀ ਅਤੇ ਉਸ ਦਿਨ ਹੀ ਹਵਾਰਾ ਦੀ ਸਜ਼ਾ ਦਾ ਫੈਸਲਾ ਸੁਣਾਇਆ ਜਾਵੇਗਾ।

## ਮੋਦੀ ਰਾਜ 'ਚ ਦਲਿਤਾਂ ਖਿਲਾਫ ਜ਼ੁਲਮ ਵਧੇ

**ਨਵੀਂ ਦਿੱਲੀ:** ਅਪਰਾਧਾਂ ਦੇ ਰਿਕਾਰਡ ਬਾਰੇ ਰਾਸ਼ਟਰੀ ਬਿਊਰੋ ਵੱਲੋਂ ਜਾਰੀ ਕੀਤੇ ਅੰਕੜਿਆਂ ਮੁਤਾਬਕ ਐਨ.ਡੀ.ਏ. ਦੇ ਸ਼ਾਸਨ ਵਿਚ ਦਲਿਤਾਂ ਉਤੇ ਅਤਿਆਚਾਰ ਵਿਚ ਵਾਧਾ ਹੋਇਆ ਹੈ। ਬਿਊਰੋ ਦੇ ਅੰਕੜਿਆਂ ਮੁਤਾਬਕ 2011 ਤੋਂ 2013 ਦੌਰਾਨ ਦਲਿਤਾਂ ਖਿਲਾਫ਼ ਅਤਿਆਚਾਰ ਦੀ ਗਿਣਤੀ 1,06,782 ਹੋ ਗਈ ਹੈ। ਐਨ.ਸੀ.ਆਰ.ਬੀ. ਦੇ ਅੰਕੜਿਆਂ ਮੁਤਾਬਕ ਦਲਿਤਾਂ ਉਤੇ ਅਤਿਆਚਾਰ ਦੇ ਸਭ ਤੋਂ ਵੱਧ ਮਾਮਲੇ ਉਤਰ ਪ੍ਰਦੇਸ਼ 'ਚ ਦਰਜ ਕੀਤੇ ਗਏ ਸਨ, ਜਿਨ੍ਹਾਂ ਦੀ ਗਿਣਤੀ 10,426 ਹੈ।

ਸਾਲ 2016 'ਚ ਦਰਜ ਅੰਕੜਿਆਂ ਵਿਚੋਂ 26 ਫੀਸਦੀ ਮਾਮਲੇ ਉਤਰ ਪ੍ਰਦੇਸ਼ ਵਿਚ ਸਾਹਮਣੇ ਆਏ। ਉਤਰ ਪ੍ਰਦੇਸ਼ ਤੋਂ ਬਾਅਦ ਬਿਹਾਰ ਅਤੇ ਰਾਜਸਥਾਨ ਕ੍ਰਮਵਾਰ ਦੂਜੇ ਅਤੇ ਤੀਜੇ ਸਥਾਨ ਉਤੇ ਆਉਂਦੇ ਹਨ।

ਦਲਿਤਾਂ ਖਿਲਾਫ਼ ਜ਼ੁਲਮਾਂ ਦੇ 5701 ਮਾਮਲਿਆਂ ਨਾਲ ਬਿਹਾਰ ਦੂਜੇ ਨੰਬਰ ਉਤੇ ਹੈ, ਜੋ ਕਿ ਦੇਸ਼ ਭਰ 'ਚ ਹੋਏ ਅਤਿਆਚਾਰ ਦਾ 14 ਫੀਸਦੀ ਹੈ। 5134 ਮਾਮਲਿਆਂ ਨਾਲ ਰਾਜਸਥਾਨ ਤੀਜੇ ਨੰਬਰ ਉਤੇ ਹੈ। ਇਨ੍ਹਾਂ ਤੋਂ ਇਲਾਵਾ ਪੱਛਮੀ ਬੰਗਾਲ, ਝਾਰਖੰਡ ਅਤੇ ਕੇਰਲਾ ਵੀ ਦਲਿਤਾਂ ਖਿਲਾਫ਼ ਅਤਿਆਚਾਰ ਦੇ ਮਾਮਲਿਆਂ 'ਚ ਕ੍ਰਮਵਾਰ ਚੌਥੇ, ਪੰਜਵੇਂ ਅਤੇ ਛੇਵੇਂ ਨੰਬਰ ਉਤੇ ਹਨ।

# ਗੁਰਮਤਿ ਅਤੇ ਸਿੱਖ ਧਰਮ

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮਨੁੱਖਾ ਜਨਮ ਨੂੰ ਪ੍ਰਭੂ ਮਿਲਾਪ ਲਈ ਮਿਲਿਆ ਅਵਸਰ ਮੰਨਦੀ ਹੈ। ਆਮ ਲੋਕ ਜੀਵਨ ਨੂੰ ਸਮਾਜਕ ਜਿੰਮੇਵਾਰੀ ਜਾਂ ਮੌਜ ਮੇਲਾ ਸਮਝਦੇ ਹਨ। ਵਿਗਿਆਨ ਮਨੁੱਖੀ ਜੀਵਨ ਨੂੰ ਆਰਾਮਦੇਹ ਅਤੇ ਸੁਖਾਲਾ ਬਣਾਉਂਦਾ ਹੈ ਪਰ ਮਾਨਸਕ ਤਣਾਓ ਵਧਾਉਂਦਾ ਹੈ। ਅਜੋਕੇ ਜੀਵਨ 'ਤੇ ਸੁਆਰਥ, ਖਪਤਵਾਦ, ਮੁਕਾਬਲਾ ਅਤੇ ਗਤੀ ਹਾਵੀ ਹਨ। ਇਨ੍ਹਾਂ ਨੇ ਮਨੁੱਖ ਨੂੰ ਨਿਜੀ ਪ੍ਰਾਪਤੀਆਂ ਦੀ ਦੌੜ ਵਿਚ ਉਲਝਾ ਕੇ ਆਪਣੇ ਆਪ ਤੋਂ ਬੇਗਾਨਾ ਕਰ ਦਿੱਤਾ ਹੈ ਅਤੇ ਮਨੁੱਖੀ ਜ਼ਮੀਰ ਕਮਜ਼ੋਰ ਕਰ ਦਿੱਤੀ ਹੈ।

ਉਧਰ ਸਾਮਰਾਜ ਅਜੋਕਾ ਪੂੰਜੀਵਾਦੀ ਰੂਪ ਧਾਰ ਕੇ ਲੋਕਾਂ ਦਾ ਸ਼ੋਸ਼ਣ ਕਰਨ ਲੱਗਾ ਹੋਇਆ ਹੈ ਅਤੇ ਸ਼ਕਤੀ ਦਾ ਰੋਹਬ ਪਾਉਣ ਤੇ ਹਥਿਆਰ ਵੇਚਣ ਲਈ ਜੰਗਾਂ ਛੇੜ ਕੇ ਮਾਸੂਮਾਂ ਨੂੰ ਮਾਰ ਤੇ

ਹਾਕਮ ਸਿੰਘ

ਉਜਾੜ ਰਿਹਾ ਹੈ। ਉਸ ਦੇ ਵਿਗਿਆਨੀ ਮਾਰੂ ਹਥਿਆਰ ਬਣਾ ਕੇ ਦੁਨੀਆਂ 'ਚ ਤਬਾਹੀ ਮਚਾਉਣ ਦੀਆਂ ਵਿਉਂਤਾਂ ਬਣਾ ਰਹੇ ਹਨ। ਇਹ ਸਭ ਮਨੁੱਖਤਾ ਦੇ ਵਿਨਾਸ਼ ਵਲ ਸੰਕੇਤ ਹਨ। ਸਾਮਰਾਜੀ ਸ਼ਕਤੀਆਂ ਦੀਆਂ ਅਮਾਨਵੀ ਹਰਕਤਾਂ ਦਾ ਮਾਨਵਤਾ ਦੇ ਹਿਤੈਸ਼ੀ ਸੰਗਠਨਾਂ ਵਲੋਂ ਵਿਰੋਧ ਵਧ ਰਿਹਾ ਹੈ।

ਗੁਰਬਾਣੀ ਅਨੁਸਾਰ ਪ੍ਰਭੂ ਨੇ ਧਰਤੀ ਦੀ ਸਥਾਪਨਾ ਧਰਮਸਾਲ, ਧਾਰਮਕ ਕਾਰਜ ਖੇਤਰ, ਵਜੋਂ ਕੀਤੀ ਹੈ: "ਰਾਤੀ ਰੁਤੀ ਥਿਤੀ ਵਾਰ॥ ਪਵਣ ਪਾਣੀ ਅਗਨੀ ਪਾਤਾਲ॥ ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ॥" (ਪੰਨਾ 7) ਅਤੇ "ਧਰਤਿ ਉਪਾਇ ਧਰੀ ਧਰਮ ਸਾਲਾ॥ ਉਤਪਤਿ ਪਰਲਉ ਆਪਿ ਨਿਰਾਲਾ॥" (ਪੰਨਾ 1033) ਪ੍ਰਭੂ ਨੇ ਧਰਤੀ ਨੂੰ ਧਰਮ ਕਰਮ ਦਾ ਸਥਾਨ ਬਣਾਇਆ ਹੈ ਅਤੇ ਧਰਮ ਜਨਮ-ਮਰਨ ਤੋਂ ਨਿਰਲੇਪ ਹੈ। ਪ੍ਰਭੂ ਦਾ ਨਾਮ ਰੂਪੀ ਧਰਮ ਸਾਰੀ ਸ੍ਰਿਸ਼ਟੀ ਦਾ ਉਧਾਰ ਕਰ ਰਿਹਾ ਹੈ, "ਸਭ ਕਲਿ ਉਧਰੀ ਇਕ ਨਾਮ ਧਰਮ॥" (ਪੰਨਾ 1387) ਗੁਰਬਾਣੀ ਧਰਮ ਨੂੰ "ਧੌਲੁ ਧਰਮੁ ਦਇਆ ਕਾ ਪੂਤੁ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥" (ਪੰਨਾ 5) ਆਖਦੀ ਹੈ।

ਧਰਮ ਮਨੁੱਖ ਦੀ ਨਿਜੀ ਅਧਿਆਤਮਕ ਕ੍ਰਿਆ ਹੈ। ਇਹ ਅਧਿਆਤਮਕ ਗਿਆਨ ਤੇ ਪ੍ਰਭੂ ਪ੍ਰਾਪਤੀ ਦਾ ਮਾਰਗ ਹੈ ਜਿਸ 'ਤੇ ਚਲਣ ਲਈ ਮਨੁੱਖ ਨੂੰ ਮਾਇਆ ਅਤੇ ਉਸ ਦੇ ਪੰਜ ਵਿਸ਼ੇ ਵਿਕਾਰਾਂ-ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਦਾ ਤਿਆਗ ਕਰਨਾ ਪੈਂਦਾ ਹੈ। ਗੁਰੂ ਫੁਰਮਾਨ ਹੈ, "ਇਹੁ ਸੰਸਾਰੁ ਤੇ ਤਬ ਹੀ ਛੂਟਉ ਜਉ ਮਾਇਆ ਨਹ ਲਪਟਾਵਉ॥ ਮਾਇਆ ਨਾਮੁ ਗਰਭ ਜੋਨਿ ਕਾ ਤਿਹ ਤਜਿ ਦਰਸਨੁ ਪਾਵਉ॥" (ਪੰਨਾ 693) ਧਰਮ ਦੇ ਮਾਰਗ ਦਾ ਪਾਂਧੀ ਬਣਨ ਲਈ ਮਨੁੱਖ ਨੂੰ ਹਉਮੈ ਜਾਂ ਵੱਖਰੀ ਹਸਤੀ ਦਾ ਭਰਮ ਵੀ ਮਿਟਾਉਣਾ ਪੈਂਦਾ ਹੈ। ਗੁਰਬਾਣੀ ਦੇ ਫੁਰਮਾਨ ਹਨ, "ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥ ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥" (ਪੰਨਾ 558) ਅਤੇ "ਹਉ ਹਉ ਕਰਤ ਨਹੀ ਸਚੁ ਪਾਈਐ ਹਉਮੈ ਜਾਇ ਪਰਮਪਦੁ ਪਾਈਐ॥" (ਪੰਨਾ 226)

ਗੁਰਬਾਣੀ ਅਨੁਸਾਰ ਧਰਮ ਸੰਤੋਖ ਦੇ ਰੁੱਖ ਦਾ ਫੁਲ ਹੈ ਜਿਸ ਨੂੰ ਅਧਿਆਤਮਕ ਗਿਆਨ ਦਾ ਫਲ ਲਗਦਾ ਹੈ। ਗੁਰਬਾਣੀ ਦੇ ਕਥਨ ਹਨ: "ਨਾਨਕ ਗੁਰ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ॥" (ਪੰਨਾ 147) ਅਤੇ "ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ॥" (ਪੰਨਾ 1168) ਮਨੁੱਖ ਦੀਆਂ ਚੰਗਿਆਈਆਂ ਅਤੇ ਬੁਰਾਈਆਂ ਦਾ ਲੇਖਾ ਜੋਖਾ ਵੀ ਧਰਮ ਦੀ ਕਸਵੱਟੀ 'ਤੇ ਹੀ ਹੁੰਦਾ ਹੈ, "ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥" (ਪੰਨਾ 5) ਧਰਮ ਦੀ ਅਗਵਾਈ ਵਿਚ ਸੰਤੋਖ ਦੇ ਰਾਹ 'ਤੇ ਚਲਣ ਵਾਲਾ ਮਨੁੱਖ ਸਤਜੁਗੀ ਪੁਰਸ਼ ਬਣ ਜਾਂਦਾ ਹੈ, "ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ॥" (ਪੰਨਾ 470) ਗੁਰਬਾਣੀ ਦਾ ਨਿਰਣਾ ਹੈ ਕਿ ਧਰਮ ਦੇ ਰਾਹ ਦੇ ਪਾਂਧੀ ਨੂੰ ਪ੍ਰਭੂ ਪ੍ਰਵਾਨ ਕਰਕੇ ਵਡਿਆਈ ਬਖਸ਼ਦਾ ਹੈ। ਉਹ ਆਤਮ ਗਿਆਨ ਪ੍ਰਾਪਤ ਕਰਕੇ ਅਨੰਦ ਮਹਿਸੂਸ ਕਰਦਾ ਹੈ। ਉਦਮ ਰਾਹੀਂ ਉਸ ਦਾ ਮਨ ਸੁੰਦਰ ਅਤੇ ਸੁਰਤ, ਮਤ, ਮਨ ਤੇ ਬੁਧ ਸਿੱਧਾਂ ਵਾਲੇ ਬਣ ਜਾਂਦੇ ਹਨ। ਪ੍ਰਭੂ ਦੀ ਮਿਹਰ ਹੋਣ 'ਤੇ ਆਤਮ-ਬਲ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਰੋਮ ਰੋਮ ਵਿਚ ਪ੍ਰਭੂ ਵਸ ਜਾਂਦਾ ਹੈ। ਉਸ ਦਾ ਅੰਤਿਹਕਰਣ ਸਾਰੀ ਸ੍ਰਿਸ਼ਟੀ ਦੀ ਸੰਭਾਲ ਕਰ ਰਹੇ ਪ੍ਰਭੂ ਨਾਲ ਇੱਕ ਮਿਕ ਹੋ ਜਾਂਦਾ ਹੈ ਪਰ ਉਸ ਲਈ ਪ੍ਰਭੂ ਵਲੋਂ ਸ੍ਰਿਸ਼ਟੀ ਦੀ ਹੋ ਰਹੀ ਸੰਭਾਲ ਅਤੇ ਖੁਸ਼ੀ ਨੂੰ ਬਿਆਨ ਕਰਨਾ ਸੰਭਵ ਨਹੀਂ।

ਧਰਮ ਦਾ ਗੁਰਮਤਿ ਦੇ ਮੂਲ ਸਿਧਾਂਤ ਨਾਲ ਡੂੰਘਾ ਸਬੰਧ ਹੈ। ਗੁਰਮਤਿ ਦਾ ਮੂਲ ਸਿਧਾਂਤ ਹੈ: ਸ੍ਰਿਸ਼ਟੀ ਦੇ ਸਿਰਜਣਹਾਰ, ਅਦਵੈਤ, ਅਦ੍ਰਿਸ਼ਟ ਪ੍ਰਭੂ ਨੇ ਸ੍ਰਿਸ਼ਟੀ ਦੀ ਸਿਰਜਣਾ ਵਿਚ ਦ੍ਰਿਸ਼ਟਮਾਨ, ਤ੍ਰੈਗੁਣੀ, ਗਤੀਸ਼ੀਲ ਰੂਪ ਧਾਰਨ ਕਰਕੇ ਦਵੈਤ ਭਾਵਨਾ ਦੀ ਖੇਡ ਰਚ ਦਿੱਤੀ ਹੈ ਜਿਸ ਦੀ ਮਾਇਆ ਨੇ ਸਾਰੇ ਸੰਸਾਰ ਨੂੰ ਭਰਮਾ ਲਿਆ ਹੈ ਅਤੇ ਮਾਇਆ ਵਲੋਂ ਪ੍ਰਸਾਰੇ ਅਗਿਆਨ ਨੂੰ ਦੂਰ ਕਰਨ ਲਈ ਪ੍ਰਭੂ ਨੇ ਸੀਲ ਸੰਤੋਖ ਧਰਮ ਦੀ ਸਥਾਪਨਾ ਕੀਤੀ ਹੈ। ਗੁਰਬਾਣੀ ਦੇ ਕਥਨ ਹਨ, "ਸਦਾ ਸਦਾ ਤੂ ਏਕੁ ਹੈ ਤੁਧੁ ਦੂਜਾ ਖੇਲੁ ਰਚਾਇਆ॥ ਹਉਮੈ ਗਰਬੁ ਉਪਾਇ ਕੈ ਲੋਭੁ ਅੰਤਰਿ ਜੰਤਾ ਪਾਇਆ॥" (ਪੰਨਾ 139); "ਨਾਨਕ ਸਚਾ ਏਕੁ ਹੈ ਦੂਹ ਵਿਚਿ ਹੈ ਸੰਸਾਰੁ॥" (ਪੰਨਾ 950); "ਦੂਜੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥" (ਪੰਨਾ 463) ਅਤੇ "ਏਕਸ ਤੇ ਸਭ ਦੂਜਾ ਹੂਆ॥ ਏਕੋ ਵਰਤੈ ਅਵਰੁ ਨ ਬੀਆ॥" (ਪੰਨਾ 842)

ਪ੍ਰਭੂ ਨੇ ਮਾਇਆ ਦੀ ਖੇਡ ਰਚ ਕੇ ਸੰਸਾਰ ਨੂੰ ਮਾਇਆ ਅਤੇ ਧਰਮ ਦੇ ਸੰਘਰਸ਼ ਦਾ ਪਿੜ ਬਣਾ ਦਿੱਤਾ ਹੈ। ਮਾਇਆ ਸਮਾਜਕ ਸ਼ਕਤੀ ਹੋਣ ਕਾਰਨ ਪ੍ਰਭਾਵਸ਼ਾਲੀ ਹੈ ਅਤੇ ਉਸ ਦੇ ਮੁਕਾਬਲੇ ਧਰਮ ਮਨੁੱਖੀ ਅੰਤਿਹਕਰਣ ਵਿਚ ਸ਼ਾਂਤਮਈ ਤੇ ਉਦਾਸੀਨ ਹੁੰਦਾ ਹੈ ਪਰ ਮਾਇਆ ਦੀ ਵਿਨਾਸ਼ਕਾਰੀ ਗਤੀਵਿਧੀ ਤੋਂ ਮਨੁੱਖ ਦੀ ਸੁੱਤੀ ਜ਼ਮੀਰ ਨੂੰ ਜਗਾਉਣ ਲਈ ਯਤਨਸ਼ੀਲ ਰਹਿੰਦੀ ਹੈ। ਗੁਰਬਾਣੀ ਦੇ ਕਥਨ ਹਨ, "ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ॥" (ਪੰਨਾ 205); "ਦੁਤਰ ਅੰਧ ਬਿਖਮ ਇਹ ਮਾਇਆ॥ ਗੁਰਿ ਪੂਰੈ ਪਰਗਟ ਮਾਰਗੁ ਦਿਖਾਇਆ॥" (ਪੰਨਾ 377) ਤੇ "ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ॥" (ਪੰਨਾ 844)

ਇਥੇ ਇਹ ਤੱਥ ਸਾਂਝਾ ਕਰਨਾ ਜ਼ਰੂਰੀ ਹੈ ਕਿ ਜਿਸ ਸਿੱਖ ਧਰਮ ਦਾ ਆਮ ਪ੍ਰਚਾਰ ਕੀਤਾ ਜਾਂਦਾ ਹੈ ਅਤੇ ਜੋ ਅਕਾਦਮਿਕ ਅਦਾਰਿਆਂ ਵਿਚ ਅਧਿਐਨ ਤੇ ਖੋਜ ਦੇ ਵਿਸ਼ੇ ਵਜੋਂ ਪ੍ਰਚਲਿਤ ਹੈ, ਉਹ ਧਰਮ ਗੁਰਮਤਿ ਵਿਚਾਰਧਾਰਾ 'ਤੇ ਆਧਾਰਤ ਨਹੀਂ ਹੈ। ਉਹ ਸਨਾਤਨੀ ਧਾਰਮਕ ਪਰੰਪਰਾ ਅਤੇ ਸਿੱਖ ਇਤਿਹਾਸ 'ਤੇ ਆਧਾਰਤ ਇੱਕ ਸੰਸਥਾਗਤ ਇਕਾਈ ਜਾਂ ਪੰਥ ਹੈ। ਉਸ ਦੇ ਉਪਾਸ਼ਕਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਆਪਣੀਆਂ ਇੱਛਾਵਾਂ ਦੀ ਪੂਰਤੀ ਦੇ ਸਾਧਨ ਵਜੋਂ ਵਰਤਣ ਦੀ ਪ੍ਰਥਾ ਹੈ। ਉਹ ਗੁਰੂ ਗ੍ਰੰਥ ਸਾਹਿਬ ਪ੍ਰਤੀ ਸ਼ਰਧਾ ਰੱਖਦੇ ਹਨ, ਕਈ ਨਿਤਨੇਮ ਅਤੇ ਰਹਿਤ ਮਰਯਾਦਾ ਪਾਲਦੇ ਹਨ, ਪਰ ਸੱਭੇ ਹੀ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸਾਂ ਕਰਕੇ ਸੰਸਾਰਕ ਲੋੜਾਂ, ਇੱਛਾਵਾਂ, ਉਮੰਗਾਂ, ਵਡਿਆਈਆਂ ਤੇ ਰਾਜਸੀ ਅਕਾਂਖਿਆਵਾਂ ਦੀ ਪੂਰਤੀ ਦੀ ਕਾਮਨਾ ਕਰਦੇ ਹਨ।

ਕੁਝ ਜਾਗਰੂਕ ਸਿੱਖ ਹੀ ਗੁਰਬਾਣੀ ਉਪਦੇਸ਼ ਨੂੰ ਆਪਣੇ ਜੀਵਨ ਵਿਚ ਧਾਰਨ ਲਈ ਸੰਜੀਦਾ ਹਨ ਜਦੋਂ ਕਿ ਵਿਰਲੇ ਗੁਰਮਤਿ ਗਾਡੀ ਰਾਹ ਦੇ ਪਾਂਧੀ ਬਣਨ ਲਈ ਪ੍ਰਭੂ ਦੀ ਬਖਸ਼ਿਸ਼ ਦੀ ਜਾਚਨਾ ਕਰਦੇ ਹਨ। ਉਨ੍ਹਾਂ ਨੂੰ ਹੀ ਗੁਰਬਾਣੀ "ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥" (ਪੰਨਾ 1412) ਆਖਦੀ ਹੈ। ਭਾਵੇਂ ਸੰਸਥਾਗਤ ਧਰਮ ਦਾ ਮਨੋਰਥ ਗੁਰਬਾਣੀ ਵਿਚ ਪਰਿਭਾਸ਼ਤ ਧਰਮ ਤੋਂ ਵਖਰਾ ਹੈ ਪਰ ਇਸ ਦੇ ਵਿਚਾਰਾਂ ਵਿਚ ਗੁਰਬਾਣੀ ਦੇ ਚੋਣਵੇਂ ਸ਼ਬਦਾਂ ਦੀ ਵਰਤੋਂ ਹੋਣ ਕਾਰਨ ਇਸ ਨੂੰ ਹੀ ਅਸਲੀ ਸਿੱਖ ਧਰਮ ਸਮਝ ਲਿਆ ਜਾਂਦਾ ਹੈ। ਗੁਰਬਾਣੀ ਅਨੁਸਾਰ ਧਰਮ ਕੋਈ ਸੰਸਥਾਗਤ ਇੱਕਾਈ ਜਾਂ ਸਮਾਜਕ ਗੁੱਟ ਨਹੀਂ ਹੈ ਅਤੇ ਨਾ ਹੀ ਇਹ ਸੰਸਾਰਕ ਇੱਛਾ ਪੂਰੀ ਕਰਨ ਦੀ ਵਿਧੀ ਹੈ; ਸਮਾਜ ਸੁਧਾਰ ਦੀ ਵਿਧੀ ਵੀ ਨਹੀਂ ਹੈ। ਇਹ ਤਾਂ ਮਨੁੱਖ ਦੇ ਪ੍ਰਭੂ ਦੀ ਰਜ਼ਾ 'ਚ ਜਿਉਣ ਦਾ ਢੰਗ ਹੈ।

ਬਹੁਤ ਸਾਰੇ ਸਿੱਖ ਸੰਸਥਾਗਤ ਸਿੱਖ ਧਰਮ ਦੀਆਂ ਸਿਆਸੀ ਗਤੀਵਿਧੀਆਂ ਤੋਂ ਨਾਖੁਸ਼ ਹਨ। ਕਈ ਉਸ ਵਲੋਂ ਲੋਕਾਂ ਦੀ ਸੋਚ ਨੂੰ ਕੰਟਰੋਲ ਕਰਨ ਦੇ ਯਤਨਾਂ ਨੂੰ ਗਲਤ ਮੰਨਦੇ ਹਨ। ਕਈ ਸਿੱਖ ਵਿਦਵਾਨ ਗੁਰਮਤਿ ਨੂੰ ਵਿਗਿਆਨ 'ਤੇ ਆਧਾਰਤ ਦੱਸਦੇ ਹਨ ਅਤੇ ਸਿੱਖ ਧਰਮ ਵਿਚ ਵਿਗਿਆਨਕ ਕਾਰਜ ਵਿਧੀ ਅਨੁਸਾਰ ਸੁਧਾਰ ਕਰਨ ਦੇ ਸਮਰਥਕ ਹਨ। ਇਹ ਵਿਦਵਾਨ ਵਿਗਿਆਨਕ ਜਾਣਕਾਰੀ ਅਤੇ ਅਧਿਆਤਮਕ ਗਿਆਨ ਵਿਚ ਕੋਈ ਅੰਤਰ ਨਹੀਂ ਸਮਝਦੇ। ਪਰ ਵਿਗਿਆਨ ਦ੍ਰਿਸ਼ਟਮਾਨ ਜਾਂ ਅਨੁਭਵ ਕੀਤੇ ਜਾਣ ਵਾਲੇ ਤੇ ਨਿਰੰਤਰ ਬਦਲ ਰਹੇ ਪਦਾਰਥ ਦੀ ਬਣਤਰ ਅਤੇ ਉਸ ਵਿਚ ਕਾਰਜਸ਼ੀਲ ਨਿਯਮਾਂ ਦੀ ਜਾਣਕਾਰੀ ਹੈ ਜਿਸ ਦੇ ਪਰਿਣਾਮਾਂ ਨੂੰ ਸਿੱਧ ਕੀਤਾ ਜਾ ਸਕਦਾ ਹੈ। ਇਹ ਵਿਦਵਾਨ ਵਿਗਿਆਨਕ ਕਾਰਜ ਵਿਧੀ ਨੂੰ ਅਦਿੱਖ, ਨਿਹਚਲ, ਅਪਦਾਰਥ ਅਤੇ ਨਾ ਅਨੁਭਵ ਕੀਤੇ ਜਾਣ ਵਾਲੇ ਪ੍ਰਭੂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਵੀ ਕਾਰਗਰ ਸਿੱਧ ਕਰਨ ਦਾ ਯਤਨ ਕਰਦੇ ਹਨ। ਪਰ ਪਦਾਰਥ ਬਾਰੇ ਜਾਣਕਾਰੀ ਪ੍ਰਾਪਤ ਕਰਨ ਵਾਲੀ ਵਿਧੀ ਰਾਹੀਂ ਅਪਦਾਰਥ ਪ੍ਰਭੂ ਬਾਰੇ ਜਾਣਨਾ ਸੰਭਵ ਨਹੀਂ ਹੈ। ਇਸ ਪ੍ਰਥਾਏ ਗੁਰਬਾਣੀ ਦਾ ਨਿਰਣਾ ਬਹੁਤ ਸਪਸ਼ਟ ਹੈ। ਗੁਰਬਾਣੀ ਅਨੁਸਾਰ ਪ੍ਰਭੂ ਦੀ ਖੇਡ ਨੂੰ ਉਹ ਆਪ ਹੀ ਜਾਣ ਸਕਦਾ ਹੈ: "ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ॥ ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ॥ ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ॥" (ਪੰਨਾ 138) ਅਤੇ "ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥ ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥" (ਪੰਨਾ 3) ਗੁਰਬਾਣੀ ਤਾਂ ਅਧਿਆਤਮਕ ਗਿਆਨ ਨੂੰ ਸੰਸਾਰਕ ਗਿਆਨ ਹੀ ਨਹੀਂ ਮੰਨਦੀ ਅਤੇ ਉਸ ਨੂੰ ਖਸਮ ਕੀ ਬਾਣੀ ਆਖਦੀ ਹੈ, "ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥" (ਪੰਨਾ 722)

ਪ੍ਰਭੂ, ਮਾਇਆ, ਧਰਮ ਅਤੇ ਮਨੁੱਖੀ ਮਨ ਅਧਿਆਤਮਕ ਗਿਆਨ ਦੇ ਵਿਸ਼ੇ ਹਨ ਜਿਨ੍ਹਾਂ ਨੂੰ ਬੁੱਧੀ ਜਾਂ ਵਿਗਿਆਨਕ ਢੰਗ ਰਾਹੀਂ ਜਾਣਨਾ ਸੰਭਵ ਨਹੀਂ ਹੈ। ਇਹ ਸੰਸਾਰਕ ਜਾਣਕਾਰੀ, ਵਿਗਿਆਨ ਜਾਂ ਗਣਿਤ ਨਹੀਂ ਹਨ। ਅਧਿਆਤਮਕ ਗਿਆਨ ਵਿਸ਼ਵਾਸ 'ਤੇ ਆਧਾਰਤ ਹੈ। ਪਰ ਇਸ ਦਾ ਇਹ ਅਰਥ ਨਹੀਂ ਕਿ ਵਿਸ਼ਵਾਸ ਕਰਨ ਨਾਲ ਉਸ ਗਿਆਨ ਦੀ ਸਮਝ ਪੈ ਜਾਂਦੀ ਹੈ। ਅਧਿਆਤਮਕ ਗਿਆਨ ਸ੍ਰਿਸ਼ਟੀ ਦੇ ਕਰਤੇ ਅਤੇ ਉਸ ਦੀ ਰਚੀ ਮਾਇਆ ਦੀ ਖੇਡ ਦਾ ਗਿਆਨ ਹੈ ਜਿਸ ਵਿਚ ਮਨੁੱਖ ਵੀ ਭਾਗੀਦਾਰ ਹੈ। ਮਨੁੱਖ ਵਿਚ ਮਾਇਆ ਦੀ ਖੇਡ ਤੇ ਉਸ ਦੇ ਕਰਤੇ ਨੂੰ ਜਾਣਨ ਜਾਂ ਸਮਝਣ ਦੀ ਯੋਗਤਾ ਨਹੀਂ ਕਿਉਂਕਿ ਮਨੁੱਖ ਪ੍ਰਭੂ ਦੀ ਕਿਰਤ ਹੈ ਅਤੇ ਕਿਰਤ ਵਿਚ ਕਰਤੇ ਨੂੰ ਜਾਣਨ ਦੀ ਯੋਗਤਾ ਨਹੀਂ ਹੁੰਦੀ। ਗੁਰਬਾਣੀ ਅਨੁਸਾਰ ਪ੍ਰਭੂ ਅਤੇ ਉਸ ਦੀ ਖੇਡ ਨੂੰ ਜਾਣਨ ਲਈ ਉਸ ਦੀ ਬਖਸ਼ਿਸ਼ ਰਾਹੀਂ ਤ੍ਰੈਗੁਣੀ ਸੰਸਾਰ ਤੋਂ ਉਤੇ ਉਠ ਕੇ ਚੌਥੇ ਪਦ ਵਿਚ ਪ੍ਰਵੇਸ਼ ਕਰਨਾ ਪੈਂਦਾ ਹੈ, "ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ॥ ਚਉਥੇ ਪਦ ਕਉ ਜੋ ਨਰੁ ਚੀਨੈ ਤਿਨ ਹੀ ਪਰਮ ਪਦੁ ਪਾਇਆ॥" (ਪੰਨਾ 1123) ਇਸੇ ਲਈ ਬਹੁਤੇ ਵਿਗਿਆਨੀ ਜਾਂ ਤਾਂ ਪ੍ਰਭੂ ਦੀ ਹੋਂਦ ਬਾਰੇ ਚੁੱਪ ਧਾਰ ਲੈਂਦੇ ਹਨ ਜਾਂ ਉਸ ਤੋਂ ਮੁਨਕਰ ਹਨ।

ਗੁਰਬਾਣੀ ਵਿਚ ਮਾਇਆ ਨੂੰ "ਮਾਈ ਮਾਇਆ ਛਲੁ॥" (ਪੰਨਾ 717) ਅਤੇ "ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥" (ਪੰਨਾ 643) ਆਖਿਆ ਗਿਆ ਹੈ। ਮਾਇਆ ਅਸਥਿਰ ਹੋਣ ਕਾਰਨ ਧਰਮ ਤੋਂ ਭੈ ਖਾਂਦੀ ਹੈ ਅਤੇ ਉਸ ਨੂੰ ਖਤਮ ਕਰਨਾ ਚਾਹੁੰਦੀ ਹੈ। ਪਰ ਧਰਮ ਅਧਿਆਤਮਕ ਸੱਤਾ ਹੈ ਅਤੇ ਪਦਾਰਥਕ ਮਾਇਆ ਦੀ ਪਹੁੰਚ ਤੋਂ ਬਾਹਰ ਹੈ। ਇਸ ਲਈ ਮਾਇਆ ਸੰਸਾਰ ਵਿਚੋਂ ਧਰਮ ਦੇ ਪ੍ਰਭਾਵ ਨੂੰ ਖਤਮ ਕਰਨ ਲਈ ਸਮਾਜਕ ਸ਼ਕਤੀਆਂ ਨੂੰ ਉਸ ਦੇ ਸਮਰੂਪ ਦੁਨਿਆਵੀ ਧਰਮ ਦਾ ਨਿਰਮਾਣ ਕਰਨ ਲਈ ਉਤਸ਼ਾਹਤ ਕਰਦੀ ਹੈ। ਦੁਨਿਆਵੀ ਧਰਮ ਦੇ ਨਿਰਮਾਣ ਲਈ ਅਦਿੱਖ ਪ੍ਰਭੂ ਨੂੰ ਉਸ ਦੇ ਕਿਸੇ ਕਲਪਤ ਦੂਤ ਦੀ ਮੂਰਤ ਜਾਂ ਪਦਾਰਥ ਰਾਹੀਂ ਨਿਰੂਪਣ ਕਰ ਦਿੱਤਾ ਜਾਂਦਾ ਹੈ ਅਤੇ ਅਧਿਆਤਮਕ ਵਿਚਾਰਾਂ ਵਿਚ ਸਭਿਆਚਾਰਕ ਰੀਤਾਂ ਤੇ ਕਰਮ ਕਾਂਡ ਰਲਗੱਡ ਕਰਕੇ ਦੁਨਿਆਵੀ ਧਾਰਮਕ ਵਿਚਾਰਧਾਰਾ ਸਿਰਜ ਦਿੱਤੀ ਜਾਂਦੀ ਹੈ। ਮਾਇਆ ਦੇ ਪ੍ਰਭਾਵ ਸਦਕਾ ਸਮਾਜ ਵਿਚ ਪ੍ਰਭੂ ਦੇ ਕਾਸਦ ਦੀ ਕਿਆਸੀ ਮੂਰਤ ਦੀ ਪੂਜਾ ਅਤੇ ਅਧਿਆਤਮਕ ਵਿਚਾਰਾਂ ਦਾ ਮਿਲਗੋਭਾ ਨਵੇਂ ਦੁਨਿਆਵੀ ਧਰਮ ਵਜੋਂ ਸਥਾਪਤ ਹੋ ਜਾਂਦੇ ਹਨ। ਪੁਜਾਰੀ ਸ਼ਰਧਾਲੂਆਂ ਨੂੰ ਮੂਰਤੀ ਅਤੇ ਮੰਤਰਾਂ ਰਾਹੀਂ ਉਨ੍ਹਾਂ ਦੀਆਂ ਬੇਨਤੀਆਂ ਪ੍ਰਵਾਨ ਤੇ ਮਨੋਕਾਮਨਾਵਾਂ ਪੂਰੀਆਂ ਹੋਣ ਦਾ ਭਰੋਸਾ ਦਿਵਾ ਕੇ ਉਨ੍ਹਾਂ ਦਾ ਖਾਣ ਪੀਣ, ਰਹਿਣੀ ਬਹਿਣੀ ਅਤੇ ਧਾਰਮਕ ਕ੍ਰਿਆਵਾਂ ਨੇਮਬੱਧ ਕਰ ਦਿੰਦੇ ਹਨ ਅਤੇ ਉਨ੍ਹਾਂ ਦੀ ਸੋਚ ਨੂੰ ਕਾਬੂ ਕਰਨ ਲਈ ਨਵੀਂ ਸੋਚ ਪ੍ਰਣਾਲੀ ਸਿਰਜ ਦਿੰਦੇ ਹਨ। ਦੁਨਿਆਵੀ ਧਰਮ ਨਾਲ ਜੁੜੇ ਕਈ ਪੁਜਾਰੀ ਗੁਰੂ, ਆਚਾਰੀਆ, ਸੰਤ, ਸਾਧੂ ਜਾਂ ਮਹੰਤ ਦੀ ਪਦਵੀ ਧਾਰਨ ਕਰਕੇ ਆਪਣੀਆਂ ਸੰਪਰਦਾਵਾਂ ਕਾਇਮ ਕਰ ਲੈਂਦੇ ਹਨ ਤੇ ਨਿਵੇਕਲੇ ਕਰਮ ਕਾਂਡ ਰਾਹੀਂ ਅਗਿਆਨੀ ਲੋਕਾਂ ਦਾ ਧਰਮ ਦੇ ਨਾਂ 'ਤੇ ਸ਼ੋਸ਼ਣ ਕਰਦੇ ਹਨ, ਜਿਸ ਨਾਲ ਸੰਸਥਾਗਤ ਧਰਮ ਬਦਨਾਮ ਹੋ ਜਾਂਦਾ ਹੈ।

ਮਨੁੱਖੀ ਹਉਮੈ ਵੀ ਪ੍ਰਭੂ ਵਲੋਂ ਸਿਰਜੀ ਦਵੈਤ ਭਾਵਨਾ ਦੀ ਖੇਡ ਦਾ ਹੀ ਇੱਕ ਅੰਗ ਹੈ। ਮਨੁੱਖ ਵਿਚ ਜਨਮ ਤੋਂ ਹੀ ਸਵੈ-ਰਖਿਆ ਦੀ ਮੂਲ ਪ੍ਰਵਿਰਤੀ ਹਉਮੈ ਨਾਲ ਜੁੜੀ ਹੁੰਦੀ ਹੈ। ਗੁਰਬਾਣੀ ਦਾ ਕਥਨ ਹੈ, "ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥" (ਪੰਨਾ 946) ਹਉਮੈ ਮਨੁੱਖੀ ਮਨ ਨੂੰ ਸੁਤੰਤਰ ਹੋਣ ਦਾ ਭਰਮ ਪਾ ਕੇ ਮਨੁੱਖ ਅਤੇ ਪ੍ਰਭੂ ਵਿਚਾਲੇ ਅਮਿੱਟ ਕੰਧ ਖੜ੍ਹੀ ਕਰ ਦਿੰਦੀ ਹੈ। ਗੁਰਬਾਣੀ ਅਨੁਸਾਰ ਆਤਮਕ ਗਿਆਨ ਦੀ ਪ੍ਰਾਪਤੀ ਲਈ ਹਉਮੈ ਨੂੰ ਮਿਟਾਉਣਾ ਜ਼ਰੂਰੀ ਹੈ, "ਹਉਮੈ ਕਰੀ ਤਾਂ ਤੂ ਨਾਹੀ ਤੂ ਹੋਵਹਿ ਹਉ ਨਾਹਿ॥" (ਪੰਨਾ 1092) ਮਨੁੱਖ ਦੀ ਸੁਤੰਤਰ ਹਸਤੀ ਦੇ ਹੱਕ ਵਿਚ ਪੱਛਮੀ ਵਿਦਵਾਨਾਂ ਨੇ ਵਿਸਤ੍ਰਿਤ ਵਿਚਾਰਾਂ ਕੀਤੀਆਂ ਹਨ। ਇੱਥੇ ਦੋ ਵਿਦਵਾਨਾਂ ਦੀ ਰਾਏ ਦਾ ਜ਼ਿਕਰ ਕਰਨਾ ਅਨੁਕੂਲ ਹੋਵੇਗਾ। ਡੇਕਾਰਟ (Rene Descartes) ਦਾ ਪ੍ਰਸਿਧ ਦਾਰਸ਼ਨਿਕ ਬਿਆਨ ਹੈ: "Cogito erg sum" "ਮੈਂ ਸੋਚਦਾ ਹਾਂ, ਇਸ ਲਈ ਮੈਂ ਹਾਂ"। ਦਿਲਚਸਪ ਗੱਲ ਇਹ ਹੈ ਕਿ ਡੇਕਾਰਟ ਸੋਚ ਨੂੰ ਹਸਤੀ ਦਾ ਆਧਾਰ ਮੰਨਦਾ ਹੈ, ਸਰੀਰ ਨੂੰ ਨਹੀਂ। ਮਾਦਾ ਪ੍ਰਸਤ ਅਤੇ ਬਹੁਤੇ ਵਿਗਿਆਨੀ ਸੋਚ ਨੂੰ ਦਿਮਾਗ ਦੀ ਕ੍ਰਿਆ ਮੰਨਦੇ ਹਨ ਪਰ ਗੁਰਬਾਣੀ ਮਨ ਦਾ ਕਰਮ ਦੱਸਦੀ ਹੈ। ਪੱਛਮੀ ਵਿਦਵਾਨਾਂ ਵਿਚ ਜਾਰਜ ਬਰਕਲੇ ਇੱਕ ਐਸਾ ਵਿਦਵਾਨ ਹੈ ਜੋ ਮਨੁੱਖੀ ਹਸਤੀ ਅਤੇ ਪਦਾਰਥ ਦੀ ਹੋਂਦ ਤੋਂ ਮੁਨਕਰ ਹੈ ਤੇ ਪ੍ਰਭੂ ਦੀ ਅਦਿੱਖ ਹਸਤੀ ਨੂੰ ਹੀ ਸੱਚ ਮੰਨਦਾ ਹੈ।

ਇਹ ਵਿਗਿਆਨਕ ਜਾਣਕਾਰੀ ਦਾ ਯੁਗ ਹੈ। ਵਿਗਿਆਨੀਆਂ ਨੇ ਪਦਾਰਥ, ਸਮਾਜ ਅਤੇ ਕੁਦਰਤ ਦੇ ਨਿਯਮਾਂ ਬਾਰੇ ਵਿਸ਼ਾਲ ਤੇ ਅਹਿਮ ਜਾਣਕਾਰੀ ਪ੍ਰਾਪਤ ਕੀਤੀ ਹੈ ਜਿਸ ਨੇ ਮਨੁੱਖੀ ਜੀਵਨ ਤੇ ਸੋਚ ਬਦਲ ਦਿੱਤੀ ਹੈ। ਇਹ ਜਾਣਕਾਰੀ ਨਿਰਪੱਖ ਹੈ, ਜਿਸ ਦੀ ਵਰਤੋਂ ਮਾਨਵਤਾ ਦੇ ਭਲੇ ਲਈ ਵੀ ਕੀਤੀ ਜਾ ਸਕਦੀ ਹੈ ਤੇ ਨੁਕਸਾਨ ਲਈ ਵੀ। ਭਾਵੇਂ ਇਹ ਆਮ ਲੋਕਾਂ ਨੂੰ ਸਭ ਤੋਂ ਵਧ ਪ੍ਰਭਾਵਤ ਕਰਦੀ ਹੈ ਪਰ ਇਸ ਦੀ ਵਰਤੋਂ ਦੇ ਫੈਸਲੇ ਦਾ ਹੱਕ ਉਨ੍ਹਾਂ ਨੂੰ ਨਹੀਂ ਹੈ ਅਤੇ ਨਾ ਹੀ ਵਿਗਿਆਨੀਆਂ ਨੂੰ ਹੈ, ਜਿਨ੍ਹਾਂ ਦੀ ਇਹ ਲੱਭਤ ਹੁੰਦੀ ਹੈ। ਇਹ ਫੈਸਲਾ ਸਰਕਾਰਾਂ ਜਾਂ ਉਦਯੋਗਪਤੀਆਂ ਦੇ ਹੱਥ ਹੈ ਜੋ ਅਕਸਰ ਵਿਗਿਆਨਕ ਖੋਜਾਂ ਨੂੰ ਮਾਲੀ ਮਦਦ ਦੇ ਕੇ ਉਨ੍ਹਾਂ ਦੇ ਟੀਚੇ ਨਿਸ਼ਚਿਤ ਕਰਦੇ; ਪ੍ਰਾਪਤ ਜਾਣਕਾਰੀ ਆਪਣੀ ਸ਼ਕਤੀ ਵਧਾਉਣ, ਸੇਵਾਵਾਂ ਪ੍ਰਦਾਨ ਕਰਨ ਜਾਂ ਮੁਨਾਫਾ ਖੱਟਣ ਲਈ ਵਰਤਦੇ ਹਨ। ਇਹ ਵੀ ਮੰਨਿਆ ਜਾਂਦਾ ਹੈ ਕਿ ਵਿਗਿਆਨ ਜੰਗ ਦੇ ਮਾਹੌਲ ਵਿਚ ਵਧੇਰੇ ਅਤੇ ਤੇਜ਼ੀ ਨਾਲ ਤਰੱਕੀ ਕਰਦਾ ਹੈ। ਵਿਗਿਆਨਕ ਜਾਣਕਾਰੀ ਦੀ ਲੰਮੇ ਸਮੇਂ ਤੋਂ ਦਰਦਨਾਕ ਦੁਰਵਰਤੋਂ ਹੁੰਦੀ ਆ ਰਹੀ ਹੈ। ਹੈਰਾਨੀ ਇਹ ਹੈ ਕਿ ਆਮ ਲੋਕਾਂ ਨੂੰ ਇਸ ਦੁਰਵਰਤੋਂ ਦੀ ਬਹੁਤ ਘੱਟ ਸੂਝ ਹੈ। ਅਸਲ ਵਿਚ ਵਿਦਿਅਕ ਸੰਸਥਾਵਾਂ, ਪੂੰਜੀਵਾਦੀ ਆਰਥਕਤਾ ਅਤੇ ਉਪਭੋਗਤਾਵਾਦੀ ਸਭਿਆਚਾਰ ਨੇ ਆਮ ਲੋਕਾਂ ਨੂੰ ਕੀਲ ਕੇ ਵਿਗਿਆਨ ਦੇ ਐਸੇ ਮਾਨਸਿਕ ਗੁਲਾਮ ਅਤੇ ਪ੍ਰਸ਼ੰਸਕ ਬਣਾ ਦਿੱਤਾ ਹੈ ਕਿ ਉਹ ਵਿਗਿਆਨਕ ਜਾਣਕਾਰੀ ਦੀ ਦੁਰਵਰਤੋਂ ਬਾਰੇ ਕਲਪਨਾ ਕਰਨ ਯੋਗ ਹੀ ਨਹੀਂ ਰਹੇ। ਵਿਗਿਆਨ ਮਾਨਵਤਾ ਦੀ ਮਿਹਨਤ ਦਾ ਫਲ ਹੈ ਅਤੇ ਇਸ ਨੂੰ ਮਨੁਖਤਾ ਦੀ ਆਜ਼ਾਦੀ, ਬਿਹਤਰੀ ਅਤੇ ਬਰਾਬਰੀ ਦਾ ਸਾਧਨ ਹੋਣਾ ਚਾਹੀਦਾ ਹੈ, ਨਾ ਕਿ ਉਸ ਦੀ ਗੁਲਾਮੀ ਜਾਂ ਬਰਬਾਦੀ ਦਾ।

ਗੁਰਮਤਿ ਮਾਨਵਤਾ ਦੇ ਕਲਿਆਣ ਦੀ ਵਿਧੀ ਹੈ; ਸੰਸਾਰ ਦੀ ਅਸਲੀਅਤ ਬਿਆਨਦੀ ਉਸ ਨੂੰ ਭਉਜਲ ਆਖਦੀ ਹੈ ਅਤੇ ਮਨੁੱਖ ਦੀ ਸੰਸਾਰਕ ਪ੍ਰਾਪਤੀ ਨੂੰ ਤੁੱਛ ਦੱਸਦੀ ਹੈ। ਇਹ ਸੰਸਾਰਕ ਸੁੱਖ ਨੂੰ ਦੁੱਖ ਦਾ ਹੀ ਦੂਜਾ ਰੂਪ ਆਖਦੀ ਹੈ ਅਤੇ ਮਨੁੱਖ ਨੂੰ ਸੰਸਾਰਕ ਪ੍ਰਾਪਤੀਆਂ ਪਿਛੇ ਭੱਜਣ ਦੀ ਥਾਂ ਮਨ ਨੂੰ ਵਸ ਕਰ ਧਰਮ ਦਾ ਰਾਹ ਅਪਨਾ ਕੇ ਆਤਮਕ ਅਨੰਦ ਮਾਣਨ ਅਤੇ ਪ੍ਰਭੂ ਦੀ ਵਿਸ਼ਾਲ ਸ਼ਕਤੀ ਦਾ ਭਾਗੀਦਾਰ ਬਣਨ ਲਈ ਪ੍ਰੇਰਤ ਕਰਦੀ ਹੈ। ਗੁਰਬਾਣੀ ਦੇ ਫੁਰਮਾਨ ਹਨ: "ਇਹੁ ਮਨੁ ਸਕਤੀ ਇਹੁ ਮਨੁ ਸੀਉ॥ ਇਹੁ ਮਨੁ ਪੰਚ ਤਤ ਕੋ ਜੀਉ॥ ਇਹੁ ਮਨੁ ਲੇ ਜਉ ਉਨਮਨਿ ਰਹੈ॥ ਤਉ ਤੀਨਿ ਲੋਕ ਕੀ ਬਾਤੈ ਕਹੈ॥" (ਪੰਨਾ 342) ਅਤੇ "ਮਨ ਜੀਤੈ ਜਗੁ ਜੀਤੁ॥" (ਪੰਨਾ 6) ਮਨ ਨੂੰ ਜਿੱਤਣਾ ਬਹੁਤ ਔਖਾ ਹੈ। ਪਰ ਸੰਸਥਾਗਤ ਸਿੱਖ ਧਰਮ ਦੇ ਜੋ ਸ਼ਰਧਾਲੂ ਪ੍ਰਚਲਿਤ ਕਰਮਕਾਂਡ ਤਿਆਗ ਮਾਨਵਤਾ ਦੀ ਬਿਹਤਰੀ ਲਈ ਜੀਵਨ ਵਿਚ ਦਯਾ ਅਤੇ ਸੰਤੋਖ ਧਾਰਨ ਕਰਕੇ ਨਿਮਰਤਾ ਸਹਿਤ ਨਿਸ਼ਕਾਮ ਸੇਵਾ ਕਰਦੇ ਹਨ, ਉਨ੍ਹਾਂ ਦੀ ਗੁਰਮਤਿ ਨਾਲ ਨੇੜਤਾ ਬਣ ਜਾਂਦੀ ਹੈ।

# ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ

## ਗੁਰਬਾਣੀ ਗਿਆਨ

ਬਾਣੀ ਸਧਨੇ ਕੀ ਰਾਗੁ ਬਿਲਾਵਲੁ
ੴ ਸਤਿਗੁਰ ਪ੍ਰਸਾਦਿ॥
ਨ੍ਰਿਪ ਕੰਨਿਆ ਕੇ ਕਾਰਨੈ
ਇਕੁ ਭਇਆ ਭੇਖਧਾਰੀ॥
ਕਾਮਾਰਥੀ ਸੁਆਰਥੀ
ਵਾ ਕੀ ਪੈਜ ਸਵਾਰੀ॥੧॥
ਤਵ ਗੁਨ ਕਹਾ ਜਗਤ ਗੁਰਾ
ਜਉ ਕਰਮੁ ਨ ਨਾਸੈ॥
ਸਿੰਘ ਸਰਨ ਕਤ ਜਾਈਐ
ਜਉ ਜੰਬੁਕੁ ਗ੍ਰਾਸੈ॥੧॥ ਰਹਾਉ॥
ਏਕ ਬੂੰਦ ਜਲ ਕਾਰਨੇ
ਚਾਤ੍ਰਿਕੁ ਦੁਖੁ ਪਾਵੈ॥
ਪ੍ਰਾਨ ਗਏ ਸਾਗਰੁ ਮਿਲੈ
ਫੁਨਿ ਕਾਮਿ ਨ ਆਵੈ॥੨॥
ਪ੍ਰਾਨ ਜੁ ਥਾਕੇ ਥਿਰੁ ਨਹੀ
ਕੈਸੇ ਬਿਰਮਾਵਉ॥
ਬੂਡਿ ਮੂਏ ਨਉਕਾ ਮਿਲੈ
ਕਹੁ ਕਾਹਿ ਚਢਾਵਉ॥੩॥
ਮੈ ਨਾਹੀ ਕਛੁ ਹਉ ਨਹੀ
ਕਿਛੁ ਆਹਿ ਨ ਮੋਰਾ॥
ਅਉਸਰ ਲਜਾ ਰਾਖਿ ਲੇਹੁ
ਸਧਨਾ ਜਨੁ ਤੋਰਾ॥੪॥

ਭਗਤ ਸਧਨਾ ਇਸ ਪਾਵਨ ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਉਸ ਮਿਹਰਬਾਨ ਪ੍ਰਭੂ ਅੱਗੇ ਅਰਦਾਸ ਕਰਦੇ ਹਨ, ਹੇ ਜਗਤ ਦੇ ਗੁਰੂ ਪ੍ਰਭੂ ਜੀ, ਜੇ ਮੇਰੇ ਪਿਛਲੇ ਕਰਮਾਂ ਦੇ ਫਲ ਦਾ ਨਾਸ ਨਾ ਹੋਇਆ, ਭਾਵ ਜੇ ਮੈਂ ਹੁਣ ਭੀ ਮੰਦੇ ਕਰਮ ਹੀ ਕਰੀ ਗਿਆ ਤਾਂ ਤੇਰੀ ਸ਼ਰਨ ਆਉਣ ਦਾ ਕੀ ਗੁਣ ਹੋਵੇਗਾ? ਸ਼ੇਰ ਦੀ ਸ਼ਰਨ ਵਿਚ ਪੈਣ ਦਾ ਕੀ ਲਾਭ, ਜੇ ਫਿਰ ਭੀ ਗਿੱਦੜ ਖਾ ਜਾਵੇ? ਪ੍ਰਭੂ! ਮੈਨੂੰ ਆਪਣੀ ਸ਼ਰਣ 'ਚ ਲਵੋ ਜੀ।

ਸ਼ਬਦ ਵਿਚ ਦ੍ਰਿਸ਼ਟਾਂਤ ਦਿੰਦਿਆਂ ਭਗਤ ਜੀ ਨੇ ਉਸ ਸਮੇਂ ਦੇ ਕਿਸੇ ਪ੍ਰਚਲਿਤ ਵਾਕਿਆ ਦਾ ਜ਼ਿਕਰ ਕੀਤਾ ਲਗਦਾ ਹੈ। ਉਹ ਆਖਦੇ ਹਨ, ਹੇ ਪ੍ਰਭੂ! ਤੂੰ ਤਾਂ ਉਸ ਕਾਮੀ ਅਤੇ ਖੁਦਗਰਜ਼ ਬੰਦੇ ਦੀ ਭੀ ਲਾਜ ਰੱਖੀ ਸੀ ਜਿਸ ਨੇ ਇਕ ਰਾਜੇ ਦੀ ਲੜਕੀ ਦੇ ਪ੍ਰੇਮ ਵਿਚ ਅੰਨੇ ਹੋ ਕੇ ਧਰਮ ਦਾ ਭੇਖ ਧਾਰਿਆ ਸੀ ਤੇ ਤੂੰ ਉਸ ਨੂੰ ਵੀ ਕਾਮ ਵਾਸ਼ਨਾ ਵਿਚ ਡਿਗਣੋਂ ਬਚਾਇਆ ਸੀ।

ਹੇ ਪਿਤਾ ਪ੍ਰਭੂ, ਪਪੀਹਾ ਜਲ ਦੀ ਇਕ ਬੂੰਦ ਵਾਸਤੇ ਤਰਸਦਾ ਹੈ ਅਤੇ ਪੀਉ ਪੀਉ ਕੂਕਦਾ ਹੈ; ਪਰ ਹੇ ਪ੍ਰਭੂ! ਜੇ ਉਡੀਕ ਵਿਚ ਹੀ ਉਸ ਦੀ ਜਾਨ ਚਲੀ ਜਾਵੇ ਤੇ ਮਰਨ ਪਿਛੋਂ ਉਸ ਨੂੰ ਪਾਣੀ ਦਾ ਸਮੁੰਦਰ ਭੀ ਮਿਲ ਜਾਵੇ ਤਾਂ ਉਸ ਦੇ ਕਿਸ ਕੰਮ? ਇਵੇਂ ਹੀ ਹੇ ਪਿਤਾ, ਤੇਰੇ ਨਾਮ ਅੰਮ੍ਰਿਤ ਦੀ ਬੂੰਦ ਖੁਣੋਂ ਮੇਰੀ ਜਿੰਦ ਜੇ ਵਿਕਾਰਾਂ ਵਿਚ ਹੀ ਮਰ ਗਈ ਤਾਂ ਤੇਰੀ ਮਿਹਰ ਦਾ ਸਮੁੰਦਰ ਮੇਰਾ ਕੀ ਸਵਾਰੇਗਾ? ਮੇਰੇ 'ਤੇ ਮਿਹਰ ਕਰੋ ਪ੍ਰਭੂ।

ਭਗਤ ਜੀ ਆਖਦੇ ਹਨ, ਹੇ ਮੇਰੇ ਮਿਹਰਬਾਨ ਪ੍ਰਭ ਜੀਉ! ਤੇਰੀ ਮਿਹਰ ਨੂੰ ਉਡੀਕ ਉਡੀਕ ਕੇ ਮੇਰੀ ਜਿੰਦ ਥੱਕੀ ਪਈ ਹੈ। ਮੈਂ ਇਸ ਜਿੰਦ ਨੂੰ ਕਿਵੇਂ ਤਸੱਲੀ ਦੇਵਾਂ! ਹੇ ਪ੍ਰਭੂ, ਜੇ ਮੈਂ ਵਿਕਾਰਾਂ ਦੇ ਸਮੁੰਦਰ ਵਿਚ ਡੁਬ ਹੀ ਗਿਆ ਅਤੇ ਪਿਛੋਂ ਤੇਰੀ ਨਉਕਾ ਬੇੜੀ ਮਿਲੀ ਤਾਂ ਤੂੰ ਹੀ ਦੱਸ ਫਿਰ ਉਸ ਬੇੜੀ ਵਿਚ ਮੈਂ ਕਿਸ ਨੂੰ ਚੜ੍ਹਾਵਾਂਗਾ? ਮੈਨੂੰ ਹੁਣ ਆ ਕੇ ਮਿਲ ਜੀ।

ਭਗਤ ਸਧਨਾ ਅਰਦਾਸ ਕਰਦੇ ਹਨ, ਹੇ ਪ੍ਰਭੂ! ਮੈਂ ਕੁਝ ਵੀ ਨਹੀਂ ਹਾਂ, ਮੇਰੀ ਕੋਈ ਪਾਇਆ ਨਹੀਂ ਹੈ, ਮੇਰਾ ਹੋਰ ਕੋਈ ਆਸਰਾ ਨਹੀਂ ਹੈ; ਹੇ ਪ੍ਰਭੂ, ਇਹ ਮਨੁੱਖਾ ਜਨਮ ਹੀ ਮੇਰੀ ਲਾਜ ਰੱਖਣ ਦਾ ਸਮਾਂ ਹੈ, ਮੈਂ ਤੇਰਾ ਦਾਸ ਹਾਂ, ਮੇਰੀ ਲਾਜ ਰੱਖ ਅਤੇ ਵਿਕਾਰਾਂ ਦੇ ਸਮੁੰਦਰ ਵਿਚ ਡੁੱਬਣੋਂ ਮੈਨੂੰ ਬਚਾ ਲੈ, ਪ੍ਰਭ ਜੀ! ਮੈਨੂੰ ਬਚਾ ਲੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

# ਧੁੱਪਾਂ ਭਾਦੋਂ ਦੀਆਂ, ਜੱਟ ਬਣ ਬੈਠੇ ਸਾਧ

## ਬਾਰਹਮਾਹ

***ਦੇਸੀ ਸਾਲ ਦੇ ਜਲ ਥਲ ਕਰ ਦੇਣ ਵਾਲੇ ਮਹੀਨੇ ਸਾਉਣ ਤੋਂ ਬਾਅਦ ਪਸੀਨੇ ਛੁਡਾ ਦੇਣ ਵਾਲਾ ਮਹੀਨਾ ਭਾਦੋਂ ਦਾ ਆਉਂਦਾ ਹੈ। ਇਸ ਮਹੀਨੇ ਹੁੰਮਸ ਇੰਨਾ ਜ਼ਿਆਦਾ ਹੋ ਜਾਂਦਾ ਹੈ ਕਿ ਕਈ ਵਾਰ ਤਾਂ ਦਮ ਘੁਟਣ ਲੱਗਦਾ ਹੈ। ਸ਼ਾਇਦ ਹੁੰਮਸ ਕਰ ਕੇ ਹੀ ਸੱਪ-ਸਪੋਲੀਏ ਆਪਣੀਆਂ ਲੁਕਣ ਦੀਆਂ ਥਾਂਵਾਂ ਤੋਂ ਬਾਹਰ ਨਿਕਲ ਆਉਂਦੇ ਹਨ। ਮੱਛਰ ਵੀ ਬਥੇਰਾ ਤੰਗ ਕਰਦਾ ਹੈ। ਕਈ ਵਾਰ ਮੀਂਹ ਹਨੇਰੀ ਵੀ ਤਬਾਹੀ ਮਚਾਉਂਦੇ ਹਨ ਪਰ ਇਸੇ ਮਹੀਨੇ ਫਸਲਾਂ ਖਾਸ ਕਰ ਝੋਨੇ ਦੀ ਫਸਲ ਜੋਬਨ ਵੱਲ ਵਧਦੀ ਹੈ। ਇਨ੍ਹਾਂ ਸਭ ਗੱਲਾਂ ਦਾ ਚਿਤਰਣ ਆਸਾ ਸਿੰਘ ਘੁਮਾਣ ਨੇ ਬੜੀ ਬਾਰੀਕੀ ਨਾਲ ਇਸ ਲੇਖ ਵਿਚ ਕੀਤਾ ਹੈ। -ਸੰਪਾਦਕ***

**ਆਸਾ ਸਿੰਘ ਘੁਮਾਣ**
**ਫੋਨ: 91-98152-53245**

ਭਾਦੋਂ ਜਾਂ ਭਾਦਰੋਂ ਦਾ ਮਹੀਨਾ ਵੀ ਬਰਸਾਤ ਰੁੱਤ ਦਾ ਹੀ ਮਹੀਨਾ ਮੰਨਿਆ ਜਾਂਦਾ ਹੈ:

ਰੁਤਿ ਬਰਸੁ ਸੁਹੇਲੀਆ
ਸਾਵਣ ਭਾਦਵੇ ਆਨੰਦ ਜੀਉ॥
ਘਣਿ ਉਨਵਿ ਵੁਠੇ ਜਲ ਥਲ
ਪੂਰਿਆ ਮਕਰੰਦ ਜੀਉ॥

ਭਾਦਰੋਂ ਦਾ ਮਹੀਨਾ ਸਾਉਣ ਮਹੀਨੇ ਦਾ ਵਿਸਥਾਰ ਕਿਹਾ ਜਾ ਸਕਦਾ ਹੈ। ਭਾਦੋਂ ਦੇ ਅਖੀਰ ਤੱਕ ਬਰਸਾਤ ਦਮ ਤੋੜਨ ਲੱਗਦੀ ਹੈ। ਹੁਣ ਅਕਾਸ਼ ਵਿਚ ਬੱਦਲ ਸੰਘਣੇ ਤੇ ਵਿਆਪੀ ਨਹੀਂ ਰਹਿੰਦੇ। ਜਿਵੇਂ ਕਿ ਇਸ ਦੇ ਨਾਂ ਤੋਂ ਹੀ ਜਾਹਰ ਹੈ, ਇਸ ਵਿਚ ਭਾ-ਦੋਇ ਨਾਲੋ-ਨਾਲ ਚੱਲਦੇ ਹਨ-ਗਰਮੀ ਵੀ, ਬਰਸਾਤ ਵੀ। ਕਿਤੇ ਧੁੱਪ, ਕਿਤੇ ਛਾਂ; ਕਿਤੇ ਛੱਰਾਟੇ, ਕਿਤੇ ਸੋਕਾ। ਹਵਾ ਵਿਚ ਪੂਰੀ ਨਮੀ ਆ ਚੁਕੀ ਹੁੰਦੀ ਹੈ, ਇਸ ਲਈ ਇਸ ਮੌਸਮ 'ਚ ਜਦੋਂ ਧੁੱਪ ਲੱਗਦੀ ਹੈ, ਮੌਸਮ ਬਹੁਤ ਅਣਸੁਖਾਵਾਂ ਲੱਗਦਾ ਹੈ। ਪਸੀਨਾ ਬਹੁਤ ਜ਼ਿਆਦਾ ਆਉਂਦਾ ਹੈ ਅਤੇ ਪਿੰਡੇ 'ਚੋਂ ਚਿਣਗਾਂ ਨਿਕਲਦੀਆਂ ਹਨ। ਇਸ ਨੂੰ ਪੰਜਾਬੀ ਲੋਕ ਚੁਮਾਸਾ, ਹੁੰਮਸ, ਤਾੜਕਾ ਆਦਿ ਦਾ ਨਾਂ ਦਿੰਦੇ ਹਨ। ਪੰਜਾਬੀ ਅਖੌਤ ਹੈ:

ਜੇਠ-ਹਾੜ ਕੁੱਖੀਂ, ਸਾਵਣ ਭਾਦੋਂ ਰੁੱਖੀਂ।

ਜਿੱਥੇ ਹਾੜ ਵਿਚ ਖੁਸ਼ਕ ਹਵਾ ਸਰੀਰ ਨੂੰ ਸੋਖਦੀ ਹੈ, ਸਰੀਰ 'ਚੋਂ ਨਮੀ ਸੁਕਾਉਂਦੀ ਹੈ, ਉਥੇ ਭਾਦੋਂ ਵਿਚ ਹਵਾ ਵਿਚਲੀ ਨਮੀ ਤਲਖੀ ਪੈਦਾ ਕਰਦੀ ਹੈ। ਪਸੀਨੇ ਨਾਲ ਹਰ ਕਿਸੇ ਦਾ ਬੁਰਾ ਹਾਲ ਹੋਇਆ ਹੁੰਦਾ ਹੈ। ਬਰਸਾਤ ਦਾ ਪਾਣੀ ਜੋ ਛੱਪੜਾਂ ਅਤੇ ਖੇਤਾਂ ਵਿਚ ਖਿਲਰਿਆ ਹੁੰਦਾ ਹੈ, ਧੁੱਪ ਲੱਗਣ 'ਤੇ ਗਰਮੀ ਵਿਚ ਹੋਰ ਵਾਧਾ ਕਰਦਾ ਹੈ। ਖੇਤਾਂ ਵਿਚ ਕੰਮ ਕਰਨਾ ਬੇਹੱਦ ਔਖਾ ਹੋ ਜਾਂਦਾ ਹੈ। ਪਿੰਡਾਂ 'ਚ ਵਸਦੇ ਬਜ਼ੁਰਗ ਅਕਸਰ ਕਿਹਾ ਕਰਦੇ ਸਨ ਕਿ ਇਨ੍ਹਾਂ ਤਾੜਕਿਆਂ ਤੋਂ ਸਤਿਆ ਜੱਟ ਸਾਧ ਹੋ ਗਿਆ ਸੀ।

ਸਾਉਣ ਮਹੀਨੇ ਧੀਆਂ ਸਹੁਰੇ ਘਰੋਂ ਪੇਕੀਂ ਆਉਂਦੀਆਂ ਹਨ ਤੇ ਤੀਆਂ ਮਨਾਉਂਦੀਆਂ ਹਨ। ਪਰ ਜਦੋਂ ਭਾਦੋਂ ਚੜ੍ਹਦਾ ਹੈ, ਸਹੁਰੇ ਜਾਣ 'ਤੇ ਸਹੇਲੀਆਂ ਦੇ ਵਿਛੜਨ ਦਾ ਵੇਲਾ ਆ ਜਾਂਦਾ ਹੈ:

ਸਾਉਣ ਵੀਰ ਕੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜੇ ਪਾਵੇ।

ਗਿਆਨੀ ਗੁਰਦਿੱਤ ਸਿੰਘ 'ਬਾਰਾਂਮਾਂਹ ਕਿਸਾਨਾਂ ਦਾ' ਵਿਚ ਇਸ ਮਹੀਨੇ ਦਾ ਜ਼ਿਕਰ ਕਰਦਿਆਂ ਜੱਟ ਦੀ ਅਜਿਹੀ ਅਵਸੱਥਾ ਦੀ ਹੀ ਗੱਲ ਕਰਦੇ ਹਨ:

ਚੜੇ ਭਾਦਰੋਂ ਉਗੀ ਖੁੰਮ
ਪਿਆ ਆਖਰਾਂ ਦਾ ਗੁੰਮ।
ਕਿਤੇ ਚਿੱਭੜ ਮਤੀਰੇ
ਸਾਡੇ ਖੇਤੀ ਖੜੇ ਖੀਰੇ।
ਸਾਡੀ ਨਿਆਈਂ ਪਿਆ ਮੋਖਾ
ਅਸੀਂ ਖੋਤਿਆ ਲਾ ਜੋਤਾ।
ਪਾਸੇ ਗੋਡ ਗੋਡ ਹੰਬੇ
ਪਾਸੇ ਪੱਛਾਂ ਨਾਲ ਅੰਬੇ।
ਪੱਜ ਗੁੱਗਾ ਜੀ ਦੀ ਚੌਂਕੀ
ਟੁਰੇ ਮੇਲੇ ਮੁੰਡੇ ਸ਼ੌਂਕੀ।
ਸੂਰਜ ਸੁੱਟੇ ਉਹ ਪਲੀਤੇ
ਜਿਨ੍ਹਾਂ ਚਰਨ ਕਾਲੇ ਕੀਤੇ।
ਧੁੱਪਾਂ ਭਾਦੋਂ ਦੀਆਂ ਤਿੱਖੀਆਂ
ਸਾਧ ਜੱਟਾਂ ਨੂੰ ਬਣਾਉਂਦੀਆਂ...ਹੋ ਢੋਲਾ।

ਇਸ ਨਾਮੁਰਾਦ ਮੌਸਮ ਵਿਚ ਚਿਹਰਿਆਂ ਦੇ ਰੰਗ ਬਦਲ ਜਾਂਦੇ ਹਨ:

ਭਾਦਰੋਂ ਬਦਰੰਗ
ਗੋਰਾ ਕਾਲਾ ਇਕੋ ਰੰਗ।

ਬਰਸਾਤੀ ਮੌਸਮ ਕਈ ਮੁਸੀਬਤਾਂ ਵੀ ਪੈਦਾ ਕਰਦਾ ਹੈ। ਨੀਵੇਂ ਹਿੱਸਿਆਂ ਵਿਚ ਖਲੋਤਾ ਪਾਣੀ ਮੱਛਰ-ਮੱਖੀ ਦੇ ਵਾਧੇ ਦਾ ਕਾਰਨ ਬਣਦਾ ਹੈ। ਭਾਦੋਂ ਵਿਚ ਕਈ ਵਾਰ ਮਲੇਰੀਆ, ਵਾਇਰਲ ਫੀਵਰ ਆਦਿ ਬਿਮਾਰੀਆਂ ਪਣਪ ਪੈਂਦੀਆਂ ਹਨ। ਜ਼ਿਆਦਾ ਮੀਂਹ ਪੈਣ ਨਾਲ ਸਬਜ਼ੀਆਂ ਗਲਨ-ਸੜਨ ਲਗਦੀਆਂ ਹਨ। ਸਬਜ਼ੀ ਮੰਡੀ ਦੇ ਕੋਲੋਂ ਲੰਘਣਾ ਮੁਸ਼ਕਿਲ ਹੋ ਜਾਂਦਾ ਹੈ। ਹਵਾ ਵਿਚ ਗਲਨ-ਸੜਨ ਦੀ ਬਦਬੂ ਫੈਲਣ ਲੱਗਦੀ ਹੈ ਤੇ ਕਈ ਬੀਮਾਰੀਆਂ ਦਾ ਕਾਰਨ ਬਣਦੀ ਹੈ।

ਸਾਉਣ ਮਹੀਨੇ ਲਾਏ ਝੋਨੇ ਅਤੇ ਹੋਰ ਫਸਲਾਂ ਨੂੰ ਪਾਣੀ ਦੀ ਇਕ ਨਿਸ਼ਚਿਤ ਮਾਤਰਾ ਦੀ ਲੋੜ ਹੁੰਦੀ ਹੈ। ਜੇ ਭਾਦੋਂ ਸੁੱਕਾ ਲੰਘ ਜਾਵੇ ਤਾਂ ਵੀ ਫਸਲਾਂ ਦਾ ਉਹ ਝਾੜ ਨਹੀਂ ਰਹਿੰਦਾ ਅਤੇ ਜੇ ਬਾਰਸ਼ ਜ਼ਿਆਦਾ ਹੋ ਜਾਵੇ, ਉਹ ਵੀ ਨੁਕਸਾਨਦੇਹ ਸਾਬਤ ਹੁੰਦੀ ਹੈ। ਭਾਦੋਂ ਵਿਚ ਜੇ ਮੀਂਹ ਵੱਧ ਪੈ ਜਾਵੇ ਤਾਂ ਹੜ੍ਹ ਆ ਜਾਂਦੇ ਹਨ। ਟੋਏ-ਟਿੱਭੇ, ਨਦੀਆਂ-ਨਹਿਰਾਂ ਪਹਿਲਾਂ ਹੀ ਭਰੇ ਹੋਏ ਹੁੰਦੇ ਹਨ। ਭਾਦੋਂ ਦੀਆਂ ਝੜੀਆਂ ਬੜੀਆਂ ਖਤਰਨਾਕ ਸਾਬਤ ਹੁੰਦੀਆਂ ਹਨ। ਪੰਜਾਬ ਦੀ ਇਕ ਲੋਕ-ਬੋਲੀ ਵਿਚ ਅਜਿਹਾ ਹੀ ਵਰਣਨ ਹੈ:

ਤੇਰਾ ਭਾਦੋਂ ਝੜੀ ਲੱਗਗੀ
ਦੱਸਾਂ ਨਮੀ ਕਹਾਣੀ
ਜ਼ੋਰ ਕਿਸੇ ਦਾ ਚੱਲਦਾ ਹੈ ਨੀਂ
ਉਲਟੀ ਉਲਝ ਗਈ ਤਾਣੀਂ
ਬੈਠਕ ਵੀਰਨੋ ਰੁੜ੍ਹ ਗਈ ਸਾਰੀ
ਅੰਦਰ ਫਿਰ ਗਿਆ ਪਾਣੀ
ਜਗ੍ਹਾ ਜਗ੍ਹਾ ਤੋਂ ਸੜਕ ਵੱਢ'ਤੀ
ਚੱਲਦੀ ਨ੍ਹੀਂ ਰੇਲ ਨਿਮਾਣੀ
ਸਭਨਾਂ ਦਾ ਤੂੰ ਦਾਤਾ
ਤੂੰ ਦੁੱਧੋਂ ਛਾਣਦਾ ਪਾਣੀ
ਸਭ ਦਾ ਤੂੰ ਦਾਤਾ...।

ਇਨ੍ਹਾਂ ਦਿਨਾਂ ਵਿਚ ਆਉਂਦਾ ਪਸੀਨਾ ਸਿਹਤ ਲਈ ਵਧੀਆ ਗਿਣਿਆ ਜਾਂਦਾ ਹੈ। ਥੋੜ੍ਹੀ ਜਿਹੀ ਕਸਰਤ ਨਾਲ ਹੀ ਕਾਫੀ ਪਸੀਨਾ ਵਗਣ ਲੱਗਦਾ ਹੈ। ਉਂਜ ਇਸ ਮੌਸਮ ਵਿਚ ਸਿਹਤ ਦਾ ਬਹੁਤ ਧਿਆਨ ਰੱਖਣਾ ਪੈਂਦਾ ਹੈ। ਕਈ ਵਾਰ ਹੁੰਮਸ ਦਾ ਵੱਧ ਰਗੜਾ ਲੱਗ ਜਾਵੇ ਤਾਂ ਵੀ ਸਰੀਰ ਨੂੰ ਗਰਮੀ ਪੈ ਜਾਂਦੀ ਹੈ। ਰਤਾ ਕੁ ਅਣਗਹਿਲੀ ਨਾਲ ਹਾਜ਼ਮਾ ਖਰਾਬ ਹੋਣ ਨੂੰ ਫਿਰਦਾ ਹੈ। ਫੋੜੇ-ਫਿੰਸੀਆਂ ਤੇ ਚਮੜੀ ਦੀਆਂ ਖਰਾਬੀਆਂ ਹੋਣ ਲੱਗਦੀਆਂ ਹਨ। ਹੈਜ਼ਾ ਹੋਣ ਦਾ ਬਹੁਤ ਡਰ ਰਹਿੰਦਾ ਹੈ। ਜ਼ਿਆਦਾ ਪਾਣੀ ਪੀਣਾ ਵੀ ਖਤਰਨਾਕ ਅਤੇ ਜ਼ਿਆਦਾ ਖਾਣਾ ਵੀ ਖਤਰਨਾਕ।


ਸਾਉਣ ਤੇ ਭਾਦੋਂ-ਦੋ ਮਹੀਨੇ ਐਸੇ ਹਨ, ਜੋ ਪੰਜਾਬੀਆਂ ਲਈ ਹਮੇਸ਼ਾ ਬੇਹੱਦ ਅਹਿਮ ਰਹੇ ਹਨ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਜਿਸ ਲਈ ਇਨ੍ਹਾਂ ਦੀ ਮਹੱਤਤਾ ਹੋਰ ਵੀ ਵੱਧ ਹੈ। ਜੇ ਇਨ੍ਹਾਂ ਮਹੀਨਿਆਂ ਵਿਚ ਲੋੜ ਅਨੁਸਾਰ ਮੀਂਹ ਪੈਂਦਾ ਰਹੇ ਤਾਂ ਲੱਖਾਂ-ਕਰੋੜਾਂ ਦੀ ਬਿਜਲੀ ਅਤੇ ਡੀਜ਼ਲ ਦੀ ਬੱਚਤ ਹੋ ਜਾਂਦੀ ਹੈ। ਕੁਦਰਤ ਕਹਿਰਵਾਨ ਹੋ ਜਾਵੇ ਤਾਂ ਮਨੁੱਖੀ ਸਾਧਨਾਂ ਦੀ ਵਰਤੋਂ ਬਜਟ ਦੀ ਸੰਗਲੀ ਤੜਕਾ ਦਿੰਦੀ ਹੈ। ਖੇਤੀ ਤੋਂ ਬਿਨਾ ਮੌਸਮ ਦੇ ਅਨੁਕੂਲ ਰਹਿਣ ਨਾਲ ਏ. ਸੀ., ਕੂਲਰਾਂ ਅਤੇ ਜਨਰੇਟਰਾਂ ਤੋਂ ਖਰਚੇ ਦਾ ਬਚਾਅ ਰਹਿੰਦਾ ਹੈ। ਕਈ ਵਾਰ ਮੀਂਹ ਅਤੇ ਹਨੇਰੀ ਇਕੋ ਹੱਲੇ ਨਾਲ ਕਰੋੜਾਂ ਦਾ ਨੁਕਸਾਨ ਕਰ ਦਿੰਦੇ ਹਨ। ਵੱਡਾ ਮੀਂਹ ਪੈਣ ਨਾਲ ਸੜਕਾਂ ਟੁੱਟ ਜਾਂਦੀਆਂ ਹਨ, ਬਿਜਲੀ ਦੇ ਖੰਬੇ ਡਿੱਗ ਪੈਂਦੇ ਹਨ, ਕਾਰਖਾਨੇ ਬੰਦ ਹੋ ਜਾਂਦੇ ਹਨ, ਨੀਵੇਂ ਥਾਂ ਬੀਜੀਆਂ ਫਸਲਾਂ ਮਰ ਜਾਂਦੀਆਂ ਹਨ, ਘਰ ਢਹਿ ਜਾਂਦੇ ਹਨ, ਪਸ਼ੂ ਨੁਕਸਾਨੇ ਜਾਂਦੇ ਹਨ, ਜਨ-ਜੀਵਨ ਠੱਪ ਹੋ ਜਾਂਦਾ ਹੈ। ਅਜੋਕਾ ਜਨ-ਜੀਵਨ ਬਿਜਲੀ 'ਤੇ ਨਿਰਭਰ ਹੈ, ਇਸ ਲਈ ਬਿਜਲੀ ਸਪਲਾਈ ਵਿਚ ਵਿਘਨ ਪੈਣ ਨਾਲ ਜਨ-ਜੀਵਨ ਵਿਗੜ ਜਾਂਦਾ ਹੈ।

ਉਂਜ ਜੇ ਸਭ ਠੀਕ-ਠਾਕ ਰਹੇ ਤਾਂ ਭਾਦਰੋਂ ਦੇ ਅਖੀਰ ਤੱਕ ਸਾਰਾ ਪੰਜਾਬ ਹਰਿਆ-ਭਰਿਆ ਨਜ਼ਰ ਆਉਣ ਲੱਗਦਾ ਹੈ। ਖੇਤਾਂ ਵਿਚ ਫਸਲਾਂ ਦੀ ਹਰਿਆਵਲ ਸਿਖਰ 'ਤੇ ਹੁੰਦੀ ਹੈ। ਝੋਨਾ, ਮੱਕੀ, ਕਮਾਦ, ਕਪਾਹ ਆਦਿ ਸਭ ਫਸਲਾਂ ਭਰ ਜੋਬਨ 'ਤੇ ਹੁੰਦੀਆਂ ਹਨ। ਮੱਕੀ ਦੀਆਂ ਛੱਲੀਆਂ ਪੱਕਣ ਲੱਗਦੀਆਂ ਹਨ ਜੋ ਭੁੰਨ ਕੇ ਖਾਣੀਆਂ ਚੰਗੀਆਂ ਲੱਗਦੀਆਂ ਹਨ। ਭਾਦੋਂ ਦੇ ਅਖੀਰ ਤੱਕ ਫਸਲਾਂ ਦੇ ਰੰਗ ਬਦਲਣ ਲੱਗਦੇ ਹਨ ਅਤੇ ਕਿਤੇ-ਕਿਤੇ ਝੋਨੇ ਨਿਸਰਨ ਵੀ ਲੱਗਦੇ ਹਨ। ਖੇਤਾਂ ਤੋਂ ਬਾਹਰ ਰੁੱਖਾਂ-ਬੂਟਿਆਂ 'ਤੇ ਵੀ ਹਰਿਆਵਲ ਠਾਠਾਂ ਮਾਰ ਰਹੀ ਹੁੰਦੀ ਹੈ। ਫੁੱਲਾਂ ਨਾਲੋਂ ਹਰਿਆਵਲ ਦਾ ਵੱਧ ਪ੍ਰਤਾਪ ਹੁੰਦਾ ਹੈ। ਸਾਗਵਾਨ ਦੇ ਰੁੱਖਾਂ 'ਤੇ ਨਿੱਕੇ-ਨਿੱਕੇ ਬੇਸ਼ੁਮਾਰ ਬੂਰ-ਨੁਮਾ ਫੁੱਲ ਆਪਣੇ ਵੱਲ ਧਿਆਨ ਖਿੱਚਦੇ ਹਨ। ਇਸ ਮੌਸਮ ਵਿਚ ਨਮੀ ਕਾਫੀ ਹੁੰਦੀ ਹੈ ਅਤੇ ਅੱਗੋਂ ਅੱਸੂ-ਕੱਤਕ ਦੇ ਮਹੀਨੇ ਪੁੰਗਰਨ ਦੇ ਅਨੁਕੂਲ ਵੀ ਹੁੰਦੇ ਹਨ, ਇਸ ਲਈ ਭਾਦੋਂ ਦੇ ਅਖੀਰ ਵਿਚ ਵਣ-ਮਹਾਂਉਤਸਵ ਮਨਾਇਆ ਜਾਂਦਾ ਹੈ।

ਸੋ, ਇਸ ਤਰ੍ਹਾਂ ਭਾਦੋਂ ਮਹੀਨੇ ਵਿਚ ਜਿੱਥੇ ਮੱਛਰ-ਮੱਖੀ, ਸੱਪ-ਸਪੋਲੀਏ ਕੁਦਰਤ ਦੇ ਵਿਰੋਧੀ ਰੂਪ ਨੂੰ ਦਰਸਾਉਂਦੇ ਹਨ, ਉਥੇ ਫਸਲਾਂ ਦੀ ਖੂਬਸੂਰਤੀ ਚੰਗੇ ਭਵਿੱਖ ਦੀ ਸੰਭਾਵਨਾ ਵੀ ਉਜਾਗਰ ਕਰਦੀ ਹੈ। ਇਸ ਮਹੀਨੇ ਦਾ ਲਿਖਾਰੀਆਂ ਵੱਲੋਂ ਕੀਤਾ ਗਿਆ ਵਰਣਨ ਅਤੇ ਕੁਦਰਤ-ਚਿਤਰਣ ਖਾਸ ਜ਼ਿਕਰਯੋਗ ਨਹੀਂ, ਪ੍ਰੰਤੂ ਗੁਰੂ ਨਾਨਕ ਦੇਵ ਵੱਲੋਂ ਇਸ ਮਹੀਨੇ ਦਾ ਕੀਤਾ ਵਰਣਨ ਕਮਾਲ ਦਾ ਹੈ, ਜਿੱਥੋਂ ਪਤਾ ਲਗਦਾ ਹੈ ਕਿ ਵਾਕਿਆ ਹੀ ਗੁਰੂ ਜੀ ਕੁਦਰਤ ਦੇ ਕਵੀ ਸਨ। ਜਿੰਨੀ ਨੀਝ ਨਾਲ ਉਨ੍ਹਾਂ ਕੁਦਰਤ ਨੂੰ ਵੇਖਿਆ ਹੈ, ਪਰਖਿਆ ਹੈ, ਮਾਣਿਆ ਹੈ ਅਤੇ ਬਿਆਨਿਆ ਹੈ, ਉਸ ਦਾ ਕੋਈ ਮੁਕਾਬਲਾ ਨਹੀਂ:

ਭਾਦਉ ਭਰਮ ਭੁਲੀ
ਭਰਿ ਜੋਬਨਿ ਪਛੁਤਾਣੀ॥
ਜਲ ਥਲ ਨੀਰਿ ਭਰੇ
ਬਰਸ ਰੁਤੇ ਰੰਗ ਮਾਣੀ॥
ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ
ਦਾਦਰ ਮੋਰ ਲਵੰਤੇ॥
ਪ੍ਰਿਉ ਪ੍ਰਿਉ ਚਵੈ ਬੰਬੀਹਾ ਬੋਲੇ
ਭੁਇਅੰਗਮ ਫਿਰਹਿ ਡਸੰਤੇ॥
ਮਛਰ ਡੰਗ ਸਾਇਰ ਭਰ ਸੁਭਰ
ਬਿਨੁ ਹਰਿ ਕਿਉ ਸੁਖੁ ਪਾਈਐ॥
ਨਾਨਕ ਪੂਛਿ ਚਲਉ ਗੁਰ ਅਪਨੇ
ਜਹ ਪ੍ਰਭ ਤਹ ਹੀ ਜਾਈਐ॥

ਜਿਨ੍ਹਾਂ ਜੀਵਾਂ ਦਾ ਨਾਂ ਤੇ ਜ਼ਿਕਰ ਇਸ ਰਚਨਾ ਵਿਚ ਕੀਤਾ ਗਿਆ ਹੈ, ਸ਼ਾਇਦ ਹੀ ਕਿਸੇ ਹੋਰ ਰਚਨਾ ਵਿਚ ਹੋਇਆ ਹੋਵੇ। ਇਸ ਸ੍ਰਿਸ਼ਟੀ ਵਿਚ ਮੋਰ ਤੇ ਬੰਬੀਹੇ ਵੀ ਹਨ; ਸੱਪ ਤੇ ਮੱਛਰ ਵੀ ਹਨ, ਜਿਨ੍ਹਾਂ ਤੋਂ ਮਨੁੱਖ ਨੂੰ ਕਿਸੇ ਭਲੇ ਦੀ ਆਸ ਨਹੀਂ, ਫਿਰ ਵੀ ਉਹ ਇਸ ਸੰਸਾਰ ਵਿਚ ਜਿਉਣ ਦੇ ਬਰਾਬਰ ਦੇ ਹੱਕਦਾਰ ਹਨ। ਬੱਸ ਇਹੀ ਤਾਂ ਕੁਦਰਤ ਦਾ ਰਹੱਸ ਹੈ। ਉਸ ਰੱਬੀ ਤਾਕਤ ਨੇ ਇਹ ਸੰਸਾਰ ਕਿਤੇ ਸਿਰਫ ਮਨੁੱਖ ਲਈ ਹੀ ਤਾਂ ਨਹੀਂ ਬਣਾਇਆ।



ਭਾਦੋਂ ਦੇ ਮਹੀਨੇ ਜਨਮ ਅਸ਼ਟਮੀ ਦਾ ਦਿਹਾੜਾ ਆਉਂਦਾ ਹੈ। ਇਸ ਦਿਨ ਭਗਵਾਨ ਕ੍ਰਿਸ਼ਨ ਦਾ ਅਵਤਾਰ ਦਿਹਾੜਾ ਮਨਾਇਆ ਜਾਂਦਾ ਹੈ। ਜਿਵੇਂ ਕਿ ਨਾਂ ਤੋਂ ਹੀ ਜਾਹਰ ਹੈ, ਇਹ ਦਿਹਾੜਾ ਪੁੰਨਿਆ ਤੋਂ ਅੱਠਵੇਂ ਦਿਨ ਬਾਅਦ ਆਉਂਦਾ ਹੈ। ਪੁੰਨਿਆ ਵਾਲੇ ਦਿਨ ਰੱਖੜੀ ਹੁੰਦੀ ਹੈ। ਕਈ ਵਾਰ ਜਨਮ ਅਸ਼ਟਮੀ ਸਾਉਣ ਵਿਚ ਵੀ ਆ ਜਾਂਦੀ ਹੈ, ਇਸ ਦਾ ਕਾਰਨ ਚੰਦ ਮਹੀਨੇ ਅਤੇ ਗੌਣ ਚੰਦ ਮਹੀਨੇ ਦਾ ਫਰਕ ਹੋ ਸਕਦਾ ਹੈ। ਜਨਮ ਅਸ਼ਟਮੀ 'ਤੇ ਕਈ ਥਾਂਈਂ ਭਗਵਾਨ ਕ੍ਰਿਸ਼ਨ ਦੇ ਜੀਵਨ ਸਬੰਧੀ ਕ੍ਰਿਸ਼ਨ ਲੀਲਾ ਵੀ ਲੱਗਦੀ ਹੈ। ਉਂਜ ਅੱਜ ਕੱਲ ਸ਼ਹਿਰਾਂ ਵਿਚ ਕਈ ਕਿਸਮ ਦੀਆਂ ਝਾਕੀਆਂ ਕੱਢੀਆਂ ਜਾਂਦੀਆਂ ਹਨ। ਆਧੁਨਿਕ ਤਕਨੀਕ ਨੇ ਇਨ੍ਹਾਂ ਝਾਕੀਆਂ ਨੂੰ ਕਾਫੀ ਹੱਦ ਤੱਕ ਜੀਵੰਤ ਕਰ ਦਿੱਤਾ ਹੈ। ਇਸ ਦਿਨ ਮੰਦਿਰ ਸਜਾਏ ਜਾਂਦੇ ਹਨ ਅਤੇ ਰਾਤ ਨੂੰ ਕ੍ਰਿਸ਼ਨ ਪੂਜਾ ਕੀਤੀ ਜਾਂਦੀ ਹੈ। ਇਸ ਦਿਨ ਦੀ ਪੂਜਾ ਦਾ ਵਿਸ਼ੇਸ਼ ਮਹੱਤਵ ਸਮਝਿਆ ਜਾਂਦਾ ਹੈ। ਜਿਵੇਂ ਭਗਵਾਨ ਕ੍ਰਿਸ਼ਨ ਨੇ ਅਵਤਾਰ ਧਾਰ ਕੇ ਆਪਣੇ ਮਾਤਾ-ਪਿਤਾ ਨੂੰ ਜੇਲ੍ਹ ਬੰਧਨ ਤੋਂ ਮੁਕਤ ਕਰਾਇਆ ਸੀ, ਇਸੇ ਤਰ੍ਹਾਂ ਉਮੀਦ ਕੀਤੀ ਜਾਂਦੀ ਹੈ ਕਿ ਸ਼ਰਧਾ ਤੇ ਵਿਸ਼ਵਾਸ ਸਹਿਤ ਕੀਤੀ ਤਪੱਸਿਆ ਭਗਤਾਂ ਨੂੰ ਦੁਖ-ਮੁਕਤ ਕਰੇਗੀ।

ਭਾਦੋਂ ਦੀ ਚਾਨਣੀ ਚੌਦਸ ਨੂੰ ਲੁਧਿਆਣਾ-ਮਲੇਰਕੋਟਲਾ ਸੜਕ ਉਪਰ ਲੁਧਿਆਣੇ ਤੋਂ 31-32 ਕਿਲੋਮੀਟਰ ਦੂਰ ਪਿੰਡ ਛਪਾਰ ਵਿਖੇ ਵੱਡਾ ਭਾਰਾ ਮੇਲਾ ਲੱਗਦਾ ਹੈ। ਇਹ ਮੇਲਾ ਗੁੱਗੇ ਪੀਰ ਦੀ ਪੂਜਾ ਨੂੰ ਸਮਰਪਿਤ ਹੈ। ਇਸ ਮੇਲੇ ਵਿਚ ਹਰ ਧਰਮ ਅਤੇ ਜਾਤ ਦੇ ਲੋਕ ਇਕੱਠੇ ਹੋ ਕੇ ਆਪਣੀ ਮੰਨਤ ਮੰਗਣ ਤੇ ਸੁੱਖਣਾ ਲਾਹੁਣ ਆਉਂਦੇ ਹਨ। ਮੰਨਤ ਸੋ ਮੰਨਤ, ਇਸ ਮੇਲੇ 'ਤੇ ਮਲਵਈ ਗਿੱਧਾ ਵੇਖਣ ਲਾਇਕ ਹੁੰਦਾ ਹੈ ਜੋ ਮੁੰਡਿਆਂ ਦੀਆਂ ਢਾਣੀਆਂ ਪਾਉਂਦੀਆਂ ਹਨ। ਮੁੰਡਿਆਂ ਦੀਆਂ ਢਾਣੀਆਂ ਦਾ ਗਿੱਧੇ ਅਤੇ ਬੋਲੀਆਂ ਦਾ ਖੂਬ ਮੁਕਾਬਲਾ ਹੁੰਦਾ ਹੈ। ਇਹ ਬੋਲੀਆਂ ਸਾਡੇ ਪੰਜਾਬੀ ਲੋਕ ਸਾਹਿਤ ਦਾ ਅਹਿਮ ਹਿੱਸਾ ਬਣ ਗਈਆਂ ਹਨ। ਗਰਮੀ ਦੇ ਇਸ ਮੌਸਮ ਵਿਚ ਭੰਗੜੇ ਦੇ ਮੁਕਾਬਲਿਆਂ ਵਿਚ ਹਿੱਸਾ ਲੈਣਾ ਸੂਰਬੀਰਾਂ ਦਾ ਹੀ ਕੰਮ ਹੈ:

ਆਰੀ...ਆਰੀ...ਆਰੀ
ਮੇਲਾ ਛਪਾਰ ਲੱਗਦਾ
ਜਿਹੜਾ ਲੱਗਦਾ ਜਗਤ ਤੋਂ ਭਾਰੀ
ਮੈਂ ਤਾਂ ਮੇਲੇ ਵਿਚ ਆ ਗਿਆ
ਕਰਕੇ ਖੂਬ ਤਿਆਰੀ
ਲੋਹਟ ਬੱਲੀ ਮੈਂ ਸਾਇਕਲ ਖੜ੍ਹਾ'ਤਾ
ਉਥੋਂ ਬੈਠ ਗਿਆ ਲਾਰੀ
ਮੇਲੇ ਦੇ ਵਿਚ ਆ ਕੇ ਵੀਰਨੋ
ਪੀਤੀ ਚਾਹ ਕਰਾਰੀ
ਚਾਹ ਤਾਂ ਪੀ ਕੇ ਹੋਏ 'ਕੱਠੇ
ਕੀਤੀ ਬੋਲੀਆਂ ਪਾਉਣ ਦੀ ਤਿਆਰੀ
ਝਾਕਾ ਅੱਡਿਆਂ 'ਤੇ
ਦੇ 'ਗੀ ਲੋਹੜਿਆਂ ਮਾਰੀ।

ਪੰਜਾਬੀ ਦੇ ਇਨ੍ਹਾਂ ਮੇਲਿਆਂ ਦਾ ਮੁਢਲਾ ਇਤਿਹਾਸ ਕੀ ਸੀ, ਇਹ ਤਾਂ ਕਿਸੇ ਨੂੰ ਨਹੀਂ ਪਤਾ, ਪਰ ਪੰਜਾਬੀਆਂ ਲਈ ਇਹ ਮੇਲੇ ਜੀਵਨ ਦਾ ਇਕ ਜ਼ਰੂਰੀ ਹਿੱਸਾ ਹਨ। ਰੌਣਕ ਮਿਲ ਜਾਂਦੀ ਹੈ, ਸਾਥ ਮਿਲ ਜਾਂਦਾ ਹੈ, ਅੱਖ-ਮਟੱਕਾ ਕਰਨ ਦਾ ਮੌਕਾ ਮਿਲ ਜਾਂਦਾ ਹੈ ਅਤੇ ਕਈ ਉਹ ਪਦਾਰਥ ਖਾਣ ਨੂੰ ਮਿਲ ਜਾਂਦੇ ਹਨ ਜੋ ਘਰ ਅਕਸਰ ਨਹੀਂ ਬਣਾਏ ਜਾ ਸਕਦੇ। ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਨੂੰ ਵੀ ਅਜਿਹੇ ਮੇਲਿਆਂ 'ਤੇ ਬੁਲਾ ਲਿਆ ਜਾਂਦਾ ਹੈ। ਕਈ ਵਾਰੀ ਕੁੜੀ ਜਾਂ ਮੁੰਡੇ ਦੇ ਰਿਸ਼ਤੇ ਲਈ ਚੋਰੀ-ਚੋਰੀ ਵੇਖਣ-ਵਿਖਾਉਣ ਦਾ ਕੰਮ ਵੀ ਅਜਿਹੇ ਮੇਲਿਆਂ 'ਤੇ ਸਹਿਜੇ ਹੀ ਹੋ ਜਾਂਦਾ ਹੈ। ਖੇਤੀਬਾੜੀ ਦੇ ਕਈ ਸੰਦ ਵੀ ਅਜਿਹੇ ਮੌਕਿਆਂ 'ਤੇ ਵਿਕਣੇ ਆਏ ਹੁੰਦੇ ਹਨ।

ਭਾਵੇਂ ਮੌਸਮ ਪੱਖੋਂ ਭਾਦੋਂ ਦਾ ਮਹੀਨਾ ਜੇਠ-ਹਾੜ ਤੋਂ ਵੀ ਬੁਰਾ ਹੁੰਦਾ ਹੈ ਅਤੇ ਮੇਲ-ਮਿਲਾਪ ਦੇ ਅਨੁਕੂਲ ਨਹੀਂ ਹੁੰਦਾ, ਫਿਰ ਵੀ ਪਤਾ ਨਹੀਂ ਕਿਉਂ ਤੇ ਕਿਵੇਂ ਸਾਉਣ ਮਹੀਨੇ ਦੀਆਂ ਤੀਆਂ ਤੋਂ ਬਾਅਦ ਭਾਦੋਂ ਵਿਚ ਮੁਕਲਾਵਾ ਤੋਰਨ ਦਾ ਰਿਵਾਜ ਤੁਰਿਆ ਆਉਂਦਾ ਹੈ। ਇਸ ਰਿਵਾਜ ਦਾ ਇਕ ਕਾਰਨ ਤਾਂ ਇਹ ਹੋ ਸਕਦਾ ਹੈ ਕਿ ਤੀਆਂ ਤੋਂ ਬਾਅਦ ਅਕਾਰਨ ਇਕ ਹੋਰ ਮਹੀਨਾ ਕੁੜੀ ਨੂੰ ਘਰ ਰੱਖਣਾ ਠੀਕ ਨਹੀਂ ਲੱਗਦਾ ਕਿਉਂਕਿ ਉਸ ਨੇ ਨਵੇਂ ਘਰ ਜਾ ਕੇ ਵੱਸਣਾ ਹੁੰਦਾ ਹੈ ਅਤੇ ਘਰ ਦੇ ਕਾਰਜ ਵੀ ਕਰਨੇ-ਸੰਵਾਰਨੇ ਹੁੰਦੇ ਹਨ। ਖੈਰ! ਕਾਰਨ ਕੋਈ ਵੀ ਹੋਵੇ, ਪਰ ਅਕਸਰ ਕਹਿੰਦੇ:

ਤੀਆਂ ਸਾਉਣ ਦੀਆਂ ਭਾਦੋਂ ਦੇ ਮੁਕਲਾਵੇ।

ਲੋਕ ਬੋਲੀਆਂ ਵਿਚ ਵੀ ਹੀਰ ਦੇ ਮੁਕਲਾਵੇ ਦਾ ਜ਼ਿਕਰ ਹੈ:

ਭਾਦੋਂ ਦਾ ਹੀਰ ਦਾ ਧਰਿਆ ਮੁਕਲਾਵਾ
ਉਸ ਨੂੰ ਖਬਰ ਨਾ ਕਾਈ।
ਮਹਿੰਦੀ ਸ਼ਗਨਾਂ ਦੀ
ਚੜ੍ਹ ਗਈ ਦੂਣ ਸਵਾਈ।

ਹੌਲੀ ਹੌਲੀ ਭਾਦੋਂ ਵੀ ਆਪਣਾ ਸਮਾਂ ਵਿਹਾ ਲੈਂਦਾ ਹੈ। ਅੱਗੋਂ ਅੱਸੂ ਗੁਲਾਬੀ ਠੰਡ ਦੀ ਰੁੱਤ ਦਾ ਮਹੀਨਾ ਮੰਨਿਆ ਜਾਂਦਾ ਹੈ। ਪੰਜਾਬੀ ਇਸ ਰੁੱਤ ਨੂੰ ਬੜੀ ਤਾਂਘ ਨਾਲ ਉਡੀਕਦੇ ਹਨ ਕਿਉਂਕਿ ਉਸ ਦੇ ਆਉਣ ਨਾਲ ਅੱਗੋਂ ਛੇ ਮਹੀਨੇ ਦੀ ਸੁਹਾਵਣੀ ਤੇ ਸਮਾਗਮੀ ਰੁੱਤ ਸ਼ੁਰੂ ਹੋ ਜਾਂਦੀ ਹੈ।

### ਸੋਚਦਾ ਹਾਂ

ਕਿੰਨਾ ਕੁਝ ਮੈਂ ਗਵਾ ਲਿਆ ਏ
ਇੱਕ ਓਹਦੀ ਯਾਦ 'ਚ।
ਭਾਵੇਂ ਓਹਨੇ ਜ਼ਿਕਰ ਵੀ ਨਾ
ਕਦੇ ਕੀਤਾ ਹੋਣੈ ਖਵਾਬ 'ਚ।
ਜਿਵੇਂ ਭੁੱਲ ਗਈ ਏ ਉਹ
ਨਾਂ ਸਾਹਾਂ 'ਚੋਂ ਤੂੰ ਵੀ ਕੱਢ ਦੇਹ।
ਸੋਚਦਾ ਹਾਂ ਤੂੰ ਵੀ ਦਿਲਾ
ਲਾਉਣੀ ਦਿਲ ਉਤੇ ਛੱਡ ਦੇਹ।

ਹੋਇਆ ਕੀ ਜੇ ਜਸ਼ਨ
ਮਨਾ ਗਈ ਸਾਡੀ ਹਾਰ ਦਾ।
ਅਸੀਂ ਤਾਂ ਮੁੱਲ ਚੁਕਾਇਆ
ਕੀਤੇ ਓਹਦੇ ਨਾਲ 'ਕਰਾਰ ਦਾ।
ਵਫਾਦਾਰੀ ਕਰੇ ਜੋ ਉਹਦੇ ਲਈ
ਅਸੂਲ ਸਦਾ ਇਹੀ ਹੁੰਦੇ ਜੱਗ ਦੇ।
ਸੋਚਦਾ ਹਾਂ ਤੂੰ ਵੀ ਹੁਣ ਦਿਲਾ
ਲਾਉਣੀ ਦਿਲ ਉਤੇ ਛੱਡ ਦੇਹ।

ਜਿਨ੍ਹਾਂ ਨੂੰ ਸਿਖਾਇਆ ਅਸੀਂ
ਹੱਥ ਫੜ੍ਹ ਅੱਗੇ ਤੁਰਨਾ।
ਬਦਲੇ 'ਚ ਉਹੀ ਦੇ ਗਏ
ਨੈਣਾਂ ਨੂੰ ਹੰਝੂਆਂ ਦਾ ਸੁਰਮਾ।
ਲੋਕੀਂ ਮਾਣਦੇ ਨੇ ਛਾਂਵਾਂ ਜਿੱਥੇ
ਰੁੱਖ ਹੱਥੀਂ ਉਹੋ ਵੱਢ ਦੇਹ।
ਸੋਚਦਾ ਹਾਂ ਤੂੰ ਵੀ ਦਿਲਾ
ਲਾਉਣੀ ਦਿਲ ਉਤੇ ਛੱਡ ਦੇਹ।

*-ਬਲਜਿੰਦਰ ਆਲੀਕੇ*
*ਫੋਨ: 91-94645-62678*

## ਕਾਵਿ-ਵਿਅੰਗ

### ਪੇਪਰ ਮੈਥ ਦਾ

ਰੌਲਾ ਪੈ ਗਿਆ ਵਟਸ ਦੇ ਐਪ ਉਪਰ,
ਗੱਲ ਗਈ ਅਖਬਾਰਾਂ ਦੇ ਤੀਕ ਮੀਆਂ।
ਪੇਪਰ ਮੈਥ ਦਾ ਮਿੱਥੀ ਮਿਆਦ ਨਾਲੋਂ,
ਪੈਕਟਾਂ ਵਿਚੋਂ ਹੈ ਹੋ ਗਿਆ ਲੀਕ ਮੀਆਂ।

ਕੰਮ ਹੈ ਨਹੀਂ ਨਿਰੋਲ ਬਿਗਾਨਿਆਂ ਦਾ,
ਹੋਣਗੇ ਆਪਣੇ ਵੀ ਕੁਝ ਸ਼ਰੀਕ ਮੀਆਂ।
ਬੋਰਡ ਕਰਦਾ ਸਖਤ ਪ੍ਰਬੰਧ 'ਚੋਹਲਾ',
ਕਰਨ ਵਾਲੇ ਕਰ ਦਿੰਦੇ ਨੇ ਵੀਕ ਮੀਆਂ।

*-ਰਮੇਸ਼ ਬੱਗਾ ਚੋਹਲਾ*
*ਫੋਨ: 91-94631-32719*

# ਹੰਭ ਗਏ ਦਰਿਆ

***ਪੰਜਾਬ ਵਿਚ ਜਦੋਂ ਦੀ ਝੋਨੇ ਦੀ ਫਸਲ ਆਈ ਹੈ, ਪਾਣੀ ਦਾ ਪੱਧਰ ਹੇਠਾਂ ਹੀ ਹੇਠਾਂ ਜਾ ਰਿਹਾ ਹੈ। ਅਜਿਹੇ ਵਿਚ ਇਹ ਚਿੰਤਾ ਸਮਝਦਾਰ ਲੋਕਾਂ ਨੂੰ ਸਤਾ ਰਹੀ ਹੈ ਕਿ ਭਵਿੱਖ ਵਿਚ ਪੰਜਾਬ ਦਾ ਬਣੇਗਾ ਕੀ? ਇਸ ਵਰਤਾਰੇ ਦੇ ਦੂਰ ਰਸੀ ਨਤੀਜੇ ਕੀ ਹੋਣਗੇ? ਇਸ ਸਭ ਲਈ ਜ਼ਿੰਮੇਵਾਰ ਕੌਣ ਹੈ? ਇਨ੍ਹਾਂ ਹੀ ਮੁੱਦਿਆਂ 'ਤੇ ਵਿਚਾਰ ਲੇਖਕ ਡਾ. ਮਲਕੀਅਤ ਸਿੰਘ ਸੈਣੀ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

**ਡਾ. ਮਲਕੀਅਤ ਸਿੰਘ ਸੈਣੀ***
**ਫੋਨ: 91-94171-20251**

ਜੇਠ ਮਹੀਨੇ ਦੀ ਸਿਖਰ ਦੁਪਹਿਰ ਜਦੋਂ ਧਰਤੀ 'ਤੇ ਸੂਰਜ ਦੇ ਪੈਰ ਸੜਦੇ ਹਨ, ਜਦੋਂ ਆਤਸ਼ ਦੇ ਦਰਿਆ ਵਿਚ ਹੜ੍ਹ ਜਾਣ ਦੇ ਡਰੋਂ ਤਮਾਮ ਜ਼ਿੰਦਗੀ ਖਲ ਖੂੰਜਿਆਂ ਤੇ ਕੁੱਛਾਂ ਕੂੰਦਰਾਂ ਵਿਚ ਦੁਬਕ ਜਾਂਦੀ ਹੈ, ਜਦੋਂ ਜੰਡਾਂ ਕਰੀਰਾਂ ਦੀਆਂ ਆਕੜੀਆਂ ਧੌਣਾਂ ਧਰਤੀ ਵੱਲ ਝੁੱਕ ਕੇ ਜ਼ਿੰਦਗੀ ਦੀ ਭੀਖ ਮੰਗਦੀਆਂ ਹਨ, ਜਦੋਂ ਲੂ ਨਾਲ ਲਾਲ ਹੋਏ ਲੋਹੇ ਨੂੰ ਚੰਡਣ ਲਈ ਭੱਠੀ ਦੀ ਲੋੜ ਨਹੀਂ ਪੈਂਦੀ ਤੇ ਨਦੀਆਂ ਵਿਚ ਨਹਾਉਂਦੇ ਪੱਥਰਾਂ ਨੂੰ ਵੀ ਪਸੀਨਾ ਆਉਂਦਾ ਹੈ, ਜੇ ਉਦੋਂ ਪੰਜਾਬ ਇਕ ਮਹਾਂ ਝੀਲ ਦਾ ਰੂਪ ਧਾਰਦਾ ਹੈ ਤਾਂ ਇਹ ਅਣਹੋਣੀ ਨਹੀਂ ਤਾਂ ਹੋਰ ਕੀ ਹੈ? ਅਜਿਹੀ ਅਣਹੋਣੀ, ਜਿਸ ਨੇ ਦੁਨੀਆਂ ਦੇ ਇਕ ਘੁੱਗ ਵਸਦੇ ਸਰਸਬਜ਼ ਤੇ ਜ਼ਰਖੇਜ਼ ਖਿੱਤੇ ਨੂੰ ਮਾਰੂਥਲ ਬਣਨ ਵਲ ਧੱਕ ਦਿੱਤਾ ਹੈ; ਉਹ ਅਣਹੋਣੀ, ਜਿਸ ਨੇ ਜ਼ਿੰਦਗੀ ਨੂੰ ਪਾਣੀ ਦੀਆਂ ਚੰਦ ਬੂੰਦਾਂ ਸੰਗ ਸਾਵੀਂ ਤੁਲਣ ਲਈ ਮਜਬੂਰ ਕਰ ਦਿੱਤਾ ਹੈ; ਉਹ ਅਣਹੋਣੀ, ਜਿਸ ਨੇ ਹਰ ਚੇਤੰਨ ਤੇ ਸੋਚਵਾਨ ਸ਼ਖਸ ਨੂੰ ਮੱਥੇ 'ਤੇ ਹੱਥ ਰੱਖ ਕੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ; ਉਹ ਅਣਹੋਣੀ, ਜਿਸ ਨੇ ਸਦੀਆਂ ਤੋਂ ਜ਼ਿੰਦਗੀ ਦੀ ਪਿਆਸ ਬੁਝਾਉਂਦੇ ਪਾਣੀ ਦੇ ਲੱਖਾਂ ਸੋਮਿਆਂ ਦੇ ਗਲੇ ਖੁਸ਼ਕ ਕਰ ਦਿੱਤੇ ਹਨ, ਇਹ ਵਰਤਾਰਾ ਹਰ ਸਾਲ ਵਾਪਰਦਾ ਹੈ, ਅਰਬਾਂ ਲਿਟਰ ਸਾਫ-ਸੁਥਰਾ ਪਾਣੀ ਸਮੁੱਚੇ ਪੰਜਾਬ ਨੂੰ ਦਲਦਲ ਵਾਲੀ 29 ਲੱਖ ਹੈਕਟੇਅਰ ਵਿਚ ਫੈਲੀ ਮਹਾਂ ਝੀਲ ਵਿਚ ਤਬਦੀਲ ਕਰਨ ਲਈ ਗਰਕ ਕਰ ਦਿੱਤਾ ਜਾਂਦਾ ਹੈ; ਆਖਰ ਮੁਫਤ ਜੋ ਮਿਲਿਆ ਹੈ, ਨਾ ਕੋਈ ਰੋਕ-ਟੋਕ, ਨਾ ਕੋਈ ਖਸਮ-ਖਸਾਈ।

ਦਰਅਸਲ ਜਿੰਨਾ ਚਿਰ ਕੋਈ ਚੀਜ਼ ਲੋੜ ਤੋਂ ਵੱਧ ਤੇ ਮੁਫਤ ਮਿਲਦੀ ਹੋਵੇ, ਓਨਾ ਚਿਰ ਉਸ ਦੀ ਕੀਮਤ ਦਾ ਅਹਿਸਾਸ ਹੀ ਨਹੀਂ ਹੁੰਦਾ। ਕਿਸੇ ਚੀਜ਼ ਦੀ ਗੁਣਵੱਤਾ ਉਸ ਦੀ ਅਣਹੋਂਦ, ਉਸ ਦੀ ਘਾਟ ਅਤੇ ਕੀਮਤ ਹੀ ਤੈਅ ਕਰਦੀਆਂ ਹਨ। ਅੱਜ ਜੇ ਸਾਫ-ਸੁਥਰੇ ਪਾਣੀ ਦੀ ਵਰਤੋਂ 'ਤੇ ਕੋਈ ਪਾਬੰਦੀ ਜਾਂ ਕੋਈ ਹੱਦ ਮਿਥ ਦਿੱਤੀ ਜਾਵੇ ਤਾਂ ਕਲ੍ਹ ਨੂੰ ਹੀ ਇਸ ਦੇ ਮਹੱਤਵ ਦਾ ਪਤਾ ਲੱਗ ਜਾਏਗਾ। ਪਰ ਬਿੱਲੀ ਗਲ ਟੱਲੀ ਬੰਨੇ ਕੌਣ? ਪੰਜਾਬ ਨੂੰ ਝੀਲ ਬਣਾਉਣ ਲਈ ਦਿਨ ਰਾਤ 16 ਲੱਖ ਟਿਊਬਵੈਲ ਚਲਦੇ ਹਨ। ਕੋਈ ਸਵਿਚ ਆਨ-ਆਫ ਨਹੀਂ ਕਰਦਾ, ਕੋਈ ਮੋਢੇ 'ਤੇ ਕਹੀ ਰੱਖ ਕੇ ਰਾਤ ਦੇ ਹਨੇਰੇ ਵਿਚ ਨੱਕੇ ਨਹੀਂ ਮੋੜਦਾ, ਚਿੱਕੜ ਵਿਚ ਪੈਰ ਨਹੀਂ ਲਿਬੇੜਦਾ, ਸੱਪਾਂ ਦੀਆਂ ਸਿਰੀਆਂ ਨਹੀਂ ਮਿੱਧਦਾ। ਜਦੋਂ ਬਿਜਲੀ ਆਉਂਦੀ ਹੈ, ਟਿਊਬਵੈਲ ਆਪਣੇ ਆਪ ਚਲ ਪੈਂਦਾ ਹੈ ਤੇ ਜਦੋਂ ਬਿਜਲੀ ਜਾਂਦੀ ਹੈ, ਬੰਦ ਹੋ ਜਾਂਦਾ ਹੈ। ਜਦੋਂ ਸਭ ਕੁਝ ਹੈ ਹੀ ਫਰੀ ਤਾਂ ਫਿਰ ਸਰਫਾ ਕਾਹਦਾ? ਜੂਨ ਮਹੀਨੇ ਤੋਂ ਸ਼ੁਰੂ ਹੋ ਕੇ ਕਰੀਬ 3 ਮਹੀਨੇ ਇਹ ਹਵਾੜਾਂ ਤੇ ਭਾਫਾਂ ਉਗਲਦੀ ਝੀਲ ਜਿਉਂ ਦੀ ਤਿਉਂ ਬਰਕਰਾਰ ਰਹਿੰਦੀ ਹੈ। ਹਜ਼ਾਰਾਂ ਟਿਊਬਵੈਲ ਤੇ ਨਹਿਰਾਂ ਲਗਾਤਾਰ ਇਹਦਾ ਢਿੱਡ ਭਰਦੀਆਂ ਰਹਿੰਦੀਆਂ ਹਨ, ਪਰ ਇਸ ਦੀ ਪਿਆਸ ਬੁਝਦੀ ਹੀ ਨਹੀਂ। ਇਹ ਝੀਲ ਕੋਈ ਆਮ ਝੀਲਾਂ ਵਰਗੀ ਝੀਲ ਨਹੀਂ। ਨਾ ਤਾਂ ਇਸ ਵਿਚ ਕੰਵਲ ਦੇ ਫੁੱਲ ਖਿੜਦੇ ਹਨ ਤੇ ਨਾ ਹੀ ਪਰਵਾਸੀ ਪੰਛੀ ਡੁਬਕੀਆਂ ਲਾਉਂਦੇ ਹਨ, ਨਾ ਮੱਛੀਆਂ ਦਾ ਵਾਸਾ ਹੈ ਤੇ ਨਾ ਹੀ ਇਸ ਦੀ ਸਤਹਾ 'ਤੇ ਕਾਈ ਮੌਲਦੀ ਹੈ। ਇਸ ਮੌਸਮੀ ਝੀਲ ਵਿਚ ਸਿਰਫ ਜੀਰੀ (ਝੋਨੇ) ਦੇ ਪੌਦੇ ਮੌਲਦੇ ਹਨ। ਸੁਭਾਓ ਪੱਖੋਂ ਅਸਲ ਵਿਚ ਤਾਂ ਇਹ ਪੌਦੇ ਦਲਦਲੀ ਇਲਾਕਿਆਂ ਵਿਚ ਉਗਣ ਤੇ ਮੌਲਣ ਨੂੰ ਤਰਜੀਹ ਦਿੰਦੇ ਹਨ, ਜਿੱਥੇ ਪਾਣੀ ਦੀ ਕੋਈ ਕਮੀ ਨਾ ਹੋਵੇ ਤੇ ਮੀਂਹ ਲਗਾਤਾਰ ਪੈਂਦੇ ਰਹਿਣ। ਸਾਡਾ ਪੂਰਬੀ, ਦੱਖਣੀ ਤੇ ਮੱਧ ਭਾਰਤ ਇਸ ਪੱਖੋਂ ਝੋਨੇ ਦੀ ਫਸਲ ਲਈ ਕਾਫੀ ਮੁਫੀਦ ਹੈ। ਪਰ ਪੰਜਾਬੀਆਂ ਨੇ ਸੋਚਿਆ ਕਿ ਅਸੀਂ ਕਿਹਦੇ ਤੋਂ ਘੱਟ ਹਾਂ। ਅਸੀਂ ਜਿੱਥੇ ਤੇ ਜਦੋਂ ਜੋ ਜੀਅ ਚਾਹੇ ਕਰ ਦੇਈਏ। ਬੰਜਰ ਤੇ ਖੁਸ਼ਕ ਇਲਾਕੇ ਨੂੰ ਦਲਦਲ ਵਿਚ ਬਦਲ ਦਈਏ। ਨਹੀਂ ਮੀਂਹ ਪੈਂਦੇ ਜਾਂ ਘੱਟ ਪੈਂਦੇ ਹਨ ਤਾਂ ਵੀ ਕੀ?

ਸੋ, ਬਲਿਹਾਰੇ ਜਾਈਏ ਇਥੋਂ ਦੇ ਕਿਸਾਨਾਂ ਦੇ, ਸਦਕੇ ਇਥੋਂ ਦੀਆਂ ਸਰਕਾਰਾਂ ਦੇ ਅਤੇ ਆਫਰੀਨ ਇਥੋਂ ਦੇ ਖੇਤੀਬਾੜੀ ਮਹਿਕਮੇ ਤੇ ਮਾਹਰਾਂ ਦੇ ਜਿਨ੍ਹਾਂ ਨੇ ਰਲ ਕੇ ਸਮੁੱਚੇ ਪੰਜਾਬ ਨੂੰ ਦਲਦਲ ਵਿਚ ਤਬਦੀਲ ਕਰ ਦਿੱਤਾ। ਲੋਹੜਾ ਸਾਈਂ ਦਾ ਕਿ ਉਸ ਵਕਤ ਕਿਸੇ ਇਹ ਨਾ ਸੋਚਿਆ ਕਿ ਇਸ ਮਹਾਨ ਕਾਰਨਾਮੇ ਦੇ ਦੂਰ ਵਰਤੀ ਪ੍ਰਭਾਵ ਕੀ ਹੋਣਗੇ? ਇਸ ਖਿੱਤੇ ਦੀ ਜੈਵਿਕ ਵਿਭਿੰਨਤਾ ਦਾ ਭਵਿੱਖ ਕੀ ਹੋਵੇਗਾ? ਇਸ ਖਿੱਤੇ ਦੀ ਛੇ ਰੁੱਤਾਂ ਵਾਲੀ ਆਬੋ ਹਵਾ ਦਾ ਕੀ ਬਣੇਗਾ? ਜੰਗਲ ਕੱਟੇ ਜਾਣ 'ਤੇ ਵਾਤਾਵਰਣ ਦੇ ਕੁਦਰਤੀ ਸੰਤੁਲਨ ਦਾ ਕੀ ਹਸ਼ਰ ਹੋਵੇਗਾ? ਬੇਇੰਤਹਾ ਪਾਣੀ ਧਰਤੀ ਹੇਠੋਂ ਕੱਢ ਕੇ ਕੁਦਰਤ ਵਿਚ ਜੋ ਅਸੰਤੁਲਨ ਪੈਦਾ ਹੋਵੇਗਾ, ਉਸ ਦੀ ਭਰਪਾਈ ਕਿਵੇਂ ਹੋਵੇਗੀ? ਜਿਸ ਧਰਤੀ 'ਤੇ ਹਰ ਸਾਲ ਤਿੰਨ ਮਹੀਨੇ ਲਗਾਤਾਰ ਪਾਣੀ ਖੜ੍ਹਾ ਰਹੇਗਾ, ਉਹ ਧਰਤੀ ਹੋਰ ਫਸਲਾਂ ਦੇ ਅਨੁਕੂਲ ਕਿਵੇਂ ਰਹੇਗੀ? ਧਰਤੀ ਹੇਠੋਂ ਏਨਾ ਪਾਣੀ ਕੱਢਣ ਲਈ ਬਿਜਲੀ ਕਿੱਥੋਂ ਆਵੇਗੀ? ਜ਼ਿਆਦਾ ਬਿਜਲੀ ਪੈਦਾ ਕਰਨ ਲਈ ਜੇ ਕੋਈ ਹੋਰ ਤਰੀਕੇ ਵਰਤੇ ਜਾਣਗੇ ਤਾਂ ਉਨ੍ਹਾਂ ਦਾ ਇਸ ਖਿੱਤੇ ਵਿਚ ਵਸਣ ਵਾਲੇ ਲੋਕਾਂ 'ਤੇ ਕੀ ਅਸਰ ਹੋਵੇਗਾ? ਇਸ ਫਸਲ 'ਤੇ ਵਰਤੀਆਂ ਜਾਣ ਵਾਲੀਆਂ ਕੀੜੇ ਮਾਰ ਜ਼ਹਿਰਾਂ ਤੇ ਰਸਾਇਣਕ ਖਾਦਾਂ ਦਾ ਇਸ ਖਿੱਤੇ ਦੀ ਜ਼ਰਖੇਜ਼ ਮਿੱਟੀ ਅਤੇ ਲੋਕਾਂ 'ਤੇ ਕੀ ਅਸਰ ਹੋਵੇਗਾ? ਵਾਤਾਵਰਣ ਵਿਚ ਆਈਆਂ ਮਾਰੂ ਤਬਦੀਲੀਆਂ ਕਾਰਨ ਪੈਦਾ ਹੋਣ ਵਾਲੀਆਂ ਭਿਆਨਕ ਅਤੇ ਲਾਇਲਾਜ ਬੀਮਾਰੀਆਂ ਨਾਲ ਜੂਝ ਰਹੀ ਖਲਕਤ ਦਾ ਕੀ ਬਣੇਗਾ?

ਮੈਨੂੰ ਨਹੀਂ ਲੱਗਦਾ ਇਹ ਮਾਰੂ ਕਦਮ ਇਕ ਥੋੜ੍ਹ ਚਿਰੀ ਸੋਚ ਦਾ ਨਤੀਜਾ ਸੀ, ਸੱਚਾਈ ਇਹ ਹੈ ਕਿ ਸਾਨੂੰ ਇਸ ਸਭ ਕਾਸੇ ਦਾ ਗਿਆਨ ਸੀ। ਅਸੀਂ ਬਗਲੇ ਵਾਂਗੂੰ ਅੱਖਾਂ ਮੀਟ ਕੇ ਬਉਲੇ ਹੋਣ ਦਾ ਸਾਂਗ ਰਚਾਉਂਦੇ ਰਹੇ, ਪਰ ਇਹ ਸਾਂਗ ਕਿੰਨੀ ਕੁ ਦੇਰ ਰਚਾਇਆ ਜਾ ਸਕਦਾ ਸੀ, ਅਖੀਰ ਤਾਂ ਬਿੱਲੀ ਨੇ ਥੈਲਿਓਂ ਬਾਹਰ ਆਉਣਾ ਹੀ ਸੀ, ਸੋ ਆ ਗਈ। ਅੱਜ ਪੰਜਾਬ ਦੇ ਹਰ ਬਾਸ਼ਿੰਦੇ ਨੂੰ ਅਹਿਸਾਸ ਹੋ ਗਿਆ ਹੈ ਕਿ ਅਸੀਂ ਆਪਣੇ ਪੈਰਾਂ 'ਤੇ ਆਪ ਕੁਹਾੜਾ ਮਾਰ ਲਿਆ ਹੈ। ਹੁਣ ਹਾਲਾਤ ਇਹ ਬਣ ਗਏ ਹਨ ਕਿ ਅਸੀਂ ਚਾਹੇ ਕੰਬਲ ਨੂੰ ਛੱਡਣਾ ਵੀ ਚਾਹੀਏ, ਕੰਬਲ ਸਾਨੂੰ ਨਹੀਂ ਛੱਡੇਗਾ। ਇਸ ਸਮੇਂ ਸਿਰਫ ਇੱਕੋ ਗੱਲ ਨੂੰ ਤਰਜੀਹ ਦਿੱਤੀ ਜਾ ਸਕਦੀ ਹੈ, ਆਮਦਨ ਨੂੰ ਜਾਂ ਨੁਕਸਾਨ ਨੂੰ। ਪਰ ਦੁੱਖ ਸਿਰਫ ਇਸ ਗੱਲ ਦਾ ਹੈ ਕਿ ਫਾਇਦਾ ਸਿਰਫ ਇਕ ਧਿਰ ਨੂੰ ਹੈ ਤੇ ਨੁਕਸਾਨ ਸਭ ਨੂੰ।



ਮੋਟੇ ਜਿਹੇ ਅਨੁਮਾਨ ਅਨੁਸਾਰ ਇੱਕ ਕਿਲੋ ਜੀਰੀ ਪੈਦਾ ਕਰਨ ਲਈ ਕਰੀਬ 4500-5000 ਲਿਟਰ ਪਾਣੀ ਦੀ ਲੋੜ ਪੈਂਦੀ ਹੈ। ਪੰਜਾਬ ਹਰ ਸਾਲ ਲਗਭਗ 160 ਲੱਖ ਟਨ ਜੀਰੀ ਪੈਦਾ ਕਰਦਾ ਹੈ ਤੇ ਇਸ ਖਾਤਰ ਕਰੀਬ 75 ਖਰਬ ਲਿਟਰ ਸਾਫ-ਸੁਥਰਾ ਪਾਣੀ ਲੱਗਦਾ ਹੈ। ਜੇ ਇਸ ਪਾਣੀ ਦੀ ਕੀਮਤ 50 ਪੈਸੇ ਪ੍ਰਤੀ ਲਿਟਰ ਵੀ ਲਾਈਏ ਤਾਂ ਵੀ ਪੰਜਾਬ ਵਿਚ ਝੋਨੇ ਦੀ ਇਕ ਸਾਲ ਦੀ ਫਸਲ ਲਈ ਇਕੱਲਾ ਪਾਣੀ ਹੀ ਕਰੀਬ 38 ਖਰਬ ਰੁਪਏ ਦਾ ਵਰਤਿਆ ਜਾਂਦਾ ਹੈ, ਜਦੋਂ ਕਿ ਸਾਰੇ ਖਰਚੇ ਕੱਢ ਕੇ ਜੀਰੀ ਤੋਂ ਸਿਰਫ 1-1.25 ਖਰਬ ਰੁਪਏ ਦੀ ਵੱਟਤ ਹੁੰਦੀ ਹੈ। ਫਿਰ ਕਿਉਂ ਨਾ ਜੀਰੀ ਦੀ ਫਸਲ ਛੱਡ ਕੇ ਪਾਣੀ ਹੀ ਵੇਚ ਲਿਆ ਜਾਵੇ! 50 ਪੈਸੇ ਲਿਟਰ ਸਾਫ ਸੁਥਰਾ ਪਾਣੀ ਪੀਣ ਲਈ ਤਾਂ ਕੀ, ਲੋਕ ਕਿਸੇ ਵੀ ਹੋਰ ਰੋਜ਼ਮੱਰਾ ਕੰਮ ਲਈ ਹੱਸ ਕੇ ਖਰੀਦ ਲੈਣਗੇ। ਦਿੱਲੀ ਦੀਆਂ ਸੜਕਾਂ 'ਤੇ ਤਾਂ ਇਸ ਵਕਤ ਵੀ ਰੇੜ੍ਹੀਆਂ ਵਾਲੇ ਘਟੀਆ ਜਿਹੇ ਪਾਣੀ ਦਾ ਇਕ ਗਲਾਸ 2 ਰੁਪਏ ਵਿਚ ਵੇਚ ਰਹੇ ਹਨ। ਪਾਠਕ ਸਮਝ ਹੀ ਗਏ ਹੋਣਗੇ ਕਿ ਇਕੱਲੇ ਪਾਣੀ ਦੇ ਨਜ਼ਰੀਏ ਤੋਂ ਹੀ ਜੀਰੀ ਪੰਜਾਬ ਨੂੰ ਸਾਲਾਨਾ ਕਰੀਬ 36 ਖਰਬ ਰੁਪਏ ਮਹਿੰਗੀ ਪੈ ਰਹੀ ਹੈ। ਕਿੰਨੀ ਸਿਤਮਜ਼ਰੀਫੀ ਹੈ ਕਿ ਇਕ ਪਾਸੇ ਤਾਂ ਲੋਕਾਈ ਪਾਣੀ ਦੀ ਇਕ ਇਕ ਬੂੰਦ ਨੂੰ ਤਰਸ ਰਹੀ ਹੋਵੇ ਤੇ ਦੂਜੇ ਪਾਸੇ ਉਸੇ ਪਾਣੀ ਨੂੰ ਅੰਨ੍ਹੇਵਾਹ ਬਿਨਾ ਕਿਸੇ ਸਰਫੇ ਜਾਂ ਸੰਕੋਚ ਤੋਂ ਝੀਲਾਂ ਬਣਾ ਬਣਾ ਕੇ ਉਡਾਇਆ ਜਾ ਰਿਹਾ ਹੋਵੇ।

ਇਸ ਫਸਲ ਦਾ ਦੂਸਰਾ ਪੱਖ ਇਸ ਤੋਂ ਵੀ ਖਤਰਨਾਕ ਤੇ ਘਿਨਾਉਣਾ ਹੈ। ਹੌਲੀ ਹੌਲੀ ਪੰਜਾਬ ਦੀ ਸਾਰੀ ਜਮੀਨ ਪਾਣੀ ਲੱਗ ਹੋ ਗਈ ਹੈ। ਖੁਸ਼ਕ ਵਾਤਾਵਰਣ ਵਿਚ ਉਗਣ ਵਾਲੀਆਂ ਫਸਲਾਂ ਇਸ ਧਰਤੀ ਤੋਂ ਕਿਨਾਰਾ ਕਰ ਗਈਆਂ ਹਨ। ਕਿਸੇ ਸਮੇਂ ਦੂਜੇ ਸੂਬਿਆਂ ਨੂੰ ਰੋਟੀ ਨਾਲ ਦਾਲ ਵੰਡਣ ਵਾਲਾ ਪੰਜਾਬ ਅੱਜ ਕੌਲੀ ਹੱਥ ਵਿਚ ਫੜ੍ਹੀ ਦੂਜੇ ਸੂਬਿਆਂ ਦੀਆਂ ਰਸੋਈਆਂ ਵਿਚ ਪਤੀਲਿਆਂ ਦੇ ਢੱਕਣ ਚੁੱਕ ਚੁੱਕ ਵੇਖਦਾ ਫਿਰਦੈ। ਮਾਹ, ਮੂੰਗੀ, ਮੋਠ, ਛੋਲੇ, ਮਸਰ, ਅਰਹਰ, ਤਿਲ ਆਦਿ ਕਿੰਨੀਆਂ ਹੀ ਫਸਲਾਂ ਲਈ ਅਸੀਂ ਹੋਰਨਾਂ 'ਤੇ ਨਿਰਭਰ ਹੋ ਗਏ ਹਾਂ। ਇਹ ਸਭ ਜੀਰੀ ਕਰਕੇ ਈ ਤਾਂ ਹੈ।

ਵਾਰ ਵਾਰ ਜੀਰੀ ਲੱਗਣ ਕਰਕੇ ਜਮੀਨ ਦੀ ਸਤਹਾ ਤੋਂ 6-7 ਇੰਚ ਹੇਠਾਂ ਮਿੱਟੀ ਦੀ ਇਕ ਕਰੜੀ ਪਰਤ ਬਣ ਗਈ ਹੈ ਜੋ ਨਾ ਤਾਂ ਪਾਣੀ ਹੇਠਾਂ ਜਾਣ ਦਿੰਦੀ ਹੈ ਤੇ ਨਾ ਬੂਟੇ ਦੀਆਂ ਜੜ੍ਹਾਂ ਆਸਾਨੀ ਨਾਲ ਇਸ ਨੂੰ ਪਾਰ ਕਰ ਸਕਦੀਆਂ ਹਨ। ਵਾਰ ਵਾਰ ਪਾਣੀ ਲੱਗਣ-ਸੁੱਕਣ ਕਰਕੇ ਜਮੀਨ ਵਿਚ ਖਾਰਾਪਨ ਇੰਨਾ ਵਧ ਗਿਆ ਹੈ ਕਿ ਬਹੁਤ ਸਾਰੀਆਂ ਦਾਲਾਂ ਇਸ ਨੂੰ ਸਹਿਣ ਨਹੀਂ ਕਰ ਪਾਉਂਦੀਆਂ। ਇਹ ਗਿੱਲੀ, ਸਿੱਲ੍ਹੀ ਤੇ ਖਾਰੀ ਜਮੀਨ ਦਾਲਾਂ ਪੈਦਾ ਕਰਨ ਦੇ ਅਨੁਕੂਲ ਹੀ ਨਹੀਂ ਰਹੀ। ਜੇ ਇਹ ਸਿਲਸਿਲਾ ਜਾਰੀ ਰਿਹਾ ਤਾਂ ਉਹ ਸਮਾਂ ਦੂਰ ਨਹੀਂ ਜਦੋਂ ਸਭ ਕਾਸੇ ਦਾ ਅਸਰ ਸਾਡੀਆਂ ਬਾਕੀ ਫਸਲਾਂ 'ਤੇ ਵੀ ਨਜ਼ਰ ਆਵੇਗਾ। ਇਕ ਅਨੁਮਾਨ ਅਨੁਸਾਰ ਜਦੋਂ ਤੋਂ ਪੰਜਾਬ ਵਿਚ ਝੋਨੇ ਦੀ ਕਾਸ਼ਤ ਇਕ ਮੁੱਖ ਫਸਲ ਵਜੋਂ ਹੋਣੀ ਸ਼ੁਰੂ ਹੋਈ ਹੈ (1977-78), ਧਰਤੀ ਹੇਠੋਂ ਕਰੀਬ 130 ਕਿਲੋਮੀਟਰ ਕਿਊਬਿਕ ਪਾਣੀ ਟਿਊਬਵੈਲਾਂ ਰਾਹੀਂ ਕੱਢਿਆ ਜਾ ਚੁਕਾ ਹੈ। ਪੰਜਾਬ ਦੀ ਭਾਖੜਾ ਨੰਗਲ ਵਾਲੀ ਗੋਬਿੰਦ ਸਾਗਰ ਝੀਲ ਵਿਚ 9.34 ਕਿਲੋਮੀਟਰ ਕਿਊਬਿਕ ਪਾਣੀ ਹੈ। ਇਸ ਦਾ ਮਤਲਬ ਹੈ ਕਿ ਗੋਬਿੰਦ ਸਾਗਰ ਝੀਲ ਵਰਗੀਆਂ 14 ਝੀਲਾਂ ਪੰਜਾਬ ਦੀ ਜਮੀਨ ਹੇਠੋਂ ਬਾਹਰ ਕੱਢੀਆਂ ਜਾ ਚੁਕੀਆਂ ਹਨ।

ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ 110-160 ਫੁੱਟ ਹੇਠਾਂ ਚਲਾ ਗਿਆ ਹੈ। ਜਿਸ ਨਾਲ ਸੂਬੇ ਦੇ 138 ਬਲਾਕਾਂ ਵਿਚੋਂ 116 ਬਲਾਕਾਂ ਵਿਚ ਪਾਣੀ ਦਾ ਸਤਰ ਜਾਂ ਤਾਂ ਖਤਰਨਾਕ ਹੱਦ ਤੱਕ ਥੱਲੇ ਪਹੁੰਚ ਗਿਆ ਹੈ ਤੇ ਜਾਂ ਪਹੁੰਚਣ ਵਾਲਾ ਹੈ। ਬੇਤਹਾਸ਼ਾ ਪਾਣੀ ਬਾਹਰ ਨਿਕਲਣ ਉਪਰੰਤ ਅੰਦਰੋਂ ਖੋਖਲੀ ਹੋਈ ਧਰਤੀ ਬਹੁਮੰਜਲੀਆਂ ਇਮਾਰਤਾਂ ਦੇ ਲੱਖਾਂ ਟਨ ਵਜਨ ਨੂੰ ਸਹਾਰ ਨਹੀਂ ਪਾਏਗੀ ਤੇ ਇਹ ਇਮਾਰਤਾਂ ਸਮਾਂ ਪਾ ਕੇ ਜਮੀਨ ਵਿਚ ਧੱਸਣੀਆਂ ਸ਼ੁਰੂ ਹੋ ਜਾਣਗੀਆਂ। ਕਈ ਦੇਸ਼ਾਂ ਵਿਚ ਪਹਿਲਾਂ ਹੀ ਇਹ ਭਾਣਾ ਵਾਪਰ ਚੁਕਾ ਹੈ।

ਜੇ ਸਮੁੱਚੇ ਤੌਰ 'ਤੇ ਦੇਖਿਆ ਜਾਏ ਤਾਂ ਪੰਜਾਬ ਨੂੰ ਮਾਰੂਥਲ ਵੱਲ ਧੱਕਣ ਲਈ ਇਕੱਲੇ ਜਿਮੀਂਦਾਰਾਂ ਦੇ 15 ਲੱਖ ਟਿਊਬਵੈਲ ਹੀ ਜਿੰਮੇਵਾਰ ਨਹੀਂ, ਇਸ ਵਿਚ ਵੱਡਾ ਯੋਗਦਾਨ ਪੇਂਡੂ ਤੇ ਸ਼ਹਿਰੀ ਜਨਤਾ ਦੀ ਪਾਣੀ ਦੀ ਯੋਗ, ਲੋੜੀਂਦੀ ਤੇ ਕਿਫਾਇਤੀ ਵਰਤੋਂ ਪ੍ਰਤੀ ਬੇਰੁਖੀ, ਬੇਪ੍ਰਵਾਹੀ ਤੇ ਬੇਸ਼ਰਮੀ ਨੇ ਵੀ ਪਾਇਆ ਹੈ। ਸਿੰਜਾਈ ਲਈ ਵਰਤੇ ਜਾਂਦੇ 15 ਲੱਖ ਟਿਊਬਵੈਲਾਂ ਤੋਂ ਇਲਾਵਾ ਪੇਂਡੂ ਤੇ ਸ਼ਹਿਰੀ ਖੇਤਰ ਵਿਚ ਘਰੇਲੂ ਲੋੜਾਂ ਲਈ 25 ਲੱਖ ਤੋਂ ਵੀ ਜ਼ਿਆਦਾ ਸਬਮਰਸੀਬਲ ਤੇ ਮਿਊਂਸਪੈਲੀਟੀਆਂ ਦੇ ਪਾਣੀ ਸਪਲਾਈ ਲਈ ਵਰਤੇ ਜਾਂਦੇ ਪੰਪ ਵੀ ਕੰਮ ਕਰ ਰਹੇ ਹਨ। ਇਨ੍ਹਾਂ ਦੇ ਚੱਲਣ 'ਤੇ ਜਮੀਨ ਅੰਦਰਲਾ ਬੇਤਹਾਸ਼ਾ ਪਾਣੀ ਬਾਹਰ ਕੱਢਣ 'ਤੇ ਕਿਸੇ ਕਿਸਮ ਦੀ ਕੋਈ ਲਗਾਮ ਨਹੀਂ। ਇਕ ਮੋਟੇ ਜਿਹੇ ਅੰਦਾਜ਼ੇ ਮੁਤਾਬਕ ਜਿੰਨਾ ਪਾਣੀ ਕਿਸਾਨਾਂ ਦੇ 15 ਲੱਖ ਟਿਊਬਵੈਲ ਇਕ ਪੂਰੇ ਸੀਜ਼ਨ ਦੌਰਾਨ ਜੀਰੀ ਨੂੰ ਸਿੰਜਣ ਲਈ ਵਰਤਦੇ ਹਨ, ਓਨਾ ਪਾਣੀ ਪੰਜਾਬ ਦੇ ਸ਼ਹਿਰਾਂ ਤੇ ਪਿੰਡਾਂ 'ਚ ਲੱਗੇ 25 ਲੱਖ ਤੋਂ ਵੀ ਵੱਧ ਸਬਮਰਸੀਬਲ ਪੰਪ ਇਕ ਮਹੀਨੇ ਵਿਚ ਧਰਤੀ 'ਚੋਂ ਬਾਹਰ ਕੱਢ ਦਿੰਦੇ ਹਨ। ਇਸ ਵਿਚੋਂ ਮਸੀਂ 20% ਪਾਣੀ ਦੀ ਹੀ ਸਹੀ ਵਰਤੋਂ ਹੁੰਦੀ ਹੋਵੇਗੀ, ਬਾਕੀ ਦਾ 80% ਅਜਾਈਂ ਜਾਂਦਾ ਹੈ। ਇਸ ਵਿਸ਼ੇ 'ਤੇ ਥਾਂ ਥਾਂ ਕਾਨਫਰੰਸਾਂ, ਸੈਮੀਨਾਰ, ਲੈਕਚਰ ਤੇ ਇਕੱਠ ਹੁੰਦੇ ਹਨ, ਵਿਚਾਰਾਂ ਹੁੰਦੀਆਂ, ਖਤਰਨਾਕ ਨਤੀਜਿਆਂ ਤੋਂ ਜਾਣੂ ਕਰਵਾਇਆ ਜਾਂਦਾ ਹੈ, ਪਰ ਸਭ ਕੁਝ ਬੇਅਰਥ। ਜਨਤਾ ਇਕ ਕੰਨ ਥਾਣੀਂ ਸੁਣਦੀ ਹੈ, ਦੂਜੇ ਥਾਈਂ ਕੱਢ ਦਿੰਦੀ ਹੈ। ਮੱਝ ਅੱਗੇ ਬੀਨ ਵਜਾਉਣ ਨਾਲ ਨਾ ਉਹ ਕਦੇ ਝੂਮੀ ਹੈ, ਨਾ ਝੂਮੇਗੀ। ਇਹ ਜਾਣਦਿਆਂ ਵੀ ਕਿ ਇਸ ਦੀ ਭਰਪਾਈ ਨਹੀਂ ਹੋ ਸਕਦੀ, ਜਿੱਥੇ ਇਕ ਲਿਟਰ ਨਾਲ ਸਰ ਸਕਦਾ ਸੀ, ਅਸੀਂ ਸੌ ਸੌ ਲਿਟਰ ਰੋੜ੍ਹਿਆ ਹੈ। ਪਿੰਡਾਂ ਦੇ ਛੱਪੜ, ਨਾਲੀਆਂ, ਸ਼ਹਿਰਾਂ ਦੇ ਸੀਵਰ ਨਾਲੇ ਤੇ ਖਹਿ ਕੇ ਲੰਘਦੀਆਂ ਨਦੀਆਂ ਪਾਣੀ ਪ੍ਰਤੀ ਸਾਡੀ ਲਾਪ੍ਰਵਾਹੀ ਤੇ ਬੇਹੂਦਗੀ ਨਾਲ ਆਫਰੇ ਪਏ ਹਨ। ਅਸੀਂ ਸਾਫ ਸੁਥਰੇ ਪਾਣੀ ਨੂੰ ਮਲੇਰੀਏ, ਡੇਂਗੂ ਤੇ ਐਨਸੈਫੇਲਾਈਟਸ ਨਾਲ ਤਾਂ ਸਾਵੇਂ ਤੋਲ ਲਿਆ ਪਰ ਆਪਣੀਆਂ ਆਦਤਾਂ ਤੋਂ ਟੱਸ ਤੋਂ ਮੱਸ ਨਹੀਂ ਹੋਏ। ਸਾਇੰਸ ਨੇ ਸਾਨੂੰ ਖੂਹਾਂ ਤੋਂ ਨਲਕਿਆਂ, ਨਲਕਿਆਂ ਤੋਂ ਜੈਟ ਪੰਪਾਂ ਤੇ ਜੈਟ ਪੰਪਾਂ ਤੋਂ ਸਬਮਰਸੀਬਲ ਪੰਪਾਂ ਦੇ ਲੜ ਤਾਂ ਲਾ ਦਿੱਤਾ ਪਰ ਅਸੀਂ ਇਨ੍ਹਾਂ ਦਾ ਨਜਾਇਜ਼ ਫਾਇਦਾ ਹੀ ਉਠਾਇਆ ਹੈ। ਅਜੋਕੇ ਹਾਲਾਤ ਨੂੰ ਮੁੱਖ ਰੱਖ ਕੇ ਮੈਂ ਕਈ ਵਾਰ ਸੋਚਦਾ ਹਾਂ ਕਿ ਕਿੰਨਾ ਚੰਗਾ ਹੁੰਦਾ ਜੇ ਇਹ ਸਫਰ ਖੂਹਾਂ ਤੋਂ ਅੱਗੇ ਨਾ ਵੱਧਦਾ ਤੇ ਅੱਜ ਇਹ ਦਿਨ ਦੇਖਣੇ ਨਾ ਪੈਂਦੇ। ਇਕੱਲੇ ਲੋਕ ਹੀ ਨਹੀਂ, ਸਿਆਸਤ, ਸਰਕਾਰ ਤੇ ਸਥਾਨਕ ਪ੍ਰਸ਼ਾਸਨ ਵੀ ਆਪਣੀ ਅੰਦਰਮੁਖੀ ਸੌੜੀ ਸੋਚ ਕਰਕੇ ਅੰਦਰੋਂ ਬਾਹਰੋਂ ਬੁਰੀ ਤਰ੍ਹਾਂ ਲਿੱਬੜੇ ਪਏ ਹਨ।

ਕੁਝ ਸਮਾਂ ਪਹਿਲਾਂ ਪੰਜਾਬ ਵਿਚ ਆਰ. ਓ. ਨਾਂ ਦੀ ਇਕ ਛੂਤ ਦੀ ਨਾਮੁਰਾਦ ਲਾਇਲਾਜ ਬਿਮਾਰੀ ਫੈਲ ਗਈ। ਕੁਝ ਸਮੇਂ ਵਿਚ ਹੀ ਹਰ ਸਰਦਾ ਪੁੱਜਦਾ ਘਰ, ਮੁਹੱਲਾ, ਸਕੂਲ, ਕਾਲਜ, ਯੂਨੀਵਰਸਿਟੀ, ਗੁਰਦੁਆਰੇ, ਮੰਦਿਰ, ਮਸੀਤਾਂ, ਬੱਸ ਸਟੈਂਡ, ਰੇਲਵੇ ਸਟੇਸ਼ਨ, ਦਫਤਰ ਇਸ ਦੀ ਲਪੇਟ ਵਿਚ ਆ ਗਏ। ਆਰ. ਓ. ਨਾਂ ਦਾ ਜਰਾਸੀਮ ਪੈਦਾ ਕਰਨ ਵਾਲੀਆਂ ਕੰਪਨੀਆਂ ਖੁਦ ਹਲਕਾਈਆਂ ਹੋ ਗਈਆਂ। ਬਹੁਤੇ ਲੋਕਾਂ ਨੂੰ ਹਾਲੇ ਵੀ ਨਹੀਂ ਪਤਾ ਕਿ ਆਰ. ਓ. ਦਾ ਮਤਲਬ ਕੀ ਹੈ? ਤੇ ਜਿਸ ਨੂੰ ਪਤਾ ਹੈ ਉਹ ਇਹ ਨਹੀਂ ਜਾਣਦਾ ਕਿ ਰਿਵਰਸਐਸਮੋਸਿਸ ਕਿਸ ਬਲਾ ਦਾ ਨਾਂ ਹੈ। ਬੱਸ ਏਨਾ ਕੁ ਹੀ ਪਤਾ ਹੈ ਕਿ ਇਸ ਮਸ਼ੀਨ ਨਾਲ ਪੀਣ ਵਾਲਾ ਸਾਫ ਸੁਥਰਾ ਪਾਣੀ ਮਿਲਦਾ ਹੈ। ਪੰਜਾਬ ਦੇ ਬਹੁਤੇ ਇਲਾਕਿਆਂ ਵਿਚ ਇਸ ਦੀ ਲੋੜ ਹੈ ਹੀ ਨਹੀਂ। ਬਹੁਤਿਆਂ ਨੇ ਤਾਂ ਐਵੇਂ ਪਦਵੀ ਜਾਂ ਰੁਤਬੇ ਦੇ ਪ੍ਰਤੀਕ ਦੇ ਤੌਰ 'ਤੇ ਹੀ ਇਹ ਸਹੇੜ ਸਹੇੜੀ ਹੋਈ ਹੈ। ਇਸ ਦੀ ਵਰਤੋਂ ਨਾਲ ਕਿੰਨਾ ਪਾਣੀ ਬਰਬਾਦ ਹੁੰਦਾ ਹੈ, ਇਸ ਦੀ ਕਿਸੇ ਨੂੰ ਪ੍ਰਵਾਹ ਨਹੀਂ। ਜ਼ਰਾ ਸੋਚੋ, ਇਸ ਵਿਚੋਂ ਇਕ ਬਾਲਟੀ ਪੀਣ ਵਾਲਾ ਸਾਫ ਪਾਣੀ ਕੱਢਣ ਲਈ ਕਰੀਬ ਤਿੰਨ ਬਾਲਟੀਆਂ ਅਜਾਈਂ ਚਲੀਆਂ ਜਾਂਦੀਆਂ ਹਨ। ਬਹੁਤ ਸਾਰੀਆਂ ਜਨਤਕ ਥਾਂਵਾਂ 'ਤੇ ਇਹ ਮਸ਼ੀਨਾਂ ਦਿਨ ਰਾਤ ਚੱਲੀ ਜਾਂਦੀਆਂ ਹਨ। ਪੰਜਾਬ ਵਿਚ ਕਿੰਨੇ ਆਰ. ਓ. ਹਨ ਤੇ ਕਿੰਨੀ ਪਾਣੀ ਦੀ ਬਰਬਾਦੀ ਹੁੰਦੀ ਹੈ, ਅੰਦਾਜ਼ਾ ਲਾਉਣਾ ਮੁਸ਼ਕਿਲ ਹੈ। ਡਰ ਹੈ, ਕਿਤੇ ਆਰ. ਓ. ਦੇ ਪਾਣੀ ਨਾਲ ਲੋਕ ਨਹਾਉਣਾ, ਕੱਪੜੇ ਧੋਣਾ, ਡੰਗਰਾਂ ਨੂੰ ਪਿਲਾਉਣਾ ਹੀ ਨਾ ਸ਼ੁਰੂ ਕਰ ਦੇਣ ਕਿਉਂਕਿ ਬਹੁਤ ਸਾਰੇ ਦੁਧਾਰੂ ਪਸ਼ੂ ਰੱਖਣ ਵਾਲਿਆਂ ਦੀ ਧਾਰਨਾ ਹੈ ਕਿ ਜੇ ਮੱਝਾਂ, ਗਾਈਆਂ ਆਰ. ਓ. ਦਾ ਸਾਫ ਪਾਣੀ ਪੀਣਗੀਆਂ ਤਾਂ ਹੀ ਉਹ ਸਾਫ ਦੁੱਧ ਦੇਣਗੀਆਂ।

ਰੱਬ ਦਾ ਵਾਸਤਾ ਏ, ਪੰਜਾਬ ਦੀਆਂ ਆਉਣ ਵਾਲੀਆਂ ਪੀੜ੍ਹੀਆਂ 'ਤੇ ਤਰਸ ਕਰੋ। ਆਪਹੁਦਰੀਆਂ ਤੇ ਮਨਮਾਨੀਆਂ ਕਰਕੇ ਧਰਤੀ ਹੇਠਲੇ ਪਾਣੀ ਦਾ ਕਰੀਬ ਤਿੰਨ ਚੌਥਾਈ ਹਿੱਸਾ ਅਸੀਂ ਪਹਿਲਾਂ ਹੀ ਬਰਬਾਦ ਕਰ ਚੁਕੇ ਹਾਂ। ਖੂਹ, ਨਲਕੇ ਤੇ ਜੈਟ ਪੰਪ ਦਮ ਤੋੜ ਚੁਕੇ ਹਨ ਤੇ ਇਸ ਵੇਲੇ ਜੀਵਨ ਦੀ ਵਾਗ ਡੋਰ ਸਬਮਰਸੀਬਲ ਪੰਪਾਂ 'ਤੇ ਟਿਕੀ ਹੋਈ ਹੈ, ਦੇਖੋ ਕਦੋਂ ਤੱਕ ਇਹ ਪੰਜਾਬੀਆਂ ਦੇ ਨਾਲ ਨਿਭਦੇ ਹਨ। ਵੈਸੇ ਮੌਜੂਦਾ ਹਾਲਾਤ ਦੇਖ ਕੇ ਲੱਗਦਾ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਰੇਗਿਸਤਾਨਾਂ ਦਾ ਕੱਕਾ ਰੇਤਾ ਪੰਜਾਬ ਨੂੰ ਉਲੰਘ ਕੇ ਪੋਲੇ ਪੈਰੀਂ ਠੁਮਕਦੀਆਂ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਵਿਹੜੇ 'ਚ ਆ ਵੜੇਗਾ। ਖੂਹਾਂ ਤੋਂ ਬਾਅਦ ਸਾਡੀਆਂ ਝੀਲਾਂ ਵੀ ਤ੍ਰਿਹਾਈਆਂ ਮਰ ਜਾਣਗੀਆਂ। ਟਾਹਲੀਆਂ, ਨਿੰਮਾਂ ਤੇ ਅੰਬਾਂ ਦੇ ਬੂਟੇ ਪੰਜਾਬ ਦੀ ਧਰਤੀ ਦੀ ਵਸੀਅਤ ਕਿੱਕਰਾਂ, ਫਲਾਹੀਆਂ ਤੇ ਜੰਡ ਕਰੀਰਾਂ ਦੇ ਨਾਂ ਕਰ ਦੇਣਗੇ। ਥੋਹਰਾਂ, ਅੱਕ ਤੇ ਮਲ੍ਹੇ ਸਰਕਦੇ ਸਰਕਦੇ ਪੰਜਾਬ ਦੀ ਹਰਿਆਵਲ ਦੇ ਸ਼ਰੀਕ ਬਣ ਬੈਠਣਗੇ। ਪੰਛੀਆਂ ਤੇ ਤਿਤਲੀਆਂ ਦਾ ਚਿੱਤਰ ਖੱਭੀ ਹੁਸਨ ਬੇਗਾਨਗੀ ਹੰਢਾਉਂਦਾ ਹੋਇਆ ਇਸ ਖਿੱਤੇ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਜਾਵੇਗਾ। ਸਾਡੇ ਪ੍ਰਾਹੁਣੇ ਪਰਿੰਦਿਆਂ ਦੀਆਂ ਪਰਵਾਜ਼ਾਂ ਨੀਲੇ ਅੰਬਰਾਂ ਨੂੰ ਤਨਹਾਈ ਦੇ ਗਲ ਲਾ ਜਾਣਗੀਆਂ। ਧੁੰਦਲ ਤੇ ਧੂੰਏ ਦੇ ਸੰਘਣੇ ਬੱਦਲ ਚੰਦ ਤਾਰਿਆਂ ਦੀਆਂ ਮਹਿਫਿਲਾਂ ਨੂੰ ਸਾਡੀਆਂ ਅੱਖੀਆਂ ਤੋਂ ਓਝਲ ਕਰ ਦੇਣਗੇ। ਕੰਡਿਆਲੇ ਚੂਹੇ, ਸੇਹਾਂ ਤੇ ਮਾਰੂਥਲੀ ਕਿਰਲੇ ਅੰਦਰੋ ਅੰਦਰੀ ਖੁੱਡਾਂ ਬਣਾ ਕੇ ਸਾਡੀ ਬੇਬਸੀ ਨੂੰ ਟਿਚਰਾਂ ਕਰਕੇ ਸ਼ਰਮਸਾਰ ਕਰ ਦੇਣਗੇ।

ਜ਼ਰਾ ਤਸੱਵਰ ਕਰੋ ਜੇ ਇਹ ਸਭ ਕੁਝ ਏਵੇਂ ਹੀ ਵਾਪਰ ਜਾਂਦਾ ਹੈ ਤਾਂ ਪੰਜਾਬ ਦਾ ਮੂੰਹ ਮੁਹਾਂਦਰਾ ਕਿਹੋ ਜਿਹਾ ਹੋਵੇਗਾ? ਸਮਾਂ ਗਵਾਹ ਹੈ, ਪਾਣੀ ਦੀ ਅਣਹੋਂਦ 'ਚ ਦੁਨੀਆਂ ਦੀਆਂ ਕਈ ਘੁੱਗ ਵਸਦੀਆਂ ਸਭਿਆਤਾਵਾਂ ਆਪਣੀ ਹੋਂਦ ਗੁਆ ਬੈਠੀਆਂ ਹਨ।

ਪਰ ਇਸ ਹਨੇਰ ਦੀ ਕਿਸ ਨੂੰ ਚਿੰਤਾ ਹੈ? ਸਿਆਸਤਦਾਨ ਵੋਟਾਂ ਦੀ ਰਾਜਨੀਤੀ ਵਿਚ ਮਸ਼ਰੂਫ ਹਨ। ਕੋਈ ਮਰੇ ਕੋਈ ਜੀਵੇ ਸੁਥਰਾ ਘੋਲ ਪਤਾਸੇ ਪੀਵੇ। ਜਦੋਂ ਜਨਤਾ ਤੇ ਬੁੱਧੀਜੀਵੀ ਬਹੁਤੀ ਹਾਲ ਪਾਹਰਿਆ ਕਰਦੇ ਹਨ ਤਾਂ ਸਰਕਾਰ ਚੁੱਪ ਕਰਾਉਣ ਲਈ ਟੁੱਟਾ ਜਿਹਾ ਬਿਆਨ ਅਖਬਾਰਾ ਤੇ ਟੀ. ਵੀ. 'ਤੇ ਲਾ ਦਿੰਦੀ ਹੈ, ਲੋਕ ਜ਼ਰਾ ਸ਼ਾਂਤ ਹੋ ਜਾਂਦੇ ਹਨ, ਤੇ ਪਰਨਾਲਾ ਉਥੇ ਦਾ ਉਥੇ। ਖੇਤੀ ਵਿਗਿਆਨੀ ਆਪਣੇ ਸੁਝਾਅ ਦਿੰਦੇ ਹੋਏ ਟਿੰਡ 'ਚ ਕਾਨਾ ਪਾ ਕੇ ਵਜਾਉਂਦੇ ਰਹਿੰਦੇ ਹਨ ਪਰ ਮੇਲੇ 'ਚ ਚੱਕੀਰਾਹੇ ਦੀ ਕੌਣ ਸੁਣਦਾ। ਜਿਮੀਂਦਾਰਾਂ ਨੂੰ ਤਾਂ ਕਹਿਣ ਕਾ ਕੋਈ ਫਾਇਦਾ ਹੀ ਨਹੀਂ। ਉਹ ਇਕ ਕੰਨੋਂ ਸੁਣ ਕੇ ਦੂਜੇ ਥਾਣੀਂ ਕੱਢ ਦਿੰਦੇ ਹਨ। ਉਹ ਤਾਂ ਸਾਫ ਕਹਿੰਦੇ ਹਨ ਕਿ ਅਸੀਂ ਖੇਤੀ ਵਿਭਿੰਨਤਾ ਤਹਿਤ ਦਾਲਾਂ ਜਾਂ ਹੋਰ ਅਜਿਹੀਆਂ ਫਸਲਾਂ ਜੋ ਝੋਨੇ ਜਿੰਨੀਆਂ ਲਾਹੇਵੰਦ ਨਾ ਹੋਣ, ਉਗਾਉਣ ਦਾ ਕੋਈ ਠੇਕਾ ਥੋੜ੍ਹਾ ਲਿਆ ਹੋਇਐ। ਜਿਸ ਖੂਹ 'ਚ ਦੁਨੀਆਂ ਡਿੱਗੇਗੀ, ਅਸੀਂ ਵੀ ਡਿੱਗ ਜਾਵਾਂਗੇ।

ਸੋਚੋ, ਆਮ ਜਨਤਾ ਕਿਹਨੂੰ ਆਪਣਾ ਦੁਖੜਾ ਸੁਣਾਵੇ? ਪੰਜਾਬ ਦੇ ਪਾਣੀਆਂ ਦਾ ਤਾਂ ਹੁਣ ਰੱਬ ਹੀ ਰਾਖਾ ਹੈ। ਇਸ ਖਿੱਤੇ ਦੀ ਪਿਆਸ ਹੈ ਕਿ ਦਿਨੋ ਦਿਨ ਵਧਦੀ ਜਾ ਰਹੀ ਹੈ। ਲੱਗਦਾ ਹੈ ਜਿਵੇਂ ਇਸ ਦੇ ਦਰਿਆ ਵੀ ਇਸ ਨੂੰ ਸਿੰਜ ਸਿੰਜ ਕੇ ਹੰਭ ਗਏ ਹੋਣ, ਥੱਕ ਗਏ ਹੋਣ, ਹਾਰ ਗਏ ਹੋਣ।

---

****ਸਾਬਕਾ ਡੀਨ ਅਕਾਦਮਿਕ ਮਾਮਲੇ***
***ਪੰਜਾਬੀ ਯੂਨੀਵਰਸਿਟੀ, ਪਟਿਆਲਾ।***

# ਜਲ ਬਿਨ ਸਾਖ ਕੁਮਲਾਵਤੀ

ਸਰਦ ਰੁੱਤ ਦੀ ਪਹਿਲੀ ਬਰਫ ਦਾ ਆਗਮਨ ਹੋਇਆ ਤਾਂ ਰੁੰਡ-ਮਰੁੰਡ ਹੋਏ ਰੁੱਖਾਂ ਦੀਆਂ ਨੰਗੀਆਂ ਟਹਿਣੀਆਂ ਉਤੇ ਲਟਕਦੇ ਫੰਬਿਆਂ ਨੂੰ ਵੇਖ ਇਉਂ ਜਾਪਿਆ ਜਿਵੇਂ ਕੁਦਰਤ ਰਾਣੀ ਰੂੰ ਦੇ ਵਿਚ ਨਹਾ ਕੇ ਆਈ ਹੋਵੇ ਅਤੇ ਆਪਣੇ ਪਿੰਡੇ ਨੂੰ ਸੁਕਾਉਣ ਲਈ ਕੁਝ ਰੂੰ ਛੱਡ ਕੇ ਜ਼ਮੀਨ 'ਤੇ ਸੁੱਟੀ ਜਾਂਦੀ ਹੋਵੇ। ਢੇਰਾਂ ਦੇ ਢੇਰ ਬਰਫ ਵੇਖ ਕੇ ਅਕਸਰ ਹੈਰਾਨੀ ਹੁੰਦੀ ਹੈ ਕਿ ਇਹ ਆ ਕਿੱਥੋਂ ਗਈ! ਪਾਣੀ ਨੂੰ ਇਸ ਰੂਪ ਵਿਚ ਸਾਂਭਣ ਦੀ ਕਿਹੀ ਸੁਹਣੀ ਵਿਉਂਤ ਬਣਾਈ ਏ ਕੁਦਰਤ ਨੇ!

ਪਾਣੀ ਦੇ ਕਿੰਨੇ ਰੂਪ ਨੇ! ਪਾਣੀ ਕਦੇ ਬੱਦਲ ਬਣ ਅੰਬਰੀਂ ਉਡ ਜਾਂਦਾ ਏ। ਕਦੀ ਮੀਂਹ ਬਣ ਕੇ ਉਪਰੋਂ ਛੰਮ-ਛੰਮ ਵਰ੍ਹ ਪੈਂਦਾ ਏ। ਕਦੇ ਬਰਫ ਬਣ ਧਰਤੀ 'ਤੇ ਜੰਮ ਜਾਂਦਾ ਏ। ਕਦੇ ਲਹਿਰਾਂ ਬਣ ਸਾਗਰਾਂ ਦੀ ਹਿੱਕ 'ਤੇ ਅਠਖੇਲੀਆਂ ਕਰਦਾ ਏ ਤੇ ਕਦੇ ਪਹਾੜਾਂ ਵਿਚੋਂ



ਸੁਰਜੀਤ
ਫੋਨ: 416-605-3784


ਆਬਸ਼ਾਰ ਬਣ ਹੇਠਾਂ ਡਿੱਗਦਾ ਏ, ਤੇ ਕਦੀ ਨਦੀ ਹੋ ਜਾਂਦਾ ਏ। ਕੁਦਰਤ ਨੇ ਆਦਮੀ ਨੂੰ ਜੀਵਨ ਦੇਣ ਲਈ ਇਹ ਅਨਮੋਲ ਤੋਹਫਾ ਬਖਸ਼ਿਐ।

ਇਸ ਪਾਰਦਰਸ਼ੀ ਤਰਲ ਪਦਾਰਥ ਦਾ ਕੋਈ ਰੰਗ ਨਹੀਂ। ਬਰਫ ਸਫੈਦ ਹੈ, ਸਾਗਰ ਅੰਬਰ ਦੀ ਨੀਲੱਤਣ ਸਮੋ ਕੇ ਨੀਲਾ ਹੋ ਜਾਂਦੈ, ਝਰਨਾ ਹੈ ਚਾਂਦੀ ਰੰਗਾ! ਇਹ ਪਾਣੀ ਆਪਣਾ ਰੰਗ-ਰੂਪ ਤੇ ਆਕਾਰ ਬਦਲਦਾ ਰਹਿੰਦਾ ਏ ਪਰ ਆਖਰ ਸਾਗਰ ਵਿਚ ਮਿਲ ਕੇ ਫੇਰ ਨੀਲ-ਸਮੁੰਦਰ ਹੋ ਜਾਂਦਾ ਏ। ਪਾਣੀ ਦੀ ਬੂੰਦ-ਬੂੰਦ ਸਾਗਰ ਹੈ ਅਤੇ ਸਾਗਰ ਹੀ ਬੂੰਦ ਵਿਚ ਸਿਮਟ ਜਾਂਦੈ। ਸਾਗਰ ਵਿਚੋਂ ਉਠਦੀਆਂ ਲਹਿਰਾਂ ਸਦਾ ਮਸਤੀ 'ਚ ਰਹਿੰਦੀਆਂ ਹਨ ਕਿਉਂਕਿ ਉਨ੍ਹਾਂ ਨੂੰ ਇਹ ਇਲਮ ਹੁੰਦਾ ਏ ਕਿ ਉਹ ਸਾਹਿਲ ਨਾਲ ਟਕਰਾ ਕੇ ਫਨਾਹ ਹੋਣਗੀਆਂ ਪਰ ਮੁੜ ਜੀਅ ਉਠਣਗੀਆਂ ਤੇ ਫਿਰ ਸਾਗਰ ਹੋ ਜਾਣਗੀਆਂ। ਇਹ ਖੇਡ ਹੈ, ਜੋ ਨਿਰੰਤਰ ਚੱਲ ਰਹੀ ਹੈ।

ਕੁਦਰਤ ਦੇ ਨੇਮ ਅਨੁਸਾਰ ਰੁੱਤਾਂ ਬਦਲਦੀਆਂ ਹਨ, ਸਰਦ ਰੁੱਤ ਆਉਂਦੀ ਹੈ, ਬਰਫ ਪੈਂਦੀ ਹੈ ਤੇ ਫਿਰ ਬਸੰਤ ਰੁੱਤ ਦਾ ਆਗਮਨ ਹੁੰਦਾ ਹੈ। ਬਰਫ ਦੀਆਂ ਪਿਘਲੀਆਂ ਪੈੜਾਂ ਫੇਰ ਸਮੁੰਦਰ ਵੱਲ ਰਵਾਂ ਹੋ ਜਾਂਦੀਆਂ ਹਨ। ਸਾਗਰ ਪਾਣੀ ਦੇ ਹਰ ਕਿਣਕੇ ਨੂੰ ਆਪਣੇ ਕਲਾਵੇ ਵਿਚ ਸਮੇਟ ਲੈਂਦਾ ਹੈ। ਇਹ ਚੱਕਰ ਇਵੇਂ ਹੀ ਚੱਲਦਾ ਰਹਿੰਦਾ ਹੈ, ਸਦਾ! ਇਸ ਨੂੰ ਜਲ-ਚੱਕਰ ਵੀ ਕਹਿੰਦੇ ਹਨ।

ਰੁੱਤਾਂ ਬਦਲਣ ਵਾਂਗ ਜ਼ਿੰਦਗੀ ਦੇ ਰੰਗ ਵੀ ਬਦਲਦੇ ਰਹਿੰਦੇ ਹਨ। ਕਈ ਵਾਰ ਅਨੰਤ ਖੁਸ਼ੀ ਨਾਲ ਮਨ ਦਾ ਮੋਰ ਨੱਚ ਉਠਦਾ ਹੈ ਅਤੇ ਕੁਝ ਹਾਦਸੇ ਅਜਿਹੇ ਹੁੰਦੇ ਹਨ ਕਿ ਮਨ ਵਿਚਲਿਤ ਹੋ ਜਾਂਦੈ। ਇਹ ਹੁੰਦੈ ਜ਼ਿੰਦਗੀ ਦਾ ਚੱਕਰ! ਪਾਣੀ ਵਾਂਗ ਹੀ ਜ਼ਿੰਦਗੀ ਦੇ ਵੀ ਕਈ ਰੰਗ ਹਨ। ਕੋਈ ਵੀ ਰੰਗ ਸਦੈਵ ਨਹੀਂ ਰਹਿੰਦਾ। ਇਸ ਲਈ ਪਾਣੀ ਦੇ ਵਹਿਣ ਵਾਂਗ ਜ਼ਿੰਦਗੀ ਸਦਾ ਆਪਣੀ ਚਾਲੇ ਤੁਰਦੀ ਰਹਿੰਦੀ ਹੈ। ਸਮੇਂ ਦਾ ਚੱਕਰ ਸਦੈਵ ਚਲਦਾ ਰਹਿੰਦੈ।

***ਵੇਖਣ ਵਿਚ ਆਇਆ ਹੈ ਕਿ ਪੰਜਾਬ ਦਾ ਬੰਦਾ ਵਾਤਾਵਰਣ ਸਬੰਧੀ ਬਿਲਕੁਲ ਸੰਵੇਦਨਸ਼ੀਲ ਨਹੀਂ ਰਿਹਾ। ਕੁਦਰਤ ਨੇ ਪੰਜਾਬ ਨੂੰ ਦਰਿਆਵਾਂ ਨਾਲ ਨਿਵਾਜਿਆ ਸੀ। ਸਾਡੇ ਦਰਿਆ ਸਾਡੀ ਸੰਸਕ੍ਰਿਤੀ ਦਾ ਚਿੰਨ੍ਹ ਸਨ। ਸਾਡੀ ਸੱਭਿਅਤਾ ਇੱਥੇ ਪ੍ਰਫੁਲਿਤ ਹੋਈ। ਇਨ੍ਹਾਂ ਦਰਿਆਵਾਂ 'ਤੇ ਗੀਤ ਗਾਏ ਗਏ, ਇਨ੍ਹਾਂ ਦੀ ਪੂਜਾ ਕੀਤੀ ਗਈ। ਮਨ ਵਿਚੋਂ ਇਕ ਹੂਕ ਨਿਕਲਦੀ ਹੈ, ਜਦੋਂ ਉਨ੍ਹਾਂ ਦਰਿਆਵਾਂ ਨੂੰ ਅੱਜ ਸੁੱਕ ਗਏ ਵੇਖਦੇ ਹਾਂ।***



ਪਾਣੀ ਜੀਵਨ ਹੈ, ਇਹ ਇਕ ਅਟੱਲ ਸੱਚਾਈ ਹੈ। ਸਾਡੀ ਜ਼ਿੰਦਗੀ 'ਚ ਖੂਬਸੂਰਤੀ ਵੀ ਭਰਦਾ ਹੈ। ਸੱਭੇ ਪੁਰਾਣੀਆਂ ਸੱਭਿਅਤਾਵਾਂ ਪਾਣੀਆਂ ਦੇ ਕੰਢੇ 'ਤੇ ਉਸਰੀਆਂ। ਗੁਰਬਾਣੀ ਵਿਚ ਲਿਖਿਆ ਹੈ, ਪਹਿਲਾ ਪਾਣੀ ਜੀਉ ਹੈ ਜਿਤ ਹਰਿਆ ਸਭ ਕੋਇ॥ ਸੱਚ ਹੈ, ਧਰਤੀ 'ਤੇ ਜੀਵਨ ਲਈ ਪਾਣੀ ਅਤਿ ਜ਼ਰੂਰੀ ਹੈ-ਚਾਹੇ ਉਹ ਬਨਸਪਤੀ ਹੋਵੇ ਜਾਂ ਹੋਰ ਜੀਵ ਜੰਤੂ ਹੋਣ। ਸਾਡੀ ਧਰਤੀ ਦਾ ਇਕ ਹਿੱਸਾ ਜ਼ਮੀਨ ਅਤੇ ਤਿੰਨ ਹਿੱਸੇ ਪਾਣੀ ਹੈ। ਇੱਥੋਂ ਤੱਕ ਕਿ ਸਾਡੇ ਸਰੀਰ ਵਿਚ ਵੀ ਤਿੰਨ ਹਿੱਸੇ ਪਾਣੀ ਹੀ ਹੈ। ਰਸਾਇਣ ਵਿਗਿਆਨ 'ਚ ਐਚ. 2 ਓ. ਦੇ ਨਾਮ ਨਾਲ ਜਾਣਿਆ ਜਾਂਦਾ ਇਹ ਤਰਲ ਪਦਾਰਥ ਦੋ ਹਿੱਸੇ ਹਾਈਡਰੋਜਨ ਅਤੇ ਇਕ ਹਿੱਸਾ ਆਕਸੀਜਨ ਹੈ। ਕਿਹਾ ਜਾਂਦਾ ਹੈ ਕਿ ਭੋਜਨ ਤੋਂ ਬਿਨਾ ਆਦਮੀ ਇਕ ਮਹੀਨਾ ਜਿੰਦਾ ਰਹਿ ਸਕਦਾ ਹੈ ਪਰ ਪਾਣੀ ਤੋਂ ਬਿਨਾ ਇਕ ਹਫਤਾ ਹੀ ਮਸਾਂ ਕੱਟਦਾ ਏ। ਇੰਨੀ ਅਹਿਮੀਅਤ ਹੈ, ਪਾਣੀ ਦੀ ਸਾਡੀ ਜ਼ਿੰਦਗੀ ਵਿਚ!

ਇਸ ਅਣਮੁੱਲੇ ਖਜਾਨੇ ਦੀ ਸੰਭਾਲ ਕਰਨੀ ਬਹੁਤ ਜ਼ਰੂਰੀ ਹੈ। ਭਾਵੇਂ ਅਸੀਂ ਆਪਣੇ ਆਲੇ-ਦੁਆਲੇ ਬਹੁਤ ਸਾਰਾ ਪਾਣੀ ਵੇਖਦੇ ਹਾਂ। ਧਰਤੀ ਦਾ 70% ਹਿੱਸਾ ਪਾਣੀ ਨਾਲ ਢਕਿਆ ਹੋਇਆ ਹੈ ਪਰ ਇਸ ਵਿਚੋਂ ਸਾਢੇ 97.5% ਹਿੱਸਾ ਪਾਣੀ ਖਾਰਾ ਹੈ, ਜੋ ਵਰਤੋਂ ਵਿਚ ਨਹੀਂ ਲਿਆਂਦਾ ਜਾ ਸਕਦਾ। ਬਹੁਤ ਸਾਰਾ ਪਾਣੀ ਪਹਾੜਾਂ 'ਤੇ ਬਰਫ ਜਾਂ ਗਲੇਸ਼ੀਅਰਾਂ ਦੇ ਰੂਪ ਵਿਚ ਜੰਮਿਆ ਪਿਆ ਹੈ, ਜਾਂ ਮਿੱਟੀ ਵਿਚ ਨਮੀ ਦੇ ਰੂਪ ਵਿਚ ਸਮਿਲਿਤ ਹੈ। ਇਉਂ ਵੇਖੀਏ ਤਾਂ ਸਿਰਫ ਇਕ ਪ੍ਰਤੀਸ਼ਤ ਪਾਣੀ ਹੀ ਜੀਵਨ ਨੂੰ ਕਾਇਮ ਰੱਖਣ ਲਈ ਵਰਤਿਆ ਜਾ ਸਕਦਾ ਹੈ ਅਤੇ ਇਸ ਵਿਚ ਕਿਸੇ ਤਰੀਕੇ ਵਾਧਾ ਨਹੀਂ ਕੀਤਾ ਜਾ ਸਕਦਾ, ਇਸ ਲਈ ਇਸ ਨੂੰ ਸੰਭਾਲਣ ਦੀ ਬਹੁਤ ਲੋੜ ਹੈ। ਧਰਤੀ ਉਤੇ ਆਬਾਦੀ ਅਤੇ ਕਾਰਖਾਨਿਆਂ ਦੇ ਵਧਣ ਕਰਕੇ ਪਾਣੀ ਦੀ ਵਰਤੋਂ ਵਧਦੀ ਜਾ ਰਹੀ ਹੈ। ਮਿੱਠੇ ਪਾਣੀ ਦਾ ਕਰੀਬ 70 ਪ੍ਰਤੀਸ਼ਤ ਖੇਤੀਬਾੜੀ ਲਈ ਵਰਤੋਂ ਵਿਚ ਲਿਆਂਦਾ ਜਾਂਦਾ ਹੈ ਅਤੇ ਇਵੇਂ ਇਹ ਕੀਮਤੀ ਖਜਾਨਾ ਖਾਲੀ ਹੋਣ 'ਤੇ ਆ ਗਿਆ ਹੈ।

ਅਜੇ ਕੁਝ ਦਹਾਕੇ ਪਹਿਲਾਂ ਪੰਜਾਬ ਵਿਚ ਨਦੀਆਂ, ਨਹਿਰਾਂ ਤੇ ਚੋਆਂ ਵਹਿੰਦੀਆਂ ਦਿਸਦੀਆਂ ਅਤੇ ਪਿੰਡਾਂ ਵਿਚ ਅਕਸਰ ਛੱਪੜ ਪਾਣੀ ਨਾਲ ਭਰੇ ਰਹਿੰਦੇ ਸਨ। ਹੈਂਡ ਪੰਪਾਂ ਤੋਂ ਪੀਣ ਵਾਲਾ ਸਾਫ-ਸੁਥਰਾ ਪਾਣੀ ਨਿਕਲਦਾ ਅਤੇ ਖੂਹਾਂ 'ਚੋਂ ਖੇਤੀਬਾੜੀ ਕਰਨ ਯੋਗ ਪਾਣੀ ਪ੍ਰਾਪਤ ਹੁੰਦਾ। ਪਰ ਅੱਜ ਪੰਜ+ਆਬ ਬੇਆਬ ਹੋ ਰਿਹੈ। ਦਰਿਆ ਸੁੱਕ ਗਏ ਅਤੇ ਧਰਤੀ ਹੇਠੋਂ ਪਾਣੀ ਖਤਮ ਹੋ ਰਿਹੈ। ਲੋਕ ਧਰਤੀ ਨੂੰ ਹੋਰ ਡੂੰਘੀ ਤੋਂ ਡੂੰਘੀ ਪੁੱਟ ਕੇ ਪਾਣੀ ਦੀ ਕਮੀ ਨੂੰ ਪੂਰੀ ਕਰ ਰਹੇ ਹਨ ਜੋ ਕਿ ਧਰਤੀ ਲਈ ਬਹੁਤ ਘਾਤਕ ਹੈ।

ਵੇਖਣ ਵਿਚ ਆਇਆ ਹੈ ਕਿ ਪੰਜਾਬ ਦਾ ਬੰਦਾ ਵਾਤਾਵਰਣ ਸਬੰਧੀ ਬਿਲਕੁਲ ਸੰਵੇਦਨਸ਼ੀਲ ਨਹੀਂ ਰਿਹਾ। ਕੁਦਰਤ ਨੇ ਪੰਜਾਬ ਨੂੰ ਦਰਿਆਵਾਂ ਨਾਲ ਨਿਵਾਜਿਆ ਸੀ। ਸਾਡੇ ਦਰਿਆ ਸਾਡੀ ਸੰਸਕ੍ਰਿਤੀ ਦਾ ਚਿੰਨ੍ਹ ਸਨ। ਸਾਡੀ ਸੱਭਿਅਤਾ ਇੱਥੇ ਪ੍ਰਫੁਲਿਤ ਹੋਈ। ਇਨ੍ਹਾਂ ਦਰਿਆਵਾਂ 'ਤੇ ਗੀਤ ਗਾਏ ਗਏ, ਇਨ੍ਹਾਂ ਦੀ ਪੂਜਾ ਕੀਤੀ ਗਈ। ਮਨ ਵਿਚੋਂ ਇਕ ਹੂਕ ਨਿਕਲਦੀ ਹੈ, ਜਦੋਂ ਉਨ੍ਹਾਂ ਦਰਿਆਵਾਂ ਨੂੰ ਅੱਜ ਸੁੱਕ ਗਏ ਵੇਖਦੇ ਹਾਂ। ਲੋਕ ਉਨ੍ਹਾਂ ਵਿਚ ਗੰਦ-ਕੂੜਾ ਸੁੱਟ ਕੇ ਹੋਰ ਪੂਰੀ ਜਾ ਰਹੇ ਨੇ। ਪਾਣੀ ਦੀ ਥਾਂ ਪੌਲੀਥੀਨ ਦੇ ਲਿਫਾਫੇ ਵੇਖ ਕੇ ਇਕ ਪਾਸੇ ਵੇਖਣ ਨੂੰ ਘਿਣਾਉਣਾ ਲੱਗਦੈ, ਦੂਜੇ ਪਾਸੇ ਮਿੱਟੀ ਨੂੰ ਨੁਕਸਾਨ ਪਹੁੰਚਾਉਂਦੈ। ਕਾਰਖਾਨਿਆਂ ਦਾ ਗੰਦ ਅਤੇ ਗਟਰਾਂ ਦਾ ਗੰਦਾ ਪਾਣੀ ਜ਼ਮੀਨ ਵਿਚ ਦੱਬਿਆ ਜਾ ਰਿਹੈ ਜਿਸ ਨਾਲ ਜ਼ਮੀਨ ਹੇਠਲਾ ਪਾਣੀ ਦੂਸ਼ਿਤ ਹੋ ਗਿਐ। ਕੀਰਤਪੁਰ ਜਿਹੇ ਥਾਂਵਾਂ 'ਤੇ ਜਿੱਥੇ ਵੇਈਂ ਵਿਚ ਪਹਿਲਾਂ ਹੀ ਪਾਣੀ ਨਾਂਮਾਤਰ ਹੈ, ਲੋਕ ਰਾਖ ਦੀਆਂ ਬੋਰੀਆਂ ਨਾਲ ਉਸ ਨੂੰ ਪੂਰਦੇ ਜਾ ਰਹੇ ਨੇ। ਹਾਲਾਤ ਨੂੰ ਵੇਖ ਕੇ ਚਾਹੀਦਾ ਇਹ ਹੈ ਕਿ ਮੁੱਠੀ ਭਰ ਰਾਖ ਹੀ ਵੇਈਂ ਵਿਚ ਸੁੱਟੀ ਜਾਵੇ, ਬਾਕੀ ਰਾਖ ਨੂੰ ਮਿੱਟੀ ਵਿਚ ਦਬਾ ਦੇਣਾ ਚਾਹੀਦਾ ਹੈ।

***ਕਾਰਖਾਨਿਆਂ ਦਾ ਗੰਦ ਅਤੇ ਗਟਰਾਂ ਦਾ ਗੰਦਾ ਪਾਣੀ ਜ਼ਮੀਨ ਵਿਚ ਦੱਬਿਆ ਜਾ ਰਿਹੈ ਜਿਸ ਨਾਲ ਜ਼ਮੀਨ ਹੇਠਲਾ ਪਾਣੀ ਦੂਸ਼ਿਤ ਹੋ ਗਿਐ। ਕੀਰਤਪੁਰ ਵਰਗੇ ਥਾਂਵਾਂ 'ਤੇ ਜਿੱਥੇ ਵੇਈਂ ਵਿਚ ਪਹਿਲਾਂ ਹੀ ਪਾਣੀ ਨਾਂਮਾਤਰ ਹੈ, ਲੋਕ ਰਾਖ ਦੀਆਂ ਬੋਰੀਆਂ ਦੀਆਂ ਬੋਰੀਆਂ ਨਾਲ ਉਸ ਨੂੰ ਪੂਰਦੇ ਜਾ ਰਹੇ ਨੇ। ਹਾਲਾਤ ਨੂੰ ਵੇਖ ਕੇ ਚਾਹੀਦਾ ਇਹ ਹੈ ਕਿ ਮੁੱਠੀ ਭਰ ਰਾਖ ਹੀ ਵੇਈਂ ਵਿਚ ਸੁੱਟੀ ਜਾਵੇ, ਬਾਕੀ ਰਾਖ ਨੂੰ ਮਿੱਟੀ ਵਿਚ ਦਬਾ ਦੇਣਾ ਚਾਹੀਦਾ ਹੈ।***

ਅੱਜ ਪੰਜਾਬ ਦਾ ਪਾਣੀ ਅਸ਼ੁੱਧ ਹੋ ਚੁਕਾ ਹੈ ਅਤੇ ਬਹੁਤ ਸਾਰੀਆਂ ਬਿਮਾਰੀਆਂ ਨੂੰ ਜਨਮ ਦੇ ਰਿਹਾ ਹੈ। ਪਹਿਲਾਂ ਮਨੁੱਖ ਨੇ ਪਾਣੀ ਲਈ ਖਤਰਾ ਪੈਦਾ ਕੀਤਾ, ਹੁਣ ਪਾਣੀ ਬੰਦੇ ਲਈ ਖਤਰਨਾਕ ਹੋ ਗਿਐ। ਇਹ ਸਮੱਸਿਆ ਹਰ ਇਕ ਦੀ ਸਮੱਸਿਆ ਹੈ। ਇਹ ਸੋਚ ਕੇ ਅਤਿਅੰਤ ਦੁੱਖ ਹੁੰਦਾ ਹੈ ਕਿ ਜੇ ਹਾਲਾਤ ਇਹੀ ਰਹੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪਾਣੀ ਨਹੀਂ ਮਿਲੇਗਾ। ਕਿਹਾ ਜਾ ਰਿਹੈ ਕਿ ਅੱਜ ਤੋਂ ਨੌਂ ਸਾਲ ਬਾਅਦ ਵਰਤਣ ਵਾਲਾ ਪਾਣੀ ਖਤਮ ਹੋ ਜਾਏਗਾ ਜਿਵੇਂ ਅੱਜ ਕੇਪ ਟਾਊਨ ਵਿਚ ਹੋਇਆ ਹੈ। ਪਰ ਅਸੀਂ ਇਸ ਗੱਲ ਵੱਲ ਧਿਆਨ ਨਹੀਂ ਦੇ ਰਹੇ। ਪਾਣੀ ਦੀ ਬੋਤਲ ਵਿਚੋਂ ਦੋ ਘੁੱਟ ਪੀ ਕੇ ਬਾਕੀ ਦਾ ਪਾਣੀ ਬੇਕਾਰ ਸੁੱਟਣ ਵੇਲੇ ਅਸੀਂ ਇਸ ਬਾਰੇ ਬਿਲਕੁਲ ਨਹੀਂ ਸੋਚਦੇ। ਆਰ. ਓ. ਵਿਚੋਂ ਕਿੰਨਾ ਪਾਣੀ ਜਾਇਆ ਜਾਈ ਜਾਂਦਾ ਹੈ, ਇਸ ਬਾਰੇ ਅਸੀਂ ਬਿਲਕੁਲ ਨਹੀਂ ਸੋਚਦੇ। ਅਸੀਂ ਇੰਨੇ ਅਸੰਵੇਦਨਸ਼ੀਲ ਕਦੋਂ ਤੋਂ ਹੋ ਗਏ? ਜਿਸ ਪੰਜਾਬ ਵਿਚ ਭਾਈ ਘਨੱਈਆ ਦੁਸ਼ਮਣਾਂ ਦੇ ਮੂੰਹ ਵਿਚ ਵੀ ਪਾਣੀ ਪਾਉਂਦਾ ਰਿਹਾ, ਉਸ ਪੰਜਾਬ ਵਿਚੋਂ ਅਸੀਂ ਪਾਣੀ ਮੁਕਾਉਣ 'ਤੇ ਤੁਲੇ ਹੋਏ ਹਾਂ।

ਕੀ ਸਾਨੂੰ ਹਰ ਗੱਲ ਸਰਕਾਰਾਂ 'ਤੇ ਛੱਡ ਦੇਣੀ ਚਾਹੀਦੀ ਹੈ? ਕੀ ਆਮ ਆਦਮੀ ਦਾ ਕੋਈ ਫਰਜ਼ ਨਹੀਂ ਬਣਦਾ? ਭਾਂਡੇ ਧੋਂਦਿਆਂ, ਬੁਰੱਸ਼ ਕਰਦਿਆਂ, ਨਹਾਉਂਦਿਆਂ ਧੋਂਦਿਆ ਜਾਂ ਹੋਰ ਕਰਮ ਕਰਦਿਆਂ ਪਾਣੀ ਦੀ ਸੰਜਮ ਨਾਲ ਵਰਤੋਂ ਕਰਕੇ ਹੀ ਅਸੀਂ ਕਿੰਨਾ ਪਾਣੀ ਬਚਾ ਸਕਦੇ ਹਾਂ। ਮੀਂਹ ਦਾ ਪਾਣੀ ਇਕੱਠਾ ਕਰਕੇ ਬਾਗਬਾਨੀ ਲਈ ਵਰਤੋਂ ਵਿਚ ਲਿਆਂਦਾ ਜਾ ਸਕਦਾ ਹੈ। ਵਗਦੇ ਪਾਣੀਆਂ ਅੰਦਰ ਗੰਦ ਨਾ ਸੁੱਟਣ ਨਾਲ ਵੀ ਅਸੀਂ ਕੁਝ ਕੁ ਜ਼ਿੰਮੇਵਾਰੀ ਤਾਂ ਨਿਭਾ ਹੀ ਸਕਦੇ ਹਾਂ। ਪਾਣੀ ਦੀ ਸੰਭਾਲ ਕੇ ਵਰਤੋਂ ਕਰਕੇ ਅਸੀਂ ਇਸ ਗੰਭੀਰ ਸਮੱਸਿਆ ਨੂੰ ਕੁਝ ਹੱਦ ਤੱਕ ਸੁਲਝਾਉਣ ਵਿਚ ਮਦਦ ਕਰ ਸਕਦੇ ਹਾਂ।

ਆਉ ਕੁਝ ਕਰੀਏ ਤਾਂ ਕਿ ਪਾਣੀ ਦੇ ਜੋ ਸੁੰਦਰ ਰੂਪ-ਬਰਫ, ਬਰਖਾ, ਬੱਦਲ, ਸਮੁੰਦਰ, ਝੀਲਾਂ ਅਤੇ ਝਰਨੇ ਅਸੀਂ ਮਾਣਦੇ ਹਾਂ, ਉਹ ਆਉਣ ਵਾਲੇ ਸਮਿਆਂ ਵਿਚ ਕਿਤੇ ਸੁੱਕ ਨਾ ਜਾਣ। ਸਿੰਧ ਘਾਟੀ ਦੀ ਸੱਭਿਅਤਾ ਕੁਦਰਤ ਨੇ ਖਤਮ ਕੀਤੀ ਸੀ, ਇਸ ਜੀਵਨ ਨੂੰ ਅਸੀਂ ਕਿਤੇ ਖੁਦ ਹੀ ਨਾ ਸਮਾਪਤ ਕਰ ਦੇਈਏ। ਦੇਖਿਉ ਕਿਤੇ 'ਜਲ ਬਿਨ ਸਾਖ' (ਜ਼ਿੰਦਗੀ ਦੀ) ਕੁਮਲਾ ਨਾ ਜਾਵੇ!

# ਸਾਹਿਤਕਾਰੀ ਵਿਚ ਸ਼ਬਦ ਚਿੱਤਰਾਂ ਦੀ ਭਰਮਾਰ


## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੇਰੇ ਵਿਹੜੇ ਆਉਣ ਵਾਲੀਆਂ ਸਾਹਿਤਕ ਪੁਸਤਕਾਂ ਵਿਚੋਂ ਦਸਵਾਂ ਹਿੱਸਾ ਸ਼ਬਦ ਚਿੱਤਰਾਂ ਦੀਆਂ ਹੁੰਦੀਆਂ ਹਨ। ਕਵੀਆਂ, ਨਾਵਲਕਾਰਾਂ ਤੇ ਵਾਰਤਕ ਲੇਖਕਾਂ ਦੇ ਸੁਭਾਉ, ਪ੍ਰਾਪਤੀਆਂ ਤੇ ਵਰਤ ਵਰਤਾਰੇ ਦੀ ਪੇਸ਼ਕਾਰੀ। ਪੰਜਾਬੀ ਵਿਚ ਸ਼ਬਦ ਚਿੱਤਰਕਾਰੀ ਨੂੰ ਸਿਖਰ 'ਤੇ ਪਹੁੰਚਾਉਣ ਵਾਲਾ ਬਲਵੰਤ ਗਾਰਗੀ ਸੀ। 'ਨਿੰਮ ਦੇ ਪੱਤੇ', 'ਸੁਰਮੇ ਵਾਲੀ ਅੱਖ' ਤੇ 'ਕੌਡੀਆਂ ਵਾਲਾ ਸੱਪ' ਦੀ ਪ੍ਰਸਿਧੀ ਵਾਲਾ। ਹੋ ਸਕਦਾ ਹੈ, ਉਸ ਨੂੰ ਇਹ ਵਿਚਾਰ ਸਆਦਤ ਹਸਨ ਮੰਟੋ ਦੀ ਪੁਸਤਕ 'ਗੰਜੇ ਫਰਿਸ਼ਤੇ' ਪੜ੍ਹ ਕੇ ਆਇਆ ਹੋਵੇ ਜਾਂ ਨਿਦਾ ਫਾਜ਼ਲੀ ਦੇ ਸ਼ਬਦ-ਚਿੱਤਰ ਪੜ੍ਹ ਕੇ। ਗਾਰਗੀ ਦੇ ਲਿਖੇ ਰੇਖਾ ਚਿੱਤਰ 'ਆਰਸੀ' ਰਸਾਲੇ ਵਿਚ ਛਪਣ ਲੱਗੇ ਤਾਂ ਮੇਰੇ ਵਰਗੇ ਹੋਰ ਲੇਖਕ ਵੀ ਰੇਖਾ ਚਿੱਤਰ ਲਿਖਣ ਲੱਗ ਪਏ, ਸਮਕਾਲੀ ਸਿਰਲੇਖ ਵਾਲੇ ਕਾਲਮ ਲਈ। ਹੁਣ ਤਾਂ ਮੇਰੇ ਲਿਖੇ ਸ਼ਬਦ ਚਿੱਤਰਾਂ ਦੀ ਗਿਣਤੀ ਵੀ 80 ਤੋਂ ਵਧ ਗਈ ਹੈ ਜੋ 'ਸਰਗੋਸ਼ੀਆਂ' ਨਾਂ ਥੱਲੇ ਦੋ ਜਿਲਦਾਂ 'ਚ ਛਪ ਚੁਕੇ ਹਨ।

ਇਸ ਵੇਲੇ ਮੇਰਾ ਗੋਤੀ ਪ੍ਰਿੰ. ਸਰਵਣ ਸਿੰਘ ਕੈਨੇਡਾ ਰਹਿ ਕੇ 'ਪੰਜਾਬ ਦੇ ਕੋਹੇਨੂਰ' ਨਾਂ ਥੱਲੇ ਤਿੰਨ ਜਿਲਦਾਂ ਵਿਚ ਅਨੇਕਾਂ ਰੇਖਾ ਚਿੱਤਰ ਪੰਜਾਬੀ ਸਾਹਿਤ ਜਗਤ ਨੂੰ ਦੇ ਚੁਕਾ ਹੈ। ਹੁਣੇ ਹੁਣੇ ਛਪੀ ਨਿੰਦਰ ਘੁਗਿਆਣਵੀ ਦੀ ਪੁਸਤਕ 'ਮੋਏ ਮਿੱਤਰਾਂ ਦਾ ਮੋਹ' ਵੀ ਇਸੇ ਸ਼੍ਰੇਣੀ ਵਿਚ ਆਉਂਦੀ ਹੈ। ਪੰਜਾਬੀ ਦੇ ਬਹੁ-ਵਿਧ ਲੇਖਕ ਸੁਰਜੀਤ ਹਾਂਸ ਨੇ 'ਢਾਣੀ ਬਿਲਾਸ' ਨਾਂ ਥੱਲੇ ਕਾਵਿਕ ਰੇਖਾ ਚਿੱਤਰ ਲਿਖੇ ਹਨ। ਇਨ੍ਹਾਂ ਵਿਚ ਸਿਆਸਤਦਾਨ ਸੱਚਰ ਤੋਂ ਲੈ ਕੇ ਮਾਹਲਪੁਰ ਕਾਲਜ ਦੇ ਚਪੜਾਸੀ ਬੰਤਾ ਸਿੰਘ ਤੱਕ ਤਿੰਨ ਦਰਜਨ ਤੋਂ ਵਧ ਬੰਦਿਆਂ ਦਾ ਮੁਲੰਕਣ ਮਿਲਦਾ ਹੈ। ਬੰਤਾ ਸਿੰਘ ਦੀ ਪ੍ਰਮਾਣ ਪੇਸ਼ ਹੈ ਜੋ ਮੇਰੇ ਵਿਦਿਆਰਥੀ ਕਾਲ 'ਚ ਵੀ ਉਥੇ




ਸੀ ਤੇ ਹਾਂਸ ਦੇ ਅਧਿਆਪਨ ਕਾਲ ਸਮੇਂ ਵੀ:

ਮਾਹਲਪੁਰ ਕਾਲਜ 'ਚ
ਬੰਤਾ ਸਿੰਘ ਚਪੜਾਸੀ ਰਿਹਾ
ਜਿਹੜਾ ਕਰਨੀ ਆਪਣੀ ਦਾ
ਸੀ ਵਿਹਾਰਕ ਸਰਬਰਾਹ
ਲੈਕਚਰਰ-ਗਣ ਦੇ ਲਈ ਜੋ
ਉਪ-ਪ੍ਰਿੰਸੀਪਲ ਜਿਵੇਂ
ਓਸ ਨੂੰ ਨਾ-ਖੁਸ਼ ਕਰਨ ਦਾ
ਹੌਸਲਾ ਨਾ ਦਿਲ ਜਿਵੇਂ।

ਹੁਣ ਤਾਂ ਲਗਪਗ ਸਾਰੇ ਸਾਹਿਤਕ ਰਸਾਲੇ ਰੇਖਾ ਚਿੱਤਰ ਛਾਪ ਰਹੇ ਹਨ- 'ਸਿਰਜਣਾ', 'ਲਕੀਰ' ਤੇ 'ਕਲਾਕਾਰ' ਸਮੇਤ 'ਨਵਾਂ ਜ਼ਮਾਨਾ' ਦਾ ਐਤਵਾਰੀ ਅੰਕ ਵੀ। ਸਾਡੇ ਸਮਿਆਂ 'ਚ ਅਸੀਂ ਗੁਰਬਖਸ਼ ਸਿੰਘ, ਸੰਤ ਸਿੰਘ ਸੇਖੋਂ, ਕਰਤਾਰ ਸਿੰਘ ਦੁੱਗਲ, ਅੰਮ੍ਰਿਤਾ ਪ੍ਰੀਤਮ ਤੇ ਕੁਲਵੰਤ ਸਿੰਘ ਵਿਰਕ ਆਦਿ ਨੂੰ ਵੇਖ ਕੇ ਜਾਂ ਮਿਲ ਕੇ ਸੰਤੁਸ਼ਟ ਹੋ ਜਾਂਦੇ ਸਾਂ। ਅੱਜ ਦੇ ਪਾਠਕ ਆਪਣੇ ਮਨਭਾਉਂਦੇ ਪਾਤਰਾਂ ਬਾਰੇ ਉਹ ਸਭ ਕੁਝ ਜਾਣਨਾ ਚਾਹੁੰਦੇ ਹਨ ਜੋ ਸ਼ਬਦ/ਰੇਖਾ ਚਿੱਤਰਾਂ ਵਿਚ ਹੁੰਦਾ ਹੈ।

**ਸਵਾ ਸੌ ਕਰੋੜ ਤੋਂ ਵੱਧ ਦੀ ਨੰਬਰ ਪਲੇਟ:** ਲੱਖਾਂ-ਕਰੋੜਾਂ ਰੁਪਏ ਦੀਆਂ ਮਹਿੰਗੀਆਂ ਕਾਰਾਂ ਬਾਰੇ ਤਾਂ ਸੁਣਿਆ ਸੀ ਪਰ ਨੰਬਰ ਪਲੇਟ ਉਤੇ ਕਰੋੜਾਂ ਰੁਪਏ ਖਰਚਣ ਵਾਲੇ ਵੀ ਹਨ, ਜਾਣ ਕੇ ਹੈਰਾਨੀ ਹੋਈ। ਨਵੀਂ ਖਰੀਦੀ ਕਾਰ ਲਈ ਛੋਟਾ ਜਾਂ ਮਨ ਭਾਉਂਦਾ ਨੰਬਰ ਲੈਣ ਲਈ ਬੋਲੀ ਲਗਦੀ ਵੀ ਸੁਣੀ ਹੈ ਤੇ ਬੋਲੀ ਦੇਣ ਵਾਲੇ ਵੀ ਦੇਖੇ ਹਨ ਪਰ ਕੋਈ ਨੰਬਰ ਪਲੇਟ ਸਵਾ ਸੌ ਕਰੋੜ ਤੋਂ ਵੀ ਵਧ ਰੁਪਿਆਂ ਵਿਚ ਵਿਕ ਸਕਦੀ ਹੈ, ਕਦੀ ਨਹੀਂ ਸੀ ਸੁਣਿਆ। ਬਰਤਾਨਵੀ ਸਰਕਾਰ ਨੇ ਐਫ 1 ਨਾਂ ਦੀ ਨੰਬਰ ਪਲੇਟ ਵਿਕਰੀ 'ਤੇ ਲਾਈ ਹੈ। ਜਿਸ ਦਾ ਆਧਾਰ ਮੁੱਲ 132 ਕਰੋੜ ਰੱਖਿਆ ਹੈ। ਸੰਨ 2008 ਵਿਚ ਇਸ ਨੰਬਰ ਦਾ ਮੁੱਲ ਚਾਰ ਕਰੋੜ ਰੁਪਏ ਪਿਆ ਸੀ। ਸੰਨ 1904 ਤੋਂ 2008 ਤੱਕ ਇਹ ਨੰਬਰ ਐਸੈਕਸ ਸਿਟੀ ਕੌਂਸਲ ਕੋਲ ਰਿਹਾ ਹੈ। ਦੱਸਿਆ ਜਾਂਦਾ ਹੈ ਕਿ ਸ਼ੁਰੂ ਸ਼ੁਰੂ ਵਿਚ ਕਾਰ ਦਾ ਇਹ ਨੰਬਰ ਅਫਜ਼ਲ ਖਾਨ ਨਾਂ ਦੇ ਇਕ ਵਿਅਕਤੀ ਦੇ ਨਾਂ ਜਾਰੀ ਹੋਇਆ ਸੀ ਜੋ 'ਡਿਜ਼ਾਈਨ' ਕੰਪਨੀ ਦਾ ਮਾਲਕ ਸੀ। ਅੱਜ ਦੇ ਦਿਨ ਇਸ ਨੰਬਰ ਦਾ ਏਨਾ ਮੁੱਲ ਜਾਣ ਕੇ ਖਾਨ ਦੀ ਆਤਮਾ ਕੀ ਸੋਚਦੀ ਹੋਵੇਗੀ, ਅੰਦਾਜ਼ਾ ਲਾਉਣਾ ਸੰਭਵ ਨਹੀਂ। ਬੱਲੇ ਬੱਲੇ ਐਫ 1 ਦੇ!

**ਹੋਮਿਓਪੈਥੀ ਦਾ ਜਨਮ ਦਾਤਾ:** ਇਹ ਮੰਨਿਆ ਜਾਂਦਾ ਹੈ ਕਿ ਸਾਡੇ ਦੇਸ਼ ਵਿਚ 212 ਹੋਮਿਓਪੈਥੀ ਦੇ ਹਸਪਤਾਲ ਹਨ ਤੇ ਲਗਭਗ ਤਿੰਨ ਲੱਖ ਡਾਕਟਰ। ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ 10 ਅਪਰੈਲ ਦੁਨੀਆਂ ਭਰ 'ਚ ਵਿਸ਼ਵ ਹੋਮਿਓਪੈਥੀ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਪ੍ਰਣਾਲੀ ਦੀ ਕਾਢ ਜਰਮਨੀ ਦੇ ਡਾ. ਕ੍ਰਿਸ਼ਚੀਅਨ ਫਰੈਡਰਿਕ ਸੈਮੂਅਲ ਹੈਨੇਮਨ ਨੇ ਕੀਤੀ ਸੀ ਜਿਸ ਦਾ ਜਨਮ 10 ਅਪਰੈਲ 1755 ਨੂੰ ਹੋਇਆ ਸੀ। ਉਸ ਦੇ ਦਿਮਾਗ 'ਚ ਹੋਮਿਓਪੈਥੀ ਇਲਾਜ ਦਾ ਵਿਚਾਰ ਆਉਣਾ ਵੀ ਕਮਾਲ ਦੀ ਗੱਲ ਹੈ। ਉਹ ਇਕ ਅੰਗਰੇਜ਼ ਡਾਕਟਰ ਦੀ ਉਸ ਪੁਸਤਕ ਦਾ ਜਰਮਨ ਭਾਸ਼ਾ ਵਿਚ ਅਨੁਵਾਦ ਕਰ ਰਿਹਾ ਸੀ ਜਿਸ ਵਿਚ ਲਿਖਿਆ ਸੀ ਕਿ ਕੁਨੈਨ ਮਲੇਰੀਆ ਤੋਂ ਮੁਕਤੀ ਵੀ ਦਿਵਾਉਂਦੀ ਹੈ ਪਰ ਅਰੋਗ ਸਰੀਰ ਵਿਚ ਮਲੇਰੀਆ ਪੈਦਾ ਵੀ ਕਰਦੀ ਹੈ।

ਹੋਮਿਓਪੈਥੀ ਦਾ ਇਲਾਜ ਸਮਰੂਪਤਾ ਦੇ ਸਿਧਾਂਤ 'ਤੇ ਆਧਾਰਤ ਹੈ, ਅਰੋਗ ਕਰਨ ਵਾਲੀਆਂ ਦਵਾਈਆਂ ਬੰਦੇ ਨੂੰ ਰੋਗ ਵੀ ਲਾਉਂਦੀਆਂ ਹਨ। ਦਿਲਚਸਪ ਗੱਲ ਇਹ ਵੀ ਹੈ ਕਿ ਇਹ ਦਵਾਈਆਂ ਸਰੀਰ ਉਤੇ ਬੁਰਾ ਪ੍ਰਭਾਵ ਨਹੀਂ ਪਾਉਂਦੀਆਂ। ਮੇਰਾ ਸਾਹਿਤਕਾਰ ਮਿੱਤਰ ਚੰਦਰ ਤ੍ਰਿਖਾ ਮੇਰਾ ਹੋਮਿਓਪੈਥੀ ਡਾਕਟਰ ਵੀ ਹੈ। ਉਸ ਦੇ ਪਰਿਵਾਰ ਦੇ ਦੂਜੇ ਮੈਂਬਰ ਵੀ ਇਸ ਵਿਧੀ ਰਾਹੀਂ ਇਲਾਜ ਕਰਦੇ ਹਨ। ਇਕ ਮੈਂਬਰ ਮਾਡਲ ਟਾਊਨ, ਜਲੰਧਰ ਵਿਚ ਪ੍ਰੈਕਟਿਸ ਕਰਦਾ ਹੈ। ਸਾਰੇ ਸਫਲ ਹਨ। ਇਸ ਦੀ ਪ੍ਰੈਕਟਿਸ 'ਚ ਅਸਫਲਤਾ ਹੁੰਦੀ ਹੀ ਨਹੀਂ।

**ਹਿਮਾਚਲ ਹਾਦਸਾ:** ਹਿਮਾਚਲ ਪ੍ਰਦੇਸ਼ ਦੇ ਨੂਰਪੁਰ-ਚੰਬਾ ਮਾਰਗ 'ਤੇ ਰਾਮ ਸਿੰਘ ਪਠਾਨੀਆ ਪਬਲਿਕ ਸਕੂਲ ਦੀ ਬੱਸ ਦੇ ਛੇ ਫਰਲਾਂਗ ਡੂੰਘੀ ਖੱਡ 'ਚ ਡਿੱਗਣ ਨਾਲ ਡਰਾਈਵਰ ਤੇ ਅਧਿਆਪਕਾਵਾਂ ਸਣੇ 30 ਤੋਂ ਵਧ, 27 ਦਸ ਸਾਲ ਤੋਂ ਘਟ ਉਮਰ ਦੇ ਬੱਚੇ ਵੀ ਹਨ, ਚਲੇ ਜਾਣਾ ਏਨਾ ਦੁਖਦਾਈ ਹੈ ਕਿ ਮ੍ਰਿਤਕਾਂ ਦੇ ਪਰਿਵਾਰਾਂ ਨੂੰ 5-5 ਲੱਖ ਦਾ ਮੁਆਵਜ਼ਾ, ਪ੍ਰਧਾਨ ਮੰਤਰੀ ਵਲੋਂ ਦੁੱਖ ਦਾ ਪ੍ਰਗਟਾਵਾ ਤੇ ਮੁੱਖ ਮੰਤਰੀ ਵਲੋਂ ਮੈਜਿਸਟ੍ਰੇਟੀ ਜਾਂਚ ਦਾ ਦੇਸ਼ ਵੀ ਵੱਡਾ ਅਰਥ ਨਹੀਂ ਰੱਖਦਾ। ਕੁਦਰਤੀ ਕਰੋਪੀ ਨੂੰ ਤਾਂ ਰੱਬ ਦਾ ਭਾਣਾ ਮੰਨ ਕੇ ਸਹਿ ਲਈਦਾ ਹੈ ਪਰ ਮਨੁੱਖੀ ਲਾਪ੍ਰਵਾਹੀ ਜਾਂ ਗੱਡੀ ਦੇ ਮਸ਼ੀਨੀ ਨੁਕਸ ਦਾ ਕੀ ਕਰੀਏ! ਦੁਖੀ ਹਿਰਦਿਆਂ ਨਾਲ ਹਮਦਰਦੀ ਹੀ ਜਤਾ ਸਕਦੇ ਹਾਂ।

**ਅੰਤਿਕਾ:**
*(ਇਕ ਉਰਦੂ ਗ਼ਜ਼ਲ ਦੇ ਦੋ ਸ਼ਿਅਰ)*
ਸਾਦਗੀ ਲਾਜਵਾਬ ਹੈ ਜਿਨਕੀ
ਉਨ ਸਵਾਲੋਂ ਕੀ ਯਾਦ ਆਤੀ ਹੈ।
ਜਾਨੇ ਵਾਲੇ ਕਭੀ ਨਹੀਂ ਆਤੇ
ਜਾਨੇ ਵਾਲੋਂ ਕੀ ਯਾਦ ਆਤੀ ਹੈ।

# ਅੰਬੇਡਕਰ ਦੀ ਫਿਲਾਸਫੀ ’ਚ ਜਮਹੂਰੀਅਤ ਤੇ ਧਰਮ ਦਾ ਰਿਸ਼ਤਾ

***ਡਾ. ਭੀਮ ਰਾਓ ਅੰਬੇਡਕਰ ਨੇ ‘ਬ੍ਰਾਹਮਣਵਾਦ’ ਨੂੰ ਮਹਿਜ਼ ਵੰਗਾਰਿਆ ਹੀ ਨਹੀਂ ਸਗੋਂ ਇਸ ਦੇ ਬਰਾਬਰ ‘ਬ੍ਰਹਮਵਾਦ’ (ਬ੍ਰਹਿਮੰਡ) ਦਾ ਸੰਕਲਪ ਵੀ ਦਿੱਤਾ। ਆਪਣੀਆਂ ਲਿਖਤਾਂ ਵਿਚ ਉਨ੍ਹਾਂ ਬ੍ਰਾਹਮਣਵਾਦ ਦੇ ਗੈਰ-ਜਮਹੂਰੀ ਅਤੇ ਬ੍ਰਹਮਵਾਦ ਦੇ ਜਮਹੂਰੀ ਖਾਸੇ ਦੀ ਬਾਕਾਇਦਾ ਨਿਸ਼ਾਨਦੇਹੀ ਕੀਤੀ। ‘ਦੇਸ ਪੰਜਾਬ’ ਦੇ ਸੰਪਾਦਕ ਗੁਰਬਚਨ ਸਿੰਘ ਨੇ ਆਪਣੇ ਇਸ ਲੇਖ ਵਿਚ ਡਾ. ਅੰਬੇਡਕਰ ਦੀ ਫਿਲਾਸਫੀ ਦੇ ਇਨ੍ਹਾਂ ਪੱਖਾਂ ਬਾਰੇ ਚਰਚਾ ਕੀਤੀ ਹੈ। -ਸੰਪਾਦਕ***

ਕਾਰਲ ਮਾਰਕਸ ਦੇ ਪੈਰੋਕਾਰਾਂ ਨੇ ਜਿਵੇਂ ਉਸ ਦੀ ਫਿਲਾਸਫੀ ਦੇ ਖੇਤਰ ਵਿਚ ਕੀਤੀ ਮਹਾਨ ਖੋਜ ਨੂੰ ਅਣਗੌਲਿਆ ਕਰ ਕੇ ਉਸ ਦੇ ਵਿਕਸਿਤ ਕੀਤੇ ਰਾਜਨੀਤਕ ਆਰਥਿਕਤਾ ਦੇ ਸਿਧਾਂਤ ਨੂੰ ਹੀ ਉਸ ਦੀ ਸਭ ਤੋਂ ਵੱਡੀ ਪ੍ਰਾਪਤੀ ਮੰਨ ਲਿਆ ਹੈ, ਐਨ ਇਸੇ ਤਰ੍ਹਾਂ ਵੀਹਵੀਂ ਸਦੀ ਦੇ ਮਹਾਨ ਚਿੰਤਕ ਡਾ. ਭੀਮ ਰਾਓ ਅੰਬੇਡਕਰ ਦੇ ਪੈਰੋਕਾਰਾਂ ਨੇ ਫਿਲਾਸਫੀ ਦੇ ਖੇਤਰ ਵਿਚ ਉਨ੍ਹਾਂ ਦੀ ਮਹਾਨ ਦੇਣ ਨੂੰ ਅਣਗੌਲਿਆ ਕਰ ਕੇ ਉਨ੍ਹਾਂ ਦੀ ਬਹੁਤ ਛੋਟੀ ਜਿਹੀ ਦੇਣ ‘ਕਥਿਤ ਨੀਚ ਜਾਤੀਆਂ ਦੇ ਕਾਨੂੰਨੀ ਰਾਖਵੇਂਕਰਨ’ ਨੂੰ ਹੀ ਉਨ੍ਹਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਸਮਝ ਲਿਆ ਹੈ। ਫਿਲਾਸਫੀ ਦੇ ਖੇਤਰ ਵਿਚ ਡਾ. ਅੰਬੇਡਕਰ ਦੀ ਖੋਜ ਨੂੰ ਅਣਗੌਲਿਆ ਕਰ ਕੇ ਕਿਸੇ ਵੀ ਨਵੇਂ ਮਨੁੱਖੀ ਸਮਾਜ ਦੀ

**ਗੁਰਬਚਨ ਸਿੰਘ**
ਫੋਨ: 91-98156-98451

ਸਿਰਜਣਾ ਨਹੀਂ ਕੀਤੀ ਜਾ ਸਕਦੀ।

ਕੁਝ ਕਥਿਤ ਉਚ ਜਾਤੀ ਲੋਕ ਅੰਬੇਡਕਰ ਨੂੰ ਸਿਰਫ ਦਲਿਤਾਂ ਦਾ ਚਿੰਤਕ ਹੀ ਸਮਝਦੇ ਹਨ। ਉਨ੍ਹਾਂ ਨੂੰ ਘੋਰ ਲਾਹਨਤ ਪਾਉਣੀ ਚਾਹੀਦੀ ਹੈ ਕਿਉਂਕਿ ਬਾਬਾ ਸਾਹਿਬ ਦੀ ਸਿਧਾਂਤਕ ਖੋਜ ਦਾ ਮੰਤਵ ਬਹੁਤ ਉਚਾ ਅਤੇ ਸੁੱਚਾ ਹੈ। ਉਹ ਆਪਣੀ ਸਿਧਾਂਤਕ ਖੋਜ ਦਾ ਅਰੰਭ ਹਿੰਦੂ ਫਿਲਾਸਫੀ ਦੀ ਪੜਚੋਲ ਤੋਂ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ, ਹਿੰਦੂ ਫਿਲਾਸਫੀ ਦੀ ਪੜਚੋਲ ਤੋਂ ਬਿਨਾ “ਹਿੰਦੂਵਾਦ ਦੇ ਆਦਰਸ਼ਾਂ ਅਤੇ ਨਿਸ਼ਾਨਿਆਂ ਨੂੰ ਨਹੀਂ ਜਾਣਿਆ ਜਾ ਸਕਦਾ।”

ਹਿੰਦੂ ਫਿਲਾਸਫੀ ਦੀ ਪੜਚੋਲ ਕਰਨ ਦਾ ਉਨ੍ਹਾਂ ਦਾ ਉਚਾ ਤੇ ਸੁੱਚਾ ਮੰਤਵ ‘ਹਿੰਦੂਵਾਦ ਦੇ ਆਦਰਸ਼ਾਂ ਅਤੇ ਨਿਸ਼ਾਨਿਆਂ’ ਨੂੰ ਜਾਣਨਾ ਹੈ ਤਾਂ ਕਿ ਹਿੰਦੂ ਜਨਸਮੂਹਾਂ ਨੂੰ ਇਹ ਦਸਿਆ ਜਾ ਸਕੇ ਕਿ ਬ੍ਰਾਹਮਣਵਾਦ ਨੇ ਵਿਚਾਰਧਾਰਕ ਧੁੰਦ ਦੀ ਜਿਹੜੀ ਦਲਦਲ ਵਿਚ ਉਨ੍ਹਾਂ ਨੂੰ ਲਿਜਾ ਸੁਟਿਆ ਹੈ, ਉਸ ਵਿਚੋਂ ਬਾਹਰ ਨਿਕਲਣਾ ਭਾਰਤੀ ਸਭਿਅਤਾ ਦੀ ਹੋਂਦ ਦੇ ਬਚੇ ਰਹਿਣ ਲਈ ਕਿੰਨਾ ਜ਼ਰੂਰੀ ਹੈ। ਬਾਬਾ ਸਾਹਿਬ ਨੇ ਬ੍ਰਾਹਮਣਵਾਦ ਦੇ ਇਸ ਝੂਠ ਦਾ ਵੀ ਪਰਦਾਫਾਸ਼ ਕੀਤਾ ਹੈ ਕਿ ਭਾਰਤੀ ਸਭਿਅਤਾ ਸਨਾਤਨ ਤਥਾ ਤਬਦੀਲੀ ਰਹਿਤ ਹੈ; ਜਦਕਿ ਤਬਦੀਲੀ ਕੁਦਰਤ ਅਤੇ ਮਨੁੱਖੀ ਸਮਾਜ ਦਾ ਅਟਲ ਨਿਯਮ ਹੈ। ਬਾਬਾ ਸਾਹਿਬ ਨੇ ਵੇਦਾਂ, ਉਪਨਿਸ਼ਦਾਂ, ਪੁਰਾਣਾਂ, ਸਿਮ੍ਰਿਤੀਆਂ ਅਤੇ ਅਨੇਕਾਂ ਹੋਰਨਾਂ ਹਿੰਦੂ ਸ਼ਾਸਤਰਾਂ ਦੇ ਹਵਾਲੇ ਨਾਲ ਇਹ ਸਿਧ ਕੀਤਾ ਹੈ ਕਿ ਭਾਰਤੀ ਸਭਿਅਤਾ ਨਿਰੰਤਰ ਬਦਲਦੀ ਆ ਰਹੀ ਹੈ। ਅਨੇਕਾਂ ਵਾਰ ਇਸ ਵਿਚ ਬੜੀਆਂ ਮਨੁਖਤਾ ਪੱਖੀ ਅਤੇ ਅਗਾਂਹਵਧੂ ਤਬਦੀਲੀਆਂ ਹੋਈਆਂ ਹਨ।

ਬਾਬਾ ਸਾਹਿਬ ਦੀ ਸਿਧਾਂਤਕ ਖੋਜ ਦਾ ਅਸਲੀ ਮੰਤਵ ਇਸ ਸੰਸਾਰ ਵਿਚ ਹਰ ਕਿਸਮ ਦੀ ਬਰਾਬਰੀ ਅਤੇ ਆਤਮਿਕ ਆਜ਼ਾਦੀ ਦੇ ਆਧਾਰ ਉਤੇ ਨਵੇਂ ਸਿਰਿਓਂ ਮਨੁੱਖੀ ਸਮਾਜ ਨੂੰ ਜਥੇਬੰਦ ਕਰਨਾ ਹੈ। ਮਨੁੱਖੀ ਸਮਾਜ ਨੂੰ ਨਵੇਂ ਸਿਰਿਓਂ ਜਥੇਬੰਦ ਕਰਨ ਲਈ ਦੋ ਮੁਢਲੀਆਂ ਲੋੜਾਂ ਹਨ। ਪਹਿਲੀ, ਮਨੁੱਖਤਾ ਪੱਖੀ ਸਿਧਾਂਤ ਭਾਵ ਫਿਲਾਸਫੀ (ਵਿਚਾਰਧਾਰਾ) ਅਤੇ ਦੂਜੀ, ਮਨੁੱਖਤਾ ਪਖੀ ਰਾਜਨੀਤੀ। ਮਨੁੱਖਤਾ ਪਖੀ ਸਿਧਾਂਤ ਵਿਕਸਿਤ ਕਰਨ ਲਈ ਉਨ੍ਹਾਂ ਨੇ ਮਨੁੱਖ ਜਾਤੀ ਦੇ ਆਦਿ ਗ੍ਰੰਥ ਵੇਦਾਂ ਤੋਂ ਲੈ ਕੇ ਹੁਣ ਤਕ ਵਿਕਸਿਤ ਹੋਈਆਂ ਸਾਰੀਆਂ ਫਿਲਾਸਫੀਆਂ ਦੀ ਪੁਣਛਾਣ ਕੀਤੀ ਹੈ ਅਤੇ ਮਨੁੱਖਤਾ ਪੱਖੀ ਰਾਜਨੀਤੀ ਵਿਕਸਿਤ ਕਰਨ ਲਈ ਉਨ੍ਹਾਂ ਨੇ ਅਜੋਕੇ ਸੰਸਾਰ ਵਿਚਲੇ ਰਾਜ ਪ੍ਰਬੰਧ (ਸਰਕਾਰ) ਦੇ ਸਭ ਤੋਂ ਵਧ ਪ੍ਰਚਲਿਤ ਰੂਪ ਜਮਹੂਰੀਅਤ ਦੀ ਧਾਰਨਾ ਨੂੰ ਆਪਣੀ ਵਿਕਸਿਤ ਕੀਤੀ ਮੌਲਿਕ ਫਿਲਾਸਫੀ ਦੀ ਸਾਣ ਉਤੇ ਲਾ ਕੇ ਹੋਰ ਵਧੇਰੇ ਸਪਸ਼ਟ ਕੀਤਾ ਹੈ।

ਬਾਬਾ ਸਾਹਿਬ ਦਸਦੇ ਹਨ ਕਿ ਹੁਣ ਤਕ ਮਨੁੱਖੀ ਇਤਿਹਾਸ ਵਿਚ (ਰਾਜ) ਸਰਕਾਰ ਦੇ ਸਭ ਤੋਂ ਵਧ ਚਰਚਿਤ ਰੂਪ ਰਜਵਾੜਾਸ਼ਾਹੀ, ਕੁਲੀਨਤੰਤਰ, ਤਾਨਾਸ਼ਾਹੀ ਅਤੇ ਜਮਹੂਰੀਅਤ ਹਨ। ਮੌਜੂਦਾ ਦੌਰ ਵਿਚ ਬੇਸ਼ਕ ਜਮਹੂਰੀਅਤ ਸਭ ਤੋਂ ਵਧ ਪ੍ਰਚਲਿਤ ਰੂਪ ਹੈ ਪਰ ਜਮਹੂਰੀਅਤ ਬਾਰੇ ਕੋਈ ਇਕ ਮਤ ਨਹੀਂ ਹੈ। ਇਸ ਬਾਰੇ ਆਮ ਤੌਰ ਉਤੇ ਦੋ ਧਾਰਨਾਵਾਂ ਹਨ। ਇਕ ਧਾਰਨਾ ਇਹ ਹੈ ਕਿ ਜਮਹੂਰੀਅਤ ਸਰਕਾਰ ਦਾ ਇਕ ਰੂਪ ਹੈ। ਇਸ ਧਾਰਨਾ ਅਨੁਸਾਰ ਲੋਕਾਂ ਰਾਹੀਂ ਚੁਣੀ ਹੋਈ ਜਾਂ ਇਕ ਪ੍ਰਤੀਨਿਧ ਸਰਕਾਰ ਜਮਹੂਰੀਅਤ ਹੈ; ਭਾਵ ਜਮਹੂਰੀਅਤ ਦਾ ਮਤਲਬ ਸਿਰਫ ਇਕ ਪ੍ਰਤੀਨਿਧ ਸਰਕਾਰ ਤੋਂ ਹੈ, ਜਿਥੇ ਕੁਝ ਨਿਸਚਿਤ ਸਮੇਂ ਪਿਛੋਂ ਬਾਲਗ ਵੋਟਰਾਂ ਰਾਹੀਂ ਚੋਣਾਂ ਹੁੰਦੀਆ ਹੋਣ। ਦੂਜੀ ਧਾਰਨਾ ਅਨੁਸਾਰ ਜਮਹੂਰੀਅਤ ਸਰਕਾਰ ਦੇ ਇਕ ਰੂਪ ਤੋਂ ਕਿਤੇ ਵਧੇਰੇ ਹੈ। ਇਹ ਸਮੁੱਚੇ ਸਮਾਜ ਦੀ ਜਥੇਬੰਦੀ ਦਾ ਉਚੇਰਾ ਰੂਪ ਹੈ।

ਬਾਬਾ ਸਾਹਿਬ ਦੇ ਦੱਸਣ ਅਨੁਸਾਰ ਜਮਹੂਰੀ ਤੌਰ ਉਤੇ ਜਥੇਬੰਦ ਹੋਏ ਚੰਗੇ ਸਮਾਜ ਲਈ ਦੋ ਜ਼ਰੂਰੀ ਸ਼ਰਤਾਂ ਹਨ। ਪਹਿਲੀ, ਸਮਾਜ ਵਿਚੋਂ ਹਰ ਤਰ੍ਹਾਂ ਦੀ ਜਾਤੀ ਅਤੇ ਜਮਾਤੀ ਵੰਡ ਦਾ ਖਾਤਮਾ। ਦੂਜੀ, ਵਿਅਕਤੀ ਅਤੇ ਸਮੂਹ ਦਾ ਸਮਾਜੀ ਵਿਹਾਰ, ਭਾਵ ਸੁਭਾਅ ਜੋ ਨਿਰੰਤਰ ਇਕ-ਦੂਜੇ ਦੇ ਹਿਤਾਂ ਨੂੰ ਪਹਿਲ ਦੇਣ ਲਈ ਤਿਆਰ ਰਹੇ। ਕਿਸੇ ਜਮਹੂਰੀ ਸਮਾਜ ਲਈ ਪਹਿਲੀ ਸ਼ਰਤ ਸਭ ਤੋਂ ਵਧ ਜ਼ਰੂਰੀ ਹੈ, ਪਰ ਦੂਜੀ ਸ਼ਰਤ ਵੀ ਘਟ ਜ਼ਰੂਰੀ ਨਹੀਂ, ਕਿਉਂਕਿ ਇਕ-ਦੂਜੇ ਦੇ ਹਿਤਾਂ ਦੀ ਅਣਦੇਖੀ ਕਰਨ ਨਾਲ ਜਮਹੂਰੀਅਤ ਵਿਰੋਧੀ ਸਿਟੇ ਨਿਕਲਦੇ ਹਨ, ਜੋ ਜਮਹੂਰੀਅਤ ਨੂੰ ਬੇਜਾਨ ਤੇ ਅਰਥਹੀਣ ਬਣਾ ਦਿੰਦੇ ਹਨ। ਜਮਹੂਰੀਅਤ ਦੀਆਂ ਇਨ੍ਹਾਂ ਦੋ ਧਾਰਨਾਵਾਂ ’ਚੋਂ ਜੇ ਪਹਿਲੀ ਧਾਰਨਾ ਗਲਤ ਨਹੀਂ, ਤਾਂ ਸਤਹੀ ਜ਼ਰੂਰ ਹੈ। ਜੇ ਸਮਾਜ ਆਪਣੇ ਰੂਪ ਅਤੇ ਤਤ-ਦੋਵਾਂ ਪਖਾਂ ਤੋਂ ਜਮਹੂਰੀ ਨਹੀਂ ਤਾਂ ਜਮਹੂਰੀ ਸਰਕਾਰ ਕਾਇਮ ਨਹੀਂ ਹੋ ਸਕਦੀ।

ਜਮਹੂਰੀਅਤ ਨੂੰ ਸਿਰਫ ਚੋਣਾਂ ਤਕ ਸੀਮਤ ਕਰਨ ਵਾਲੇ ਲੋਕ ਤਿੰਨ ਗਲਤੀਆਂ ਕਰਦੇ ਹਨ। ਉਨ੍ਹਾਂ ਦੀ ਪਹਿਲੀ ਗਲਤੀ, ਸਰਕਾਰ ਅਤੇ ਸਮਾਜ ਨੂੰ ਇਕ ਦੂਜੇ ਤੋਂ ਤੋੜ ਕੇ ਦੇਖਣਾ ਹੈ। ਸੱਚਾਈ ਇਹ ਹੈ ਕਿ ਸਰਕਾਰ ਸਮਾਜ ਤੋਂ ਕੋਈ ਵਖਰੀ ਅਤੇ ਨਿਵੇਕਲੀ ਸ਼ੈਅ ਨਹੀਂ। ਸਰਕਾਰ ਉਨ੍ਹਾਂ ਅਨੇਕ ਸੰਸਥਾਵਾਂ ਵਿਚੋਂ ਇਕ ਹੈ, ਜੋ ਸਮੂਹਿਕ ਸਮਾਜੀ ਜ਼ਿੰਦਗੀ ਚਲਾਉਣ ਲਈ ਸਮਾਜ ਕਾਇਮ ਕਰਦਾ ਹੈ। ਸਰਕਾਰ ਸਮਾਜੀ ਅਦਾਰਾ ਹੈ, ਨਾ ਕਿ ਸਮਾਜ ਤੋਂ ਉਪਰ ਹੋਂਦ ਰਖਦੀ ਕੋਈ ਸੰਸਥਾ।

ਉਨ੍ਹਾਂ ਦੀ ਦੂਜੀ ਗਲਤੀ, ਇਸ ਸੱਚ ਤੋਂ ਇਨਕਾਰੀ ਹੋਣਾ ਹੈ ਕਿ ਸਰਕਾਰ ਸਮੁਚੇ ਸਮਾਜ ਦੀਆ ਇਛਾਵਾਂ, ਨਿਸ਼ਾਨਿਆਂ, ਮੰਤਵਾਂ ਅਤੇ ਲੋੜਾਂ ਦੀ ਪੂਰਤੀ ਕਰਨ ਦਾ ਸਾਧਨ ਮਾਤਰ ਹੈ। ਇਹ ਤਾਂ ਹੀ ਸੰਭਵ ਹੈ, ਜੇ ਸਰਕਾਰ ਜਿਸ ਸਮਾਜ ਦੀ ਪ੍ਰਤੀਨਿਧਤਾ ਕਰ ਰਹੀ ਹੈ, ਉਹ ਸਮਾਜ ਜਮਹੂਰੀ ਹੋਵੇ। ਜੇ ਸਮਾਜ ਜਮਹੂਰੀ ਨਹੀਂ, ਤਾਂ ਸਰਕਾਰ ਕਦੀ ਵੀ ਜਮਹੂਰੀ ਨਹੀਂ ਹੋ ਸਕਦੀ। ਜਿਥੇ ਸਮਾਜ ਦੋ ਜਮਾਤਾਂ ਵਿਚ ਵੰਡਿਆ ਹੋਇਆ ਹੈ, ਭਾਵ ਇਕ ਰਾਜ ਕਰਨ ਵਾਲੀ ਜਮਾਤ ਅਤੇ ਦੂਜੀ ਜਿਨ੍ਹਾਂ ਉਤੇ ਰਾਜ ਕੀਤਾ ਜਾ ਰਿਹਾ ਹੈ, ਤਾਂ ਯਕੀਨਨ ਉਥੇ ਸਰਕਾਰ ਰਾਜ ਕਰ ਰਹੀ ਜਮਾਤ ਦੀ ਹੋਵੇਗੀ। ਉਹ ਸਭ ਲੋਕਾਂ ਦੀ ਪ੍ਰਤੀਨਿਧਤਾ ਨਹੀਂ ਕਰੇਗੀ।

***ਬਾਬਾ ਸਾਹਿਬ ਦੇ ਕਥਨ ਅਨੁਸਾਰ “ਇਸ ਸੁਆਲ ਦਾ ਜੁਆਬ ਬੜਾ ਸਾਦਾ ਹੈ ਕਿ ਹਿੰਦੂ ਧਰਮ ਭਾਈਚਾਰੇ ਦੀ ਭਾਵਨਾ ਨਹੀਂ ਭਰਦਾ ਸਗੋਂ ਇਹ ਸਮਾਜ ਨੂੰ ਜਾਤਾਂ ਅਤੇ ਵਰਣਾਂ ਵਿਚ ਵੰਡਦਾ ਹੈ। ਇਸ ਵੰਡ ਨੂੰ ਜਮਾਤੀ ਚੇਤਨਾ ਵਿਚ ਪੱਕੇ ਕਰਦਾ ਹੈ। ਇਹੋ ਜਿਹੇ ਸਮਾਜੀ ਪ੍ਰਬੰਧ ਵਿਚ ਜਮਹੂਰੀਅਤ ਲਈ ਕੋਈ ਥਾਂ ਨਹੀਂ ਬਣ ਸਕਦੀ। ਸੱਚਾਈ ਇਹ ਵੀ ਹੈ ਕਿ ਹਿੰਦੂ ਸਮਾਜੀ ਪ੍ਰਬੰਧ ਅਚਾਨਕ ਹੀ ਗੈਰ-ਜਮਹੂਰੀ ਨਹੀਂ ਬਣ ਗਿਆ ਸਗੋਂ ਇਸ ਦੀ ਘਾੜਤ ਹੀ ਗੈਰ-ਜਮਹੂਰੀ ਹੈ। ਹਿੰਦੂ ਸਮਾਜ ਦੀ ਵਰਣਾਂ ਤੇ ਜਾਤਾਂ ਵਿਚ ਵੰਡ ਅਤੇ ਫਿਰ ਜਾਤਾਂ ਤੇ ਅਛੂਤਾਂ ਵਿਚ ਵੰਡ ਨਿਰੋਲ ਸਿਧਾਂਤ ਦਾ ਮਸਲਾ ਨਹੀਂ, ਸਗੋਂ ਇਹ ਹਰ ਹਾਲਤ ਵਿਚ ਮੰਨਣ ਵਾਲੇ ਧਾਰਮਿਕ ਆਦੇਸ਼ ਹਨ, ਜਿਹੜੇ ਜਮਹੂਰੀਅਤ ਵਿਰੁਧ ਦਿਤੇ ਗਏ ਫਤਵੇ ਹਨ।”***

ਉਨ੍ਹਾਂ ਦੀ ਤੀਜੀ ਗਲਤੀ ਇਹ ਭੁਲ ਜਾਣਾ ਹੈ ਕਿ ਸਰਕਾਰ ਚੰਗੀ ਹੋਵੇ ਜਾਂ ਮਾੜੀ, ਜਮਹੂਰੀ ਹੋਵੇ ਜਾਂ ਗੈਰ-ਜਮਹੂਰੀ, ਇਹ ਸਾਰਾ ਕੁਝ ਸਰਕਾਰ ਚਲਾਉਣ ਵਾਲੀਆਂ ਸੰਸਥਾਵਾਂ ਉਤੇ ਨਿਰਭਰ ਕਰਦਾ ਹੈ, ਜੋ ਕਾਨੂੰਨ ਲਾਗੂ ਕਰਦੀਆਂ ਹਨ। ਇਨ੍ਹਾਂ ਸੰਸਥਾਵਾਂ ਨੂੰ ਚਲਾਉਣ ਵਾਲੇ ਲੋਕ ਕਿਸੇ ਖਾਸ ਸਮਾਜੀ ਮਾਹੌਲ ਦੀ ਪੈਦਾਵਾਰ ਹੁੰਦੇ ਹਨ। ਜੇ ਸਮਾਜੀ ਮਾਹੌਲ ਗੈਰ-ਜਮਹੂਰੀ ਹੋਵੇ, ਤਾਂ ਸਰਕਾਰ ਜ਼ਰੂਰ ਹੀ ਗੈਰ-ਜਮਹੂਰੀ ਹੋਵੇਗੀ। ਇਸ ਵਿਚਾਰ ਦੇ ਧਾਰਨੀ ਲੋਕ ਇਕ ਹੋਰ ਗਲਤੀ ਇਹ ਵੀ ਕਰਦੇ ਹਨ, ਉਹ ਸਮਝਦੇ ਹਨ ਕਿ ਜਮਹੂਰੀਅਤ ਦੇ ਕੰਮ ਕਰਨ ਲਈ, ਸਿਰਫ ਸਰਕਾਰ ਦਾ ਜਮਹੂਰੀ ਰੂਪ ਹੀ ਕਾਫੀ ਹੈ। ਇਸ ਗਲਤੀ ਦੇ ਅਹਿਸਾਸ ਲਈ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਚੰਗੀ ਸਰਕਾਰ ਤੋਂ ਕੀ ਭਾਵ ਹੈ?

ਚੰਗੀ ਸਰਕਾਰ ਦਾ ਭਾਵ ਹੈ, ਮਨੁੱਖ ਪੱਖੀ ਕਾਨੂੰਨ ਅਤੇ ਪ੍ਰਬੰਧਕੀ ਢਾਂਚਾ। ਇਹ ਚੰਗੀ ਸਰਕਾਰ ਦਾ ਸਾਰ-ਤੱਤ ਹੈ। ਇਸ ਤੋਂ ਬਿਨਾ ਕੋਈ ਵੀ ਸਰਕਾਰ ਚੰਗੀ ਨਹੀਂ ਹੋ ਸਕਦੀ। ਉਹ ਸਰਕਾਰ ਕਦੀ ਵੀ ਚੰਗੀ ਨਹੀਂ ਹੋ ਸਕਦੀ, ਜੇ ਹੁਕਮਰਾਨ ਜਮਾਤ ਸਾਰੇ ਲੋਕਾਂ ਤੇ ਖਾਸ ਕਰ ਗਰੀਬ ਅਤੇ ਪਛੜੇ ਲੋਕਾਂ ਦੀ ਭਲਾਈ ਲਈ ਕੰਮ ਕਰਨ ਦੀ ਥਾਂ, ਆਪਣੀ ਜਮਾਤ ਦੇ ਭਲੇ ਲਈ ਕੰਮ ਕਰੀ ਜਾਏ। ਸਰਕਾਰ ਦਾ ਜਮਹੂਰੀ ਰੂਪ ਜ਼ਰੂਰ ਹੀ ਚੰਗੇ ਸਿਟੇ ਕੱਢੇਗਾ, ਇਸ ਗੱਲ ਉਤੇ ਨਿਰਭਰ ਕਰਦਾ ਹੈ ਕਿ ਸਮਾਜ ਵਿਚ ਰਹਿੰਦੇ ਲੋਕਾਂ ਦਾ ਇਕ-ਦੂਜੇ



*ਡਾ. ਭੀਮ ਰਾਓ ਅੰਬੇਡਕਰ*

ਪ੍ਰਤੀ ਵਿਹਾਰ ਕਿਹੋ ਜਿਹਾ ਹੈ। ਜੇ ਹਰ ਬੰਦੇ ਦਾ ਇਕ-ਦੂਜੇ ਪ੍ਰਤੀ ਮਾਨਸਿਕ (ਆਤਮਿਕ) ਵਿਹਾਰ ਜਮਹੂਰੀ ਹੈ, ਤਾਂ ਜਮਹੂਰੀ ਰੂਪ ਦੀ ਸਰਕਾਰ ਬਾਰੇ ਕਿਹਾ ਜਾ ਸਕਦਾ ਹੈ ਕਿ ਇਹ ਚੰਗੀ ਸਰਕਾਰ ਹੈ; ਪਰ ਜੇ ਇੰਜ ਨਹੀਂ, ਤਾਂ ਜਮਹੂਰੀ ਕਿਸਮ ਦੀ ਸਰਕਾਰ ਵੀ ਖਤਰਨਾਕ ਕਿਸਮ ਦੀ ਸਰਕਾਰ ਬਣ ਸਕਦੀ ਹੈ।

ਜੇ ਸਮਾਜ ਵਿਚਲੇ ਲੋਕ ਜਾਤਾਂ ਤੇ ਜਮਾਤਾਂ ਵਿਚ ਵੰਡੇ ਹੋਏ ਹਨ ਅਤੇ ਜਾਤਾਂ ਤੇ ਜਮਾਤਾਂ ਇਕ ਦੂਜੇ ਤੋਂ ਵਖ ਵਖ ਕਤਾਰਬੰਦੀਆਂ ਵਿਚ ਰਹਿ ਰਹੀਆਂ ਹਨ, ਹਰ ਬੰਦਾ ਇਹ ਸਮਝਦਾ ਹੈ ਕਿ ਉਸ ਦੀ ਭਲਾਈ ਸਮੂਹ ਨਾਲ ਜੁੜੇ ਰਹਿਣ ਦੀ ਥਾਂ ਆਪਣੀ ਜਾਤ ਤੇ ਜਮਾਤ ਨਾਲ ਜੁੜੇ ਰਹਿਣ ਵਿਚ ਹੈ, ਤਾਂ ਉਥੇ ਜਮਹੂਰੀ ਸਰਕਾਰ ਦੀ ਹੋਂਦ ਕਦੇ ਵੀ ਕਾਇਮ ਨਹੀਂ ਰਖੀ ਜਾ ਸਕਦੀ। ਜਿਥੇ ਹਰ ਜਾਤ ਤੇ ਜਮਾਤ ਆਪਣੇ ਜਾਤੀ ਤੇ ਜਮਾਤੀ ਹਿਤਾਂ ਲਈ ਕਾਨੂੰਨ ਦੀ ਭੰਨਤੋੜ ਕਰਦੀ ਹੋਵੇ ਅਤੇ ਆਪਣੀ ਜਾਤੀ ਤੇ ਜਮਾਤੀ ਚੌਧਰ ਦੀ ਵਰਤੋਂ ਨਾਲ ਦੂਜੇ ਲੋਕਾਂ ਨਾਲ ਧੱਕਾ ਕਰਦੀ ਹੋਵੇ, ਤਾਂ ਉਥੇ ਭਲਾ ਜਮਹੂਰੀ ਸਰਕਾਰ ਕੀ ਕਰ ਸਕਦੀ ਹੈ?

ਸਮਾਜ ਵਿਚ ਜਿਥੇ ਜਮਾਤੀ ਟਕਰਾਅ ਮੌਜੂਦ ਹੋਣ, ਸਮਾਜ ਵਿਰੋਧੀ ਭਾਵਨਾਵਾਂ ਭਾਰੂ ਹੋਣ ਅਤੇ ਚੌਧਰਵਾਦ ਦਾ ਬੋਲਬਾਲਾ ਹੋਵੇ, ਉਥੇ ਸਰਕਾਰ ਸਾਰੇ ਲੋਕਾਂ ਨਾਲ ਕਦੇ ਵੀ ਇਨਸਾਫ ਨਹੀਂ ਕਰ ਸਕਦੀ। ਨਾ ਹੀ ਉਹ ਸਾਰੇ ਲੋਕਾਂ ਨੂੰ ਚੰਗਾ ਰਾਜ ਦੇ ਸਕਦੀ ਹੈ। ਇਹੋ ਜਿਹੇ ਸਮਾਜ ਵਿਚ ਸਰਕਾਰ ਭਾਵੇਂ ਰੂਪ ਪੱਖੋਂ ਲੋਕਾਂ ਦੀ ਹੋਵੇ ਅਤੇ ਲੋਕਾਂ ਰਾਹੀਂ ਚੁਣੀ ਹੋਈ ਹੋਵੇ, ਪਰ ਇਹ ਲੋਕਾਂ ਲਈ ਸਰਕਾਰ ਕਦੇ ਨਹੀਂ ਹੋ ਸਕਦੀ। ਇਹ ਇਕ ਜਮਾਤ ਦੀ ਦੂਜੀ ਜਮਾਤ ਲਈ ਸਰਕਾਰ ਹੋਵੇਗੀ। ਇਕ ਸਰਕਾਰ ਸਿਰਫ ਉਥੇ ਹੀ ਲੋਕਾਂ ਦੀ ਸਰਕਾਰ ਹੋ ਸਕਦੀ ਹੈ, ਜਿਥੇ ਹਰ ਬੰਦੇ ਦਾ ਇਕ-ਦੂਜੇ ਪ੍ਰਤੀ ਵਿਹਾਰ ਜਮਹੂਰੀ ਹੋਵੇ। ਇਸ ਦਾ ਭਾਵ ਇਹ ਹੈ ਕਿ ਹਰ ਬੰਦਾ ਦੂਜਿਆਂ ਨੂੰ ਵੀ ਆਪਣੇ ਬਰਾਬਰ ਸਮਝੇ ਅਤੇ ਉਨ੍ਹਾਂ ਨੂੰ ਵੀ ਉਹੀ ਆਜ਼ਾਦੀ ਦੇਣ ਲਈ ਮਾਨਸਿਕ ਤੌਰ ‘ਤੇ ਤਿਆਰ ਹੋਵੇ, ਜੋ ਆਜ਼ਾਦੀ ਉਹ ਆਪ ਮਾਣਨੀ ਚਾਹੁੰਦਾ ਹੈ। ਜਮਹੂਰੀ ਸਮਾਜ ਵਿਚ ਰਹਿੰਦੇ ਹਰ ਬੰਦੇ ਦੀ ਚੇਤਨਾ ਅਤੇ ਉਸ ਦੇ ਆਪਣੇ ਮਨ ’ਚ ਸਮਾਜੀਕਰਨ ਦੀ ਭਾਵਨਾ ਭਰਨ ਦੇ ਸਿੱਟੇ ਵਜੋਂ ਹੀ ਮਨ ਦਾ ਇਹ ਜਮਹੂਰੀ ਵਿਹਾਰ ਵਿਕਸਿਤ ਹੁੰਦਾ ਹੈ। ਇਸ ਲਈ ਜਮਹੂਰੀ ਸਰਕਾਰ ਦੀ ਮੁਢਲੀ ਸ਼ਰਤ ਜਮਹੂਰੀ ਸਮਾਜ ਹੈ। ਜਿਸ ਸਮਾਜ ਵਿਚ ਜਮਹੂਰੀ ਸਰਕਾਰ ਕੰਮ ਕਰ ਰਹੀ ਹੈ, ਜੇ ਉਹ ਸਮਾਜ ਜਮਹੂਰੀ ਨਹੀਂ ਤਾਂ ਇਹ ਸਰਕਾਰ ਕਿਸੇ ਵੇਲੇ ਵੀ ਉਲਟਾਈ ਜਾ ਸਕਦੀ ਹੈ ਤੇ ਜਮਹੂਰੀਅਤ ਖਤਮ ਕੀਤੀ ਜਾ ਸਕਦੀ ਹੈ।

ਬਦਕਿਸਮਤੀ ਨਾਲ ਹੁਣ ਤਕ ਇਹ ਬਹੁਤ ਘਟ ਮਹਿਸੂਸ ਕੀਤਾ ਗਿਆ ਹੈ ਕਿ ਚੰਗੀ ਸਰਕਾਰ ਆਪਣੀ ਲੋਕਾਂ ਦੇ ਮਾਨਸਿਕ ਅਤੇ ਸਦਾਚਾਰਕ ਸੁਭਾਅ ਉਤੇ ਨਿਰਭਰ ਕਰਦੀ ਹੈ। ਜਮਹੂਰੀਅਤ ਰਾਜਸੀ ਮਸ਼ੀਨ ਨਾਲੋਂ ਕਿਤੇ ਵਧ ਹੈ। ਇਹ ਸਮਾਜੀ ਪ੍ਰਬੰਧ ਨਾਲੋਂ ਵੀ ਕਿਤੇ ਵੱਧ ਹੈ। ਜਮਹੂਰੀਅਤ ਮਨੁੱਖੀ ਮਨ ਦਾ ਵਿਹਾਰ ਹੈ। ਜਮਹੂਰੀਅਤ ਜ਼ਿੰਦਗੀ ਦੀ ਫਿਲਾਸਫੀ ਹੈ। ਆਪਣੇ ਮਨ ਵਿਚ ਜ਼ਿੰਦਗੀ ਪ੍ਰਤੀ ਬਣਿਆ ਦਸਤੂਰ ਹੈ। ਬਾਬਾ ਸਾਹਿਬ ਦਸਦੇ ਹਨ ਕਿ ਸਮਾਜੀ ਫਿਲਾਸਫੀ ਨਾਲ ਘੜੇ ਹੋਏ ਮਨ ਦਾ ਵਿਹਾਰ ਹੀ ਜਮਹੂਰੀਅਤ ਨੂੰ ਯਕੀਨੀ ਬਣਾ ਸਕਦਾ ਹੈ। ਕੁਝ ਲੋਕ ਜਮਹੂਰੀਅਤ ਦੀ ਤੁਲਨਾ ਆਜ਼ਾਦੀ ਅਤੇ ਬਰਾਬਰੀ ਨਾਲ ਕਰਦੇ ਹਨ। ਆਜ਼ਾਦੀ ਅਤੇ ਬਰਾਬਰੀ ਬੇਸ਼ਕ ਜਮਹੂਰੀਅਤ ਦੇ ਗੰਭੀਰ ਮੁੱਦੇ ਹਨ ਪਰ ਅਹਿਮ ਸੁਆਲ ਇਹ ਹੈ ਕਿ ਆਜ਼ਾਦੀ ਅਤੇ ਬਰਾਬਰੀ ਸਦੀਵੀ ਤੌਰ ਉਤੇ ਕਾਇਮ ਕਿਵੇਂ ਰਹਿਣ?

ਕੁਝ ਲੋਕ ਕਹਿੰਦੇ ਹਨ ਕਿ ਇਹ ਸਰਕਾਰੀ ਕਾਨੂੰਨ ਹਨ, ਜੋ ਆਜ਼ਾਦੀ ਅਤੇ ਬਰਾਬਰੀ ਕਾਇਮ ਰਖਦੇ ਹਨ। ਉਕਤ ਸੁਆਲ ਦਾ ਇਹ ਠੀਕ ਜੁਆਬ ਨਹੀਂ ਹੈ। ਆਜ਼ਾਦੀ ਅਤੇ ਬਰਾਬਰੀ ਨੂੰ ਭਰਾਤਰੀ ਭਾਵਨਾ ਦਾ ਅਹਿਸਾਸ ਹੀ ਕਾਇਮ ਰਖ ਸਕਦਾ ਹੈ ਜਿਸ ਨੂੰ ਫਰਾਂਸੀਸੀ ਇਨਕਲਾਬ ਨੇ ਭਾਈਚਾਰਾ ਕਿਹਾ ਸੀ; ਭਾਵੇਂ ਭਾਈਚਾਰਾ ਸ਼ਬਦ ਇਸ ਭਾਵਨਾ ਦਾ ਪੂਰਨ ਪ੍ਰਗਟਾਵਾ ਨਹੀਂ ਕਰਦਾ। ਬਾਬਾ ਸਾਹਿਬ ਦੇ ਦੱਸਣ ਅਨੁਸਾਰ ਇਸ ਭਾਵਨਾ ਲਈ ਤਥਾਗਤ ਬੁਧ ਦਾ ਸ਼ਬਦ ਮੈਤ੍ਰਯ ਵੱਧ ਢੁਕਵਾਂ ਹੈ। ਭਾਈਚਾਰੇ ਦੀ ਭਾਵਨਾ ਤੋਂ ਬਿਨਾ ਆਜ਼ਾਦੀ ਬਰਾਬਰੀ ਨੂੰ ਖਤਮ ਕਰ ਦੇਵੇਗੀ ਅਤੇ ਬਰਾਬਰੀ ਆਜ਼ਾਦੀ ਖਤਮ ਕਰ ਦੇਵੇਗੀ। ਜੇ ਜਮਹੂਰੀਅਤ ’ਚ ਆਜ਼ਾਦੀ ਬਰਾਬਰੀ ਨੂੰ ਖਤਮ ਨਾ ਕਰੇ ਤੇ ਬਰਾਬਰੀ ਆਜ਼ਾਦੀ ਨੂੰ ਖਤਮ ਨਾ ਕਰੇ, ਤਾਂ ਇਸ ਦਾ ਮੂਲ ਕਾਰਨ ਇਨ੍ਹਾਂ ਦੋਹਾਂ ਦੀ ਬੁਨਿਆਦ ਵਿਚ ਭਾਈਚਾਰੇ ਦੀ ਭਾਵਨਾ ਦੀ ਮੌਜੂਦਗੀ ਹੈ। ਭਾਈਚਾਰੇ ਦੀ ਸਮਾਜੀ ਭਾਵਨਾ ਹੀ ਜਮਹੂਰੀਅਤ ਦੀ ਜੜ੍ਹ ਹੈ।

ਇਸ ਸਾਰੀ ਚਰਚਾ ਦਾ ਮਕਸਦ ਮੁਖ ਸੁਆਲ ਨੂੰ ਉਭਾਰਨਾ ਹੈ। ਮੁੱਖ ਸੁਆਲ ਇਹ ਹੈ ਕਿ ਭਾਈਚਾਰੇ ਦੀਆਂ ਜੜ੍ਹਾਂ ਕਿਥੇ ਹਨ, ਜਿਸ ਤੋਂ ਬਿਨਾ ਜਮਹੂਰੀਅਤ ਸੰਭਵ ਨਹੀਂ ਹੋ ਸਕਦੀ?

ਇਸ ਸੁਆਲ ਦਾ ਖੁਦ ਹੀ ਜੁਆਬ ਦਿੰਦਿਆਂ ਬਾਬਾ ਸਾਹਿਬ ਦਾ ਕਹਿਣਾ ਹੈ ਕਿ ਇਸ ਦਾ ਮੁਢ ਬੇਸ਼ਕ ਧਰਮ (ਫਿਲਾਸਫੀ) ਹੈ ਜੋ ਮਨੁੱਖੀ ਮਨ ਦੇ ਵਿਹਾਰ ਨੂੰ ਘੜਦਾ ਹੈ। ਜਮਹੂਰੀਅਤ ਅਤੇ ਇਸ ਦੀ ਕਾਰਜ ਪ੍ਰਣਾਲੀ ਦੀ ਸਫਲਤਾ ਦੀਆਂ ਸੰਭਾਵਨਾਵਾਂ ਨੂੰ ਫਰੋਲਦਿਆਂ ਸਾਨੂੰ ਲੋਕਾਂ ਦੇ ਧਰਮ ਵੱਲ ਜਾਣਾ ਚਾਹੀਦਾ ਹੈ। ਇਹ ਘੋਖਣਾ ਚਾਹੀਦਾ ਹੈ ਕਿ ਧਰਮ ਭਾਈਚਾਰੇ ਦੀ ਭਾਵਨਾ ਭਰਦਾ ਹੈ ਜਾਂ ਨਹੀਂ? ਜੇ ਧਰਮ ਭਰਾਤਰੀ ਭਾਵਨਾ ਪੈਦਾ ਕਰਦਾ ਹੈ ਤਾਂ ਜਮਹੂਰੀ ਸਰਕਾਰ ਦੀਆਂ ਸੰਭਾਵਨਾਵਾਂ ਬੁਲੰਦ ਹਨ, ਪਰ ਜੇ ਧਰਮ ਇੰਜ ਨਹੀਂ ਕਰਦਾ ਤਾਂ ਇਹ ਸੰਭਾਵਨਾਵਾਂ ਬਹੁਤ ਘਟ ਹਨ। ਇਨ੍ਹਾਂ ਸੰਭਾਵਨਾਵਾਂ ਨੂੰ ਪ੍ਰਭਾਵਿਤ ਕਰਨ ਵਾਲੇ ਹੋਰ ਵੀ ਕਈ ਪਖ ਹੋਣਗੇ, ਪਰ ਜੇ ਭਾਈਚਾਰੇ ਦੀ ਭਾਵਨਾ ਨਾ ਹੋਵੇ ਤਾਂ ਜਮਹੂਰੀਅਤ ਨੂੰ ਕਾਇਮ ਕਰਨ ਲਈ ਕੁਝ ਵੀ ਨਹੀਂ ਕੀਤਾ ਜਾ ਸਕਦਾ।

ਮੂਲ ਰੂਪ ਵਿਚ ਬਾਬਾ ਸਾਹਿਬ ਦੀ ਖੋਜ ਦਾ ਕੇਂਦਰੀ ਨੁਕਤਾ ਇਹ ਹੈ ਕਿ ਸਾਡੇ ਦੇਸ਼ ਅੰਦਰ ਜਮਹੂਰੀਅਤ ਵਿਕਸਿਤ ਕਿਉਂ ਨਹੀਂ ਹੋਈ?

ਬਾਬਾ ਸਾਹਿਬ ਦੇ ਕਥਨ ਅਨੁਸਾਰ “ਇਸ ਸੁਆਲ ਦਾ ਜੁਆਬ ਬੜਾ ਸਾਦਾ ਹੈ ਕਿ ਹਿੰਦੂ ਧਰਮ ਭਾਈਚਾਰੇ ਦੀ ਭਾਵਨਾ ਨਹੀਂ ਭਰਦਾ ਸਗੋਂ ਇਹ ਸਮਾਜ ਨੂੰ ਜਾਤਾਂ ਅਤੇ ਵਰਣਾਂ ਵਿਚ ਵੰਡਦਾ ਹੈ। ਇਸ ਵੰਡ ਨੂੰ ਜਮਾਤੀ ਚੇਤਨਾ ਵਿਚ ਪੱਕੇ ਕਰਦਾ ਹੈ। ਇਹੋ ਜਿਹੇ ਸਮਾਜੀ ਪ੍ਰਬੰਧ ਵਿਚ ਜਮਹੂਰੀਅਤ ਲਈ ਕੋਈ ਥਾਂ ਨਹੀਂ ਬਣ ਸਕਦੀ। ਸੱਚਾਈ ਇਹ ਵੀ ਹੈ ਕਿ ਹਿੰਦੂ ਸਮਾਜੀ ਪ੍ਰਬੰਧ ਅਚਾਨਕ ਹੀ ਗੈਰ-ਜਮਹੂਰੀ ਨਹੀਂ ਬਣ ਗਿਆ ਸਗੋਂ ਇਸ ਦੀ ਘਾੜਤ ਹੀ ਗੈਰ-ਜਮਹੂਰੀ ਹੈ। ਹਿੰਦੂ ਸਮਾਜ ਦੀ ਵਰਣਾਂ ਤੇ ਜਾਤਾਂ ਵਿਚ ਵੰਡ ਅਤੇ ਫਿਰ ਜਾਤਾਂ ਤੇ ਅਛੂਤਾਂ ਵਿਚ ਵੰਡ ਨਿਰੋਲ ਸਿਧਾਂਤ ਦਾ ਮਸਲਾ ਨਹੀਂ, ਸਗੋਂ ਇਹ ਹਰ ਹਾਲਤ ਵਿਚ ਮੰਨਣ ਵਾਲੇ ਧਾਰਮਿਕ ਆਦੇਸ਼ ਹਨ, ਜਿਹੜੇ ਜਮਹੂਰੀਅਤ ਵਿਰੁਧ ਦਿਤੇ ਗਏ ਫਤਵੇ ਹਨ।”

ਦਿਲਚਸਪ ਅਤੇ ਖਾਸ ਤੌਰ ਉਤੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਹਿੰਦੂ ਧਰਮ ਬਾਰੇ ਆਪਣੀ ਖੋਜ ਦੇ ਇਨ੍ਹਾਂ ਸਿਟਿਆਂ ਤੋਂ ਬਾਬਾ ਸਾਹਿਬ ਨਿਰਾਸ਼ ਨਹੀਂ ਹਨ। ਉਨ੍ਹਾਂ ਦੇ ਕਹਿਣ ਅਨੁਸਾਰ, ਇਸ ਵਿਆਖਿਆ ਤੋਂ ਇਉਂ ਭਾਸਦਾ ਹੈ ਕਿ ਹਿੰਦੂ ਧਰਮ ਤੇ ਹਿੰਦੂ ਫਿਲਾਸਫੀ ਦੀ ਸੋਚ ਭਾਈਚਾਰੇ ਦੇ ਸਿਧਾਂਤ ਤੋਂ ਅਣਜਾਣ ਹੈ ਪਰ ਇਤਿਹਾਸਕ ਸੱਚਾਈ ਇਸ ਨਿਰਣੇ ਦੀ ਪੁਸ਼ਟੀ ਨਹੀਂ ਕਰਦੀ। ਹਿੰਦੂ ਧਰਮ ਅਤੇ ਹਿੰਦੂ ਫਿਲਾਸਫੀ ਦੀ ਸੋਚ ਨੇ ਅਜਿਹੇ ਸੰਕਲਪ ਨੂੰ ਜਨਮ ਦਿਤਾ, ਜਿਸ ਦੀਆਂ ਸਮਾਜੀ ਜਮਹੂਰੀਅਤ ਲਈ ਭਾਈਚਾਰੇ ਦੇ ਸਿਧਾਂਤ ਨਾਲੋਂ ਵੀ ਕਿਤੇ ਵਧ ਅਰਥ ਸੰਭਾਵਨਾਵਾਂ ਹਨ। ਇਹ ਸੰਕਲਪ ਬ੍ਰਹਮਵਾਦ ਦਾ ਸਿਧਾਂਤ ਹੈ।

ਬ੍ਰਹਮਵਾਦ ਦਾ ਇਹ ਸਿਧਾਂਤ ਬਾਬਾ ਸਾਹਿਬ ਦੀ ਸੰਸਾਰ ਫਿਲਾਸਫੀ ਨੂੰ ਦਿਤੀ ਗਈ ਮੌਲਿਕ ਦੇਣ ਹੈ। ਇਥੇ ਭਾਵੇਂ ਉਨ੍ਹਾਂ ਨੇ ਇਹ ਨੁਕਤਾ ਵੀ ਸਪਸ਼ਟ ਕੀਤਾ ਹੈ ਕਿ ਬ੍ਰਹਮਵਾਦ ਸ਼ਬਦ ਡਾ. ਹਾਪਕਿਨਸ ਲਿਖਤ ਭਾਰਤ ਦੇ ਮਹਾਂਕਾਵਿ ਵਿਚੋਂ ਲਿਆ ਗਿਆ ਹੈ।

ਬਾਬਾ ਸਾਹਿਬ ਦੇ ਆਪਣੇ ਕਥਨ ਅਨੁਸਾਰ “ਇਹ ਮੰਨਣਾ ਤੇ ਅਹਿਸਾਸ ਕਰਨਾ ਕਿ ਤੁਸੀਂ ਤੇ ਮੈਂ ਸਾਰੇ ਇਕੋ ਹੀ ਬ੍ਰਹਮ (ਬ੍ਰਹਿਮੰਡ) ਦਾ ਅੰਸ਼ ਹਾਂ, ਤਾਂ ਇਹ ਜਮਹੂਰੀਅਤ ਤੋਂ ਸਿਵਾਏ ਕਿਸੇ ਹੋਰ ਸਿਧਾਂਤ ਵਾਸਤੇ ਕੋਈ ਥਾਂ ਹੀ ਨਹੀਂ ਛਡਦਾ। ਇਹ ਸੋਚ ਜਮਹੂਰੀਅਤ ਦਾ ਸਿਰਫ ਪ੍ਰਚਾਰ ਹੀ ਨਹੀਂ ਕਰਦੀ, ਸਗੋਂ ਜਮਹੂਰੀਅਤ ਨੂੰ ਸਭ ਦੀ ਜ਼ਿੰਮੇਵਾਰੀ ਬਣਾ ਦਿੰਦੀ ਹੈ। ਜਮਹੂਰੀਅਤ ਨੂੰ ਮਨੁੱਖ ਦੀ ਲੋੜ ਬਣਾ ਦਿੰਦੀ ਹੈ।”

ਬਾਬਾ ਸਾਹਿਬ ਨੇ ਅਜੋਕੀ ਪਛਮੀ ਤਰਜ਼ ਦੀ ਪ੍ਰਚਲਿਤ ਜਮਹੂਰੀਅਤ ਦੇ ਆਧਾਰ ਨੂੰ ਵੀ ਗੰਭੀਰ ਚੁਣੌਤੀ ਦਿੱਤੀ ਹੈ। ਬਾਬਾ ਸਾਹਿਬ ਦਾ ਕਹਿਣਾ ਹੈ, “ਪਛਮੀ ਤਰਜ਼ ਦੀ ਜਮਹੂਰੀਅਤ ਦਾ ਆਧਾਰ ਇਹ ਹੈ ਕਿ ਅਸੀਂ ਸਾਰੇ ਹੀ ਪਰਮਾਤਮਾ ਦੇ ਬੱਚੇ ਹਾਂ। ਇਹ ਵਿਚਾਰ ਜਮਹੂਰੀਅਤ ਦੀ ਬੜੀ ਕਮਜ਼ੋਰ ਬੁਨਿਆਦ ਹੈ। ਇਹੀ ਕਾਰਨ ਹੈ ਕਿ ਜਿਥੇ ਕਿਤੇ ਵੀ (ਪਛਮੀ ਤਰਜ਼ ਦੀ) ਜਮਹੂਰੀਅਤ ਦੀ ਸਿਰਜਣਾ ਹੋਈ ਹੈ, ਉਥੇ ਹੀ ਇਹ ਇਸ ਕਮਜ਼ੋਰ ਬੁਨਿਆਦ ਉਤੇ ਖੜ੍ਹੀ ਹੈ। ਜਮਹੂਰੀਅਤ ਦੇ ਪਛਮੀ ਵਿਦਿਆਰਥੀਆਂ ਨੇ ਇਹ ਵਿਸ਼ਵਾਸ ਪ੍ਰਚਾਰਿਆ ਹੈ ਕਿ ਜਮਹੂਰੀਅਤ ਦਾ ਮੂਲ ਆਧਾਰ ਇਸਾਈ ਧਰਮ ਤੇ ਪਲੈਟੋ ਦੀ ਫਿਲਾਸਫੀ ਹੈ ਅਤੇ ਜਮਹੂਰੀਅਤ ਦਾ ਹੋਰ ਕੋਈ ਸੋਮਾ ਨਹੀਂ ਪਰ ਜੇ ਉਹ ਜਾਣਦੇ ਕਿ ਭਾਰਤ ਨੇ ਬ੍ਰਹਮਵਾਦ ਦਾ ਸਿਧਾਂਤ ਵਿਕਸਿਤ ਕੀਤਾ ਹੈ, ਜਿਹੜਾ ਜਮਹੂਰੀਅਤ ਦੀ ਸਭ ਤੋਂ ਵਧੀਆ ਬੁਨਿਆਦ ਬਣਦਾ ਹੈ, ਤਾਂ ਉਹ ਏਨੇ ਕਟੜ ਨਾ ਹੁੰਦੇ।”

ਬਾਬਾ ਸਾਹਿਬ ਦੀ ਕੀਤੀ ਗਈ ਇਸ ਖੋਜ ਦਾ ਤਤ ਇਹ ਹੈ ਕਿ ਬ੍ਰਹਮਵਾਦ ਦੀ ਫਿਲਾਸਫੀ ਜਮਹੂਰੀਅਤ ਦਾ ਸਭ ਤੋਂ ਵਧੀਆ ਅਤੇ ਮੌਲਿਕ ਸਿਧਾਂਤਕ ਆਧਾਰ ਹੈ। ਇਹੀ ਫਿਲਾਸਫੀ ਆਤਮਿਕ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੀ ਭਾਵਨਾ ਨੂੰ ਸਥਾਈ ਬਣਾ ਸਕਦੀ ਹੈ। ਬ੍ਰਹਮਵਾਦ ਦੀ ਫਿਲਾਸਫੀ ਹੀ ਬ੍ਰਾਹਮਣਵਾਦ ਦਾ ਬਦਲ ਬਣ ਸਕਦੀ ਹੈ ਅਤੇ ਇਹੀ ਫਿਲਾਸਫੀ ਪਛਮੀ ਤਰਜ਼ ਦੀ ਜਮਹੂਰੀਅਤ ਦੀਆਂ ਖਾਮੀਆਂ ਨੂੰ ਦੂਰ ਕਰ ਸਕਦੀ ਹੈ। ਪੂੰਜੀਵਾਦ ਦੀ ਚੜ੍ਹਤ ਦੇ ਦੌਰ ਵਿਚ ਪਲਰੀ ਪਸਰੀ ਅਤੇ ਵਿਕਸਿਤ ਹੋਈ ਪਛਮੀ (ਲਿਬਰਲ) ਜਮਹੂਰੀਅਤ ਆਪਣੀ ਚਰਮ ਸੀਮਾ ਹੰਢਾ ਕੇ ਆਪਣੇ ਆਖਰੀ ਸੰਕਟ ਵੱਲ ਵਧ ਰਹੀ ਸਪਸ਼ਟ ਵੇਖੀ ਜਾ ਸਕਦੀ ਹੈ।

ਕਹਾਣੀ

# ਸਾਬਣ ਦੀ ਚਿੱਪਰ

***ਕੁਲਵੰਤ ਸਿੰਘ ਵਿਰਕ ਨਾਨਕ ਸਿੰਘ ਤੋਂ ਅਗਲੀ ਪੀੜ੍ਹੀ ਦੇ ਕਹਾਣੀਕਾਰਾਂ ਸੰਤੋਖ ਸਿੰਘ ਧੀਰ, ਕਰਤਾਰ ਸਿੰਘ ਦੁੱਗਲ, ਸੰਤ ਸਿੰਘ ਸੇਖੋਂ ਦੀ ਕਹਾਣੀ ਕਲਾ ਦਾ ਸਿਰਕੱਢ ਲੇਖਕ ਹੈ, ਉਹ ਕਹਾਣੀ ਜੋ ਨਿੱਕੀ ਕਹਾਣੀ ਕਰਕੇ ਜਾਣੀ ਜਾਂਦੀ ਹੈ। ਉਸ ਦੀਆਂ ਬਹੁਤੀਆਂ ਕਹਾਣੀਆਂ ਪੇਂਡੂ ਧਰਾਤਲ 'ਤੇ ਹਨ। ਵਿਰਕ ਦੀ ਕਹਾਣੀ ਦੀ ਸਿਫਤ ਇਹ ਹੈ ਕਿ ਸਹਿਜ ਭਾਅ ਤੁਰਦੀ ਕਹਾਣੀ ਦੇ ਅਖੀਰ ਵਿਚ ਅਜਿਹਾ ਮੋੜ ਆਉਂਦਾ ਹੈ, ਜਿਥੇ ਆ ਕੇ ਪਾਠਕ ਅਚੰਭਿਤ ਤੇ ਭਾਵੁਕ ਹੋਏ ਬਿਨਾ ਨਹੀਂ ਰਹਿ ਸਕਦਾ। 'ਸਾਬਣ ਦੀ ਚਿੱਪਰ' ਵੀ ਅਜਿਹੀ ਹੀ ਇਕ ਕਹਾਣੀ ਹੈ। -ਸੰਪਾਦਕ***

**ਕੁਲਵੰਤ ਸਿੰਘ ਵਿਰਕ**

ਅਸੀਂ ਤਿੰਨੇ ਹੋਟਲ ਵਿਚ ਬੈਠੇ ਚਾਹ ਪੀ ਰਹੇ ਸਾਂ-ਮੈਂ, ਪ੍ਰੇਮ ਤੇ ਨਰਿੰਦਰ। ਨਰਿੰਦਰ ਸਰਦਾਰਾਂ ਦਾ ਮੁੰਡਾ ਸੀ। ਹੁਣ ਕਹਾਣੀਆਂ ਲਿਖਣ ਲਗ ਪਿਆ ਸੀ। ਇਹ ਤੇ ਕੋਈ ਅਨੋਖੀ ਗੱਲ ਨਹੀਂ ਸੀ। ਸਰਦਾਰਾਂ ਦੇ ਮੁੰਡਿਆਂ ਤੋਂ ਕਿਹੜਾ ਕੰਮ ਭੁਲਿਆ ਹੋਇਆ ਏ। ਆਪਣੀਆਂ ਪੈਲੀਆਂ ਦੀਆਂ ਵੱਟਾਂ 'ਤੇ ਫੇਰੇ ਵੀ ਮਾਰਦੇ ਨੇ ਤੇ ਵਜ਼ੀਰੀਆਂ ਵੀ ਕਰਦੇ ਨੇ। ਹਵਾਈ ਜਹਾਜ ਵੀ ਚਲਾਂਦੇ ਨੇ ਤੇ ਸ਼ਿਕਾਰ ਮਗਰ ਕੁੱਤੇ ਵੀ ਭਜਾਂਦੇ ਨੇ; ਨੌਕਰੀਆਂ ਵੀ ਕਰਦੇ ਨੇ ਤੇ ਜਲੂਸ ਕੱਢ ਕੇ ਕੈਦ ਵੀ ਹੁੰਦੇ ਨੇ। ਮਜ਼ੇ ਦੀ ਗੱਲ ਤੇ ਇਹ ਸੀ ਕਿ ਉਸ ਦੀਆਂ ਕਹਾਣੀਆਂ ਮਾਰਕਸ ਦੇ ਸ਼ਬਦਾਂ ਵਿਚ 'ਲੁੱਟੇ ਹੋਏ ਲੋਕਾਂ' ਦਾ ਪੱਖ ਪੂਰਦੀਆਂ ਸਨ। ਸਮਾਜਕ ਨਿਆਂ ਲਈ ਰੌਲਾ ਪਾਉਂਦੀਆਂ ਸਨ। ਇਸ ਬਾਰੇ ਹੀ ਗੱਲਾਂ ਹੋ ਰਹੀਆਂ ਸਨ।

ਪ੍ਰੇਮ ਤੇ ਮੈਂ ਇਸ ਦੇ ਹੱਕ ਵਿਚ ਨਹੀਂ ਸਾਂ ਕਿ ਕਹਾਣੀਆਂ ਇਸੇ ਸਵਾਲ ਦੀ ਭੇਟਾ ਕਰ ਦਿੱਤੀਆਂ ਜਾਣ।

"ਇਹ ਗਰੀਬੀ-ਅਮੀਰੀ ਦਾ ਰੌਲਾ ਐਵੇਂ ਮੋਟੀ ਬੁੱਧ ਦੀ ਨਿਸ਼ਾਨੀ ਏ," ਪ੍ਰੇਮ ਕਹਿ ਰਿਹਾ ਸੀ, "ਜਿਨ੍ਹਾਂ ਲੋਕਾਂ ਦੀ ਸੂਝ ਲਿੱਸੀ ਏ, ਉਹ ਸਮਝਦੇ ਨੇ ਕਿ ਬਹੁਤੇ ਪੈਸੇ ਨਾਲ ਬਹੁਤੀਆਂ ਮੌਜਾਂ ਨੇ ਤੇ ਜੇ ਥੋੜਾ ਹੋਵੇ ਤਾਂ ਕੋਈ ਸਵਾਦ ਨਹੀਂ। ਉਹ ਲੋਕ ਗਰੀਬ ਦੇ ਦਿਲ ਨੂੰ ਇਕ ਐਸੀ ਥਾਂ ਗਿਣਦੇ ਨੇ ਜਿਸ ਵਲ ਕੇਵਲ ਇਕ ਪਾਸੇ ਦਾ ਰਸਤਾ ਹੀ ਖੁਲ੍ਹਾ ਏ। ਉਸ ਰਸਤੇ 'ਤੇ ਦੁੱਖ ਕਲੇਸ਼, ਉਸ ਵਲ ਭਜੇ ਜਾਂਦੇ ਨੇ, ਪਰ ਉਧਰੋਂ ਦੂਜੇ ਪਾਸਿਓਂ ਕੋਈ ਖੇੜਾ, ਕੋਈ ਲਿਸ਼ਕ ਉਸ ਦੇ ਮੂੰਹ 'ਤੇ ਨਹੀਂ ਆ ਸਕਦੀ। ਰਸਤਾ ਹੀ ਬੰਦ ਕਰ ਦਿੰਦੇ ਨੇ, ਇਹ ਲੋਕ। ਮੈਂ ਇਹ ਨਹੀਂ ਮੰਨਦਾ।"

ਪ੍ਰੇਮ ਨੇ 'ਨਾਂਹ' ਵਿਚ ਸਿਰ ਹਿਲਾਇਆ ਤੇ ਨਰਿੰਦਰ ਵਲ ਇਸ ਤਰ੍ਹਾਂ ਵੇਖਿਆ ਜਿਵੇਂ ਉਸ ਦੇ ਉਲਟ ਗੱਲ ਕਰਦੇ ਸਾਰ ਹੀ ਹੂਰੋ-ਹੂਰੀ ਹੋ ਪਏਗਾ।

ਪਾਸੇ ਵਾਲੇ ਕਮਰੇ ਦਾ ਬੂਹਾ ਖੁਲ੍ਹਾ, ਵਿਚੋਂ ਇਕ ਖੂਬਸੂਰਤ ਔਰਤ, ਇਕ ਆਦਮੀ ਤੇ ਇਕ ਬੱਚਾ ਨਿਕਲੇ। ਅਸੀਂ ਉਨ੍ਹਾਂ ਵਲ ਵੇਖਣ ਲਗ ਪਏ। ਔਰਤ ਇੰਨੇ ਆਦਮੀਆਂ ਦੀਆਂ ਤਿੱਖੀਆਂ ਨਜ਼ਰਾਂ ਹੇਠ ਘਬਰਾਈ ਹੋਈ ਸਿੱਧੀ ਦਰਵਾਜੇ ਵਲ ਵੇਖਦੀ ਬਾਹਰ ਨਿਕਲ ਗਈ। ਬੱਚਾ ਮੇਜ਼ 'ਤੇ ਟਿਕਾਏ ਫੁੱਲਾਂ ਨੂੰ ਹੱਥ ਲਾ ਕੇ ਵੇਖਣ ਲਈ ਖੜਾ ਹੋ ਗਿਆ। ਆਦਮੀ ਬਾਹਰੋਂ ਵਾਪਸ ਆ ਕੇ ਉਸ ਨੂੰ ਨਾਲ ਲੈ ਗਿਆ। ਸਾਡਾ ਧਿਆਨ ਫਿਰ ਆਪਣੀ ਚਾਹ ਤੇ ਆਪਣੀਆਂ ਗੱਲਾਂ ਵਲ ਮੁੜ ਆਇਆ।

ਮੈਨੂੰ ਪ੍ਰੇਮ ਦੀ ਗੱਲ ਸਿਆਣੀ ਲਗੀ। "ਇਹ ਥੀਊਰੀ ਤੇ ਮੈਨੂੰ ਵੀ ਗਲਤ ਜਾਪਦੀ ਏ।" ਮੈਂ ਆਪਣਾ ਹਿੱਸਾ ਪਾਇਆ। "ਜੇ ਅਸੀਂ ਇਸ ਹੋਟਲ ਵਿਚ ਬੈਠ ਕੇ ਚੋਖੇ ਪੈਸਿਆਂ ਦੀ ਚਾਹ ਪੀ ਰਹੇ ਹਾਂ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਹੋਟਲ ਤੋਂ ਬਾਹਰ ਕਿਸੇ ਨੂੰ ਚਾਹ ਦਾ ਸੁਆਦ ਹੀ ਨਹੀਂ ਆ ਰਿਹਾ। ਹੋ ਸਕਦਾ ਹੈ ਕਿ ਕੋਈ ਆਪਣੀ ਵਹੁਟੀ ਜਾਂ ਧੀ ਹੱਥੋਂ ਚਾਹ ਪੀ ਕੇ ਕਿਤੇ ਵੱਧ ਸੁਆਦ ਲੈ ਰਿਹਾ ਹੋਵੇ।"

ਪ੍ਰੇਮ ਨੇ ਮੇਰੀ ਗੱਲ ਦੀ ਤਾਕੀਦ ਵਿਚ ਦੋ ਵਾਰ ਸਿਰ ਹਿਲਾਇਆ ਤੇ ਫਿਰ ਚਾਹ ਦਾ ਘੁਟ ਭਰਿਆ, ਸ਼ਾਇਦ ਇਹ ਵੇਖਣ ਲਈ ਕਿ ਇਸ ਮਹਿੰਗੇ ਹੋਟਲ ਦੀ ਚਾਹ ਕਿੰਨੀ ਕੁ ਸੁਆਦ ਏ। ਫਿਰ ਉਸ ਨੇ ਮੇਰੇ ਵਲ ਵੇਖ ਕੇ ਕਿਹਾ, "ਹਾਂ, ਇਹੀ ਤੇ ਮੈਂ ਕਹਿੰਦਾ ਹਾਂ। ਮੈਂ ਪੁੱਛਣਾ ਵਾਂ ਕੀ ਰਾਂਝਾ ਬਹੁਤ ਅਮੀਰ ਸੀ? ਪਰ ਅੱਜ ਕਿਹੜਾ ਏ ਜਿਹੜਾ ਇਹ ਆਖੇ ਕਿ ਉਸ ਦੀ ਜ਼ਿੰਦਗੀ ਫਜ਼ੂਲ ਤੇ ਘਟੀਆ ਸੀ?"

ਨਰਿੰਦਰ ਬੁਲ੍ਹਾਂ ਵਿਚ ਮੁਸਕਰਾਇਆ। ਅੱਖ ਦੇ ਫੋਰ ਲਈ ਇਸ ਤਰ੍ਹਾਂ ਲਗਾ ਜਿਵੇਂ ਕੁਝ ਕਹਿਣ ਲੱਗਾ ਏ, ਪਰ ਉਹ ਬੋਲਿਆ ਕੁਝ ਨਾ। ਮੈਦਾਨ ਸਾਡੇ ਹੱਥ ਸੀ।

ਪ੍ਰੇਮ ਨੇ ਚਾਹ ਦੇ ਦੋ ਘੁੱਟ ਹੋਰ ਭਰੇ ਤੇ ਫਿਰ ਕੁਝ ਜੋਸ਼ ਵਿਚ ਆ ਕੇ ਕਿਹਾ, "ਮੈਨੂੰ ਉਹ ਲੋਕ ਬਹੁਤ ਬੁਰੇ ਲਗਦੇ ਨੇ ਜਿਹੜੇ ਦੇਸ਼ ਦੀ ਵੱਸੋਂ ਦੇ ਵੱਡੇ ਹਿੱਸੇ ਨੂੰ ਕਦੀ ਤੇ ਮਧੋਲਿਆ ਹੋਇਆ ਕਹਿੰਦੇ ਨੇ ਤੇ ਕਦੀ ਲਿਤਾੜਿਆ ਹੋਇਆ। ਉਹ ਕਿਹੜੀ ਲਹਿਰ ਏ, ਜਿਸ ਵਿਚ ਇਹ ਆਏ ਹੋਣ ਤੇ ਉਹ ਸਫਲ ਨਾ ਹੋਈ ਹੋਵੇ! ਇਹ ਇਕੱਲੇ ਸਾਡੇ ਦੇਸ਼ ਦੀ ਗੱਲ ਨਹੀਂ, ਹਰ ਦੇਸ਼ ਵਿਚ ਇਸੇ ਤਰ੍ਹਾਂ ਹੀ ਹੋਇਆ ਏ। ਜਿਹੜੇ ਲੋਕਾਂ ਦੀ ਛੂਹ ਲਹਿਰਾਂ ਨੂੰ ਬੰਨੇ ਲਾਉਂਦੀ ਏ, ਉਨ੍ਹਾਂ ਨੂੰ ਤੁਸੀਂ ਲਿਤਾੜੇ ਹੋਏ ਕਿਵੇਂ ਕਹਿ ਸਕਦੇ ਓ?" ਪ੍ਰੇਮ ਆਪਣੀ ਦਲੀਲ ਦੇ ਤੇਜ ਨਾਲ ਆਪ ਹੀ ਗਰਮ ਹੋ ਰਿਹਾ ਸੀ। ਉਸ ਇਹ ਅਖੀਰਲੀ ਗੱਲ ਏਡੀ ਉਚੀ ਮੁਕਾਈ ਕਿ ਉਥੇ ਬੈਠੇ ਕਈ ਲੋਕ ਸਾਡੇ ਵਲ ਵੇਖਣ ਲਗ ਪਏ।

ਆਪਣੇ ਵਲੋਂ ਉਨ੍ਹਾਂ ਦਾ ਧਿਆਨ ਹਟਾਉਣ ਲਈ ਕੁਝ ਚਿਰ ਅਸੀਂ ਚੁੱਪ ਕਰਕੇ ਚਾਹ ਪੀਂਦੇ ਰਹੇ, ਪਰ ਸਾਡੇ ਦਿਮਾਗ ਵਿਚ ਬਹਿਸ ਕਰਕੇ ਤਿੱਖੇ ਹੋਏ ਪਏ ਸਨ ਤੇ ਚੁੱਪ ਰਹਿਣਾ ਔਖਾ ਸੀ। ਮੈਂ ਫਿਰ ਹੌਲੀ ਜਿਹੀ ਗੱਲ ਛੇੜ ਦਿੱਤੀ, "ਮੈਂ ਦੁਨੀਆਂ ਦੇ ਦੋ ਸੁਆਦ ਸਭ ਤੋਂ ਉਤਮ ਮੰਨਦਾ ਹਾਂ, ਇਵਾਣਾ ਖਿਡਾਉਂਦੀ ਮਾਂ ਦਾ ਸੁਆਦ ਤੇ ਮੁਕਲਾਵੇ ਜਾਂਦੀ ਵਹੁਟੀ ਦਾ ਸੁਆਦ। ਇਹ ਸੁਆਦ ਮਾਣਦੀਆਂ ਇਸਤਰੀਆਂ ਨੂੰ ਮੈਂ ਖਲੋ ਖਲੋ ਕੇ, ਲੁਕ ਲੁਕ ਕੇ ਵੇਖਿਆ ਏ। ਮੈਨੂੰ ਤੇ ਇਥੇ ਗਰੀਬ ਅਮੀਰ ਵਿਚ ਕਦੀ ਫਰਕ ਨਹੀਂ ਲਗਾ। ਦੋਹਾਂ ਦੇ ਮੂੰਹ ਇਕੋ ਜਿਹੇ ਖਿੜੇ ਹੋਏ ਹੁੰਦੇ ਨੇ।"

"ਓਏ ਅਸੀਂ ਦੋਵੇਂ ਈ ਬੋਲੀ ਜਾਨੇ ਆਂ, ਤੂੰ ਕਿਉਂ ਨਹੀਂ ਬੋਲਦਾ?" ਪ੍ਰੇਮ ਨੇ ਖਿਝ ਕੇ ਨਰਿੰਦਰ ਨੂੰ ਕਿਹਾ।

"ਮੈਂ ਇਸ ਮਾਮਲੇ 'ਤੇ ਬਹਿਸ ਨਹੀਂ ਕਰਨਾ ਚਾਹੁੰਦਾ।" ਨਰਿੰਦਰ ਸਵੈ-ਵਿਸ਼ਵਾਸ ਦੇ ਚੁਬਾਰੇ ਤੋਂ ਬੋਲਿਆ।

"ਕਿਉਂ?"

"ਕਿਉਂਕਿ ਇਸ 'ਤੇ ਬਹਿਸ ਹੋ ਹੀ ਨਹੀਂ ਸਕਦੀ।"

"ਪਰ ਗੱਲਾਂ ਤੇ ਹੋ ਸਕਦੀਆਂ ਨੇ।"

"ਹਾਂ।"

"ਫਿਰ ਕੋਈ ਗੱਲ ਹੀ ਦੱਸ ਦੇ।"

"ਕੋਈ ਕਾਈ ਨਹੀਂ। ਬੱਸ ਇਕੋ ਈ ਗੱਲ ਏ। ਸਾਰੀਆਂ ਮੇਰੀਆਂ ਲਿਖਤਾਂ 'ਤੇ ਏਸ ਇਕੋ ਗੱਲ ਦੀ ਹੀ ਪਾਣ ਚੜ੍ਹੀ ਹੋਈ ਏ।" ਹੁਣ ਨਰਿੰਦਰ ਕੁਝ ਢਿੱਲਾ ਹੋ ਗਿਆ ਸੀ।

"ਹੱਛਾ! ਏਨੀ ਬਹੁਤੀ ਲਿਸ਼ਕ ਵਾਲੀ ਗੱਲ ਤੇ ਅਸੀਂ ਅੱਜ ਸੁਣ ਕੇ ਹੀ ਉਠਣਾ ਏ" ਪ੍ਰੇਮ ਨੇ ਚਾਅ ਨਾਲ ਆਖਿਆ। ਉਸ ਦੀ ਗੱਲ ਵਿਚ ਹੁਣ ਤਰਲਾ ਵੀ ਸੀ।

ਨਰਿੰਦਰ ਦੇ ਮਨ ਵਿਚ ਮਿਹਰ ਪਈ ਤੇ ਉਹ ਗੱਲ ਸੁਣਾਉਣ ਲਗ ਪਿਆ।

"ਇਹ ਗੱਲ ਹੈ ਤੇ ਚਿਰੋਕਣੀ, ਪਰ ਮੇਰੇ ਵਾਸਤੇ ਤੇ ਹਰ ਵੇਲੇ ਸੱਜਰੀ ਏ।"

"ਮੈਨੂੰ ਐਮ. ਏ. ਪਾਸ ਕੀਤਿਆਂ ਅਜੇ ਥੋੜਾ ਚਿਰ ਹੀ ਹੋਇਆ ਸੀ ਤੇ ਪਿੰਡ ਹੀ ਰਹਿੰਦਾ ਹੁੰਦਾ ਸਾਂ। ਸਾਡੀ ਹਵੇਲੀ ਦੇ ਨਾਲ ਹੀ ਸਾਡੇ ਖੇਤਾਂ ਵਿਚ ਕੰਮ ਕਰਨ ਵਾਲੇ ਇਕ ਆਦਮੀ ਦਾ ਘਰ ਸੀ। ਉਸ ਦੀ ਇਕ ਕੁੜੀ ਸਾਡੇ ਘਰ ਕੰਮ ਕਰਦੀ ਸੀ। ਕੰਮ ਉਹ ਕੋਈ ਰਸੋਈ ਦਾ ਤੇ ਨਹੀਂ ਸੀ ਕਰਦੀ। ਰਸੋਈ ਦੇ ਤੇ ਉਸ ਨੂੰ ਕੋਈ ਨੇੜੇ ਨਹੀਂ ਸੀ ਲੱਗਣ ਦਿੰਦਾ। ਬੱਸ ਸਫਾਈ ਤੇ ਹੋਰ ਉਤਲਾ ਉਤਲਾ ਕੰਮ ਕਰਦੀ ਸੀ। ਇਸ ਗੱਲ ਦੀ ਮੈਨੂੰ ਬਹੁਤ ਹੈਰਾਨੀ ਹੁੰਦੀ ਸੀ ਕਿ ਘਰ ਵਿਚ ਬੈਠੀ ਕੰਮ ਕਰਦੀ ਉਹ ਕਿਸੇ ਨੂੰ ਰੜਕਦੀ ਹੀ ਨਹੀਂ ਸੀ। ਕੋਈ ਉਸ ਵਲ ਅੱਖ ਭਰ ਕੇ ਵੇਖਦਾ ਨਹੀਂ ਸੀ। ਉਸ ਦੇ ਸਾਹਮਣੇ, ਬਗੈਰ ਉਸ ਨੂੰ ਵਿਚੋਂ ਦਿੱਤੇ ਅਸੀਂ ਕੁਝ ਵੀ ਖਾ ਸਕਦੇ ਸਾਂ। ਉਸ ਦੇ ਕੋਲ ਫਿਰਦਿਆਂ ਕੋਈ ਵੀ ਗੱਲ ਕਰ ਸਕਦੇ ਸਾਂ। ਉਸ ਦੀਆਂ ਵੀ ਅੱਖਾਂ ਸਨ, ਕੰਨ ਸਨ, ਦਿਮਾਗ ਸੀ, ਦਿਲ ਸੀ-ਇਹ ਸਾਡੇ ਟੱਬਰ ਦੇ ਕਿਸੇ ਜੀਅ ਦੇ ਮਨ ਵਿਚ ਆਉਂਦਾ ਹੀ ਨਹੀਂ ਸੀ। ਸਾਰੇ ਟੱਬਰ ਦੇ ਇਸ ਵਤੀਰੇ ਕਰਕੇ ਮੇਰੀ ਉਸ ਵਿਚ ਦਿਲਚਸਪੀ ਹੋ ਗਈ। ਉਹ ਸਾਡੇ ਬਾਰੇ ਕੀ ਸੋਚਦੀ ਸੀ? ਸਾਡੇ ਵਿਚ ਆਪਣੀ ਕੀ ਥਾਂ ਮਿਥਦੀ ਸੀ? ਬਾਹਰਲੀ ਦੁਨੀਆਂ ਵਿਚ ਆਪਣੀ ਕੀ ਥਾਂ ਵੇਖਦੀ ਸੀ? ਉਸ ਦੀਆਂ ਕੀ ਉਮੰਗਾਂ ਸਨ?

ਮੈਂ ਵੇਖਿਆ, ਉਸ ਦੀ ਸ਼ਕਲ ਮਾੜੀ ਨਹੀਂ ਸੀ। ਕੇਵਲ ਉਸ ਨੂੰ ਆਪਣੇ ਆਪ ਦਾ ਪਤਾ ਨਹੀਂ ਸੀ।

ਇਕ ਦਿਨ ਸ਼ਾਮ ਨੂੰ ਮੇਰੇ ਮਾਤਾ ਜੀ ਨੇ ਉਸ ਨੂੰ ਹੱਟੀਓਂ ਰੇਠੇ ਲਿਆਉਣ ਲਈ ਇਕ ਅਠਿਆਨੀ ਦਿੱਤੀ। ਹੱਟੀ ਪਿੰਡ ਦੇ ਦੂਜੇ ਸਿਰੇ ਸੀ। ਹੱਟੀ ਵਾਲੇ ਨੇ ਕਿਹਾ, ਰੇਠੇ ਮੁਕੇ ਹੋਏ ਨੇ, ਪਰ ਮੇਰਾ ਮੁੰਡਾ ਸ਼ਹਿਰੋਂ ਸੌਦਾ ਲੈਣ ਗਿਆ ਹੋਇਆ ਏ। ਗੱਡੀ ਨੂੰ ਟੇਸ਼ਨ ਤੋਂ ਲੰਘਿਆ ਢੇਰ ਚਿਰ ਹੋ ਗਿਆ ਏ, ਹੁਣੇ ਆਉਂਦਾ ਹੀ ਹੋਵੇਗਾ, ਰੇਠੇ ਵੀ ਲਿਆਵੇਗਾ। ਤੂੰ ਝਟ ਉਡੀਕ ਲੈ।

ਕੁੜੀ ਉਥੇ ਬੈਠ ਗਈ। ਹਨੇਰਾ ਹੋ ਗਿਆ, ਪਰ ਹੱਟੀ ਵਾਲੇ ਦਾ ਮੁੰਡਾ ਅਪੜਿਆ ਨਾ। ਬੇਉਮੀਦ ਹੋ ਕੇ ਕੁੜੀ ਮੁੜ ਆਈ। ਹਨੇਰਾ ਹੋ ਜਾਣ ਕਰਕੇ ਅਸੀਂ ਬੂਹਾ ਬੰਦ ਕੀਤਾ ਹੋਇਆ ਸੀ। ਵਾਪਸ ਆ ਕੇ ਉਸ ਨੇ ਖੜਕਾਇਆ। ਮੈਂ ਖੋਲ੍ਹਿਆਂ ਤਾਂ ਉਸ ਨੇ ਕਿਹਾ, 'ਮਾਤਾ ਜੀ ਨੂੰ ਕਹੋ ਕਿ ਰੇਠੇ ਨਹੀਂ ਮਿਲੇ, ਸਵੇਰੇ ਲੈ ਆਵਾਂਗੀ। ਹੁਣ ਪੈਸੇ ਰਖ ਲੈਣ।' ਮਾਤਾ ਜੀ ਨੇ ਸੁਣ ਕੇ ਦੂਰੋਂ ਹੀ ਕਿਹਾ, 'ਤੂੰ ਪੈਸੇ ਆਪਣੇ ਕੋਲ ਹੀ ਰੱਖ, ਸਵੇਰੇ ਜਾ ਕੇ ਲੈ ਆਵੀਂ।' ਪਰ ਉਸ ਨੇ ਇਹ ਗੱਲ ਅਣਸੁਣੀ ਕਰ ਕੇ ਅਠਿਆਨੀ ਮੇਰੇ ਹੱਥ ਵਿਚ ਫੜਾ ਦਿੱਤੀ।

ਪਰ ਤੂੰ ਆਪਣੇ ਕੋਲ ਹੀ ਕਿਉਂ ਨਹੀਂ ਰਖਦੀ? ਮੈਂ ਪੁੱਛਿਆ।

'ਲਓ, ਸਰਦਾਰ ਜੀ! ਜੇ ਕਿਧਰੇ ਗਵਾਚ ਜਾਵੇ ਤਾਂ ਅਸਾਂ ਗਰੀਬਾਂ ਨੇ ਕਿਥੋਂ ਭਰ ਕੇ ਦੇਣੀ ਏਂ?'

ਮੈਨੂੰ ਇਸ ਗੱਲ 'ਤੇ ਬੜੀ ਹੈਰਾਨੀ ਹੋਈ ਕਿ ਕਈਆਂ ਲੋਕਾਂ ਨੂੰ ਇਕ ਰਾਤ ਲਈ ਇਕ ਅਠਿਆਨੀ ਸਾਂਭਣ ਤੋਂ ਵੀ ਡਰ ਆਉਂਦਾ ਏ।

ਇਕ ਦਿਨ ਉਹ ਬਾਹਰ ਧੁਪੇ ਸਾਡੇ ਕਪੜੇ ਧੋ ਰਹੀ ਸੀ। ਮੈਂ ਆਪਣੇ ਕਮਰੇ ਵਿਚ ਬੈਠਾ ਬਾਰੀ ਵਿਚੋਂ ਉਸ ਨੂੰ ਵੇਖ ਰਿਹਾ ਸਾਂ। ਬਾਰੀ ਅੱਗੇ ਜਾਲੀ ਲਗੀ ਹੋਈ ਸੀ। ਉਂਜ ਵੀ ਕਮਰੇ ਵਿਚ ਹਨੇਰਾ ਜਿਹਾ ਸੀ। ਇਸ ਲਈ ਉਹ ਮੈਨੂੰ ਵੇਖ ਨਹੀਂ ਸਕਦੀ ਸੀ। ਉਸ ਨੂੰ ਪਤਾ ਹੀ ਨਹੀਂ ਸੀ ਕਿ ਮੈਂ ਉਥੇ ਬੈਠਾ ਸਾਂ।

ਉਸ ਦਾ ਆਪਣਾ ਕਮੀਜ਼ ਵੀ ਬਹੁਤ ਮੈਲਾ ਹੋਇਆ ਹੋਇਆ ਸੀ। ਉਸ ਕੋਲ ਸ਼ਾਇਦ ਹੋਰ ਕਮੀਜ਼ ਹੈ ਹੀ ਨਹੀਂ ਸੀ ਤੇ ਧੋਣ ਦਾ ਇਹੋ ਤਰੀਕਾ ਸੀ ਕਿ ਉਹ ਕਮੀਜ਼ ਲਾਹ ਕੇ ਉਨਾ ਚਿਰ ਆਪਣੇ ਦੁਆਲੇ ਚਾਦਰ ਵਲੇਟੀ ਰਖੇ। ਉਸ ਨੂੰ ਕਿਸੇ ਬੰਦੇ ਦੇ ਨੇੜੇ ਹੋਣ ਦਾ ਖਿਆਲ ਨਹੀਂ ਸੀ, ਉਸ ਨੇ ਬੇਖਬਰ ਖੜੇ ਹੋ ਕੇ ਕਮੀਜ਼ ਲਾਹੀ ਤੇ ਫਿਰ ਆਪਣੇ ਦੁਆਲੇ ਚਾਦਰ ਵਲ ਲਈ। ਇਕ ਛਿਣ ਲਈ ਇਕ ਸੁੰਦਰ ਸਰੀਰ ਦੀ ਝਲਕ ਮੈਨੂੰ ਦਿਸੀ। ਜੀ ਕਰਦਾ ਸੀ ਕਿ ਇਹ ਛਿਣ ਲੰਮਾ ਹੋ ਜਾਏ। ਕਦੀ ਜੀ ਵੀ ਰੱਜਿਆ ਏ? ਹੁਣ ਮੇਰੀ ਉਸ ਦੇ ਨੇੜੇ ਹੋਣ ਦੀ ਉਤਸੁਕਤਾ ਹੋਰ ਵੀ ਵਧ ਗਈ।

ਇਕ ਦਿਨ ਉਹ ਮੇਰਾ ਕਮਰਾ ਸਾਫ ਕਰ ਰਹੀ ਸੀ। ਮੈਂ ਅੰਦਰ ਆ ਗਿਆ। ਕੁਝ ਥੋੜੀ ਜਿਹੀ ਸਾਂਝ ਦਾ ਮੈਨੂੰ ਪਹਿਲੇ ਹੀ ਵਿਸ਼ਵਾਸ ਸੀ। ਮੇਰੇ ਲਈ ਇਹ ਬੜੀ ਮਹਾਨ ਘੜੀ ਸੀ, ਮੈਂ ਆਪਣੇ ਜਜ਼ਬੇ ਉਹਦੇ ਪੈਰਾਂ ਵਿਚ ਖਲਾਰ ਕੇ ਉਹਨੂੰ ਇਕ ਉਚੀ ਦੁਨੀਆਂ ਦੀ ਝਲਕ ਦੇਣਾ ਚਾਹੁੰਦਾ ਸਾਂ। ਉਸ ਦੇ ਹੱਥ ਵਿਚੋਂ ਝਾੜੂ ਲੈ ਮੈਂ ਭੋਇੰ 'ਤੇ ਰਖ ਦਿੱਤਾ ਤੇ ਫਿਰ ਉਸ ਨੂੰ ਬਾਹੋਂ ਫੜ ਕੇ ਆਪਣੀ ਮੰਜੀ 'ਤੇ ਬਹਾ ਲਿਆ। ਮੈਂ ਆਪ ਢੁਕ ਕੇ ਉਸ ਦੇ ਨਾਲ ਬੈਠ ਗਿਆ ਤੇ ਇਕ ਹੱਥ ਉਸ ਦੇ ਮੋਢੇ 'ਤੇ ਰੱਖ ਕੇ ਉਸ ਨੂੰ ਹੋਰ ਆਪਣੇ ਨਾਲ ਘੁਟ ਲਿਆ।

'ਇਹ ਗੱਲ ਚੰਗੀ ਨਹੀਂ ਸਰਦਾਰ ਜੀ, ਤੁਹਾਡੇ ਲਈ।' ਉਸ ਨੇ ਨਿਮ੍ਹਾ ਜਿਹਾ ਉਲ੍ਹਾਮਾ ਦਿੱਤਾ।

ਨਹੀਂ, ਚੰਗੀ ਏ, ਬੜੀ ਚੰਗੀ। ਮੈਂ ਭੱਦੇ ਜਿਹੇ ਤਰੀਕੇ ਨਾਲ ਉਸ ਨੂੰ ਟਾਲਿਆ ਤੇ ਉਹ ਕੁਝ ਮੁਸਕਰਾ ਪਈ, ਸ਼ਾਇਦ ਮੇਰੇ ਇਸ ਸਿੱਧੇ ਜਿਹੇ ਜਵਾਬ 'ਤੇ।

ਬਹੁਤ ਚੰਗਾ ਮੁੱਢ ਬੱਝ ਗਿਆ ਸਮਝ ਕੇ ਮੈਂ ਉਸ ਦਾ ਹੱਥ ਛੱਡ ਦਿੱਤਾ ਤੇ ਉਹ ਉਠ ਕੇ ਖਲੋ ਗਈ।

'ਇਹ ਸਾਬਣ ਲੈ ਲਵਾਂ ਸਰਦਾਰ ਜੀ?' ਉਸ ਨੇ ਉਠਦਿਆਂ ਸਾਰ ਹੀ ਮੰਗ ਕੀਤੀ। ਜਿਥੇ ਅਸੀਂ ਬੈਠੇ ਸਾਂ, ਉਸ ਦੇ ਸਾਹਮਣੇ ਅੰਗੀਠੀ 'ਤੇ ਮੇਰੇ ਨਹਾਉਣ ਵਾਲੇ ਸਾਬਣ ਦੀ ਚਿੱਪਰ ਪਈ ਸੀ। ਇਸ ਸਾਰੀ ਖੇਡ ਵਿਚ ਉਸ ਦਾ ਧਿਆਨ ਸ਼ਾਇਦ ਉਸ ਚਿੱਪਰ ਵਿਚ ਹੀ ਰਿਹਾ ਸੀ। ਜੇ ਕੋਈ ਮੈਨੂੰ ਪੁਛੇ ਤਾਂ ਮੈਨੂੰ ਤੇ ਇਸ ਮਜ਼ੇਦਾਰ ਸੁਪਨੇ ਵਿਚੋਂ ਕਿਸੇ ਚੀਜ਼ ਦੀ ਹੋਸ਼ ਨਹੀਂ ਸੀ।

ਹਾਂ, ਲੈ ਲੈ। ਕਹਿ ਕੇ ਮੈਂ ਉਸੇ ਮੰਜੀ 'ਤੇ ਫਿਰ ਬੈਠ ਗਿਆ।

ਉਸ ਦਿਨ ਤੋਂ ਪਿਛੋਂ ਹਰ ਇਕ ਲਈ ਰਜਵੀਂ ਰੋਟੀ ਤੋਂ ਬਿਨਾ ਹੋਰ ਕੋਈ ਗੱਲ ਮੇਰੇ ਮਨ ਵਿਚ ਖੁਭਣੀ ਅਸੰਭਵ ਹੋਈ ਹੋਈ ਏ। ਜਦੋਂ ਕੁਝ ਲੋਕਾਂ ਲਈ ਥੁੜਾਂ ਸਰੀਰ ਦੇ ਹੋਰ ਸਾਰੇ ਰਸਤੇ ਤੇ ਸੁਆਦ ਬੰਦ ਕਰ ਦੇਣ ਤਾਂ ਬਾਕੀ ਦੇ ਲੋਕਾਂ ਨੂੰ ਕੁਝ ਚਿਰ ਹੋਰ ਗੱਲਾਂ ਬੰਦ ਕਰ ਦੇਣੀਆਂ ਚਾਹੀਦੀਆਂ ਨੇ। ਬੱਸ, ਆਪਣੀਆਂ ਲਿਖਤਾਂ ਦੀ ਸਫਾਈ ਵਿਚ ਮੇਰੇ ਕੋਲ ਹੋਰ ਕੋਈ ਦਲੀਲ ਨਹੀਂ।"

---

# ਮਨੁੱਖ ਵਿਚੋਂ ਖਤਮ ਹੁੰਦੀ ਮਨੁੱਖਤਾ

**ਡਾ. ਨਿਸ਼ਾਨ ਸਿੰਘ ਰਾਠੌਰ**
**ਫੋਨ: 91-75892-33437**

ਮਨੁੱਖ ਨੂੰ ਸਮਾਜਕ ਪ੍ਰਾਣੀ ਮੰਨਿਆ ਜਾਂਦਾ ਹੈ, ਇਸ ਲਈ ਮਨੁੱਖ ਨੂੰ ਸਮਾਜਕ ਕਦਰਾਂ-ਕੀਮਤਾਂ ਦਾ ਧਾਰਨੀ ਹੋਣਾ ਲਾਜ਼ਮੀ ਸਮਝਿਆ ਜਾਂਦਾ ਹੈ। ਖਾਸ ਗੱਲ ਇਹ ਹੈ ਕਿ ਜਦੋਂ ਵੀ ਕਿਸੇ ਸਮਾਜ ਨੂੰ ਚੰਗੇ ਜਾਂ ਮਾੜੇ ਦੀ ਕਸਵੱਟੀ 'ਤੇ ਤੋਲਿਆ ਜਾਂਦਾ ਹੈ ਤਾਂ ਉਨ੍ਹਾਂ ਦਾ ਮੂਲ ਆਧਾਰ ਸਮਾਜਕਤਾ ਨੂੰ ਹੀ ਮੰਨਿਆ ਜਾਂਦਾ ਹੈ। ਜਿਸ ਵੀ ਸਮਾਜ ਵਿਚ ਸਮਾਜਕ ਕਦਰਾਂ-ਕੀਮਤਾਂ ਦਾ ਘਾਣ ਹੁੰਦਾ ਹੈ, ਉਸ ਸਮਾਜ ਵਿਚ ਮਨੁੱਖਤਾ ਆਪਣੇ-ਆਪ ਹੀ ਖਤਮ ਹੋ ਜਾਂਦੀ ਹੈ ਅਤੇ ਘਾਤਕ ਸਥਿਤੀਆਂ ਪੈਦਾ ਹੋ ਜਾਂਦੀਆਂ ਹਨ। ਅਜੋਕੇ ਸਮੇਂ ਮਨੁੱਖ ਵਿਚੋਂ ਮਨੁੱਖਤਾ ਖਤਮ ਹੁੰਦੀ ਜਾ ਰਹੀ ਹੈ। ਇਸ ਪ੍ਰਸੰਗ 'ਚ ਕਈ ਮਿਸਾਲਾਂ ਦੇਖੀਆਂ ਜਾ ਸਕਦੀਆਂ ਹਨ, ਜਿਨ੍ਹਾਂ ਰਾਹੀਂ ਸਹਿਜ ਨਾਲ ਆਖਿਆ ਜਾ ਸਕਦਾ ਹੈ ਕਿ ਇਸ ਦੌਰ ਵਿਚ ਮਨੁੱਖਤਾ ਬਹੁਤ ਨਾਜ਼ੁਕ ਦੌਰ 'ਚੋਂ ਲੰਘ ਰਹੀ ਹੈ।

ਅੱਜ ਕਲ੍ਹ ਸੋਸ਼ਲ ਮੀਡੀਏ 'ਤੇ ਕਈ ਅਜਿਹੀਆਂ ਵੀਡੀਓ ਆਉਂਦੀਆਂ ਹਨ ਜਿਨ੍ਹਾਂ ਵਿਚ ਮਨੁੱਖ ਸ਼ੈਤਾਨ ਨਾਲੋਂ ਵੀ ਵੱਧ ਭਿਆਨਕ ਰੂਪ ਵਿਚ ਦਿਖਾਈ ਦਿੰਦਾ ਹੈ। ਸੜਕਾਂ 'ਤੇ ਗੱਡੀਆਂ ਦੀ ਮਾਮੂਲੀ ਟੱਕਰ, ਬੱਚਿਆਂ ਦੀ ਛੋਟੀ-ਮੋਟੀ ਲੜਾਈ, ਜਾਨਵਰਾਂ 'ਤੇ ਅੱਤਿਆਚਾਰ, ਔਰਤਾਂ ਪ੍ਰਤੀ ਗਲਤ ਭਾਵਨਾ, ਸਕੂਲਾਂ/ਕਾਲਜਾਂ ਵਿਚ ਨਿੱਕੇ ਬੱਚਿਆਂ ਦੀ ਮਾਰ-ਕੁਟਾਈ, ਨੌਕਰਾਂ ਵੱਲੋਂ ਘਰਾਂ ਵਿਚ ਨਿੱਕੇ ਬੱਚਿਆਂ 'ਤੇ ਜ਼ੁਲਮ, ਅਤਿਵਾਦੀ ਹਮਲੇ ਅਤੇ ਘਰਾਂ ਵਿਚ ਬੁੱਢੇ ਮਾਂ-ਪਿਓ ਨਾਲ ਦੁਰ-ਵਿਹਾਰ ਆਦਿ ਪ੍ਰਮੁੱਖ ਮਿਸਾਲਾਂ ਹਨ।

ਮਨੁੱਖ ਨੂੰ ਦੂਜੇ ਪ੍ਰਾਣੀਆਂ ਤੋਂ ਉਸ ਦਾ ਮਨੁੱਖਤਾ ਵਾਲਾ ਗੁਣ ਹੀ ਵੱਖ ਕਰਦਾ ਹੈ। ਪਰ ਅਫਸੋਸ! ਅੱਜ ਕਲ੍ਹ ਮਨੁੱਖ ਵਿਚੋਂ ਮਨੁੱਖਤਾ ਖਤਮ ਹੁੰਦੀ ਜਾ ਰਹੀ ਹੈ। ਸਮਾਜ ਵਿਗਿਆਨੀਆਂ ਦਾ ਕਥਨ ਹੈ, ਜਦੋਂ ਕੋਈ ਸ਼ੇਰ ਆਦਮਖੋਰ ਹੋ ਜਾਂਦਾ ਹੈ ਤਾਂ ਉਹ 5-7 ਜਾਨਵਰਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ, ਪਰ ਜਦੋਂ ਮਨੁੱਖ ਆਦਮਖੋਰ ਹੋ ਜਾਂਦਾ ਹੈ ਤਾਂ ਸ਼ਹਿਰ ਦੇ ਸ਼ਹਿਰ ਤੇ ਬਸਤੀਆਂ ਦੀਆਂ ਬਸਤੀਆਂ ਉਜਾੜ/ਬਰਬਾਦ ਕਰ ਦਿੰਦਾ ਹੈ। ਇਤਿਹਾਸਕ ਜੰਗਾਂ ਦੇ ਵਰਕੇ ਫਰੋਲ ਕੇ ਇਸ ਗੱਲ ਨੂੰ ਦਰੁਸਤੀ ਨਾਲ ਸਮਝਿਆ ਜਾ ਸਕਦਾ ਹੈ।

ਸੋਸ਼ਲ ਮੀਡੀਏ 'ਤੇ ਪਿਛਲੀ ਦਿਨੀਂ ਇੱਕ ਵੀਡੀਓ ਵਿਚ ਡਾਕਟਰੀ ਦੀ ਪੜ੍ਹਾਈ ਕਰ ਰਹੇ ਇੱਕ ਨੌਜਵਾਨ ਨੇ ਇਕ ਕਤੂਰੇ ਨੂੰ ਬਹੁਤ ਉਚਾਈ ਤੋਂ ਹੇਠਾਂ ਸੁੱਟ ਦਿੱਤਾ ਜਿਸ ਨਾਲ ਉਸ ਦੀਆਂ ਕਈ ਹੱਡੀਆਂ ਟੁੱਟ ਗਈਆਂ ਪਰ ਉਸ 'ਮਨੁੱਖ' ਨੇ ਬਹੁਤ ਮਜ਼ਾਕ ਨਾਲ ਇਸ ਵੀਡੀਓ ਨੂੰ ਸੋਸ਼ਲ ਮੀਡੀਏ 'ਤੇ ਅਪਲੋਡ ਕਰ ਦਿੱਤਾ। ਇੱਕ ਸਕੂਲ ਵਿਚ ਇੱਕ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਬੁਰੀ ਤਰ੍ਹਾਂ ਮਾਰਦਾ ਦੇਖਿਆ ਗਿਆ। ਇੱਕ ਨੂੰਹ ਨੇ ਆਪਣੇ ਬਜ਼ੁਰਗ ਸਹੁਰੇ ਨੂੰ ਬੁਰੀ ਤਰ੍ਹਾਂ ਕੁੱਟਿਆ ਅਤੇ ਗੁਆਂਢੀ ਨੇ ਇਸ 'ਕਾਰੇ' ਨੂੰ ਲੋਕਾਂ ਸਾਹਮਣੇ ਸੋਸ਼ਲ ਮੀਡੀਏ ਰਾਹੀਂ ਪੇਸ਼ ਤਾਂ ਕਰ ਦਿੱਤਾ, ਪਰ ਉਸ ਬਜ਼ੁਰਗ ਨੂੰ ਛੁਡਾਇਆ ਨਾ।

ਸੜਕ 'ਤੇ ਮਾਮੂਲੀ ਜਿਹਾ ਟਕਰਾਉਣ ਨਾਲ ਇੱਕ ਕਾਰ ਸਵਾਰ ਬੰਦੇ ਨੇ ਸਾਈਕਲ ਸਵਾਰ ਨੂੰ ਗੋਲੀ ਮਾਰ ਦਿੱਤੀ ਜਿਸ ਨਾਲ ਉਹ ਵਿਅਕਤੀ ਗੰਭੀਰ ਰੂਪ ਵਿਚ ਜਖਮੀ ਹੋ ਗਿਆ। ਕੁਝ 'ਸਮਾਜ ਸੁਧਾਰਕਾਂ' ਨੇ ਇੱਕ ਗਰੀਬ ਮੰਗਤੇ ਨੂੰ (ਜਿਸ ਦੀਆਂ ਦੋਵੇਂ ਬਾਹਾਂ ਨਹੀਂ ਸਨ) ਨੂੰ ਬੁਰੀ ਤਰ੍ਹਾਂ ਕੁੱਟ ਕੇ 'ਸਮਾਜ ਸੁਧਾਰ' ਵਿਚ ਆਪਣਾ ਬਣਦਾ ਯੋਗਦਾਨ ਪਾਇਆ, ਪਰ ਮਨੁੱਖਤਾ ਨੂੰ ਸ਼ਰਮਸਾਰ ਕਰਕੇ। ਇੱਕ ਬੰਦੇ ਨੂੰ ਚਾਰ ਬੰਦਿਆਂ ਨੇ ਪੁੱਠਾ ਕਰਕੇ ਚੁੱਕਿਆ ਅਤੇ ਪੰਜਵੇਂ 'ਮਨੁੱਖ' ਨੇ ਡਾਗਾਂ ਮਾਰਨ ਦੀ ਹਨੇਰੀ ਲਿਆ ਦਿੱਤੀ, ਜਿਸ ਨਾਲ ਉਹ ਬੰਦਾ ਬੇਹੋਸ਼ ਹੋ ਗਿਆ। ਇਸ ਕਾਰਨਾਮੇ ਦੀ ਵੀਡੀਓ ਵੀ ਸੋਸ਼ਲ ਮੀਡੀਏ ਰਾਹੀਂ ਸੱਭਿਅਕ ਸਮਾਜ ਨੇ ਦੇਖੀ ਅਤੇ ਬਿਨਾ ਕਿਸੇ ਪ੍ਰਤਿਕ੍ਰਿਆ ਦੇ ਆਪਣੇ ਮੋਬਾਈਲ ਫੋਨ ਵਿਚੋਂ ਹਟਾ ਵੀ ਦਿੱਤੀ।

***ਮਨੁੱਖ ਨੂੰ ਦੂਜੇ ਪ੍ਰਾਣੀਆਂ ਤੋਂ ਉਸ ਦਾ ਮਨੁੱਖਤਾ ਵਾਲਾ ਗੁਣ ਹੀ ਵੱਖ ਕਰਦਾ ਹੈ। ਪਰ ਅਫਸੋਸ! ਅੱਜ ਕਲ੍ਹ ਮਨੁੱਖ ਵਿਚੋਂ ਮਨੁੱਖਤਾ ਖਤਮ ਹੁੰਦੀ ਜਾ ਰਹੀ ਹੈ। ਸਮਾਜ ਵਿਗਿਆਨੀਆਂ ਦਾ ਕਥਨ ਹੈ, ਜਦੋਂ ਕੋਈ ਸ਼ੇਰ ਆਦਮਖੋਰ ਹੋ ਜਾਂਦਾ ਹੈ ਤਾਂ ਉਹ 5-7 ਜਾਨਵਰਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ, ਪਰ ਜਦੋਂ ਮਨੁੱਖ ਆਦਮਖੋਰ ਹੋ ਜਾਂਦਾ ਹੈ ਤਾਂ ਸ਼ਹਿਰ ਦੇ ਸ਼ਹਿਰ ਤੇ ਬਸਤੀਆਂ ਦੀਆਂ ਬਸਤੀਆਂ ਉਜਾੜ ਦਿੰਦਾ ਹੈ/ਬਰਬਾਦ ਕਰ ਦਿੰਦਾ ਹੈ। ਇਤਿਹਾਸਕ ਜੰਗਾਂ ਦੇ ਵਰਕੇ ਫਰੋਲ ਕੇ ਇਸ ਗੱਲ ਨੂੰ ਦਰੁਸਤੀ ਨਾਲ ਸਮਝਿਆ ਜਾ ਸਕਦਾ ਹੈ।***

ਜਾਨਵਰਾਂ ਨੂੰ ਵੱਢਣ, ਬੱਚਿਆਂ/ਔਰਤਾਂ ਨੂੰ ਮਾਰਨ, ਮਾਂ-ਬਾਪ ਨਾਲ ਦੁਰ-ਵਿਹਾਰ ਕਰਨ, ਸੜਕਾਂ 'ਤੇ ਔਰਤਾਂ ਨੂੰ ਲੁੱਟਣ/ਮਾਰਨ ਅਤੇ ਸਕੂਲਾਂ/ਕਾਲਜਾਂ ਵਿਚ ਆਪਸੀ ਲੜਾਈ ਦੀਆਂ ਕਈ ਦਰਦਨਾਕ ਵੀਡੀਓ ਸੋਸ਼ਲ ਮੀਡੀਏ ਰਾਹੀਂ ਅਸੀਂ ਦੇਖਦੇ ਰਹਿੰਦੇ ਹਾਂ ਤੇ ਕਈ ਵਾਰ ਅਜਿਹਾ ਜਾਪਦਾ ਹੈ ਜਿਵੇਂ ਇਨ੍ਹਾਂ ਮਨੁੱਖਾਂ ਵਿਚ ਮਨੁੱਖਤਾ ਨਾਂ ਦੀ ਕੋਈ ਸ਼ੈਅ ਨਹੀਂ ਹੈ। ਇਹ ਲੋਕ ਇੰਨੇ ਜ਼ਾਲਮ ਕਿਵੇਂ ਹੋ ਸਕਦੇ ਹਨ? ਇਹ ਬਹੁਤ ਗੰਭੀਰ ਚਰਚਾ ਦਾ ਵਿਸ਼ਾ ਹੈ, ਪਰ ਗੰਭੀਰ ਵਿਸ਼ਿਆਂ ਵੱਲ ਨਾ ਤਾਂ ਸਰਕਾਰ ਦਾ ਕੋਈ ਧਿਆਨ ਹੈ ਅਤੇ ਨਾ ਹੀ ਸਮਾਜ ਸੁਧਾਰਕਾਂ ਦਾ। ਹਰ ਮਨੁੱਖ ਆਪਣੇ ਕੰਮਕਾਰ ਵਿਚ ਏਨਾ ਮਸਤ ਹੈ ਕਿ ਉਸ ਕੋਲ ਆਲੇ-ਦੁਆਲੇ ਲਈ ਰਤਾ ਭਰ ਵੀ ਵਕਤ ਨਹੀਂ ਹੈ। ਅੱਜ ਕਲ੍ਹ ਹਰ ਬੰਦਾ ਆਪਣੇ ਲਾਭ ਲਈ ਭੱਜਿਆ ਫਿਰਦਾ ਹੈ। ਕਿਸੇ ਨੂੰ ਵੀ ਆਪਣੇ ਸਮਾਜ ਦਾ ਕੋਈ ਫਿਕਰ ਨਹੀਂ ਲੱਗਦਾ। ਇਸ ਲਈ ਮਨੁੱਖਤਾ ਖਾਤਮੇ ਵੱਲ ਵੱਧ ਰਹੀ ਹੈ।

ਯਕੀਕਨ, ਮਨੁੱਖ ਦਾ ਚਿਹਰਾ ਮਨੁੱਖਤਾ ਭਰਿਆ ਹੋਣਾ ਚਾਹੀਦਾ ਹੈ, ਪਰ ਅਜੋਕੇ ਦੌਰ ਵਿਚ ਮਨੁੱਖ ਨੂੰ ਮਨੁੱਖਤਾ ਦਾ ਪਾਠ ਪੜ੍ਹਾਉਣਾ ਕਠਿਨ ਕਾਰਜ ਹੈ। ਸਿਆਣੇ ਕਹਿੰਦੇ ਹਨ, ਇਸ ਸੰਸਾਰ ਵਿਚ ਸਭ ਕੁਝ ਲੱਭ ਜਾਂਦਾ ਹੈ ਪਰ ਕਿਸੇ ਵੀ ਬੰਦੇ ਨੂੰ ਆਪਣੀ ਗਲਤੀ ਨਹੀਂ ਲੱਭਦੀ। ਹਰ ਬੰਦਾ ਦੂਜੇ ਬੰਦੇ ਨੂੰ ਦੋਸ਼ ਦਿੰਦਾ ਹੈ, ਦੂਜੇ ਵਿਚ ਕਮੀ ਕੱਢਦਾ ਹੈ ਪਰ ਆਪਣੇ ਔਗੁਣਾਂ ਵੱਲ ਕਦੇ ਝਾਤੀ ਨਹੀਂ ਮਾਰਦਾ। ਬੱਸ, ਇਹੀ ਕਾਰਨ ਹੈ ਕਿ ਮਨੁੱਖ ਵਿਚੋਂ ਮਨੁੱਖਤਾ ਅਲੋਪ ਹੁੰਦੀ ਜਾ ਰਹੀ ਹੈ। ਜਿਸ ਸਮੇਂ ਮਨੁੱਖ ਆਪਣੇ ਔਗੁਣਾਂ ਨੂੰ ਜਾਣ ਗਿਆ, ਉਸ ਤੋਂ ਬਾਅਦ ਉਹ ਆਪਣੇ ਔਗੁਣਾਂ ਨੂੰ ਸੁਧਾਰਨ ਵੱਲ ਕਦਮ ਪੁੱਟੇਗਾ ਤੇ ਕਦੇ ਮਨੁੱਖਤਾ ਨੂੰ ਸ਼ਰਮਸਾਰ ਨਹੀਂ ਕਰੇਗਾ। ਪਰ! ਉਹ ਸਮਾਂ ਕਦੋਂ ਆਵੇਗਾ? ਇਹ ਅਜੇ ਭੱਵਿਖ ਦੀ ਕੁੱਖ ਵਿਚ ਹੈ।

# ਚੁੱਪ ਦੇ ਅੰਦਰ-ਬਾਹਰ

**ਨਿਆਮਤਾਂ**



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਹੈ ਤਾਂ ਫਿਜ਼ਿਕਸ ਜਿਹੇ ਖੁਸ਼ਕ ਵਿਸ਼ੇ ਦੇ ਅਧਿਆਪਕ, ਪਰ ਉਨ੍ਹਾਂ ਦੀ ਵਾਰਤਕ ਵਿਚ ਕਵਿਤਾ ਜਿਹੀ ਰਵਾਨਗੀ ਹੈ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਪਿਛਲੇ ਕੁਝ ਲੇਖਾਂ ਵਿਚ ਉਨ੍ਹਾਂ ਕੁਦਰਤ ਦੀਆਂ ਨਿਆਮਤਾਂ ਨੂੰ ਸਲਾਮ ਕੀਤਾ ਸੀ ਅਤੇ ਮਨੁੱਖ ਦੀ ਇਨ੍ਹਾਂ ਪ੍ਰਤੀ ਅਕ੍ਰਿਤਘਣਤਾ ਉਤੇ ਅਫਸੋਸ ਜਾਹਰ ਕੀਤਾ ਸੀ। ਪਿਛਲੇ ਲੇਖ ਵਿਚ ਉਨ੍ਹਾਂ ਪ੍ਰਛਾਵੇਂ ਦਾ ਵਿਸ਼ਲੇਸ਼ਣ ਕਰਦਿਆਂ ਨਸੀਹਤ ਦਿੱਤੀ ਸੀ, "ਕਦੇ ਵੀ ਕਿਸੇ ਦਾ ਪ੍ਰਛਾਵਾਂ ਨਾ ਬਣੋ। ਸਗੋਂ ਆਪਣੀ ਸ਼ਖਸੀਅਤ ਨੂੰ ਇੰਨਾ ਕੁ ਵਿਸਥਾਰੋ ਕਿ ਲੋਕ ਤੁਹਾਡਾ ਪ੍ਰਛਾਵਾਂ ਬਣਨ ਲਈ ਅਹੁਲਣ ਅਤੇ ਤੁਹਾਡੇ ਵਰਗਾ ਬਣਨ ਦੀ ਲੋਚਾ ਉਨ੍ਹਾਂ ਦਾ ਸੁਪਨਾ ਹੋਵੇ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਮਨ ਦੇ ਅੰਦਰਲੀ ਤੇ ਬਾਹਰਲੀ ਚੁੱਪ ਦੀ ਗੱਲ ਕਰਦਿਆਂ ਕਿਹਾ ਹੈ, "ਅੰਦਰਲੀ ਚੁੱਪ ਅਕਹਿ, ਅਸਹਿ ਅਤੇ ਅਬੋਲ ਬੋਲਾਂ ਦਾ ਅਖੁੱਟ ਭੰਡਾਰ ਜਦ ਕਿ ਬਾਹਰਲੀ ਚੁੱਪ ਸੀਮਤ ਸਮਝ, ਸਬਰ ਅਤੇ ਸੰਕੀਰਨਤਾ ਦਾ ਸਬੱਬ।...ਅੰਦਰਲੀ ਚੁੱਪ ਮਨੁੱਖ ਨੂੰ ਉਸ ਦੇ ਅੰਦਰ ਨਾਲ ਜੋੜਦੀ ਜਦ ਕਿ ਬਾਹਰਲੀ ਚੁੱਪ ਉਸ ਨੂੰ ਅੰਦਰ ਨਾਲੋਂ ਤੋੜਦੀ।" -ਸੰਪਾਦਕ***

ਅੰਦਰਲੀ ਚੁੱਪ, ਖੁਦ ਦੇ ਸੰਗ ਰੂਬਰੂ ਹੋਣਾ, ਜਦ ਕਿ ਬਾਹਰਲੀ ਚੁੱਪ ਦੁਨਿਆਵੀ ਸਰੋਕਾਰਾਂ ਸੰਗ ਸੰਵਾਦ ਰਚਾਉਣ ਦੀ ਚੇਸ਼ਟਾ।

ਅੰਦਰਲੀ ਚੁੱਪ, ਤੁਹਾਡੇ ਅੰਤਰੀਵ ਵਿਚ ਬੈਠੀਆਂ ਸੰਗਤੀਆਂ-ਵਿਸੰਗਤੀਆਂ ਅਤੇ ਸਰੋਕਾਰਾਂ ਦੀ ਸੁੱਚੀ ਸੰਵੇਦਨਾ ਜਦ ਕਿ ਬਾਹਰਲੀ ਚੁੱਪ ਇਕ ਸਮਾਜਕ ਖਿੱਚੋਤਾਣ, ਹਲਚਲ ਜਾਂ ਹਨੇਰੀ ਦਾ ਨਾਮਕਰਨ।

ਅੰਦਰਲੀ ਚੁੱਪ ਜਦ ਬਾਹਰੀ ਸਫਰ ਨੂੰ ਤੁਰਦੀ ਤਾਂ ਜ਼ਿੰਦਗੀ ਦੇ ਪੈਰਾਂ ਵਿਚ ਸਕੂਨ ਦਾ ਨਾਦ ਗੂੰਜਦਾ ਜਦ ਕਿ ਬਾਹਰਲੀ ਚੁੱਪ ਅੰਦਰ ਨੂੰ ਤੁਰਨ ਲੱਗ ਪਵੇ ਤਾਂ ਇਕ ਭਟਕਣਾ ਸੋਚ ਵਿਚ ਪੈਦਾ ਹੁੰਦੀ ਜੋ ਤੁਹਾਨੂੰ ਬੇਚੈਨ ਕਰਦੀ, ਜੀਵਨੀ-ਮਾਰਗ ਵਿਚ ਅਲਾਮਤਾਂ ਦਾ ਸ਼ੋਰ ਉਪਜਾਉਂਦੀ।

ਅੰਦਰਲੀ ਚੁੱਪ ਬਹੁਤ ਕੁਝ ਅਣਕਹੇ ਨੂੰ ਅਬੋਲ ਜ਼ੁਬਾਨ ਦਿੰਦੀ ਜਦ ਕਿ ਬਾਹਰਲੀ ਚੁੱਪ ਵਿਚ ਸਹਿਮ ਕੇ ਬੈਠੀਆਂ ਸਿਸਕੀਆਂ, ਹੂਕਾਂ, ਲਿੱਲਕੜੀਆਂ ਤੇ ਵੇਦਨਾ, ਅੰਤਰੀਵੀ ਉਥਲ-ਪੁਥਲ ਦਾ ਸਬੱਬ ਬਣਦੀਆਂ।

ਅੰਦਰਲੀ ਚੁੱਪ ਨੂੰ ਕਮਾਉਣ ਲਈ ਜੀਵਨ-ਸੰਵੇਦਨਾ, ਸਾਰਥਕਤਾ ਅਤੇ ਸਮੁੱਚਤਾ ਨੂੰ ਸਮਝਣਾ ਜਰੂਰੀ ਜਦ ਕਿ ਬਾਹਰਲੀ ਚੁੱਪ ਸਮਾਂ, ਹਾਲਾਤ ਅਤੇ ਅਣਸੁਖਾਵੇਂ ਪਲਾਂ ਦਾ ਕੱਚਾ ਚਿੱਠਾ ਜਿਸ ਨੂੰ ਫਰੋਲਦਿਆਂ ਤੁਸੀਂ ਖੁਦ ਵੀ ਕੁਰਹਿਤ ਮਹਿਸੂਸ ਕਰਦੇ।

ਅੰਦਰਲੀ ਚੁੱਪ ਖੁਦ ਤੋਂ ਖੁਦ ਤੀਕ ਦਾ ਸਫਰਨਾਮਾ ਜਦ ਕਿ ਬਾਹਰਲੀ ਚੁੱਪ ਖੁਦ ਤੋਂ ਦੂਰ ਹੋ ਜਾਣ ਦਾ ਸਬੱਬ।

ਅੰਦਰਲੀ ਚੁੱਪ ਨਾਲ ਸੰਵਾਦ ਰਚਾਉਣ 'ਤੇ ਤੁਸੀਂ ਆਪਣੇ ਆਪ ਨੂੰ ਹਲਕਾ ਮਹਿਸੂਸ ਕਰਦੇ, ਆਪਣੀਆਂ ਕਮੀਆਂ ਅਤੇ ਊਣਤਾਈਆਂ ਦਾ ਲੇਖਾ-ਜੋਖਾ ਕਰਦੇ, ਅਧੂਰੇ ਸੁਪਨਿਆਂ ਦੇ ਨੈਣਾਂ ਵਿਚ ਝਾਕਦੇ ਅਤੇ ਇਨ੍ਹਾਂ ਸੁਪਨਿਆਂ ਨੂੰ ਸੰਪੂਰਨਤਾ ਬਖਸ਼ਣ ਲਈ ਉਚੇਚੇ ਰਾਹ 'ਤੇ ਤੁਰਦੇ। ਬਾਹਰਲੀ ਚੁੱਪ ਜਦ ਤੁਹਾਡੇ ਮਨ ਵਿਚ ਖਲਲ ਪਾਉਂਦੀ ਤਾਂ ਤੁਸੀਂ ਇਸ ਚੁੱਪ ਦੀ ਹਿੱਕ ਵਿਚ ਦਗਦੇ ਬੋਲ ਧਰਦੇ ਜੋ ਇਸ ਚੁੱਪ ਦਾ ਹੁੰਗਾਰਾ ਬਣ, ਚੌਗਿਰਦੇ ਨੂੰ ਨਵੀਂ ਨਿਸ਼ਾਨਦੇਹੀ ਲਈ ਉਕਸਾਉਂਦੇ।

ਅੰਦਰਲੀ ਚੁੱਪ ਵਿਰਲਿਆਂ ਦਾ ਨਸੀਬ ਜਦ ਕਿ ਬਾਹਰਲੀ ਚੁੱਪ ਦੀ ਨਾ-ਸਮਝੀ ਤੋਂ ਪੀੜਤ ਹੈ ਸਮੁੱਚੀ ਖੁਦਾਈ। ਉਹ ਇਸ ਪੀੜਾ ਵਿਚੋਂ ਹੀ ਸਕੂਨ ਤੇ ਸਬਰ ਭਾਲਦੀ, ਜੀਵਨ ਨੂੰ ਅਲਵਿਦਾ ਕਹਿ ਜਾਂਦੀ।

ਅੰਦਰਲੀ ਚੁੱਪ ਸੁੰਨ ਦਾ ਸਾਥ ਜਦ ਕਿ ਬਾਹਰਲੀ ਚੁੱਪ ਸੁੰਨ ਵਿਚ ਠਰ ਗਏ ਜਜ਼ਬਾਤ ਨੂੰ ਕੋਹ ਕੋਹ ਕੇ ਮਾਰਨ ਦੀ ਵੇਦਨਾ।

ਅੰਦਰਲੀ ਚੁੱਪ ਨਾਲ ਇਕਮਿਕ ਹੋਣ ਵਾਲੇ ਸ਼ਖਸ, ਆਪਣੀ ਔਕਾਤ ਨੂੰ ਸਮਝਦੇ ਅਤੇ ਇਸ ਦੇ ਅੰਦਰ ਰਹਿਣ ਦੇ ਆਦੀ ਜਦ ਕਿ ਬਾਹਰਲੀ ਚੁੱਪ ਵਿਚ ਜੀਵਨ ਬਸਰ ਕਰਨ ਵਾਲੇ ਲੋਕ ਅਸ਼ਾਂਤ ਪਲਾਂ ਵਿਚ ਅਸ਼ਾਂਤ ਸਾਹਾਂ ਦੀ ਪਗਡੰਡੀ ਵਿਚ ਉਲਝੇ ਜੀਵਨ ਪੈਂਡਾ ਖੋਟਾ ਕਰ ਜਾਂਦੇ।

ਅੰਦਰਲੀ ਚੁੱਪ ਅਕਹਿ, ਅਸਹਿ ਅਤੇ ਅਬੋਲ ਬੋਲਾਂ ਦਾ ਅਖੁੱਟ ਭੰਡਾਰ ਜਦ ਕਿ ਬਾਹਰਲੀ ਚੁੱਪ ਸੀਮਤ ਸਮਝ, ਸਬਰ ਅਤੇ ਸੰਕੀਰਨਤਾ ਦਾ ਸਬੱਬ।

ਅੰਦਰਲੀ ਚੁੱਪ ਦੀ ਬੀਹੀ ਵਿਚ ਜਦ ਸ਼ੋਰ ਪੈਦਾ ਹੁੰਦਾ ਤਾਂ ਮਨ, ਸ਼ੋਰ ਤੋਂ ਸੰਨਾਟੇ ਵੱਲ ਸਫਰ ਕਰਦਾ ਜਿਸ ਵਿਚੋਂ ਮਨੁੱਖ ਖੁਦ ਨੂੰ ਵਿਸ਼ਾਲਦਾ। ਬਾਹਰਲੀ ਚੁੱਪ ਦੇ ਵਿਹੜੇ ਵਿਚਲੇ ਰੌਲੇ ਦੀ ਖਲਬਲੀ ਮਨੁੱਖ ਦਾ ਚੀਰ ਹਰਨ ਕਰਦੀ।

ਅੰਦਰਲੀ ਚੁੱਪ ਮਨੁੱਖ ਨੂੰ ਉਸ ਦੇ ਅੰਦਰ ਨਾਲ ਜੋੜਦੀ ਜਦ ਕਿ ਬਾਹਰਲੀ ਚੁੱਪ ਉਸ ਨੂੰ ਅੰਦਰ ਨਾਲੋਂ ਤੋੜਦੀ।

ਕਦੇ ਕਦਾਈਂ ਜਦ ਬਾਹਰਲੀ ਚੁੱਪ ਸੰਨਾਟੇ ਦਾ ਰੂਪ ਧਾਰ ਕੇ ਮਨੁੱਖ ਨੂੰ ਮਨੁੱਖੀ-ਹੋਣੀ ਦੇ ਰੂਬਰੂ ਕਰਦੀ ਤਾਂ ਮਨੁੱਖ ਬਾਹਰਲੀ ਚੁੱਪ ਨੂੰ ਅੰਦਰਲੀ ਚੁੱਪ ਵਿਚ ਤਬਦੀਲ ਕਰਦਾ। ਆਪਣੀ ਹੋਣੀ ਦੇ ਪੰਨਿਆਂ ਨੂੰ ਪੜ੍ਹਦਾ, ਸੁੱਚੇ ਹਰਫਾਂ ਅਤੇ ਅਰਥਾਂ ਦੀ ਅਕੀਦਤ ਵਿਚੋਂ ਸਮੁੱਚਤਾ ਦਾ ਗੁਣਗਾਨ ਕਰਦਾ।

ਅੰਦਰਲੀ ਚੁੱਪ ਬਹੁਤ ਕੁਝ ਅਣਕਿਹਾ, ਅਣਸਮਝਿਆ ਅਤੇ ਅਣਕਿਆਸਿਆ ਸਾਡੀ ਤਲੀ 'ਤੇ ਧਰਦੀ। ਬਾਹਰਲੀ ਚੁੱਪ ਕੁਝ ਅਜਿਹਾ ਮਨੁੱਖੀ ਸੋਚ ਵਿਚ ਧਰ ਜਾਂਦੀ ਕਿ ਉਸ ਦੇ ਸੋਚ-ਸਾਹ ਸੂਲੀ ਚੜ੍ਹਦੇ।

ਅੰਦਰਲੀ ਚੁੱਪ ਆਵੇਸ਼, ਇਲਹਾਮ, ਬੰਦਗੀ, ਬੰਦਿਆਈ ਅਤੇ ਚੰਗਿਆਈ ਦਾ ਪ੍ਰਤੀਕ ਜਦ ਕਿ ਬਾਹਰਲੀ ਚੁੱਪ ਸ਼ੋਰ, ਭਟਕਣਾ, ਅਮਾਨਵਤਾ ਅਤੇ ਅਣਮਨੁੱਖੀ ਕਾਰਿਆਂ ਦਾ ਦਸਤਾਵੇਜ਼।

ਅੰਦਰਲੀ ਚੁੱਪ ਕਿਰਤ, ਕਲਾ, ਰੂਹ-ਮਿਲਣੀ ਜਾਂ ਰੱਬੀ-ਸੰਦੇਸ਼ ਜਦ ਕਿ ਬਾਹਰਲੀ ਚੁੱਪ ਚਿੱਬਖੜੱਬੀਆਂ ਯਾਦਾਂ, ਟੁੱਟੇ ਸਮਝੌਤਿਆਂ ਅਤੇ ਤਿੜਕੇ ਵਾਅਦਿਆਂ ਦਾ ਘਮਸਾਣ।

ਅੰਦਰਲੀ ਚੁੱਪ ਬੇਖਬਰੀ, ਬੇਫਿਕਰੀ, ਅਲਮਸਤੀ ਅਤੇ ਫਕੀਰਾਨਾ ਤਬੀਅਤ ਦਾ ਜਲੌਅ ਜਦ ਕਿ ਬਾਹਰਲੀ ਚੁੱਪ ਚਿੰਤਾਵਾਂ, ਝੋਰਿਆਂ, ਫਿਕਰਾਂ, ਦਰਦਾਂ, ਪੀੜਾਂ ਤੇ ਤਰਸੇਵਿਆਂ ਦਾ ਖੌਅ।

ਅੰਦਰਲੀ ਚੁੱਪ ਹਿਰਦੇ ਦੀ ਸ਼ਫਾਫਤ ਦਾ ਪਹਿਰਨ, ਪਾਕੀਜ਼ਗੀ ਦਾ ਲਿਬਾਸ ਅਤੇ ਮਸਤਕ ਬਨੇਰੇ 'ਤੇ ਮਟਕ ਮਟਕ ਉਤਰਦੀ ਆਸ। ਬਾਹਰਲੀ ਚੁੱਪ, ਮਨ-ਸ਼ਾਂਤੀ ਤੋਂ ਦੂਰ ਜਾਂਦੀਆਂ ਪੈੜਾਂ ਤੇ ਆਸਾਂ। ਉਮੀਦਾਂ ਦੀ ਮਧਮ ਪੈਂਦੀ ਲੋਅ ਅਤੇ ਆਪੇ ਦੀ ਆਪੇ ਲਈ ਖੋਹ।

ਅੰਦਰਲੀ ਚੁੱਪ ਮਨ ਦੇ ਕਵਾੜਾਂ ਦਾ ਖੁੱਲ੍ਹ ਜਾਣਾ, ਸੋਚਾਂ ਦਾ ਮਿਲਣ-ਬਿੰਦੂ ਅਤੇ ਵਿਚਾਰਾਂ ਦੀ ਗਲਵਕੜੀ ਜਦ ਕਿ ਬਾਹਰਲੀ ਚੁੱਪ ਭੀੜੇ ਹੋਏ ਦਰ, ਸੱਖਣਤਾ ਦੀ ਜੂਨ ਹੰਢਾਉਂਦਾ ਘਰ ਤੇ ਆਪਣੇ ਵਿਚੋਂ ਮਨਫੀ ਹੋਇਆ ਮਾਨਵੀ-ਵਰ।

ਅੰਦਰਲੀ ਚੁੱਪ ਹਵਾ ਦਾ ਸਰਸਰਾਉਣਾ, ਪੱਤਿਆਂ ਦੀ ਰੁਮਕਣੀ ਤੇ ਪਰਿੰਦਿਆਂ ਦਾ ਚਹਿਚਹਾਉਣਾ ਅਤੇ ਬਾਹਰਲੀ ਚੁੱਪ ਕੰਡਿਆਲੀ ਵਾੜ, ਥੋਹਰਾਂ ਨੂੰ ਲੱਗੇ ਹੋਏ ਫੁੱਲ ਤੇ ਕੰਡਿਆਂ ਨਾਲ ਝਰੀਟੇ ਫੁੱਲਾਂ ਦੀਆਂ ਜਿਸਮ-ਲੀਰਾਂ।

ਕਈ ਵਾਰ ਬਾਹਰਲੇ ਰੌਲੇ, ਸ਼ੋਰ-ਸ਼ਰਾਬੇ ਅਤੇ ਭੱਜ-ਦੌੜ ਦੇ ਬਾਵਜੂਦ ਅਸੀਂ ਅੰਦਰਲੀ ਚੁੱਪ ਦਾ ਸਾਥ ਮਾਣਨ ਵਿਚ ਮਸ਼ਰੂਫ ਹੁੰਦੇ। ਕਈ ਵਾਰ ਅਸੀਂ ਬਾਹਰਲੀ ਚੁੱਪ ਤੋਂ ਤ੍ਰਹਿੰਦੇ ਆਪਣੀ ਅੰਦਰਲੀ ਚੀਖ ਨੂੰ ਧੁੱਖਦੀ ਧੂਣੀ ਬਣਾ ਲੈਂਦੇ। ਅਸੀਂ ਕਿਹੜੀ ਚੁੱਪ ਨੂੰ ਮਾਣਨਾ ਏ ਅਤੇ ਕਿਸ ਤੋਂ ਖੁਦ ਨੂੰ ਦੂਰ ਰੱਖਣਾ, ਇਹ ਮਨੁੱਖ ਦੇ ਨਿਜ 'ਤੇ ਨਿਰਭਰ।

ਯੋਗੀ, ਸੰਨਿਆਸੀ ਜਾਂ ਫਕੀਰ ਆਪਣੀ ਅੰਦਰਲੀ ਚੁੱਪ ਦੀ ਤਲਾਸ਼ ਵਿਚ ਬਾਹਰਲੀ ਚੁੱਪ ਵਿਚ ਹੀ ਉਮਰ ਬਤੀਤ ਕਰ ਦਿੰਦੇ। ਅੰਦਰਲਾ ਸੱਚ ਦਿਨ-ਬ-ਦਿਨ ਦੂਰ ਹੁੰਦਾ ਜਾਂਦਾ। ਸਿਰਫ ਖੁਦ ਦੇ ਸਨਮੁੱਖ ਹੋ ਕੇ ਹੀ ਅਸੀਂ ਆਪਣੀ ਅੰਦਰਲੀ ਚੁੱਪ ਨੂੰ ਸਿਰਜ ਅਤੇ ਮਾਣ ਸਕਦੇ ਹਾਂ।

ਚੁੱਪ ਸਿਰਫ ਸ਼ਾਂਤ ਮਾਹੌਲ, ਟਿੱਕੀ ਰਾਤ ਜਾਂ ਜੰਗਲ ਬੀਆਬੀਨ ਦੀ ਹੀ ਨਹੀਂ ਹੁੰਦੀ। ਚੁੱਪ ਤਾਂ ਭੀੜ ਵਿਚ ਵੀ ਹੁੰਦੀ। ਲੋਕਾਂ ਦੇ ਸ਼ੋਰ-ਸ਼ਰਾਬੇ, ਵਿਲਕਣੀਆਂ, ਹੂਕਾਂ, ਵੈਣਾਂ ਅਤੇ ਸਿਆਪਿਆਂ ਵਿਚ ਵੀ ਹਾਜ਼ਰ।

ਜਦ ਕੋਈ ਚੁੱਪ ਹੁੰਦਾ ਤਾਂ ਉਸ ਦੇ ਅੰਦਰ ਇੰਨਾ ਕੁਝ ਹੁੰਦਾ ਜਿਸ ਨੂੰ ਜ਼ੁਬਾਨ ਦੇਣ ਲਈ ਬੋਲ ਮੁੱਕ ਜਾਂਦੇ, ਇਬਾਦਤ ਲਿਖਣ ਲਈ ਹਰਫ ਦਮ ਤੋੜ ਦਿੰਦੇ ਅਤੇ ਵਰਕਿਆਂ ਦੀ ਘਾਟ ਸਤਾਉਂਦੀ।

ਅੰਦਰਲੀ ਜਾਂ ਬਾਹਰਲੀ ਚੁੱਪ ਨੂੰ ਵਰਕੇ 'ਤੇ ਉਤਾਰਨਾ, ਹਰਫਾਂ ਅਤੇ ਬੋਲਾਂ ਦੀ ਗੁੜ੍ਹਤੀ ਦੇਣੀ, ਬਹੁ-ਪ੍ਰਭਾਵੀ ਅਤੇ ਬਹੁ-ਪਸਾਰੀ ਤਹਿਆਂ ਨੂੰ ਫਰੋਲਣਾ, ਵਿਰਲੇ ਵਿਅਕਤੀਆਂ ਦਾ ਕਾਰਜ। ਇਸੇ ਲਈ ਤਾਂ ਮਹਾਨ ਕਲਾ-ਕ੍ਰਿਤਾਂ, ਸਾਹਿਤਕ ਗ੍ਰੰਥ ਜਾਂ ਨਿਵੇਕਲੇ ਕੀਰਤੀਮਾਨ ਉਹ ਲੋਕ ਹੀ ਸਿਰਜਦੇ ਜੋ ਆਪਣੀ ਅੰਦਰਲੀ ਚੁੱਪ ਵਿਚੋਂ ਆਪਣੇ ਆਪ ਨੂੰ ਵਿਸਥਾਰਦੇ ਅਤੇ ਬਾਹਰਲੀ ਚੁੱਪ ਵਿਚੋਂ ਸਮਾਜਕ ਸਰੋਕਾਰਾਂ ਦੀ ਹਾਥ ਪਾਉਂਦੇ।

ਚੁੱਪ ਦਾ ਪੀਹੜਾ ਜਿੰਦੂ-ਵਿਹੜੇ, ਕਿਹੜਾ ਬੋਲ ਗੁਣਗੁਣਾਵਾਂ? ਕਿਹੜੇ ਗਮ ਦੀ ਲਾਸ਼ ਢੋਂਦਿਆਂ, ਕਿਹੜਾ ਨਗਮਾ ਗਾਵਾਂ? ਕਿਸ ਹਰਫ ਨੂੰ ਕਲਮ-ਸੂਲੀ, ਤੇ ਕਿਹੜਾ ਅਰਥ ਰਚਾਵਾਂ? ਕਿਹੜੀ ਇਬਾਰਤ ਦਾ ਸੁੱਚਾ ਸੁਰਮਾ, ਕਿਰਤ ਦੇ ਨੈਣੀਂ ਪਾਵਾਂ। ਪਰ ਮੈਂ ਤਾਂ ਚੁੱਪ ਨੂੰ ਚੁੱਪ ਦੀ ਗੋਦ ਬਿਠਾ ਕੇ, ਅਬੋਲ ਰਹਿ ਪ੍ਰਚਾਵਾਂ। ਚੁੱਪ 'ਚ ਚਹਿਕਣ ਵਾਲੇ ਮਨ ਨੂੰ, ਗੁੰਗਾ ਖੁਦ ਬਣਾਵਾਂ। ਚੁੱਪ ਨੂੰ ਪੀਵਾਂ ਤੇ ਚੁੱਪ ਹੀ ਖਾਵਾਂ, ਚੁੱਪ 'ਚ ਰੈਣ-ਬਸੇਰਾ। ਚੁੱਪ ਦੇ ਬਸਤਰ ਨਿੱਤ ਹੰਢਾਵਾਂ ਤੇ ਚੁੱਪ ਦਾ ਚੜ੍ਹੇ ਸਵੇਰਾ। ਚੁੱਪ ਦੀ ਨਗਰੀ ਆਉਣਾ ਜਾਣਾ ਤੇ ਚੁੱਪ ਨਾਲ ਮੇਲ-ਮਿਲਾਪ। ਚੁੱਪ ਨਾਲ ਖੇਡ ਕੇ ਵੱਡੇ ਹੋਏ, ਤੇ ਹੁਣ ਚੁੱਪ ਦਾ ਕਰੀਏ ਜਾਪ।

ਰਾਤ ਦੀ ਚੁੱਪ ਵਿਚ ਕਿਸੇ ਰੋਗੀ ਦੀ ਹੂੰਗਰ, ਬੋਟ-ਵਿਲਕਣੀ ਜਾਂ ਲਾਚਾਰ ਜਾਨਵਰ ਦੀ ਹੂਕ ਜਦ ਬਾਹਰਲੀ ਚੁੱਪ ਨੂੰ ਤੋੜਦੀ ਏ ਤਾਂ ਅੰਦਰ ਦੀ ਚੁੱਪ ਵੀ ਤਿੜਕ ਜਾਂਦੀ। ਇਸ ਚੁੱਪ ਵਿਚੋਂ ਉਗੀ ਬੇਚੈਨੀ ਅਤੇ ਪ੍ਰਸ਼ਨਾਂ ਦੇ ਰੂਬਰੂ ਹੁੰਦਿਆਂ, ਬਹੁਤ ਕੁਝ ਤੁਹਾਡੇ ਵਿਚੋਂ ਮਨਫੀ ਹੋ ਜਾਂਦਾ। ਅਜਿਹੇ ਸਮੇਂ ਜਦ ਤੁਹਾਡੇ ਅੰਦਰ ਸੁੱਤੀ ਚੰਗਿਆਈ ਅੰਗੜਾਈ ਭਰੇ ਤਾਂ ਅਜਿਹੀ ਚੁੱਪ ਨੂੰ ਸਿਜਦਾ ਜਰੂਰ ਕਰਨਾ।

ਚੁੱਪ ਅੰਦਰਲੀ ਹੋਵੇ ਜਾਂ ਬਾਹਰਲੀ, ਇਸ ਦੀ ਸੂਖਮਤਾ ਨੂੰ ਅੰਤਰੀਵ ਵਿਚ ਉਤਾਰੋ, ਇਸ ਨਾਲ ਸੰਵਾਦ ਰਚਾਓ ਅਤੇ ਇਸ ਵਿਚੋਂ ਉਗਦੀ ਜੀਵਨ-ਜੋਤ ਨੂੰ ਜਗਦੀ ਰੱਖਣ ਲਈ ਹੱਥ ਦੀ ਓਟ ਜਰੂਰ ਕਰੋ ਕਿਉਂਕਿ ਚੁੱਪ ਵਿਚੋਂ ਹੀ ਬੰਦਿਆਈ, ਭਲਿਆਈ ਅਤੇ ਦਾਨਾਈ ਜਨਮ ਲੈਂਦੀਆਂ।

ਚੁੱਪ ਰੱਬੀ ਨਿਆਮਤ, ਭਾਵੇਂ ਇਹ ਅੰਦਰਲੀ ਹੋਵੇ ਜਾਂ ਬਾਹਰਲੀ। ਅੰਦਰਲੀ ਚੁੱਪ ਅਤੇ ਬਹਰਲੀ ਚੁੱਪ ਉਹ ਕੁਝ ਕਹਿ ਜਾਂਦੀਆਂ ਜਿਹੜਾ ਪੂਰਨ ਰੂਪ ਵਿਚ ਕਿਸੇ ਕਲਮ ਕੋਲੋਂ ਨਹੀਂ ਲਿਖਿਆ ਜਾ ਸਕਦਾ, ਨਾ ਹੀ ਕੋਈ ਵਿਦਵਾਨ ਸਮਝਾ ਸਕਦਾ ਏ ਤੇ ਨਾ ਹੀ ਕੋਈ ਵਕਤਾ ਦਸ ਸਕਦਾ ਏ।

ਜੋ ਅੰਦਰਲੀ ਚੁੱਪ ਨੂੰ ਨਹੀਂ ਸਮਝਦਾ ਜਾਂ ਉਹ ਬਾਹਰਲੀ ਚੁੱਪ ਵਿਚੋਂ ਹਰਫਾਂ, ਬੋਲਾਂ ਅਤੇ ਅਰਥਾਂ ਤੀਕ ਨਹੀਂ ਪਹੁੰਚਦਾ, ਉਸ ਦਾ ਕੁਝ ਵੀ ਬੋਲਣਾ ਅਰਥਹੀਣ ਹੁੰਦਾ।

ਕਈ ਵਾਰ ਚੁੱਪ, ਕਲਮ ਦੀ ਕੁੱਖ ਦੀ ਪਰਿਕਰਮਾ ਕਰਦਿਆਂ ਕੂਕਦੀ:

ਜਦ ਮੈਂ ਬਹੁਤ ਉਦਾਸ ਹੋਵਾਂ
ਤਾਂ ਮੈਂ ਚੁੱਪ ਹੋ ਜਾਂਦਾ ਹਾਂ
ਅਤੇ ਅੱਜ ਕਲ ਅਕਸਰ ਮੈਂ
ਚੁੱਪ ਹੀ ਰਹਿੰਦਾ ਹਾਂ।

ਅਤੇ ਖੁਦ ਨੂੰ ਮੁਖਾਤਬ ਹੁੰਦੀ ਕਲਮ, ਬਹੁਤ ਕੁਝ ਅਣਕਿਹਾ ਵੀ ਕਹਿ ਜਾਂਦੀ।

ਕਈ ਵਾਰ ਕੁਝ ਕਹਿਣ ਨਾਲੋਂ, ਕੁਝ ਨਾ ਕਹਿਣਾ ਜ਼ਿਆਦਾ ਪ੍ਰਭਾਵਸ਼ਾਲੀ ਤੇ ਅਰਥਮਈ ਹੁੰਦਾ। ਕਿਉਂਕਿ ਚੁੱਪ ਉਹ ਕੁਝ ਕਹਿ ਜਾਂਦੀ ਹੈ ਜੋ ਹਰਫਾਂ ਜਾਂ ਬੋਲਾਂ ਦੇ ਮੇਚ ਨਹੀਂ ਆਉਂਦਾ। ਤੁਸੀਂ ਬੋਲਾਂ ਜਾਂ ਹਰਫਾਂ ਦੇ ਅਰਥ ਕੱਢ ਸਕਦੇ ਹੋ ਜਾਂ ਕਿਸੇ ਦੀ ਸੋਚ ਦਾ ਵਿਸ਼ਲੇਸ਼ਣ ਕਰ ਸਕਦੇ ਹੋ। ਪਰ ਕਿਸੇ ਦੀ ਚੁੱਪ ਨੂੰ ਤੁਸੀਂ ਕਿੰਜ ਉਲਥਾਓਗੇ?

ਕਦੇ ਕਦਾਈਂ ਚੁੱਪ ਦੇ ਰੂਬਰੂ ਹੋਵਾਂ ਤਾਂ ਮਨ ਕੂਕਦਾ।

ਡੂੰਘੀ ਚੁੱਪ, ਜਿੰਦ ਬਨੇਰੀਂ, ਕਬਰਾਂ ਬੋਲਣ ਲਾਵੇ। ਟੋਟੇ ਹੋਈ ਜਿੰਦ ਬਣਨ ਲਈ, ਸਾਹ ਨਾ ਬੋਲ ਪੁਗਾਵੇ। ਹਾੜੇ ਵੇ ਇਸ ਚੁੱਪ ਦੀ ਵੱਖੀ, ਸੂਲਾਂ ਸੰਗ ਪਰੋਈ, ਕੋਈ ਤਾਂ ਬਹੁੜੇ ਪੀਰ-ਔਲੀਆ, ਗੁੰਗਾ ਦਰਦ ਮਿਟਾਵੇ। ਚੁੱਪ ਉਮਰਾਂ ਦੀ ਭੁੱਖਣ-ਭਾਣੀ, ਅੰਦਰ ਬਾਹਰ ਢੂੰਢੇਂਦੀ, ਕੋਈ ਨਾ ਕਿਤਿਉਂ ਆ ਬਨੇਰੇ, ਟੁੱਕ ਆਸ ਦਾ ਪਾਵੇ। ਕਿਹੜੀ ਉਮਰੇ ਚੁੱਪ ਦਾ ਕੱਜਣ, ਪੀਲੀ ਧੁੱਪ ਦਾ ਜਾਇਆ, ਕਦੇ ਨਾ ਸੂਰਜ ਲਹਿ ਬਨੇਰੇ, ਸੱਦ ਸੰਧੂਰੀ ਲਾਵੇ। ਕਿਹੜਾ ਪਲ ਕਿ ਚੁੱਪ ਦੀ ਬੀਹੀ, ਗਮ ਨੇ ਝੂਮਰ ਪਾਈ, ਕਦੇ ਨਾ ਮਨ ਦਾ ਮੋਰ ਕਲਹਿਰੀ, ਝਾਂਜਰ ਨੂੰ ਛਣਕਾਵੇ। ਕਿਹੜਾ ਵਕਤ ਕਿ ਚੁੱਪ ਦੇ ਸਾਂਝੀ, ਸੁੰਨਾ ਵਿਹੜਾ, ਖਾਲੀ ਕਮਰਾ, ਕੋਈ ਪਲ ਵੀ ਵਿਧਵਾ ਰੁੱਤੇ, ਚੀਸ ਨਾ ਬਣਨਾ ਚਾਹਵੇ। ਐਵੇਂ ਨਾ ਚੁੱਪੇ ਦੀਦੇ ਗਾਲੀਂ, ਹਰ ਟਾਹਣੀ 'ਤੇ ਲੀਰਾਂ, ਬਾਬੇ ਬਿਰਖ ਦੇ ਮੁੱਢ ਬਿਨ, ਕੋਈ ਨਾ ਗਲ ਨਾਲ ਲਾਵੇ। ਚੰਦਰੀ ਚੁੱਪ ਕਦੇ ਨਾ ਸੌਂਦੀ, ਨਾ ਉਹ ਸੌਣਾ ਚਾਹਵੇ, ਸੁੱਤੀ ਰਾਤੇ, ਢੋਈ ਢੁਡੇਂਦੀ, ਮੈਨੂੰ ਆਣ ਜਗਾਵੇ। ਚਾਰੇ ਪਾਸੇ ਚੁੱਪ ਹੀ ਚੁੱਪ ਹੈ, ਚੁੱਪ ਦਾ ਪਹਿਰ ਪਸਾਰਾ, ਮਰਜਾਣੀ, ਮੋਹ ਸੰਗ ਲਬਰੇਜ਼ੀ, ਉਮਰਾ ਬਣਦੀ ਜਾਵੇ।

ਕਦੇ ਕੁਦਰਤ ਨੂੰ ਬੋਲਦੇ ਸੁਣਿਆ ਏ? ਉਹ ਆਪਣੀ ਅਬੋਲਤਾ ਨਾਲ ਹੀ ਇੰਨਾ ਕੁਝ ਕਹਿ ਜਾਂਦੀ ਕਿ ਅਸੀਂ ਉਸ ਦੀ ਅਸੀਮਤਾ ਵਿਚ ਹੀ ਧੰਨਭਾਗ ਮਹਿਸੂਸ ਕਰਦੇ। ਇਹ ਭਾਵੇਂ ਸਮੁੰਦਰ ਜਾਂ ਅੰਬਰ ਦੀ ਵਿਸ਼ਾਲ ਨੀਲੱਤਣ ਹੋਵੇ, ਜੰਗਲ ਵਿਚ ਦੂਰ ਦੂਰ ਤੀਕ ਬਿਰਖਾਂ ਦੀਆਂ ਖਾਮੋਸ਼ ਅਸੀਸਾਂ ਹੋਣ ਜਾਂ ਰਾਤ ਦੀ ਚੁੱਪ ਵਿਚ ਜੀਵ-ਸੰਸਾਰ ਦਾ ਖੁਦ ਸੰਗ ਮੂਕ-ਸੰਵਾਦ ਹੋਵੇ।

ਚੁੱਪ ਦੀਆਂ ਨਿਆਮਤਾਂ ਨੂੰ ਮਾਣਨ ਅਤੇ ਇਸ ਵਿਚੋਂ ਕੁਝ ਸੰਜੀਵ ਤੇ ਚਿਰੰਜੀਵ ਸਿਰਜਣ ਵਾਲੇ ਮਨੁੱਖਤਾ ਦਾ ਮਾਣਮੱਤਾ ਨਾਮ।

ਅੰਦਰਲੀ ਚੁੱਪ ਖੁਦੀ ਤੋਂ ਖੁਦਾ ਨੂੰ ਜਾਂਦੇ ਰਾਹ ਦੇ ਦੀਦਾਰੇ ਜਦ ਕਿ ਬਾਹਰਲੀ ਚੁੱਪ ਸਵੈ ਤੋਂ ਸਮਾਜਕ ਵਰਤਾਰਿਆਂ ਨੂੰ ਸਮਝਣ ਅਤੇ ਇਨ੍ਹਾਂ 'ਚ ਆਪਣਾ ਯੋਗਦਾਨ ਪਾਉਣ ਦਾ ਸਬੱਬ।

ਚੁੱਪ ਜਦ ਕਲਮ ਨੂੰ ਮੁਖਾਤਬ ਹੁੰਦੀ ਤਾਂ ਬੜਾ ਕੁਝ ਹਰਫਾਂ ਦੀ ਝੋਲੀ ਪੈ ਕਾਵਿ-ਜੜਤ ਬਣਦਾ:

ਹਵਾ ਬੰਦ ਹੈ
ਚਾਰੇ-ਪਾਸੇ ਚੁੱਪ ਚਾਂ ਹੈ
ਦਰਖਤਾਂ ਦੇ ਪੱਤੇ ਨਹੀਂ ਹਿਲਦੇ
ਪਹਿਆਂ ਤੋਂ ਘੱਟਾ ਨਹੀਂ ਉਡਦਾ,
ਇਸ ਦਾ ਇਹ ਮਤਲਬ ਨਹੀਂ
ਕਿ ਹਵਾ ਮਰ ਚੁੱਕੀ ਹੈ
ਇਹ ਤਾਂ ਸਮੋਂ-ਸੂਚਕ ਹੈ
ਆਉਣ ਵਾਲੇ
ਕਿਸੇ ਭਾਰੀ ਤੂਫਾਨ ਦੀ।

ਅੰਦਰਲੀ ਚੁੱਪ ਅਤੇ ਬਾਹਰਲੀ ਚੁੱਪ ਜਦ ਸਾਂਝੇ ਰੂਪ ਵਿਚ ਕਿਸੇ ਤੂਫਾਨ ਦਾ ਰੂਪ ਧਾਰਦੀਆਂ ਤਾਂ ਬੌਂਦੀਆਂ ਕਦਰਾਂ-ਕੀਮਤਾਂ, ਅਰਥਹੀਣ ਸਮਾਜਕ ਵਰਤਾਰਾ ਅਤੇ ਕੂੜ-ਕੁਸੱਤ ਦੇ ਰੇਤੀਲੇ ਮਹਿਲ, ਪਲ ਛਿੰਨ ਵਿਚ ਫਨਾਹ ਹੋ ਜਾਂਦੇ। ਫਿਰ ਕਾਲਖੀ ਧਰਤ ਨੂੰ ਨਵੇਂ ਸੂਰਜ, ਸੂਹੇ ਸੁਪਨੇ, ਨਵੇਂ ਨਰੋਏ ਰਾਹਾਂ ਅਤੇ ਨਵੇਂ ਕੀਰਤੀਮਾਨਾਂ ਦਾ ਸ਼ਰਫ ਹਾਸਲ ਹੁੰਦਾ।

ਚੁੱਪ ਸਭ ਤੋਂ ਅਨਮੋਲ ਖਜਾਨਾ ਜੋ ਮਨੁੱਖੀ ਫਿਤਰਤ ਤੇ ਸਮਾਜਕ ਰਹਿਤਲ ਲਈ ਨਵੀਂ ਦਿਸ਼ਾ, ਦਸ਼ਾ ਅਤੇ ਦਿਸਹੱਦਾ। ਇਸ ਦੀ ਸਾਰਥਕਤਾ ਵਿਚੋਂ ਹੀ ਸਿਰਜਿਆ ਜਾਂਦਾ ਨਵਾਂ ਪੈਗਾਮ, ਪ੍ਰਮਾਣ ਅਤੇ ਪਹਿਲਾਂ ਦਾ ਯੁੱਗ।

***ਡੂੰਘੀ ਚੁੱਪ, ਜਿੰਦ ਬਨੇਰੀਂ, ਕਬਰਾਂ ਬੋਲਣ ਲਾਵੇ।***
***ਟੋਟੇ ਹੋਈ ਜਿੰਦ ਬਣਨ ਲਈ, ਸਾਹ ਨਾ ਬੋਲ ਪੁਗਾਵੇ।***
***ਹਾੜੇ ਵੇ ਇਸ ਚੁੱਪ ਦੀ ਵੱਖੀ, ਸੂਲਾਂ ਸੰਗ ਪਰੋਈ,***
***ਕੋਈ ਤਾਂ ਬਹੁੜੇ ਪੀਰ-ਔਲੀਆ, ਗੁੰਗਾ ਦਰਦ ਮਿਟਾਵੇ।***
***ਚੁੱਪ ਉਮਰਾਂ ਦੀ ਭੁੱਖਣ-ਭਾਣੀ, ਅੰਦਰ ਬਾਹਰ ਢੂੰਢੇਂਦੀ,***
***ਕੋਈ ਨਾ ਕਿਤਿਉਂ ਆ ਬਨੇਰੇ, ਟੁੱਕ ਆਸ ਦਾ ਪਾਵੇ।***
***ਕਿਹੜੀ ਉਮਰੇ ਚੁੱਪ ਦਾ ਕੱਜਣ, ਪੀਲੀ ਧੁੱਪ ਦਾ ਜਾਇਆ,***
***ਕਦੇ ਨਾ ਸੂਰਜ ਲਹਿ ਬਨੇਰੇ, ਸੱਦ ਸੰਧੂਰੀ ਲਾਵੇ।***
***ਕਿਹੜਾ ਪਲ ਕਿ ਚੁੱਪ ਦੀ ਬੀਹੀ, ਗਮ ਨੇ ਝੂਮਰ ਪਾਈ,***
***ਕਦੇ ਨਾ ਮਨ ਦਾ ਮੋਰ ਕਲਹਿਰੀ, ਝਾਂਜਰ ਨੂੰ ਛਣਕਾਵੇ।***
***ਕਿਹੜਾ ਵਕਤ ਕਿ ਚੁੱਪ ਦੇ ਸਾਂਝੀ, ਸੁੰਨਾ ਵਿਹੜਾ,***
***ਖਾਲੀ ਕਮਰਾ, ਕੋਈ ਪਲ ਵੀ ਵਿਧਵਾ ਰੁੱਤੇ, ਚੀਸ ਨਾ ਬਣਨਾ ਚਾਹਵੇ।***
***ਐਵੇਂ ਨਾ ਚੁੱਪੇ ਦੀਦੇ ਗਾਲੀਂ, ਹਰ ਟਾਹਣੀ 'ਤੇ ਲੀਰਾਂ,***
***ਬਾਬੇ ਬਿਰਖ ਦੇ ਮੁੱਢ ਬਿਨ, ਕੋਈ ਨਾ ਗਲ ਨਾਲ ਲਾਵੇ।***

## ਦੁਨੀਆਂ ਦਾ ਹਾਲ

ਨਵੇਂ ਸਾਲ ਕਈ ਚੜ੍ਹੇ, ਗੁਜਰ ਗਏ ਪੁਰਾਣੇ ਸਾਲ ਵੇ ਲੋਕਾ।
ਓਹਾ ਦਿਨ, ਓਹਾ ਹੀ ਰਾਤਾਂ, ਓਹਾ ਮੰਦੜੇ ਹਾਲ ਵੇ ਲੋਕਾ।
ਪਵਣ ਗੁਰੂ ਤੇ ਪਿਤਾ ਪਾਣੀ ਵੀ ਹਾਲੋਂ ਨੇ ਬੇ-ਹਾਲ ਵੇ ਲੋਕਾ
ਮਾਤਾ ਧਰਤ ਵੀ ਪਈ ਪੁਕਾਰੇ ਆਪਣਾ ਆਪ ਸੰਭਾਲ ਵੇ ਲੋਕਾ।
ਬੰਦਾ ਬੇਈਮਾਨ ਹੋ ਗਿਆ ਚੱਲਦਾ ਭੈੜੀ ਚਾਲ ਵੇ ਲੋਕਾ
ਮਾਂ ਦੀ ਹਿੱਕ 'ਤੇ ਅੱਗਾਂ ਲਾਵਣ ਪੁੱਤਰ ਬਣੇ ਚੰਡਾਲ ਵੇ ਲੋਕਾ।

ਹਰੀ ਭਰੀ ਮਾਂ ਧਰਤੀ, ਰੁੱਖਾਂ ਬਾਝੋਂ ਕਰ ਛੱਡੀ ਕੰਗਾਲ ਵੇ ਲੋਕਾ
ਰੁਖ ਮੁੱਕੇ, ਛਾਂਵਾਂ ਵੀ ਮੁੱਕੀਆਂ, ਪਿਆ ਚਿੜੀਆਂ ਦਾ ਕਾਲ ਵੇ ਲੋਕਾ।
ਫਸਲਾਂ ਦੀ ਥਾਂ ਜ਼ਹਿਰ ਹੋ ਗਏ, ਆਟਾ, ਚੌਲ, ਦਾਲ ਵੇ ਲੋਕਾ
ਟੀਕੇ ਲਾ ਲਾ ਮੱਝਾਂ ਚੋਵਣ, ਵੇਚਣ ਦੁਧ ਦਲਾਲ ਵੇ ਲੋਕਾ।
ਹਰ ਪਾਸੇ ਪ੍ਰਦੂਸ਼ਣ ਚੜ੍ਹਿਆ, ਪਰਜਾ ਹੋਈ ਹਲਾਲ ਵੇ ਲੋਕਾ
ਦਸਾਂ ਦਿਸ਼ਾਂ ਧੂੰਆਂ ਹੀ ਧੂੰਆਂ ਮੱਚਿਆ ਪਿਆ ਬਵਾਲ ਵੇ ਲੋਕਾ।

ਪਾਣੀ ਮੁੱਕਿਆ ਧਰਤੀ ਸੁਕ ਗਈ ਆਉਂਦੇ ਰਹਿਣ ਭੁਚਾਲ ਵੇ ਲੋਕਾ
ਬੰਦਿਆਂ ਆਪਣੇ ਚਾਰ ਚੁਫੇਰੇ ਬੁਣ ਲਏ ਮੱਕੜ ਜਾਲ ਵੇ ਲੋਕਾ।
ਧਰਮੀ ਲੀਡਰ ਧਰਮ ਵੇਚਦੇ ਕਰਦੇ ਜਾਣ ਕਮਾਲ ਵੇ ਲੋਕਾ
ਬਾਹਰੋਂ ਸਾਧ ਤੇ ਅੰਦਰੋਂ ਠੱਗ ਨੇ, ਦਿਸਣ ਗੁਰੂ ਦੇ ਲਾਲ ਵੇ ਲੋਕਾ।
ਸੱਚਾਈ ਸੇਵਾ ਸਿਮਰਨ ਦਾ ਜੱਗ ਵਿਚ ਪੈ ਗਿਆ ਕਾਲ ਵੇ ਲੋਕਾ
ਰੱਬ ਦੇ ਘਰ ਨੂੰ ਲੁੱਟ ਲੁੱਟ ਲੋਕੀਂ ਹੋ ਗਏ ਮਾਲਾ ਮਾਲ ਵੇ ਲੋਕਾ।


ਰਹਿਣੀ ਵਿਗੜੀ, ਬਹਿਣੀ ਵਿਗੜੀ ਰੂਪ ਹੋਏ ਵਿਕਰਾਲ ਵੇ ਲੋਕਾ
ਮੂੰਹ 'ਤੇ ਦਾਹੜੇ, ਸਿਰ 'ਤੇ ਟੋਪੀ ਸਿੰਘ ਫਿਰਨ ਵਿਚ ਮਾਲ ਵੇ ਲੋਕਾ।
ਸੂਰਜ, ਚੰਨ, ਸਿਤਾਰੇ ਰੋਂਦੇ, ਰੋਏ ਗਗਨ ਦਾ ਥਾਲ ਵੇ ਲੋਕਾ
ਕਿੰਜ 'ਸੁਰਜੀਤ' ਬਚਾਵਾਂ ਦੁਨੀਆਂ ਹੱਲ ਨਾ ਹੋਏ ਸਵਾਲ ਵੇ ਲੋਕਾ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

# ਪਊਆ ਫੇਰੀ, ਮੋਗਾ ਜੜ੍ਹਾਂ ਫੇਰੀ!

**ਚੰਗੇਰੇ ਭਵਿੱਖ ਲਈ ਪਰਦੇਸੀਂ ਜਾ ਵੱਸਣਾ ਪੰਜਾਬ ਦੀ ਨਵੀਂ ਪੀੜ੍ਹੀ ਦਾ ਸੁਪਨਾ ਵੀ ਹੈ ਅਤੇ ਚੰਗੇ ਭਾਗਾਂ ਦੇ ਦਰ ਖੁੱਲ੍ਹਣਾ ਵੀ। ਪਰਦੇਸਾਂ ਵਿਚ ਖਾਸ ਕਰਕੇ ਅਮਰੀਕਾ, ਕੈਨੇਡਾ ਜਿਹੇ ਵਿਕਸਿਤ ਮੁਲਕਾਂ ਵਿਚ ਸਾਡੀ ਨਵੀਂ ਪੀੜ੍ਹੀ ਨੇ ਮੱਲਾਂ ਵੀ ਬਥੇਰੀਆਂ ਮਾਰੀਆਂ ਹਨ, ਪਰ ਸਾਡੀ ਪਿਛਲੇਰੀ ਪੀੜ੍ਹੀ ਲਈ ਕਈ ਵਾਰ ਪਰਦੇਸ ਇਕ ਅਜੀਬ ਕੁੜਿੱਕੀ ਬਣ ਜਾਂਦੇ ਹਨ-ਨਾ ਉਹ ਏਧਰਲੇ ਰਹਿ ਜਾਂਦੇ ਹਨ ਤੇ ਨਾ ਉਧਰਲੇ। ਇਸ ਲੇਖ ਵਿਚ ਉਨ੍ਹਾਂ ਬਜ਼ੁਰਗਾਂ ਦੇ ਦਿਲ ਫਰੋਲੇ ਹਨ। -ਸੰਪਾਦਕ**

ਸਕੂਲ ਬਾਊਂਡਰੀ ਲਾਗੇ ਵੱਡੇ ਮੈਪਲਾਂ ਹੇਠ ਸਫੈਦ ਦਾਹੜੀਆਂ ਵਾਲੇ ਦਸਤਾਰਾਂ 'ਚ ਸਜੇ ਬਜ਼ੁਰਗ ਆਮ ਹੀ ਨਜ਼ਰੀਂ ਪੈਂਦੇ ਰਹਿੰਦੇ। ਰਵਿੰਦਰ ਰਵੀ ਦੀ ਕਵਿਤਾ 'ਮੋਹ ਮਾਇਆ ਦੇ ਸੌ ਸਿਰਨਾਵੇਂ, ਮਾਂ ਦਾ ਇੱਕੋ ਨਾਮ' ਦਾ ਸ਼ਿਅਰ 'ਅੱਕ ਕੱਕੜੀ ਦੇ ਫੰਬੇ ਖਿੰਡੇ, ਬਿਖਰੇ ਵਿਚ ਹਵਾਵਾਂ! ਸਵੈ-ਪਹਿਚਾਣ 'ਚ ਉਡੇ, ਭਟਕੇ ਦੇਸ਼, ਦੀਪ, ਦਿਸ਼ਾਵਾਂ' ਜ਼ਿਹਨ 'ਚ ਤਾਰੀਆਂ ਲਾਉਂਦਾ ਰਹਿੰਦਾ। ਇਹ ਬਾਬੇ ਵੀ ਕੱਕੜੀ ਫੰਬੇ ਵਰਗੇ ਲੱਗਦੇ। ਪਿੰਡਾਂ 'ਚੋਂ ਉਡੇ ਇਥੇ ਬਰਫਾਂ 'ਚ ਉਗੇ, ਵੱਸੇ ਰਸੇ ਜ਼ਰੂਰ ਨੇ ਪਰ ਜੜ੍ਹਾਂ ਤੋਂ ਨਹੀਂ ਟੁੱਟਦੇ। ਜੜ੍ਹਾਂ ਨਾਲੋਂ ਟੁੱਟਣਾ ਸੌਖਾ ਨਹੀਂ। ਜੜ੍ਹਾਂ ਨਾਲ ਮੋਹ-ਪਿਆਰ ਬੜਾ ਪੀਡਾ ਹੁੰਦੈ। 'ਬਿਰਖ ਦੀਆਂ ਜੜ੍ਹਾਂ 'ਚ ਆਪਣੀ ਰੱਤ ਤੇ



ਪ੍ਰਿੰ. ਬਲਕਾਰ ਸਿੰਘ ਬਾਜਵਾ
balkarbajwa1935@gmail.com
ਫੋਨ: 647-402-2170

ਮੱਤ' ਹੈ ਮਿੱਤਰੋ! ਜੜ੍ਹਾਂ ਨਾਲੋਂ ਟੁੱਟਿਆ, ਓਵੇਂ ਹੀ ਟੁੱਟ-ਮੁੱਕ ਜਾਂਦੈ, ਜੀਵਨ ਚਾਅ ਮੁੱਕ ਜਾਂਦੈ। ਫਿਰ ਐਵੇਂ ਆਖਰੀ ਵੇਲੇ ਦਾ ਇੰਤਜ਼ਾਰ ਕਰ ਰਿਹਾ ਹੁੰਦੈ।

ਇਥੇ ਬੱਚਿਆਂ ਨੂੰ ਸਕੂਲ ਛੱਡਣ ਅਤੇ ਲੈਣ ਆਉਣਾ ਬਣਿਆ ਹੀ ਰਹਿੰਦੈ। ਕੇਰਾਂ ਰੋਜ਼ ਵਾਂਗ ਬੱਚਿਆਂ ਨੂੰ ਸਕੂਲੋਂ ਲੈਣ ਗਿਆ ਸਾਂ। ਬੱਚੇ ਗਰਾਊਂਡ 'ਚ ਖੇਡਣ ਲੱਗ ਪਏ। ਇੱਕ 'ਕੱਲੇ ਜਿਹੇ ਬੈਂਚ 'ਤੇ ਇੱਕ ਬਜ਼ੁਰਗ ਨੂੰ ਫਤਿਹ ਬੁਲਾ ਕੋਲ ਜਾ ਬੈਠਾ। ਉਹ ਸਿਰ ਮੂੰਹ ਮਫਲਰ ਨਾਲ ਲਬੇਟੀ ਮੌਸਮ ਨੂੰ ਨਿਹਾਰ ਰਿਹਾ ਸੀ। ਅਕਤੂਬਰ-ਨਵੰਬਰ ਦਾ ਮਹੀਨਾ। ਰੰਗ-ਬਰੰਗੇ ਮੈਪਲਾਂ ਦੇ ਪੱਤੇ ਧਰਤੀ 'ਤੇ ਹੋਲੀ ਵਾਂਗ ਆਪਣੇ ਰੰਗ ਬਿਖੇਰ ਰਹੇ ਸਨ। ਕਰੀਬ 'ਚ ਬੱਤਖਾਂ ਆਪਣੀ ਸੱਥ ਮੰਡਲੀ ਬਣਾ ਕਦੀ ਸਿਰ ਡੋਬਦੀਆਂ, ਕਦੀ ਏਧਰ, ਕਦੀ ਓਧਰ ਤਾਰੀਆਂ ਲਾਉਂਦੀਆਂ, ਆਪਸ 'ਚ ਹਠਖੇਲੀਆਂ ਕਰ ਰਹੀਆਂ ਸਨ। ਥੋੜ੍ਹਾ ਜਿਹਾ ਹਟਵਾਂ ਤਾਸ਼ ਦੇ ਸ਼ੌਕੀਨ ਬਾਬੇ ਆਪਣੇ ਪੱਤਿਆਂ 'ਚ ਮਗਨ ਦੁਨੀਆਂ ਭੁੱਲੀ ਬੈਠੇ ਸਨ। ਪੀਲੀਆਂ ਬੱਸਾਂ ਬੱਚਿਆਂ ਨੂੰ ਘਰਾਂ ਨੂੰ ਲਿਜਾ ਰਹੀਆਂ ਸਨ।

ਜਿਵੇਂ ਜਿਵੇਂ ਬੰਦੇ ਦੀ ਉਮਰ ਵਧਦੀ ਹੈ, ਓਵੇਂ ਹੀ ਉਹ ਇੱਕ ਦੂਜੇ ਨਾਲ ਗੱਲੀਂ ਪੈਣ ਦਾ ਠਰਕੀ ਜਿਹਾ ਹੋ ਜਾਂਦੈ। ਵਿਹਲਾ ਸਮਾਂ ਵੀ ਬਥੇਰਾ ਹੁੰਦੈ। ਬਜ਼ੁਰਗ ਢਿੱਡ ਫੋਲਣ ਨੂੰ ਬਹੁਤੇ ਹੀ ਉਤਾਵਲੇ ਹੁੰਦੇ ਹਨ। ਵੈਸੇ ਵੀ ਉਨ੍ਹਾਂ ਦੇ ਕਿੱਸੇ ਨਿਆਰੇ ਹੁੰਦੇ ਅਤੇ ਝਰਨੇ ਤੋਂ ਝਰਦੀ ਅਟੁੱਟ ਆਬਸ਼ਾਰ ਹੀ ਲੱਗਦੇ। ਬਕਲਮ ਖੁਦ ਵੀ ਉਸੇ ਹੀ ਮਨੋਦਿਸ਼ਾ ਵੱਲ ਵਧ ਰਿਹਾ ਸੀ।

ਬਜ਼ੁਰਗ ਨੇ ਪੁੱਛਿਆ, ਮੱਲ੍ਹਾ ਕਿਹੜਾ ਪਿੰਡ ਵਾ। ਲੁਧਿਆਣੇ ਲਾਗਲਾ ਪਿੰਡ ਸੁਧਾਰ। ਫਿਰ ਤਾਂ ਤੂੰ ਮੇਰਾ ਗਰਾਈਂ ਹੋਇਆ। ਗਵਾਂਢੀ ਨਿਕਲਿਆ। ਮੇਰਾ ਪਿੰਡ ਮੋਗੇ ਲਾਗੇ ਐ। ਨਾਂ ਪੁੱਛਣ 'ਤੇ ਕਹਿੰਦਾ, ਲੱਖਾ ਸਿੰਘ। ਜ਼ਿੰਦਗੀ ਕਿੰਦਾਂ ਚੱਲ ਰਹੀ ਹੈ? ਮਫਲਰ ਥੋੜ੍ਹਾ ਹੇਠਾਂ ਖਿਸਕਾ, ਸਫੈਦ ਭਾਰੀਆਂ ਮੁੱਛਾਂ 'ਤੇ ਹੱਥ ਫੇਰਦਾ ਕਹਿੰਦਾ, ਇਥੇ ਆਏ ਨੂੰ 18-19 ਸਾਲ ਹੋ ਗਏ ਆ, ਬਾਈ। ਪੈਨਸ਼ਨ ਲੱਗੀ ਹੋਈ ਐ। 6 ਮਹੀਨੇ ਇਥੇ ਤੇ 6 ਮਹੀਨੇ ਪਿੰਡ ਲਾ ਆਈਦੇ। ਹੁਣ ਫਿਰ ਤਿਆਰੀ ਆ। ਆਹ 25 ਦੀ ਫਲਾਈਟ ਆ ਅਤੇ ਮਈ-ਜੂਨ 'ਚ ਮੁੜ ਕੇ ਆਊਂ। ਇਥੇ ਦੀਆਂ ਸਰਦੀਆਂ ਤੋਂ ਵਾਹਵਾ ਬਚੇ ਰਹੀਦੈ। ਸਮਾਂ ਸੋਹਣਾ ਲੰਘਦੈ।

ਆਪਣੇ ਨੂੰਹ-ਪੁੱਤ ਕੋਲ ਰਹਿਨਾਂ। ਤੇਰੇ ਵਾਂਗ ਹੀ ਨਿਆਣਿਆਂ ਨੂੰ ਸਕੂਲ ਛੱਡਣ ਆਉਂਦਾ ਅਤੇ ਲੈ ਜਾਂਦਾ ਰਿਹਾਂ। ਨਿਆਣੇ ਹੁਣ ਚੰਗੇ ਉਭਾਰ ਹੋ ਗਏ ਆ। ਆਪੇ ਹੀ ਜਾਣ-ਆਉਣ ਲੱਗ ਪਏ ਆ। ਹੁਣ ਬੱਸ ਪਾਰਕ ਵਿਚ ਯਾਰਾਂ ਬੇਲੀਆਂ ਨਾਲ ਵਕਤ ਟਪਾ ਛੱਡੀਦਾ ਐ। ਇਥੇ ਬੈਠੇ ਬਹੁਤੇ ਤਾਸ਼ ਖੇਡਣ ਲੱਗ ਜਾਂਦੇ ਨੇ। ਮੈਨੂੰ ਤਾਸ਼ ਆਉਂਦੀ ਨਈਂ। ਕੋਲ ਬੈਠ ਇਨ੍ਹਾਂ ਨੂੰ ਖੇਡਦਿਆਂ, ਬਹਿਸਦਿਆਂ, ਹੱਸਦਿਆਂ, ਮਸਖਰੇ ਲਾਉਂਦਿਆਂ ਨੂੰ ਵੇਖੀ ਜਾਈਦੈ। ਕਦੀ ਕਦੀ ਇੱਕ ਵਲੈਤੀਆ ਬੇਲੀ ਆ ਬਹਿੰਦੈ। ਬਹੁਤਾ ਈ ਸਾਊ, ਸੁਲਝਿਆ ਤੇ ਸਮਝਦਾਰ ਬੰਦਾ ਐ। ਸੋਹਣੀਆਂ ਗੱਲਾਂ ਕਰਦੈ। ਪਰ ਬਹੁਤ ਘੱਟ।

ਮੁੰਡੇ ਮੇਰੇ ਦੇ ਗੋਲ ਢਿੱਡਾਂ ਵਾਲੇ ਸੀਮੈਂਟ ਦੇ ਦੋ ਟਰੱਕ ਨੇ। ਨੂੰਹ ਕੰਮ ਕਰਦੀ ਏ। ਬੜੀ ਨੇਕ ਮਾਂ ਦੀ ਸਾਊ ਧੀ ਐ। ਬੱਚੇ ਸਕੂਲੋਂ ਆਉਂਦੇ ਹੀ ਕੋਕ-ਸ਼ੇਕ, ਪਾਣੀ ਧਾਣੀ ਲੈ ਟੀ. ਵੀ. ਮੂਹਰੇ ਜਾਂ ਆਪਣੇ ਸੈਲਾਂ ਨਾਲ ਰੁੱਝ ਜਾਂਦੇ ਹਨ। ਗਰਮੀਆਂ 'ਚ ਆਪਾਂ ਪਾਰਕ ਵਿਚ ਬਹਿ ਟਾਈਮ ਪਾਸ ਕਰ ਲਈਦਾ। ਸਰਦੀਆਂ ਵਿਚ ਘਰ ਨਹੀਂ ਚਿੱਤ ਲੱਗਦਾ। ਸਾਰੀ ਉਮਰ ਬਾਹਰ ਖੇਤਾਂ 'ਚ ਗੁਜ਼ਾਰੀ ਐ। ਇਥੇ ਵਾਲੇ ਬੰਦ ਘਰ ਜੇਲ੍ਹ ਵਾਂਗ ਲੱਗਦੇ ਆ। ਮੈਨੂੰ ਸਹੁਰੀ ਦਾ ਟੀ. ਵੀ. ਲਾਉਣਾ ਈ ਨਈਂ ਆਉਂਦਾ। ਇੱਕ ਮੇਰਾ ਭਰਾ ਕੈਲਗਰੀ ਰਹਿੰਦਾ। ਉਹਦਾ ਮੁੰਡਾ ਵੀ ਟਰੱਕ ਚਲਾਉਂਦੈ। ਕਦੀ ਕਦੀ ਉਹ ਆਪਣੇ ਮੁੰਡੇ ਨਾਲ ਟਰੱਕ 'ਤੇ ਹੀ ਇਥੇ ਟੋਰਾਂਟੋ ਗੇੜਾ ਮਾਰ ਜਾਂਦੈ। ਛੋਟਾ ਭਰਾ ਮੇਰਾ ਬਾਹਲਾ ਈ ਕਿਰਸੀ ਆ। ਚੰਗੀ ਭਲੀ ਪੈਨਸ਼ਨ ਲੱਗੀ ਆ। ਫਿਰ ਵੀ 400 ਡਾਲੇ ਟਿਕਟ 'ਤੇ ਨਹੀਂ ਖਰਚਦਾ। ਬੱਸ ਦੋ ਦਿਹਾੜੀਆਂ ਟਰੱਕ 'ਤੇ ਝਬਦਾ, ਜਬਕਦਾ ਆਊ। ਪਹਿਲੇ ਦਿਨ ਇਉਂ ਤੁਰੂ ਜਿਵੇਂ ਥਾਣਿਓਂ ਧੋਬੀ ਕੁੱਟ ਖਾ ਕੇ ਆਇਆ ਹੁੰਦੈ। ਚੰਗਾ ਭਾਈ ਉਹਦੀ ਮਰਜ਼ੀ।

ਘਰ ਵਾਲੀ ਬਾਰੇ ਤੁਸੀਂ ਕੋਈ ਗੱਲ ਨਈਂ ਕੀਤੀ। ਉਹਦੇ ਬਾਰੇ, ਪੁੱਛ ਨਾ ਭਰਾਵਾ! ਉਹ ਬਾਈ, ਪੂਰੀ ਹੋ ਗਈ ਹੋਈ ਏ, ਕੋਈ ਵੀਹ ਕੁ ਸਾਲ ਪਹਿਲਾਂ। ਉਹਦੇ ਨਾਲ ਵਾਹਵਾ ਚੁੜ-ਚੁੜ ਕਰਦਿਆਂ ਸਾਥ ਬਣਿਆ ਰਹਿੰਦਾ ਸੀ। ਸਬਰ ਕਰ, ਭਾਣਾ ਮੰਨ ਔਖੀ-ਸੌਖੀ ਜੀਵਨ ਗੱਡੀ ਤੁਰੀ ਜਾ ਰਹੀ ਐ। ਮੈਨੂੰ ਪਿੰਡ 'ਕੱਲਾ ਵੇਖ ਮੁੰਡਾ ਇਥੇ ਲੈ ਆਇਆ। ਪਹਿਲਾਂ ਪਹਿਲਾਂ ਆਪਣੇ ਬੇਲੀਆਂ ਨਾਲ ਫਾਰਮਾਂ 'ਚ ਵੀ ਕੰਮ ਕੀਤਾ। ਪਰ ਪਰਿਵਾਰ ਨੇ ਛੁੜਾ 'ਤਾ। ਬਸ ਇਥੇ ਪਾਰਕ ਵਿਚ ਜਦੋਂ ਹਨੇਰਾ ਹੋ ਜਾਂਦੈ, ਜਾਂ ਮੌਸਮ ਵਿਗੜ ਖਲੋਂਦੈ, ਘਰੇ ਉਠ ਜਾਈਦੈ। ਪਾਰਕ 'ਚੋਂ ਘਰ ਪਹੁੰਚਦਿਆਂ ਤੱਕ 'ਪਊਆ ਫੇਰੀ' ਦਾ ਵੇਲਾ ਹੋ ਜਾਂਦੈ। ਬੱਸ ਦੋ ਤਿੰਨ ਹਾੜਿਆਂ 'ਚ ਪਊਆ ਮਨ 'ਚ ਚੰਗਾ ਲਹਿਰਾਂ ਖਿੜਾ ਦਿੰਦੈ। 'ਪਊਆ ਫੇਰੀ' ਪਿੱਛੋਂ ਰੋਟੀ ਖਾ, ਸੁਫਨਿਆਂ ਵਿਚ ਗੁਆਚ ਜਾਈਦੈ। ਕਦੀ ਪਿੰਡ ਦੀ ਸੱਥ, ਕਦੀ ਗਲੀਆਂ, ਕਦੀ ਮੋਟਰ ਅਤੇ ਕਦੇ ਮੋਗੇ ਵਾਲੀ ਪੁਰਾਣੀ ਮੰਡੀ। ਕਦੀ ਨਹਿਰ ਲਾਗਲੇ ਗਿੱਲ ਅੱਡਾ, ਸਿੰਘਾਂ ਵਾਲਾ, ਬਾਘਾਪੁਰਾਣਾ, ਮੋਗਾ ਠਾਣਾ, ਤਹਿਸੀਲ 'ਚ ਵੀ ਫੇਰਾ ਲੱਗ ਜਾਂਦੈ। ਕਦੀ ਹਵਾ ਨੂੰ ਗੰਢਾਂ ਦਿੰਦੀਆਂ ਲੰਮੇ ਰੂਟਾਂ ਵਾਲੀਆਂ ਬੱਸਾਂ 'ਚੋਂ ਉਤਰਦਿਆਂ, ਚੜ੍ਹਦਿਆਂ ਮਰੇ ਕਿ ਮਰੇ ਹੋ ਜਾਂਦੀ ਐ। ਸੁਫਨਿਆਂ 'ਚ ਪੁਰਾਣੇ ਯਾਰ ਬੇਲੀ ਆਮ ਹੀ ਮਿਲਦੇ ਰਹਿੰਦੇ ਨੇ। ਸਵੇਰੇ ਉਠਦਿਆਂ, ਚਾਹ ਪੀਂਦਿਆਂ ਫਿਰ ਉਹੋ ਹੋਈਆਂ ਬੀਤੀਆਂ ਤਾਜ਼ਾ ਹੋ ਜਾਂਦੀਆਂ ਨੇ। ਪਰ ਬਾਈ ਮੈਂ ਨੂੰਹ ਦੇ ਸਾਹਮਣੇ ਨਹੀਂ ਪੀਂਦਾ। ਬਸ ਇਧਰ ਉਧਰ ਹੋ, ਕੰਮ ਮੁਕਾ ਲਈਦੈ।

ਮੈਂ ਸੋਚਾਂ ਬਈ ਇਸ ਬਜ਼ੁਰਗ ਵਿਚ ਹਾਲੀ ਵੀ ਕਿੰਨੀ ਸ਼ਰਮ ਹਯਾ ਹੈ। ਪੁੱਛਿਆ, ਬਾਈ, ਦਾਰੂ ਮੁੰਡਾ ਲਿਆ ਦਿੰਦਾ? ਨਾ ਬਈ, ਕਰਮਾਂ ਵਾਲਾ ਕਦੇ ਨਾਂਹ ਨਹੀਂ ਕਰਦਾ। ਪਹਿਲਾਂ ਤਾਂ ਮੇਰੇ ਵਾਲੀ ਗਲੀ ਵਿਚ ਹੀ ਬੋਪਾਰਾਏ ਦਾ ਮੱਘਰ ਸਿਉਂ ਘਰੇ ਕੱਢਦਾ ਸੀ। ਵਧੀਆ ਮਾਲ ਪਾ ਬੜੀ ਚੰਗੀ ਸ਼ੈਅ ਬਣਾਉਂਦਾ ਹੁੰਦਾ ਸੀ। 40 ਡਾਲਰਾਂ ਵਿਚ ਵੱਡੀ ਕੋਕ ਦੀ ਬੋਤਲ ਭਰ ਦਿੰਦਾ ਸੀ। ਵਾਹਵਾ ਮਹੀਨਾ ਲੰਘ ਜਾਂਦਾ। ਹੁਣ ਉਹ ਕਿਤੇ ਹੋਰ ਉਠ ਗਿਆ। ਹੁਣ ਆ ਠੇਕਿਉਂ ਲਿਆਉਣੀ ਪੈਂਦੀ ਆ।

ਕੇਰਾਂ ਇਥੇ ਪਾਰਕ ਵਿਚ ਇੱਕ ਸ਼ਹਿਰੀ ਭਾਈਬੰਦ ਸਾਡੇ ਨਾਲ ਬੈਠਣ-ਉਠਣ ਲੱਗ ਪਿਆ। ਸਹਿਵਨ ਹੀ ਮੈਂ ਉਹਨੂੰ ਮੱਘਰ ਸਿਉਂ ਦੇ ਘਰ ਦਾਰੂ ਲੈਣ ਲੈ ਗਿਆ। ਮੱਘਰ ਸਿੰਘ ਨੇ ਪ੍ਰਾਹੁਣਾਚਾਰੀ 'ਚ ਦੋ ਪੈਗ ਪਹਿਲੇ ਤੋੜ ਦੇ ਲਵਾ 'ਤੇ। ਸ਼ਹਿਰੀ ਭਰਾ ਨੇ ਪਹਿਲਾਂ ਇਹੋ ਜਿਹੀ ਅੱਗ ਫੜ੍ਹਦੀ ਕਦੀ ਪੀਤੀ ਨਹੀਂ ਸੀ। ਉਹ ਅੰਗਰੇਜ਼ੀ ਪੀਣ ਵਾਲਾ ਸੀ। ਉਸ ਵਿਚਾਰੇ ਦਾ ਬੱਸ ਕੰਮ ਹੋ ਗਿਆ। ਮੈਂ ਖਿੱਚ-ਧੂਹ ਕੇ ਘਰੇ ਛੱਡ ਆਇਆ। ਅਗਲੇ ਦਿਨ ਉਲ੍ਹਾਮਾ ਆ ਗਿਆ, ਭਈ ਤੂੰ ਸਾਡੇ ਬੰਦੇ ਨੂੰ ਕੱਲ੍ਹ ਧੱਕੇ ਨਾਲ ਬਹੁਤੀ ਪਿਆ ਦਿੱਤੀ ਸੀ। ਉਹ ਸਾਰੀ ਰਾਤ ਉਲਟੀਆਂ ਕਰਦਾ ਰਿਹਾ। ਬਿਪਤਾ ਬਣ ਗਈ। ਨੂੰਹ ਸਾਹਮਣੇ ਨਮੋਸ਼ੀ ਹੋ

## ਦੁੱਖ ਪਰਦੇਸਾਂ ਦੇ

ਰਹੀ ਸੀ। ਪਰ ਲੰਮੀ ਕਹਾਣੀ ਪਾ ਮਸੀਂ ਸਮਝਾ ਕੇ ਮੋੜਿਆ। ਕਿਹਾ, ਭਈ ਮੈਂ ਨਹੀਂ ਪਿਆਈ। ਕਿਸੇ ਹੋਰ ਦੇ ਘਰੋਂ ਪੀ ਕੇ ਆਇਆ। ਭਰਾਵਾ ਅੱਗੇ ਤੋਂ ਮੈਂ ਨਹੀਂ ਉਹਨੂੰ ਸੁਲ੍ਹਾ ਮਾਰਦਾ। ਤੋਬਾ ਕੀਤੀ!

ਸਾਡੇ ਵਰਗੇ ਅਨਪੜ੍ਹਾਂ ਨਾਲ ਪਰਸੋਂ ਇੱਕ ਅਵੱਲੀ ਜਿਹੀ ਕਹਾਣੀ ਵਾਪਰ ਗਈ। ਮੇਰਾ ਬੇਲੀ ਤੇ ਮੈਂ ਇੱਥੇ ਪਾਰਕ ਵਿਚ ਬੈਠੇ ਸਾਂ। ਦੁਪਹਿਰ ਜਿਹੇ ਨਾਲ ਵਾਹਵਾ ਠੰਢ ਹੋ ਗਈ ਸੀ। ਉਦੋਂ ਹੀ ਇੱਕ ਬਾਹਲੀ ਹੀ ਸੋਹਣੀ ਗੋਰੀ ਸਾਡੇ ਨਾਲ ਗੱਲਾਂ ਕਰਨ ਲੱਗ ਪਈ। ਦੋ ਚਾਰ ਮਿੰਟ ਸਾਨੂੰ ਕੁਝ ਅੰਗਰੇਜ਼ੀ ਵਿਚ ਕਹਿੰਦੀ ਰਹੀ। ਸਾਡੇ ਕੁਝ ਪਿੜ-ਪੱਲੇ ਨਾ ਪਵੇ। ਜੱਟ ਕੀ ਜਾਣਨ ਲੌਂਗਾਂ ਦਾ ਭਾਅ! ਅਸੀਂ ਇੱਕ ਦੂਜੇ ਨੂੰ ਅੱਖਾਂ ਦੇ ਇਸ਼ਾਰਿਆਂ ਨਾਲ ਪੁੱਛੀਏ, 'ਕੀ ਆਂਹਦੀ ਐ?' ਆਪਸ 'ਚ ਪੰਜਾਬੀ 'ਚ ਹੀ ਗੱਲਾਂ ਕਰੀ ਗਏ। ਆਪਣੀ ਗੱਲ ਕਹਿ ਉਹ ਚਲੀ ਗਈ। ਹੈਂ ਬਈ, ਵੈਸੇ ਸਾਲੀ ਸੋਹਣੀ ਬੜੀ ਸੀ। ਕਿਸੇ ਕਰਮਾਂ ਵਾਲੇ ਦੇ ਘਰ ਵਾਲੀ ਹੋਊ!

ਗੋਰੀ ਨੂੰ ਸਕੂਲ ਕੋਲ ਇੱਕ ਪੰਜਾਬੀ ਬਾਈ ਮਿਲ ਗਿਆ। ਉਹਦੇ ਨਾਲ ਗੱਲਾਂ ਕਰ ਪਰ੍ਹੇ ਤੁਰ ਗਈ। ਉਹ ਬਾਈ ਸਾਡੇ ਕੋਲ ਆ ਖਲੋਤਾ। ਪਤਾ ਲੱਗਾ, ਉਹ ਤਾਂ ਸਾਨੂੰ ਸਮਝਾਉਂਦੀ ਸੀ ਕਿ ਠੰਢ ਬਹੁਤ ਹੋ ਗਈ ਏ, ਹੁਣ ਮੋਟੇ ਕੱਪੜੇ ਪਾਇਆ ਕਰੋ। ਚਲੋ ਹੋਈ ਬੀਤੀ। ਸਾਡੇ ਵਰਗੇ ਅਨਪੜ੍ਹਾਂ ਨਾਲ ਇਥੇ ਏਦਾਂ ਕਈ ਵਾਰੀ ਵਾਪਰ ਜਾਂਦੈ। ਚੰਗਾ ਹੁਣ 'ਪਊਆ ਫੇਰੀ' ਦਾ ਟਾਈਮ ਹੋ ਗਿਆ। ਚੱਲ ਬਾਈ ਉਠ ਚੱਲੀਏ। ਕਿਤੇ ਰੁੱਸ ਹੀ ਨਾ ਜਾਏ, ਅਤੇ ਕਿਤੇ ਰਾਤ ਵਾਲੀ 'ਮੋਗਾ ਜੜ੍ਹਾਂ ਫੇਰੀ' ਨਾ ਰਹਿ ਜਾਏ।

ਵਾਹ ਬਈ! ਲੱਖੇ ਦੀਆਂ ਗੱਲਾਂ ਵੀ ਲੱਖ ਵਰਗੀਆਂ ਨੇ। ਬੱਚਿਆਂ ਨੂੰ ਘਰ ਲਿਜਾਂਦਿਆਂ ਰਵੀ ਦੀ ਕਵਿਤਾ ਦੀਆਂ ਕੁਝ ਹੋਰ ਸਤਰਾਂ ਵੀ ਮੇਰੇ ਮਨ 'ਚ ਤਰਨ ਲੱਗ ਪਈਆਂ:

ਬਾਹਰੋਂ ਅੰਦਰ, ਅੰਦਰੋਂ ਬਾਹਰ  
ਭਟਕੇ ਚਾਨਣ, ਚਾਨਣ ਦਾ ਪਰ੍ਹਛਾਵਾਂ!  
ਮਾਂ-ਬੋਲੀ 'ਚੋਂ ਮਮਤਾ ਢੂੰਡਣ  
ਤੜਪ ਰਹੇ ਬਿਨ ਮਾਂਵਾਂ!  
ਮੰਗਦੀ ਹੈ ਪਹਿਚਾਣ ਇਨ੍ਹਾਂ ਦੀ  
ਅੱਜ ਜੜ੍ਹ ਦਾ ਸਿਰਨਾਵਾਂ!  
ਜੜ੍ਹਾਂ ਵਾਲਿਓ! ਜੜ੍ਹ ਦੇ ਸੁਫਨੇ  
ਲੱਭੇ ਵਿਚ ਖਲਾਵਾਂ!  
ਮਾਂ-ਭੋਂ ਬਾਝੋਂ, ਕਿੱਥੇ ਪੱਲ੍ਹਰਨ?  
ਸਭ ਬੇਗਾਨੀਆਂ ਥਾਂਵਾਂ!  
ਮੋਹ-ਮਾਇਆ ਦੇ ਕਈ ਸਿਰਨਾਵੇਂ  
ਮਾਂ ਦਾ ਇਕ ਸਿਰਨਾਵਾਂ!

# ਜਦੋਂ ਦੇਸ਼ ਦੀ ਵੰਡ ਨੇ ਦੋਸਤੀ ਵੀ ਵੰਡੀ...

ਮਾਰਸ਼ਲ ਟੀਟੋ ਦੀ 1980 ਵਿਚ ਹੋਈ ਮੌਤ ਤਕ ਯੂਗੋਸਲਾਵੀਆ ਕਈ ਵਿਭਿੰਨ ਨਸਲਾਂ ਹੋਣ ਦੇ ਬਾਵਜੂਦ ਇਕ ਦੇਸ਼ ਸੀ। ਉਸ ਦੀ ਮੌਤ ਤੋਂ ਬਾਅਦ ਆਪੋ-ਆਪਣੇ ਆਜ਼ਾਦ ਮੁਲਕ ਦੀਆਂ ਮੰਗਾਂ ਸ਼ੁਰੂ ਹੋ ਗਈਆਂ। ਟੀਟੋ ਦੇ ਮਰਨ ਤੋਂ ਬਾਅਦ ਰਾਜ ਸੱਤਾ ਅਤੇ ਫੌਜ 'ਤੇ ਕਰੀਬ ਸਰਵ ਲੋਕਾਂ ਦਾ ਕਬਜ਼ਾ ਸੀ। ਸਰਵ ਆਪਣੀ ਫੌਜੀ ਸ਼ਕਤੀ ਨਾਲ ਬਾਕੀ ਨਸਲਾਂ ਨੂੰ ਦਬਾਉਣ ਲਈ ਅੱਤ ਦੇ ਜ਼ੁਲਮ ਕਰ ਰਹੇ ਸਨ। ਇਕ ਦਹਾਕੇ ਤਕ ਸੁਲਘਦੀ ਇਸ ਅੱਗ ਦਾ ਭਾਂਬੜ 1990

ਪਰਦੀਪ, ਸੈਨ ਹੋਜ਼ੇ
ਫੋਨ: 408-540-4547

'ਚ ਬਹੁਤਾ ਮੱਚ ਗਿਆ।

ਬਾਲਕਨ ਨਾਮੀਂ ਇਸ ਜੰਗ ਨੇ ਇਨਸਾਨੀਅਤ ਦਾ ਘਾਣ ਕਰ ਦਿੱਤਾ। ਸਰਵ ਫੌਜ ਨੇ ਬੋਸਨੀਆ ਦੇ ਮੁਸਲਿਮ ਲੋਕਾਂ ਦਾ ਕਤਲੇਆਮ ਇੰਨੀ ਬੇਰਹਿਮੀ ਨਾਲ ਕੀਤਾ ਕਿ ਦੁਨੀਆਂ ਦੀ ਰੂਹ ਕੰਬ ਗਈ। ਹਰ ਰੋਜ਼ ਮਾਸੂਮ ਬੱਚਿਆਂ ਦੇ ਕਤਲ ਅਤੇ ਔਰਤਾਂ ਨਾਲ ਬਲਾਤਕਾਰ ਦੀਆਂ ਖਬਰਾਂ ਆਉਂਦੀਆਂ। ਅਮਰੀਕਾ ਸਮੇਤ ਨਾਟੋ ਦੇਸ਼ਾਂ ਨੇ ਮੁਸਲਿਮ ਲੋਕਾਂ ਦਾ ਸਾਥ ਦੇ ਕੇ ਸਰਵ ਫੌਜ ਨੂੰ ਜੰਗ ਖਤਮ ਕਰਨ ਲਈ ਮਜਬੂਰ ਕੀਤਾ। ਅੰਤ ਯੂਗੋਸਲਾਵੀਆ ਛੇ ਦੇਸ਼ਾਂ-ਸਰਵੀਆ, ਕਰੋਸ਼ੀਆ, ਮੈਸਾਡੋਨੀਆ, ਮੌਂਟੇਨੇਗਰੋ, ਸਲਵਾਨੀਆ ਅਤੇ ਬੋਸਨੀਆ-ਹਰਜੀਗੋਬੀਨਾ ਵਿਚ ਵੰਡਿਆ ਗਿਆ।

ਯੂਗੋਸਲਾਵੀਆ ਜਦੋਂ ਤਕ ਇਕੱਠਾ ਸੀ, ਫੁਟਬਾਲ ਅਤੇ ਬਾਸਕਿਟਬਾਲ ਦੀਆਂ ਖੇਡਾਂ ਵਿਚ ਇਸ ਦਾ ਬਹੁਤ ਨਾਂ ਸੀ। ਬਾਸਕਿਟਬਾਲ ਵਿਚ ਬਹੁਤੇ ਖਿਡਾਰੀ ਸਰਵ ਅਤੇ ਕਰੋਸ਼ ਹੁੰਦੇ। ਯੂਗੋਸਲਾਵੀਆ ਦੇ ਝੰਡੇ ਥੱਲੇ ਉਨ੍ਹਾਂ ਓਲੰਪਿਕਸ ਵਿਚ ਇਕ ਸੋਨੇ ਦਾ, ਤਿੰਨ ਚਾਂਦੀ ਦੇ ਅਤੇ ਇਕ ਕਾਂਸੇ ਦਾ ਤਮਗਾ ਜਿੱਤੇ। ਫੀਫਾ ਵਿਸ਼ਵ ਕੱਪ ਵਿਚ ਤਿੰਨ ਸੋਨੇ ਦੇ, ਤਿੰਨ ਚਾਂਦੀ ਦੇ ਅਤੇ ਦੋ ਕਾਂਸੇ ਦੇ। ਯੂਰਪ ਕੱਪ ਵਿਚ ਪੰਜ ਸੋਨੇ ਦੇ, ਪੰਜ ਚਾਂਦੀ ਦੇ ਅਤੇ ਤਿੰਨ ਕਾਂਸੇ ਦੇ ਤਮਗੇ ਜਿੱਤੇ ਸਨ।

1989 ਵਿਚ ਯੂਗੋਸਲਾਵੀਆ ਦੀ ਟੀਮ ਦੇ ਦੋ ਉਘੇ ਖਿਡਾਰੀ ਅਮਰੀਕਾ ਵਿਚ ਐਨ. ਬੀ. ਏ. ਲੀਗ ਲਈ ਖੇਡਣ ਗਏ। ਯੂਰਪ ਦਾ ਸਭ ਤੋਂ ਵਧੀਆ ਖਿਡਾਰੀ ਡਰੇਜ਼ਨ ਪੈਟਰੋਵਿਕ ਪੋਰਟਲੈਂਡ ਸ਼ਹਿਰ ਦੀ ਕਲੱਬ ਟਰੇਲ-ਬਲੇਜ਼ਰ ਲਈ ਅਤੇ ਵਲਾਡੇ ਡਿਵਾਕ ਲਾਸ ਏਂਜਲਸ ਦੀ ਲੇਕਰਜ਼ ਲਈ। ਕੁਝ ਦੇਰ ਬਾਅਦ ਇਨ੍ਹਾਂ ਦੇ ਦੋ ਸਾਥੀ-ਟੋਨੀ ਕੂਕੋ ਸ਼ਿਕਾਗੋ ਬੁਲਜ਼ ਲਈ ਅਤੇ ਡੀਨੋ ਰਾਡਜਾ ਬੋਸਟਨ ਸੈਲਟਿਕਸ ਲਈ ਖੇਡਣ ਆ ਗਏ। ਡਰੇਜ਼ਨ ਅਤੇ ਵਲਾਡੇ ਬਹੁਤ ਗੂੜ੍ਹੇ ਮਿੱਤਰ ਸਨ। ਉਹ ਹਰ ਰੋਜ਼ ਫੋਨ ਕਰਕੇ ਆਪਣੇ ਨਵੇਂ ਜੀਵਨ ਅਤੇ ਟੀਮ ਬਾਰੇ ਵਿਚਾਰ ਕਰਦੇ। ਡਰੇਜ਼ਨ ਕਰੋਸ਼ੀ ਅਤੇ ਵਲਾਡੇ ਸਰਵ ਨਸਲ ਦਾ ਸੀ। ਕਰੋਸ਼ ਆਪਣੀ ਆਜ਼ਾਦੀ ਲਈ ਲੜ ਰਹੇ ਸਨ ਅਤੇ ਸਰਵ ਫੌਜ ਉਨ੍ਹਾਂ ਨੂੰ ਕੁਚਲ ਰਹੀ ਸੀ। ਦੋਹਾਂ ਨੂੰ ਚਿੰਤਾ ਰਹਿੰਦੀ ਪਰ ਉਨ੍ਹਾਂ ਦੀ ਦੋਸਤੀ ਉਪਰ ਕੋਈ ਫਰਕ ਨਾ ਪਿਆ।

1990 ਦਾ ਫੀਫਾ ਵਿਸ਼ਵ ਕੱਪ ਅਰਜਨਟਾਈਨਾ ਵਿਚ ਸੀ। ਸਰਵ ਅਤੇ ਕਰੋਸ਼ ਖਿਡਾਰੀ ਯੂਗੋਸਲਾਵੀਆ ਦੇ ਝੰਡੇ ਥੱਲੇ ਖੇਡੇ। ਡਰੇਜ਼ਨ, ਵਲਾਡੇ, ਕੂਕੋ, ਡੀਨੋ ਅਤੇ ਬਾਕੀ ਟੀਮ ਨੇ ਵਧੀਆ ਖੇਡ ਕੇ ਸੈਮੀ ਫਾਈਨਲ ਵਿਚ ਅਮਰੀਕਾ ਨੂੰ 91 ਦੇ ਮੁਕਾਬਲੇ 99 ਅੰਕਾਂ ਨਾਲ ਹਰਾਇਆ। ਫਾਈਨਲ ਮੈਚ ਵਿਚ ਸੋਵੀਅਤ ਸੰਘ 'ਤੇ 92-75 ਦੇ ਫਰਕ ਨਾਲ ਜਿੱਤ ਪ੍ਰਾਪਤ ਕਰਕੇ ਵਿਸ਼ਵ ਚੈਂਪੀਅਨ ਬਣੇ। ਇਹ ਸਾਰੇ ਖਿਡਾਰੀ ਜਿੱਤ ਦੀ ਖੁਸ਼ੀ ਦਾ ਜਸ਼ਨ ਮਨਾ ਹੀ ਰਹੇ ਸਨ ਕਿ ਇਕ ਘਟਨਾ ਵਾਪਰ ਗਈ। ਉਸ ਮੈਚ ਨੂੰ ਵੇਖਣ ਆਏ ਕੁਝ ਕਰੋਸ਼ ਦਰਸ਼ਕ ਕਰੋਸ਼ੀਆ ਦਾ ਝੰਡਾ ਲਹਿਰਾਉਂਦੇ ਬਾਸਕਿਟਬਾਲ ਕੋਰਟ 'ਤੇ ਆ ਗਏ, ਪਰ ਵਲਾਡੇ ਡੀਵਾਕ ਨੂੰ ਇਹ ਸਭ ਚੰਗਾ ਨਾ ਲੱਗਾ। ਉਹ ਸੋਚਦਾ ਸੀ, ਅਸੀਂ ਸਾਰੇ ਇਕ ਦੇਸ਼ ਯੂਗੋਸਲਾਵੀਆ ਦੇ ਝੰਡੇ ਥੱਲੇ ਖੇਡੇ ਹਾਂ, ਇਸ ਕਰਕੇ ਕਰੋਸ਼ੀਆ, ਜੋ ਦੇਸ਼ ਅਜੇ ਬਣਿਆ ਵੀ ਨਹੀਂ, ਦੇ ਝੰਡੇ ਦਾ ਕੋਈ ਮਤਲਬ ਨਹੀਂ। ਉਸ ਨੇ ਇਤਰਾਜ਼ ਕੀਤਾ ਅਤੇ ਝੰਡਾ ਖੋਹ ਕੇ ਸੁੱਟ ਦਿੱਤਾ। ਵਲਾਡੇ ਇਕ ਸਰਵ ਸੀ ਅਤੇ ਝੰਡਾ ਕਰੋਸ਼ੀਆ ਦਾ ਹੋਣ ਕਰਕੇ ਉਹ ਕਰੋਸ਼ ਲੋਕਾਂ ਦਾ ਦੁਸ਼ਮਣ ਬਣ ਗਿਆ। ਪਿਛੋਂ ਯੂਗੋਸਲਾਵੀਆ ਵਿਚ ਲੋਕ ਬਾਸਕਿਟਬਾਲ ਦੀ ਜਿੱਤ ਨੂੰ ਭੁੱਲ ਗਏ ਅਤੇ ਝੰਡੇ ਦਾ ਰੌਲਾ ਪਾਉਣ ਲੱਗੇ। ਝੰਡੇ ਕਰਕੇ ਵਲਾਡੇ ਸਰਵ ਲੋਕਾਂ ਦਾ ਨਾਇਕ ਅਤੇ ਕਰੋਸ਼ਾਂ ਦਾ ਖਲਨਾਇਕ ਬਣ ਗਿਆ।

ਵਲਾਡੇ ਨੂੰ ਉਸ ਸਮੇਂ ਬਹੁਤ ਨਿਰਾਸ਼ਾ ਹੋਈ ਜਦ ਪਤਾ ਲੱਗਾ ਕਿ ਉਸ ਦਾ ਪਿਆਰਾ ਮਿੱਤਰ ਡਰੇਜ਼ਨ ਵੀ ਉਸ ਨਾਲ ਨਾਰਾਜ਼ ਹੈ। ਜਦ ਉਹ ਵਾਪਸ ਅਮਰੀਕਾ ਆਏ ਤਾਂ ਡਰੇਜ਼ਨ ਨੇ ਵਲਾਡੇ ਤੋਂ ਦੂਰੀ ਬਣਾ ਲਈ। ਇਹ ਦੂਰੀ ਹੋਰ ਵੀ ਵਧ ਗਈ ਜਦੋਂ ਡਰੇਜ਼ਨ ਪੋਰਟਲੈਂਡ ਛੱਡ ਕੇ ਨਿਊ ਜਰਸੀ ਨੈਟਸ ਦੀ ਟੀਮ ਲਈ ਖੇਡਣ ਲੱਗਾ। ਮਿਲਣਾ ਘੱਟ ਹੋ ਗਿਆ ਅਤੇ ਫੋਨ ਦੀ ਗੱਲਬਾਤ ਵੀ ਬੰਦ ਹੋ ਗਈ। 1991 ਵਿਚ ਕਰੋਸ਼ੀਆ ਵੱਖਰਾ ਆਜ਼ਾਦ ਦੇਸ਼ ਬਣ ਗਿਆ, ਸਰਹੱਦ ਦੇ ਨਾਲ ਦੋਸਤੀ ਵੀ ਵੰਡੀ ਗਈ।

1992 ਦੀ ਬਾਰਸੀਲੋਨਾ ਓਲੰਪਿਕਸ ਵਿਚ ਕਰੋਸ਼ੀਆ ਨੇ ਆਜ਼ਾਦ ਦੇਸ਼ ਵਜੋਂ ਹਿੱਸਾ ਲਿਆ। ਡਰੇਜ਼ਨ, ਕੂਕੋ ਅਤੇ ਡੀਨੋ ਦੀ ਟੀਮ ਫਾਈਨਲ ਵਿਚ ਅਮਰੀਕਾ ਦੀ ਡਰੀਮ ਟੀਮ ਨੂੰ ਹਰਾ ਕੇ ਦੂਜੇ ਥਾਂ ਰਹੀ। ਯੂਗੋਸਲਾਵੀਆ ਹੁਣ ਸਰਵ ਲੋਕਾਂ ਦਾ ਦੇਸ਼ ਸੀ, ਉਨ੍ਹਾਂ ਦੇ ਜ਼ੁਲਮਾਂ ਕਰਕੇ ਓਲੰਪਿਕਸ ਵਿਚ ਉਨ੍ਹਾਂ ਦੇ ਹਿੱਸਾ ਲੈਣ 'ਤੇ ਪਾਬੰਦੀ ਸੀ। ਇਸ ਕਰਕੇ ਵਲਾਡੇ ਇਹ ਓਲੰਪਿਕ ਖੇਡ ਹੀ ਨਾ ਸਕਿਆ। ਪਿਛੋਂ ਕਈ ਦੋਸਤਾਂ-ਮਿੱਤਰਾਂ ਨੇ ਦੋਹਾਂ ਦੀ ਨਾਰਾਜ਼ਗੀ ਦੂਰ ਕਰਨ ਦੀ ਕੋਸ਼ਿਸ਼ ਕੀਤੀ ਪਰ ਸਮੇਂ ਦਾ ਆਪਣਾ ਫੈਸਲਾ ਕੁਝ ਹੋਰ ਸੀ।

1993 ਵਿਚ ਕਰੋਸ਼ੀਆ ਦਾ ਇਕ ਮੈਚ ਜਰਮਨੀ ਵਿਚ ਸੀ। ਮੈਚ ਤੋਂ ਬਾਅਦ ਸਾਰੀ ਟੀਮ ਜਹਾਜ਼ ਰਾਹੀਂ ਕਰੋਸ਼ੀਆ ਨੂੰ ਗਈ ਪਰ ਡਰੇਜ਼ਨ ਨੇ ਆਪਣੀ ਪ੍ਰੇਮਿਕਾ ਨਾਲ ਕਾਰ ਰਸਤੇ ਜਾਣ ਦਾ ਫੈਸਲਾ ਕੀਤਾ। ਇਹ ਫੈਸਲਾ ਹੀ ਇਕ ਹਾਦਸੇ ਵਿਚ ਬਦਲ ਗਿਆ। 7 ਜੂਨ 1993 ਨੂੰ ਕਰੋਸ਼ੀਆ ਦਾ ਪਿਆਰਾ ਅਤੇ ਮਾਣ ਵਾਲਾ ਪੁੱਤਰ ਹਮੇਸ਼ਾ ਲਈ ਵਿਛੜ ਗਿਆ। ਉਸ ਦਾ ਮਿੱਤਰ ਵਲਾਡੇ, ਜੋ ਉਸ ਨੂੰ ਦੱਸਣਾ ਚਾਹੁੰਦਾ ਸੀ ਕਿ ਉਸ ਦਾ ਝੰਡੇ ਨੂੰ ਸੁਟਣਾ ਕਿਸੇ ਦਾ ਅਪਮਾਨ ਕਰਨਾ ਨਹੀਂ ਸੀ, ਜੇ ਸਰਵੀਆ ਦਾ ਝੰਡਾ ਹੁੰਦਾ ਤਾਂ ਵੀ ਉਹ ਇਸੇ ਤਰ੍ਹਾਂ ਕਰਦਾ। ਵਲਾਡੇ ਆਪਣੀ ਗੱਲ ਕਹਿ ਨਾ ਸਕਿਆ ਅਤੇ ਡਰੇਜ਼ਨ ਉਸ ਨੂੰ ਮੁਆਫ ਕੀਤੇ ਬਿਨਾ ਚਲਾ ਗਿਆ। ਡਰੇਜ਼ਨ ਦੇ ਮਾਤਮ 'ਤੇ ਜੈਗਰੇਬ ਵਿਚ ਇਕ ਲੱਖ ਲੋਕ ਸ਼ਾਮਿਲ ਹੋਏ। ਕਰੋਸ਼ੀਆ ਦੀ ਟੀਮ ਦੇ ਉਸ ਦੇ ਸਾਥੀ ਉਸ ਨੂੰ ਲੈ ਕੇ ਜਾਂਦੇ ਪਰ ਵਿਚਾਰਾ ਵਲਾਡੇ ਹੰਝੂ ਭਰੀਆਂ ਅੱਖਾਂ ਨਾਲ ਆਪਣੇ ਪਿਆਰੇ ਮਿੱਤਰ ਦੀ ਅੰਤਿਮ ਯਾਤਰਾ ਨੂੰ ਟੀ. ਵੀ. ਉਪਰ ਵੇਖ ਰਿਹਾ ਸੀ।

2010 ਵਿਚ ਬਣੀ 'Once Brothers' ਨਾਂ ਦੀ ਡਾਕੂਮੈਂਟਰੀ ਵਿਚ ਵਲਾਡੇ ਆਪਣੇ ਵਿਛੜੇ ਮਿੱਤਰ ਦੀ ਮਾਂ ਨੂੰ ਮਿਲਣ ਜਾਂਦਾ ਹੈ। ਕਰੋਸ਼ੀਆ ਦੀ ਸਰਹੱਦ 'ਤੇ ਉਸ ਨੂੰ ਆਪਣਾ ਪਾਸਪੋਰਟ ਅਤੇ ਵੀਜ਼ਾ ਵਿਖਾਉਣਾ ਪੈਂਦਾ ਹੈ। ਸਰਹੱਦ ਦੇ ਪਾਰ ਵੀ ਕਦੀ ਉਸ ਦਾ ਹੀ ਦੇਸ਼ ਹੁੰਦਾ ਸੀ, ਜਿਥੇ ਉਸ ਦਾ ਮਿੱਤਰ ਰਹਿੰਦਾ ਸੀ। ਬਰਫ ਨਾਲ ਲੱਦੀਆਂ ਸੜਕਾਂ 'ਤੇ ਚਲਦੇ ਨੂੰ ਲੋਕ ਵੇਖਦੇ ਹਨ, ਪਛਾਣਦੇ ਹਨ ਪਰ ਕੋਈ ਵੀ ਬੁਲਾਉਂਦਾ ਨਹੀਂ। ਭਾਵੁਕ ਹੋਇਆ ਉਹ ਆਪਣੇ ਮਿੱਤਰ ਦੀ ਮਾਂ ਅਤੇ ਭਰਾ ਨੂੰ ਮਿਲਦਾ ਹੈ ਤੇ ਪੁਰਾਣੀਆਂ ਯਾਦਾਂ ਸਾਂਝੀਆਂ ਕਰਦਾ ਹੈ। ਅੰਤ ਵਿਚ ਉਹ ਆਪਣੇ ਮਿੱਤਰ ਦੀ ਕਬਰ ਉਤੇ ਫੁੱਲ ਚੜ੍ਹਾਉਂਦਾ ਹੈ।

ਯੂਗੋਸਲਾਵੀਆ ਦਾ ਨਾਂ ਖਤਮ ਹੋ ਕੇ ਹੁਣ ਸਰਵੀਆ, ਸਰਵ ਲੋਕਾਂ ਦਾ ਇਕ ਦੇਸ਼ ਹੈ। ਵਲਾਡੇ ਨੂੰ ਸਰਵੀਆ ਦੀ ਓਲੰਪਿਕ ਕਮੇਟੀ ਦਾ ਪ੍ਰਧਾਨ ਬਣਾ ਦਿੱਤਾ ਗਿਆ ਸੀ ਅਤੇ ਹੁਣ ਉਹ ਸੈਕਰਾਮੈਂਟੋ ਕਿੰਗਜ਼ ਦਾ ਉਪ ਪ੍ਰਧਾਨ ਹੈ। ਦੂਜੇ ਪਾਸੇ ਡਰੇਜ਼ਨ ਦੇ ਬੁੱਤ ਨੂੰ ਕਰੋਸ਼ੀਆ ਦੇ ਲੋਕ ਪੂਜਦੇ ਹਨ। ਪਰ ਦੇਸ਼ਾਂ ਦੀ ਵੰਡ ਨੇ ਦੋਸਤੀ ਵੀ ਵੰਡ ਦਿੱਤੀ:

ਪਹਿਲਾਂ ਲੀਕਾਂ ਮਾਰ ਕੇ ਕਾਗਜ਼ 'ਤੇ  
ਫੇਰ ਵੰਡੀ ਧਰਤੀ ਗੋਲੀਆਂ ਨੇ।  
ਦਿਲ ਤਾਂ ਉਚੀ ਧੜਕੇ ਸੀ  
ਪਰ ਸੁਣੇ ਨਾ ਕਲਮਾਂ ਬੋਲੀਆਂ ਨੇ।

# ਅਣਗੌਲਿਆ ਸੁਤੰਤਰਤਾ ਸੰਗਰਾਮੀ ਰਣਜੀਤ ਸਿੰਘ ਤਾਜਵਰ

*ਅੰਗਰੇਜ਼ਾਂ ਦੀ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਦੇਸ਼ ਦੀ ਆਜ਼ਾਦੀ ਖਾਤਰ ਬਹੁਤ ਸੂਰਮਿਆਂ ਨੇ ਕੁਰਬਾਨੀਆਂ ਦਿੱਤੀਆਂ, ਸਜ਼ਾਵਾਂ ਕੱਟੀਆਂ ਤੇ ਫਾਂਸੀ ਦੇ ਰੱਸੇ ਚੁੰਮੇ। ਬਹੁਤ ਸਾਰੇ ਅਜਿਹੇ ਸੂਰਮਿਆਂ ਦੇ ਨਾਂ ਲੋਕ ਮਾਨਸਿਕਤਾ ਵਿਚ ਬੁਲੰਦ ਹਨ ਪਰ ਕਈ ਅਜਿਹੇ ਵੀ ਸੂਰਮੇ ਹਨ ਜਿਨ੍ਹਾਂ ਦੀਆਂ ਕੁਰਬਾਨੀਆਂ ਬਾਰੇ ਆਮ ਦੇਸ਼ ਵਾਸੀ ਬਹੁਤਾ ਨਹੀਂ ਜਾਣਦੇ। ਰਣਜੀਤ ਸਿੰਘ ਤਾਜਵਰ ਵੀ ਅਜਿਹਾ ਹੀ ਇਕ ਅਣਗੌਲਿਆ ਸੁਤੰਤਰਤਾ ਸੰਗਰਾਮੀ ਹੈ। -ਸੰਪਾਦਕ*

ਬਹੁਤ ਘੱਟ ਪੰਜਾਬੀ ਜਾਣਦੇ ਹੋਣਗੇ ਕਿ ਰਣਜੀਤ ਸਿੰਘ ਨਾਂ ਦਾ ਕੋਈ ਸੁਤੰਤਰਤਾ ਸੰਗਰਾਮੀ ਵੀ ਹੋਇਆ ਹੈ। ਉਸ ਤੋਂ ਵੀ ਘੱਟ ਪਾਠਕਾਂ ਨੂੰ ਪਤਾ ਹੋਵੇਗਾ ਕਿ ਉਹ ਸਾਹਿਤਕਾਰ ਵੀ ਸੀ। ਇਸ ਅਣਜਾਣੇ ਅਣਗੌਲੇ ਵਿਅਕਤੀ ਰਣਜੀਤ ਸਿੰਘ ਦਾ ਜਨਮ ਸਾਲ 1901 ਦੇ ਆਸ-ਪਾਸ ਜ਼ਿਲ੍ਹਾ ਅੰਮ੍ਰਿਤਸਰ ਦੇ ਥਾਣਾ ਸਦਰ ਦੇ ਪਿੰਡ ਸ਼ੁਕਰ ਚੱਕ ਦੇ ਰਾਮਗੜ੍ਹੀਆ ਪਰਿਵਾਰ ਵਿਚ ਹੋਇਆ। ਉਸ ਦੇ ਪਿਤਾ ਦਾ ਨਾਂ ਕਿਸ਼ਨ ਸਿੰਘ ਸੀ।

ਗੁਰਬਾਣੀ ਅਤੇ ਸਿੱਖੀ ਪ੍ਰਤੀ ਪਿਆਰ ਰਣਜੀਤ ਸਿੰਘ ਨੂੰ ਆਪਣੇ ਪਿਤਾ ਪਾਸੋਂ ਵਿਰਸੇ ਵਿਚ ਮਿਲਿਆ। ਉਸ ਨੇ ਦਸਵੀਂ 1918 ਵਿਚ ਖਾਲਸਾ ਹਾਈ ਸਕੂਲ, ਅੰਮ੍ਰਿਤਸਰ ਤੋਂ ਕੀਤੀ। ਇਸ ਤੋਂ ਤੁਰੰਤ ਪਿਛੋਂ ਉਹ ਉਤਰ ਪੱਛਮੀ ਸਰਹੱਦੀ

**ਗੁਰਦੇਵ ਸਿੰਘ ਸਿੱਧੂ**
ਫੋਨ: 91-94170-49417

ਸੂਬੇ ਵਿਚ ਟਾਂਕ ਦੇ ਸਥਾਨ ਉਤੇ ਚਲਾ ਗਿਆ ਜਿਥੇ ਉਸ ਨੂੰ ਉਸਾਰੀ ਕਾਰਜ ਵਿਚ ਮੁਨਸ਼ੀ ਵਜੋਂ ਨੌਕਰੀ ਮਿਲ ਗਈ। ਇਥੇ ਚੰਗਾ ਕੰਮ ਕਰਨ ਸਦਕਾ ਉਸ ਨੂੰ ਜੂਨ 1919 ਵਿਚ ਤਰੱਕੀ ਦੇ ਕੇ ਸਬ-ਓਵਰਸੀਅਰ ਬਣਾ ਦਿੱਤਾ ਗਿਆ। ਕੁਝ ਮਹੀਨੇ ਪਿਛੋਂ ਉਸ ਨੇ ਆਪਣੇ ਅਧਿਕਾਰੀਆਂ ਪਾਸੋਂ ਘਰ ਜਾਣ ਦੀ ਛੁੱਟੀ ਮੰਗੀ ਜੋ ਨਾਮਨਜ਼ੂਰ ਕਰ ਦਿੱਤੀ ਗਈ। ਫਲਸਰੂਪ ਉਹ ਰੋਸ ਵਜੋਂ ਨੌਕਰੀ ਤੋਂ ਅਸਤੀਫਾ ਦੇ ਕੇ ਘਰ ਆ ਗਿਆ। ਜੁਲਾਈ 1921 ਵਿਚ ਉਸ ਨੂੰ ਰੇਲ ਮਹਿਕਮੇ ਨੇ ਦਿੱਲੀ ਵਿਚ ਸਬ-ਓਵਰਸੀਅਰ ਨਿਯੁਕਤ ਕੀਤਾ, ਪਰ ਇਸ ਸਮੇਂ ਤਕ ਅਕਾਲੀ ਰਾਜਨੀਤੀ ਪ੍ਰਤੀ ਝੁਕਾਓ ਹੋ ਜਾਣ ਕਾਰਨ ਉਸ ਨੇ ਇਹ ਨੌਕਰੀ ਲੈਣ ਤੋਂ ਨਾਂਹ ਕਰ ਦਿੱਤੀ। ਛੇਤੀ ਹੀ ਉਹ ਅੰਮ੍ਰਿਤਸਰ ਵਿਚ ਨਵੇਂ ਨਵੇਂ ਬਣੇ 'ਕਤ ਤੋੜ ਜਥਾ' ਜੋ ਸ਼ਾਂਤਮਈ ਅਕਾਲੀਆਂ ਵਿਚ ਗਰਮ ਸੁਰ ਰੱਖਦਾ ਸੀ, ਵਿਚ ਸ਼ਾਮਿਲ ਹੋ ਗਿਆ। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਵੱਲੋਂ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਕੁੰਜੀਆਂ ਆਪਣੇ ਕਬਜ਼ੇ ਵਿਚ ਲੈਣ ਵਿਰੁਧ ਜੱਦੋਜਹਿਦ ਦੇ ਜ਼ੋਰ ਫੜ੍ਹਨ ਉਤੇ ਸਰਕਾਰ ਨੇ ਅਕਾਲੀਆਂ ਦੀਆਂ ਕਾਨਫਰੰਸਾਂ ਰੋਕਣ ਲਈ 'ਸੀਡੀਸ਼ੀਅਸ ਮੀਟਿੰਗ ਐਕਟ' ਲਾਗੂ ਕੀਤਾ ਤਾਂ ਰਣਜੀਤ ਸਿੰਘ ਨੇ ਇਸ ਐਕਟ ਦੀ ਉਲੰਘਣਾ ਕਰਦਿਆਂ ਵੇਰਕਾ ਕਸਬੇ ਵਿਚ ਅਕਾਲੀ ਕਾਨਫਰੰਸ ਨੂੰ ਸੰਬੋਧਨ ਕੀਤਾ ਜਿਸ ਕਾਰਨ ਉਸ ਨੂੰ 22 ਫਰਵਰੀ 1922 ਨੂੰ ਤਿੰਨ ਮਹੀਨੇ ਕੈਦ ਦੀ ਸਜ਼ਾ ਦਿੱਤੀ ਗਈ। ਜੁਲਾਈ ਵਿਚ ਉਸ ਨੂੰ ਅੰਮ੍ਰਿਤਸਰ ਜ਼ਿਲ੍ਹਾ ਅਕਾਲੀ ਜਥੇ ਦਾ ਸੰਯੁਕਤ ਸਕੱਤਰ ਅਤੇ ਅਗਸਤ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਚੁਣਿਆ ਗਿਆ।

ਅਕਤੂਬਰ 1922 ਵਿਚ ਉਸ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਸਕੱਤਰ ਚੁਣੇ ਜਾਣ ਸਾਰ 3 ਅਕਤੂਬਰ ਨੂੰ ਗੁਰੂ ਕਾ ਬਾਗ ਦੇ ਮੋਰਚੇ ਬਾਰੇ ਦਿੱਤੇ ਭਾਸ਼ਣ ਕਾਰਨ ਜ਼ਾਬਤਾ ਫੌਜਦਾਰੀ ਦੀ ਧਾਰਾ 107 ਅਧੀਨ ਗ੍ਰਿਫਤਾਰ ਕੀਤਾ ਗਿਆ। ਪਹਿਲੀ ਨਵੰਬਰ ਨੂੰ ਅਦਾਲਤ ਨੇ ਉਸ ਨੂੰ ਇੱਕ ਸਾਲ ਲਈ ਚੰਗਾ ਵਿਹਾਰ ਰੱਖਣ ਦੀ ਸ਼ਰਤ ਲਾ ਕੇ ਜ਼ਮਾਨਤ ਉਤੇ ਛੱਡਣ ਦਾ ਫੈਸਲਾ ਸੁਣਾਇਆ, ਪਰ ਉਸ ਵੱਲੋਂ ਜ਼ਮਾਨਤ ਦੇਣ ਤੋਂ ਇਨਕਾਰ ਕੀਤੇ ਜਾਣ ਉਤੇ ਉਸ ਨੂੰ ਇੱਕ ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਉਸ ਨੂੰ ਮੋਰਚਾ ਖਤਮ ਹੋਣ ਪਿਛੋਂ ਬਾਕੀ ਲੀਡਰਾਂ ਦੇ ਨਾਲ ਹੀ ਮਾਰਚ 1923 ਵਿਚ ਰਿਹਾ ਕੀਤਾ ਗਿਆ।

ਸਾਲ 1923 ਦੌਰਾਨ ਅੰਮ੍ਰਿਤਸਰ ਸੈਂਟਰਲ ਸਿੱਖ ਲੀਗ ਦਾ ਸਪੈਸ਼ਲ ਸੈਸ਼ਨ ਇੰਤਜ਼ਾਮਣ ਵਿਚ ਉਸ ਨੇ ਮੋਹਰੀ ਰੋਲ ਅਦਾ ਕੀਤਾ। ਉਦੋਂ ਹੀ ਉਹ ਸ਼੍ਰੋਮਣੀ ਕਮੇਟੀ ਦਾ ਮੈਂਬਰ ਨਾਮਜ਼ਦ ਹੋਇਆ। ਜਦੋਂ ਅਕਾਲੀ ਸਾਜ਼ਿਸ਼ ਕੇਸ 'ਚ ਸਾਰੇ ਮੁੱਖ ਆਗੂ ਪੁਲਿਸ ਨੇ ਗ੍ਰਿਫਤਾਰ ਕਰ ਲਏ ਤਾਂ ਅਗਸਤ 1923 ਵਿਚ ਉਸ ਨੂੰ ਸਰਮੁੱਖ ਸਿੰਘ ਝਬਾਲ ਦੀ ਥਾਂ ਅਕਾਲੀ ਦਲ ਦੇ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ। ਨਾਲ ਹੀ ਸੈਂਟਰਲ ਸਿੱਖ ਲੀਗ ਦੇ ਜਨਰਲ ਸਕੱਤਰ ਅਤੇ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਦਾ ਮੈਂਬਰ ਬਣਾਇਆ ਗਿਆ।

ਨਵੰਬਰ ਮਹੀਨੇ ਉਸ ਵਿਰੁਧ ਕ੍ਰਿਮੀਨਲ ਲਾਅ ਅਮੈਂਡਮੈਂਟ ਐਕਟ ਦੀ ਧਾਰਾ 17 (2) ਅਧੀਨ ਮੁਕੱਦਮਾ ਚਲਾਇਆ ਗਿਆ, ਪਰ ਦੋਸ਼ ਸਿੱਧ ਨਾ ਹੋਣ ਕਾਰਨ ਉਹ ਬਰੀ ਹੋ ਗਿਆ। ਅਕਤੂਬਰ 1923 ਵਿਚ ਜਦੋਂ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਇਨ੍ਹਾਂ ਨਾਲ ਸਬੰਧਿਤ ਜਥੇਬੰਦੀਆਂ ਨੂੰ ਗੈਰ-ਕਾਨੂੰਨੀ ਐਲਾਨ ਕੇ ਮੁੱਖ ਸਿੱਖ ਆਗੂਆਂ ਨੂੰ ਗ੍ਰਿਫਤਾਰ ਕੀਤਾ ਤਾਂ ਉਹ ਕਿਸੇ ਤਰ੍ਹਾਂ ਪੁਲਿਸ ਦੇ ਹੱਥ ਆਉਣੋਂ ਬਚ ਗਿਆ। ਜੈਤੋ ਦੇ ਮੋਰਚੇ ਸਮੇਂ ਜੈਤੋ ਨੂੰ ਸ਼ਹੀਦੀ ਜਥੇ ਭੇਜਣੇ ਸ਼ੁਰੂ ਹੋਣ ਸਮੇਂ ਉਹ ਪਹਿਲੇ ਸ਼ਹੀਦੀ ਜਥੇ ਨਾਲ 'ਗਾਈਡ' ਬਣ ਕੇ ਗਿਆ। ਦਰਅਸਲ, ਪੁਲਿਸ ਉਸ ਨੂੰ ਜੈਤੋ ਦੇ ਮੋਰਚੇ ਦੇ ਸੰਚਾਲਕਾਂ ਵਿਚ ਮੰਨਦੀ ਸੀ। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਐਫ. ਐਮ. ਪਕਲ ਨੇ ਲਾਹੌਰ ਡਿਵੀਜ਼ਨ ਦੇ ਕਮਿਸ਼ਨਰ ਮਿਸਟਰ ਲਾਂਗਲੇ ਵੱਲ 31 ਮਾਰਚ 1924 ਨੂੰ ਲਿਖੇ ਪੱਤਰ ਵਿਚ ਜੈਤੋ ਦਾ ਮੋਰਚਾ ਚਲਾ ਰਹੇ ਪੰਜ ਅਕਾਲੀ ਆਗੂਆਂ ਵਿਚ ਉਸ ਦਾ ਨਾਂ ਪਹਿਲੇ ਨੰਬਰ ਉਤੇ ਰੱਖਿਆ ਹੈ।

ਇਸ ਮੋਰਚੇ ਵਿਚ ਜ਼ਿਲ੍ਹੇਵਾਰ ਜਥੇ ਭੇਜਣ ਦੀ ਯੋਜਨਾ ਵੀ ਰਣਜੀਤ ਸਿੰਘ ਦੀ ਹੀ ਉਲੀਕੀ ਹੋਈ ਸੀ। ਉਹ ਅਕਾਲੀ ਸਾਜ਼ਿਸ਼ ਕੇਸ ਵਿਚ ਫੜ੍ਹੇ ਗਏ ਲੀਡਰਾਂ ਵੱਲੋਂ ਅਦਾਲਤ ਵਿਚ ਨਾਮਿਲਵਰਤਣ ਕਰਨ ਦੇ ਪੱਖ ਵਿਚ ਸੀ ਜਿਸ ਕਾਰਨ ਆਗੂਆਂ ਨਾਲ ਉਸ ਦਾ ਵਿਚਾਰਧਾਰਕ ਵਿਰੋਧ ਹੋ ਗਿਆ। ਫਲਸਰੂਪ ਉਸ ਨੇ ਸ਼੍ਰੋਮਣੀ ਕਮੇਟੀ ਦੀ ਮੈਂਬਰੀ ਤੋਂ ਅਸਤੀਫਾ ਦੇ ਦਿੱਤਾ। ਰੂਪੋਸ਼ ਰਣਜੀਤ ਸਿੰਘ ਦਾ ਮੇਲ ਗਦਰੀ ਬਾਬਾ ਗੁਰਮੁਖ ਸਿੰਘ ਅਤੇ ਸ਼ਚਿੰਦਰ ਨਾਥ ਸਾਨਿਆਲ ਨਾਲ ਹੋਇਆ ਜਿਨ੍ਹਾਂ ਨੇ ਉਸ ਨੂੰ ਅੰਗਰੇਜ਼ ਸਰਕਾਰ ਖਿਲਾਫ ਹਥਿਆਰਬੰਦ ਜੱਦੋਜਹਿਦ ਵਿਚ ਅਫਗਾਨਿਸਤਾਨ ਦੇ ਹਾਕਮਾਂ ਦਾ ਸਹਿਯੋਗ ਲੈਣ ਵਾਸਤੇ ਕਾਬੁਲ ਜਾਣ ਲਈ ਕਿਹਾ ਤਾਂ ਉਹ ਅਪਰੈਲ 1924 ਵਿਚ ਕਾਬੁਲ ਪਹੁੰਚ ਗਿਆ।

ਕਾਬੁਲ ਵਿਚ ਕਿਆਮ ਦੌਰਾਨ ਰਣਜੀਤ ਸਿੰਘ ਨੇ ਪ੍ਰਸਿਧ ਦੇਸ਼ ਭਗਤ ਰਾਜਾ ਮਹਿੰਦਰ ਪਰਤਾਪ ਅਤੇ ਕਾਬੁਲ ਵਿਚ ਰਹਿ ਰਹੇ ਕਈ ਹੋਰ ਇਨਕਲਾਬੀਆਂ ਨਾਲ ਮੁਲਾਕਾਤਾਂ ਕੀਤੀਆਂ। ਉਸ ਨੇ ਅਫਗਾਨਿਸਤਾਨ ਵਿਚਲੇ ਗੁਰਦੁਆਰਿਆਂ ਨੂੰ ਸ਼੍ਰੋਮਣੀ ਕਮੇਟੀ ਨਾਲ ਜੋੜਨ ਦੇ ਯਤਨ ਕੀਤੇ,



ਪਰ ਗੱਲ ਨਾ ਬਣੀ। ਰਾਜਾ ਮਹਿੰਦਰ ਪਰਤਾਪ ਰਾਹੀਂ ਉਸ ਨੇ ਤੁਰਕੀ ਦੇ ਸਫੀਰ ਨਾਲ ਵੀ ਮੁਲਾਕਾਤ ਕੀਤੀ। ਤੁਰਕੀ ਦੇ ਸਫੀਰ ਨੇ ਰਣਜੀਤ ਸਿੰਘ ਦੀ ਗੱਲਬਾਤ ਸੁਣ ਕੇ ਸਿੱਖਾਂ ਵਲੋਂ ਅੰਗਰੇਜ਼ ਵਿਰੋਧੀ ਅੰਦੋਲਨ ਵਿੱਢੇ ਜਾਣ ਦੀ ਸੂਰਤ ਵਿਚ ਹਥਿਆਰ ਤੇ ਗੋਲੀ ਸਿੱਕਾ ਅਤੇ ਸਿੱਖ ਨੌਜਵਾਨਾਂ ਨੂੰ ਫੌਜੀ ਸਿਖਲਾਈ ਦੇਣ ਦਾ ਭਰੋਸਾ ਦਿੱਤਾ। ਕਰੀਬ ਦੋ ਮਹੀਨੇ ਕਾਬੁਲ ਰਹਿ ਕੇ ਜੂਨ 1924 ਵਿਚ ਉਥੋਂ ਵਾਪਸ ਆਇਆ। ਸ਼ਚਿੰਦਰ ਨਾਥ ਸਾਨਿਆਲ ਨੇ ਆਪਣੀ ਪੁਸਤਕ 'ਬੰਦੀ ਜੀਵਨ' ਵਿਚ ਰਣਜੀਤ ਸਿੰਘ ਦੀ ਇਸ ਮੁਹਿੰਮ ਦਾ ਜ਼ਿਕਰ ਕੀਤਾ ਹੈ।

ਰਣਜੀਤ ਸਿੰਘ ਨੂੰ ਸਾਹਿਤ ਰਚਨਾ ਦੀ ਲਗਨ ਵੀ ਸੀ। ਉਹ ਆਪਣੀਆਂ ਲਿਖਤਾਂ ਵਿਚ 'ਤਾਜਵਰ' ਤਖੱਲਸ ਦੀ ਵਰਤੋਂ ਕਰਦਾ ਸੀ। 1924 ਦੇ ਅਰੰਭ ਵਿਚ ਉਸ ਨੇ 'ਖੂਨੀ ਕਫਨ' ਪੁਸਤਕ ਪ੍ਰਕਾਸ਼ਿਤ ਕਰਵਾਈ। ਉਸ ਦਾ ਲਿਖਿਆ ਲਘੂ ਕਾਵਿ-ਕਿਤਾਬਚਾ 'ਗੋਰੇ ਅਤੇ ਕਾਲੇ ਦੇ ਸਵਾਲ ਜਵਾਬ' ਵੀ ਇਨ੍ਹੀਂ ਦਿਨੀਂ ਪ੍ਰਕਾਸ਼ਿਤ ਹੋਇਆ। ਇਨ੍ਹਾਂ ਪੁਸਤਕਾਂ ਦੀ ਸੁਰ ਅੰਗਰੇਜ਼ ਵਿਰੋਧੀ ਸੀ ਜਿਸ ਕਾਰਨ ਸਰਕਾਰ ਨੇ ਇਨ੍ਹਾਂ ਦੋਵਾਂ ਪੁਸਤਕਾਂ ਨੂੰ ਜ਼ਬਤ ਕਰ ਲਿਆ ਅਤੇ ਇਸ ਦੇ ਲੇਖਕ ਵਜੋਂ ਉਸ ਵਿਰੁਧ ਮੁਕੱਦਮਾ ਦਰਜ ਕੀਤਾ ਗਿਆ। ਜਦੋਂ ਪੁਲਿਸ ਉਸ ਨੂੰ ਲੱਭਣ ਵਿਚ ਅਸਫਲ ਰਹੀ ਤਾਂ ਉਸ ਦੇ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਗਏ। ਕਾਬੁਲ ਤੋਂ ਅੰਮ੍ਰਿਤਸਰ ਵਾਪਸ ਆਉਣ 'ਤੇ ਉਸ ਨੂੰ ਆਪਣੇ ਵਾਰੰਟਾਂ ਦਾ ਪਤਾ ਲੱਗਾ ਤਾਂ ਉਹ ਵਾਪਸ ਕਾਬੁਲ ਜਾਣ ਲਈ ਚੱਲ ਪਿਆ, ਪਰ ਰਸਤੇ ਵਿਚ 7 ਜੁਲਾਈ 1924 ਨੂੰ ਸ਼ਬਕਦਰ ਦੇ ਸਥਾਨ ਉਤੇ ਗ੍ਰਿਫਤਾਰ ਕਰ ਲਿਆ ਗਿਆ। ਉਸ ਨੂੰ ਅੰਮ੍ਰਿਤਸਰ ਲਿਆ ਕੇ ਮੁਕੱਦਮਾ ਚਲਾਇਆ ਗਿਆ। ਉਸ ਨੇ ਅਦਾਲਤ ਨਾਲ ਨਾਮਿਲਵਰਤਣ ਦੀ ਨੀਤੀ ਉਤੇ ਚੱਲਦਿਆਂ ਕੋਈ ਵੀ ਬਿਆਨ ਦੇਣ ਤੋਂ ਨਾਂਹ ਕਰ ਦਿੱਤੀ। ਸਤੰਬਰ ਮਹੀਨੇ ਸੁਣਾਏ ਫੈਸਲੇ ਅਨੁਸਾਰ ਉਸ ਨੂੰ ਦੋਹਾਂ ਮੁਕੱਦਮਿਆਂ ਵਿਚ ਹਿੰਦ ਦੰਡਾਵਲੀ ਦੀ ਧਾਰਾ 124-ਏ ਅਧੀਨ ਚਾਰ ਸਾਲ ਕੈਦ ਬਾਮੁਸ਼ੱਕਤ ਅਤੇ ਚਾਰ ਸੌ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ। ਉਸ ਨੇ ਜੁਲਾਈ 1925 ਵਿਚ ਸਜ਼ਾ ਵਿਰੁਧ ਹਾਈ ਕੋਰਟ ਵਿਚ ਅਪੀਲ ਕੀਤੀ ਤਾਂ 'ਗੋਰੇ ਅਤੇ ਕਾਲੇ ਦੇ ਸਵਾਲ ਜਵਾਬ' ਮਾਮਲੇ ਦੀ ਸਜ਼ਾ ਰੱਦ ਹੋ ਗਈ ਪਰ ਦੂਜੇ ਕੇਸ 'ਚ ਸਜ਼ਾ ਕਾਇਮ ਰਹੀ।

ਰਣਜੀਤ ਸਿੰਘ ਨੂੰ ਰਾਵਲਪਿੰਡੀ ਜੇਲ੍ਹ ਵਿਚ ਭੇਜਿਆ ਗਿਆ ਜਿਥੋਂ ਉਸ ਨੂੰ 5 ਜੂਨ 1926 ਨੂੰ ਰਿਹਾ ਕੀਤਾ ਗਿਆ। ਉਹ ਉਨ੍ਹਾਂ ਅਕਾਲੀ ਆਗੂਆਂ ਵਿਚੋਂ ਸੀ ਜਿਨ੍ਹਾਂ ਨਾਲ ਕੁਝ ਸਾਲ ਪਹਿਲਾਂ ਪ੍ਰਸਿਧ ਦੇਸ਼ ਭਗਤ ਸ਼ਚਿੰਦਰ ਨਾਥ ਸਾਨਿਆਲ ਨੇ 'ਸਾਂਝੀਵਾਲ' ਨਾਮੀ ਗੁਪਤ ਜਥੇਬੰਦੀ ਬਣਾਉਣ ਬਾਰੇ ਸਲਾਹ ਕੀਤੀ ਸੀ। ਇਸ ਲਈ ਜੇਲ੍ਹ ਤੋਂ ਰਿਹਾ ਹੋਣ ਪਿਛੋਂ ਉਸ ਨੇ 'ਸਾਂਝੀਵਾਲ' ਨਾਂ ਦਾ ਪਰਚਾ ਕੱਢਣ ਦੀ ਯੋਜਨਾ ਬਣਾਈ। ਇਹ ਯੋਜਨਾ ਤਾਂ ਅਮਲੀ ਰੂਪ ਧਾਰਨ ਨਾ ਕਰ ਸਕੀ, ਪਰ ਜਦੋਂ 'ਕਿਰਤੀ' ਦੇ ਸੰਪਾਦਕ ਸੋਹਨ ਸਿੰਘ 'ਜੋਸ਼' ਅਤੇ ਅਰਜਨ ਸਿੰਘ 'ਗੜਗੱਜ' ਨੂੰ ਸਰਕਾਰ ਨੇ ਮੁਕੱਦਮਿਆਂ ਵਿਚ ਉਲਝਾ ਲਿਆ ਤਾਂ 'ਕਿਰਤੀ' ਦੀ ਸੰਪਾਦਨਾ ਦੀ ਜ਼ਿੰਮੇਵਾਰੀ ਰਣਜੀਤ ਸਿੰਘ 'ਤਾਜਵਰ' ਨੂੰ ਸੌਂਪੀ ਗਈ। ਉਹ ਜਥੇਦਾਰ ਤੇਜਾ ਸਿੰਘ ਭੁੱਚਰ ਵੱਲੋਂ ਸ਼ੁਰੂ ਕੀਤੇ ਅਖਬਾਰ 'ਬੱਬਰ ਸ਼ੇਰ' ਦੇ ਸੰਪਾਦਕੀ ਮੰਡਲ ਵਿਚ ਵੀ ਸ਼ਾਮਲ ਰਿਹਾ ਅਤੇ ਕੁਝ ਸਮਾਂ 'ਕ੍ਰਿਪਾਨ ਬਹਾਦਰ' ਵਿਚ ਵੀ ਕੰਮ ਕੀਤਾ।

ਰਣਜੀਤ ਸਿੰਘ 'ਤਾਜਵਰ' ਦੇਸ਼ ਦੀ ਆਜ਼ਾਦੀ ਲਈ ਸੰਘਰਸ਼ਸ਼ੀਲ ਸੀ ਅਤੇ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਨੂੰ ਇਹੋ ਪ੍ਰੇਰਨਾ ਦਿੰਦੀਆਂ ਸਨ। ਅਖਬਾਰਾਂ, ਰਸਾਲਿਆਂ ਵਿਚ ਛਪੀਆਂ ਫੁਟਕਲ ਕਵਿਤਾਵਾਂ ਤੋਂ ਇਲਾਵਾ ਉਸ ਦੀਆਂ ਰਚੀਆਂ ਚਾਰ ਪੁਸਤਕਾਂ ਮਿਲਦੀਆਂ ਹਨ। 'ਖੂਨੀ ਕਫਨ' ਜਿਸ ਦੇ ਨਾਂ ਦੀ ਵਿਆਖਿਆ ਉਸ ਨੇ "ਹਿਰਦੇਵੇਧਕ ਬਦਨਸੀਬ ਭਾਰਤ ਦੇ ਬੱਚਿਆਂ 'ਤੇ ਹੋਏ ਜ਼ੁਲਮਾਂ ਦਾ ਅਸਲੀ ਫੋਟੋ ਅਰਥਾਤ ਸਾਡੇ ਸਿਰਤਾਜ ਸ਼ਹੀਦਾਂ ਦਾ ਖੂਨੀ ਕਫਨ ਪਹਿਨ ਕੇ ਸਤਿਗੁਰੂ ਜੀ ਦੇ ਦਰਬਾਰ ਵਿਚ ਦਾਖਲ ਹੋ ਕੇ ਸ਼ਹੀਦੀ ਪਿਆਲਾ ਛਕਣਾ" ਲਿਖ ਕੇ ਕੀਤੀ ਹੈ। ਬਾਕੀ ਤਿੰਨ ਪੁਸਤਕਾਂ ਸਨ: 'ਗੋਰੇ ਅਤੇ ਕਾਲੇ ਦੇ ਸਵਾਲ ਜਵਾਬ', 'ਸ਼ਹੀਦੀ ਪ੍ਰਵਾਨਾ' ਅਤੇ 'ਰਣਜੀਤ ਹੁਲਾਰੇ'।

ਪਹਿਲੀ ਪੁਸਤਕ ਵਿਚ ਕਲਪਿਤ ਪਾਤਰ ਰਾਮ ਮੁਹੰਮਦ ਸਿੰਘ ਆਪਣੇ ਸਫਰ ਅਤੇ ਤਜਰਬੇ ਦੀ ਕਥਾ ਆਪਣੀ ਜ਼ੁਬਾਨੀ ਬਿਆਨ ਕਰਦਾ ਹੈ। ਲੇਖਕ ਦਾ ਕਹਿਣਾ ਹੈ ਕਿ "ਪਾਠਕ ਜਨ ਇਸ ਕਿਤਾਬ ਨੂੰ ਪੜ੍ਹ ਕੇ ਇਸ ਦੇ ਅਸਲ ਮੰਤਵ ਨੂੰ ਸਮਝਣ ਤੇ ਉਸ ਦੇ ਮੁਜਬ ਸਿਰਤੋੜ ਕੋਸ਼ਿਸ਼ ਕਰਕੇ ਗੈਰ-ਹਕੂਮਤ ਦੇ ਹੱਥੋਂ ਭਾਰਤ ਮਾਤਾ ਦਾ ਛੁਟਕਾਰਾ ਕਰਾਉਣ ਦਾ ਯਤਨ ਕਰਨ।" ਕਹਾਣੀ ਦੀ ਲੋੜ ਅਨੁਸਾਰ ਲੇਖਕ ਕਿਧਰੇ ਬਿਆਨੀਆ ਸ਼ੈਲੀ ਵਰਤਦਾ ਹੈ ਅਤੇ ਕਿਧਰੇ ਨਾਟਕੀ ਸ਼ੈਲੀ। ਕਥਨ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਥਾਂ ਥਾਂ ਕਾਵਿ-ਰਚਨਾ ਨੂੰ ਵੀ ਸਥਾਨ ਦਿੱਤਾ ਗਿਆ ਹੈ। 'ਗੋਰੇ ਅਤੇ ਕਾਲੇ ਦੇ ਸਵਾਲ ਜਵਾਬ' ਜਿਸ ਨੂੰ ਕਵੀ ਨੇ 'ਕਾਲੇ ਤੇ ਗੋਰੇ ਦੇ ਸਵਾਲ ਜਵਾਬ ਅਰਥਾਤ ਗੋਰੇਸ਼ਾਹੀ ਢੋਲ ਦਾ ਪੋਲ' ਵੀ ਕਿਹਾ ਹੈ, ਪੈਂਤੀ ਅੱਖਰੀ ਦੇ ਰੂਪ ਵਿਚ ਲਿਖੀ ਲੰਮੀ ਕਵਿਤਾ ਹੈ ਜਿਸ ਵਿਚ ਗੋਰਾ ਬ੍ਰਿਟਿਸ਼ ਰਾਜ ਦੀਆਂ ਬਰਕਤਾਂ ਦਾ ਬਿਆਨ ਕਰਦਾ ਹੈ ਅਤੇ ਸਥਾਨਕ ਵਿਅਕਤੀ ਕਾਲਾ ਬ੍ਰਿਟਿਸ਼ ਸਰਕਾਰ ਦੀਆਂ ਬਰਕਤਾਂ ਪਿਛਲੇ ਸਵਾਰਥੀ ਮੰਤਵ ਨੂੰ ਖੋਲ੍ਹਦਾ ਹੈ। 'ਰਣਜੀਤ ਹੁਲਾਰੇ' ਪੁਸਤਕ ਦੇ ਦੋ ਭਾਗ ਹਨ। ਦੂਜੇ ਭਾਗ ਨੂੰ 'ਰਣਜੀਤ ਹੁਲਾਰੇ' ਅਰਥਾਤ 'ਅੰਮ੍ਰਿਤਸਰ ਜੇਲ੍ਹ ਦੀ ਸੌਗਾਤ' ਨਾਂ ਦਿੱਤਾ ਗਿਆ ਹੈ ਕਿਉਂ ਜੋ 'ਤਾਜਵਰ' ਨੇ ਇਸ ਦੀ ਰਚਨਾ ਅੰਮ੍ਰਿਤਸਰ ਜੇਲ੍ਹ ਵਿਚ ਬੰਦੀ ਜੀਵਨ ਭੋਗਦਿਆਂ ਕੀਤੀ ਸੀ। 'ਸ਼ਹੀਦੀ ਪ੍ਰਵਾਨਾ' ਉਸ ਦੀ ਇੱਕ ਹੋਰ ਕਾਵਿ ਪੁਸਤਕ ਹੈ। ਪਿਛਲੀਆਂ ਦੋਵਾਂ ਪੁਸਤਕਾਂ ਵਿਚ ਦੇਸ਼ ਪ੍ਰੇਮ ਨੂੰ ਪ੍ਰਗਟਾਉਂਦੀਆਂ ਕਵਿਤਾਵਾਂ ਸੰਗ੍ਰਹਿਤ ਹਨ।

ਕਬਿਤ ਛੰਦ ਵਿਚ ਲਿਖੀ ਉਸ ਦੀ ਕਵਿਤਾ 'ਸਾਡਾ ਸਿਰੜ' ਦਾ ਇੱਕ ਬੰਦ ਇਉਂ ਹੈ:

ਭਾਵੇਂ ਹੁਣ ਕਿੰਨਾ ਵੀ ਤੂੰ ਕਰ ਤੰਗ ਸਾਨੂੰ,
ਅਸੀਂ ਫਿਰ ਵੀ
ਗੁਲਾਮ ਤਾਬੇਦਾਰ ਨਾ ਕਹਾਵਾਂਗੇ।
ਸਿਰਾਂ ਉਤੇ ਝੱਲ ਕੇ ਮੁਸੀਬਤਾਂ ਖਵਾਰੀਆਂ ਨੂੰ,
ਹਿੰਦ 'ਤੇ ਆਜ਼ਾਦੀ ਦੇ ਨਿਸ਼ਾਨ ਨੂੰ ਝੁਲਾਵਾਂਗੇ।
ਤੋਪ ਤੇ ਮਸ਼ੀਨ ਗੰਨ, ਬੰਬ ਤੇ ਬੰਦੂਕਾਂ ਪਾਸੋਂ,
ਡਰ ਕੇ ਨਾ ਅਸੀਂ ਕਦੀ ਮੁਖੜਾ ਛੁਪਾਵਾਂਗੇ।
ਦਿਨੇਂ ਰਾਤੀਂ ਸਾਡੇ ਉਤੇ
ਕਰੇਗਾ ਵਧੀਕੀਆਂ ਜੋ,
'ਤਾਜਵਰ' ਬਾਂਦਰੀ ਦੇ ਵਾਂਗ ਚਾ ਨਚਾਵਾਂਗੇ।

ਇਹ ਤਾਂ ਹੋ ਨਹੀਂ ਸਕਦਾ ਕਿ ਵੀਹਵੀਂ ਸਦੀ ਦੇ ਚੌਥੇ ਦਹਾਕੇ ਤਕ ਸੁਤੰਤਰਤਾ ਸੰਗਰਾਮ ਅਤੇ ਸਾਹਿਤਕ ਖੇਤਰ ਵਿਚ ਸਰਗਰਮ ਭੂਮਿਕਾ ਨਿਭਾਉਣ ਵਾਲਾ ਰਣਜੀਤ ਸਿੰਘ 'ਤਾਜਵਰ' ਅਚਾਨਕ ਗੈਰ-ਸਰਗਰਮ ਹੋ ਗਿਆ ਹੋਵੇ, ਪਰ ਅਫਸੋਸਨਾਕ ਤੇ ਦੁਖਦਾਈ ਤੱਥ, ਜੋ ਸਾਡੀ ਬੌਧਿਕ ਗਰੀਬੀ ਦਾ ਪ੍ਰਮਾਣ ਵੀ ਹੈ, ਇਹ ਹੈ ਕਿ ਉਸ ਬਾਰੇ ਇਸ ਪਿਛੋਂ ਕੋਈ ਸੂਚਨਾ ਨਹੀਂ ਮਿਲਦੀ।

## ਕਾਵਿ ਜਗਤ

### ਵਣਜਾਰਾ

ਪਿੰਡ ਸਾਡੇ ਵਿਚ ਜਦ ਕਦੇ
ਵਣਜਾਰਾ ਆਉਂਦਾ ਸੀ,
'ਵੰਗਾਂ ਚੜ੍ਹਾ ਲਓ ਕੁੜੀਓ ਨੀ'
ਉਹ ਹੋਕਾ ਲਾਉਂਦਾ ਸੀ।

ਕੋਈ ਚੂੜੀਆਂ, ਕੋਈ ਗਜਰਾ
ਕੋਈ ਤਾਂ ਲੈ ਲਓ ਕੋਕਾ,
ਗਲੀ ਗਲੀ ਦੇ ਵਿਚ ਵਣਜਾਰਾ
ਦੇਂਦਾ ਫਿਰਦਾ ਹੋਕਾ।
ਕੋਈ ਆਟਾ ਗੁੰਨਦੀ ਭੱਜੀ
ਕੋਈ ਰਲਾਉਂਦੀ ਵੰਡਾਂ,
ਕੋਈ ਕਹਿੰਦੀ ਮਾਂ ਰੋਟੀ ਥੱਲੀਂ
ਮੈਂ ਚੜ੍ਹਾਉਣੀਆਂ ਵੰਗਾਂ।

ਕੋਈ ਕਾਹਲੀ ਦੇ ਵਿਚ ਚੁੰਨੀ
ਸਿਰ 'ਤੇ ਲੈਣੀ ਭੁੱਲੀ,
ਭੱਜ ਭੱਜ ਕੁੜੀਆਂ ਆਈਆਂ
ਗਲੀ 'ਚ ਜਿਵੇਂ ਹਨੇਰੀ ਝੁੱਲੀ।
ਕੋਈ ਭਾਤੀ ਮਾਰ ਗਈ ਹੈ
ਬੂਹੇ ਵਿਚ ਖਲੋ ਕੇ,
ਹੁਣੇ ਮੈਂ ਆਈ ਕਹਿੰਦੀ
ਲਿਬੜੇ ਹੱਥ ਗੋਹੇ ਦੇ ਧੋ ਕੇ।

ਕੁੜੀਆਂ ਨੇ ਭੱਜ ਭੱਜ 'ਵਾਜਾਂ
ਇਕ ਦੂਜੀ ਨੂੰ ਲਾਈਆਂ,
ਘਰਾਂ ਵਿਚੋਂ ਭੱਜ ਭੱਜ ਆਈਆਂ
ਨਣਦਾਂ ਅਤੇ ਭਰਜਾਈਆਂ।
ਨਣਦ ਕਹੇ ਇਕ ਭਾਬੀ ਨੂੰ
ਆ ਵੰਗਾਂ ਦਿਆਂ ਚੜ੍ਹਾ ਕੇ,
ਕੱਲ ਨੂੰ ਵੀਰੇ ਛੁੱਟੀ ਆਉਣਾ
ਖੁਸ਼ ਕਰ ਦਈਂ ਛਣਕਾ ਕੇ।

ਕੋਈ ਸੀ ਮੁੰਦੀ, ਕੋਈ ਛੱਲਾ
ਕੋਈ ਝਾਂਜਰਾਂ ਲੈਂਦੀ,
ਕੋਈ ਲੈਂਦੀ ਨਹੁੰ ਪਾਲਸ਼ਾਂ
ਕੋਈ ਲੈਂਦੀ ਸੀ ਮਹਿੰਦੀ।
ਕੋਈ ਸ਼ੀਸ਼ਾ ਲੈਂਦੀ ਨਿੱਕਾ
ਕੋਈ ਸੀ ਲੈਂਦੀ ਕੰਘੇ,
ਕੋਈ ਸਿਰ ਦੀਆਂ ਸੂਈਆਂ ਲੈਂਦੀ
ਕੋਈ ਗਾਨੀ ਪਈ ਮੰਗੇ।

ਵਣਜਾਰੇ ਦੇ ਚਾਰ ਚੁਫੇਰੇ
ਜਿਵੇਂ ਟਹਿਕਦੇ ਤਾਰੇ,
ਦਿਲ ਦੇ ਵੱਟੇ ਕੱਚ ਵੇਚਦਾ
ਵੇਖੋ ਅਜਬ ਨਜ਼ਾਰੇ।
ਫੁੱਲਾਂ ਜਿਹੀਆਂ ਕੁੜੀਆਂ ਦੇ ਬਈ
ਹਵਾ 'ਚ ਰਲਦੇ ਹਾਸੇ,
ਇਕ ਵਣਜਾਰਾ ਮਾਲੀ ਬਣਿਆ
ਬਾਗ ਤਾਂ ਚਾਰੇ ਪਾਸੇ।

ਸੱਜ ਵਿਆਹੀਆਂ ਕਹਿੰਦੀਆਂ
ਕੱਲ ਨੂੰ ਹੈ ਜਾਣਾ ਵਾਂਢੇ,
ਨਾਗਾਂ ਵਰਗੇ ਦੇਈਂ ਖਾਂ ਕਾਲੇ
ਵੇ ਗੁੱਤਾਂ ਦੇ ਪਰਾਂਦੇ।
ਇਕ ਦੂਜੀ ਨੂੰ ਕਰਨ ਮਖੌਲਾਂ
ਜੁੜੀਆਂ ਹੋਈਆਂ ਸਖੀਆਂ,
ਗੁੜ ਦਾ ਠੇਲਾ ਹੈ ਵਣਜਾਰਾ
ਕੁੜੀਆਂ ਜਾਪਣ ਮੱਖੀਆਂ।

ਨੌਜਵਾਨ ਮੁਟਿਆਰਾਂ ਕੁੜੀਆਂ
ਦਿਲ ਦੇ ਵਿਚ ਨੇ ਸੰਗਾਂ,
ਫੜ੍ਹ ਫੜ੍ਹ ਹੱਥ ਚੜ੍ਹਾਉਂਦਾ ਜਾਵੇ
ਹਰ ਇਕ ਦੇ ਹੀ ਵੰਗਾਂ।
ਮਾਂ ਦੇ ਕੋਲੋਂ ਫੜ੍ਹ ਕੇ ਲਿਆਈਆਂ
ਮੁੱਠੀ ਵਿਚ ਰੁਪਈਏ,
ਵਣਜਾਰੇ ਨੂੰ ਕਰਨ ਮਖੌਲਾਂ
ਕੱਚ ਦਾ ਮੁੱਲ ਕੀ ਦੇਈਏ!

ਹੱਸ ਕੇ ਕਹਿੰਦਾ ਵਣਜਾਰਾ
ਮੁੱਲ ਕੀ ਮੈਂ ਮੰਗਾਂ,
ਸਦਾ ਹੀ ਰਹਿਣ ਛਣਕਦੀਆਂ
ਤੁਹਾਡੇ ਹੱਥ ਵਿਚ ਵੰਗਾਂ।
ਕਹਿੰਦਾ ਫਿਰ ਵਣਜਾਰਾ ਕੁੜੀਓ
ਗੱਲ ਸੁਣੋ ਨੀ ਮੇਰੀ,
ਤੁਹਾਡੇ ਹਾਸੇ ਵਿਚੋਂ ਚਲਦੀ
ਨੀ ਰੋਜ਼ੀ ਰੋਟੀ ਮੇਰੀ।

ਕੀ ਪਤਾ ਫਿਰ ਕਦੋਂ ਮੈਂ ਆਵਾਂ
ਕਿਹੜੇ ਪਿੰਡ ਨੂੰ ਜਾਵਾਂ,
'ਗੁਲਾਮੀ ਵਾਲਿਆ' ਵਣਜਾਰੇ ਦੀ
ਹੁੰਦੀਆਂ ਨਹੀ ਕੋਈ ਥਾਂਵਾਂ।

*-ਬੂਟਾ ਗੁਲਾਮੀ ਵਾਲਾ, ਮੋਗਾ*
*ਫੋਨ: 91-94171-97395*

### ਰੀਣ

ਕਹਿੰਦੇ ਰੀਣ 'ਚ ਮਿੱਟੀ ਹੁੰਦੀ।
ਰੀਣ ਵੀ ਤਾਂ ਰਹਿੰਦ-ਖੂੰਹਦ ਹੈ
ਬਚ ਗਈ ਜੋ ਖਲਵਾੜੇ ਤੋਂ।

ਗਰੀਬ ਲਈ ਕੁਝ ਨਾ ਕੁਝ
ਕਚਮਰੜ ਦਾਣਾ ਜਾਂ ਤੂੜੀ ਟੁੱਟੀ ਫੁੱਟੀ
ਡੰਗ ਸਾਰ ਹੀ ਦਿੰਦੀ ਵਕਤੀਂ
ਬਹੁਤਾ ਨਹੀਂ ਪਰ ਥੋੜ੍ਹਾ ਥੋੜ੍ਹਾ।

ਛੋਟਾ ਕਿਸਾਨ ਵੀ ਕੱਟਦਾ ਢਿੱਡ ਕਾਮੇ ਦਾ
ਕਹਿੰਦਾ ਹੁੱਬ ਕੇ ਜਦ,
"ਮਾੜੀ ਧੜ ਚਮਾਰੜੀ।"
ਤੁੰਨ ਤੁੰਨ ਕੇ ਭਰਿਆ ਪਾਸਾ ਉਹਦਾ,
ਖੁੱਲ੍ਹਾ ਹਵਾ 'ਚ ਉਡਦਾ ਹਿੱਸਾ ਕਾਮੇ ਦਾ।

ਇਹੀ ਹੈ ਖਾਸਾ ਲੁੱਟ-ਖਸੁੱਟ ਦਾ
ਛੋਟੇ ਵਰਗ ਤੋਂ ਸ਼ੁਰੂ ਹੋ ਜਾਂਦਾ।
ਵੱਡੀ ਮੱਛੀ ਛੋਟੀ ਨੂੰ ਖਾਂਦੀ
ਇਹੋ ਹੈ ਸਿਧਾਂਤ ਡਾਰਵਿਨ ਦਾ।

*-ਦਰਸ਼ਨਪਾਲ ਦੋਸਾਂਝ*

# ਦਾਦਾ ਸਾਹਿਬ ਫਾਲਕੇ ਐਵਾਰਡ 2017 ਦਾ ਜੇਤੂ ਵਿਨੋਦ ਖੰਨਾ

**ਭੀਮ ਰਾਜ ਗਰਗ, ਚੰਡੀਗੜ੍ਹ**
**ਫੋਨ: 91-98765-45157**






ਫਿਲਮ 'ਮਨ ਕਾ ਮੀਤ' ਦਾ ਪੋਸਟਰ



ਫਿਲਮ 'ਮੇਰਾ ਗਾਂਵ ਮੇਰਾ ਦੇਸ਼' ਦੇ ਇਕ ਦ੍ਰਿਸ਼ 'ਚ



ਫਿਲਮ 'ਅਚਾਨਕ' ਦੇ ਇਕ ਦ੍ਰਿਸ਼ 'ਚ

65ਵੇਂ ਰਾਸ਼ਟਰੀ ਫਿਲਮ ਪੁਰਸਕਾਰਾਂ ਦੀ ਘੋਸ਼ਣਾ ਪਿਛਲੇ ਦਿਨੀਂ ਨਵੀਂ ਦਿੱਲੀ ਵਿਖੇ ਕੀਤੀ ਗਈ। ਭਾਰਤੀ ਫਿਲਮਾਂ ਦਾ ਸਿਰਮੌਰ ਐਵਾਰਡ 'ਦਾਦਾ ਸਾਹਿਬ ਫਾਲਕੇ ਐਵਾਰਡ' ਇਸ ਵਾਰ ਫਿਲਮ ਅਭਿਨੇਤਾ ਵਿਨੋਦ ਖੰਨਾ ਨੂੰ ਦੇਣ ਦਾ ਐਲਾਨ ਕੀਤਾ ਗਿਆ। ਇਹ ਐਵਾਰਡ ਭਾਰਤ ਦੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ 3 ਮਈ 2018 ਨੂੰ ਪ੍ਰਦਾਨ ਕਰਨਗੇ।

ਵਿਨੋਦ ਖੰਨਾ ਹਿੰਦੀ ਸਿਨੇਮਾ ਦੇ ਲੀਜੈਂਡ 'ਚੋਂ ਇੱਕ ਸਨ। ਅਜਿਹਾ ਕਦੇ ਕਦਾਈਂ ਹੀ ਹੋਇਆ ਹੈ ਕਿ ਕੋਈ ਐਕਟਰ ਫਿਲਮਾਂ 'ਚ ਖਲਨਾਇਕ ਰਿਹਾ ਹੋਵੇ ਅਤੇ ਉਹ ਸਫਲ ਹੀਰੋ ਵੀ ਬਣ ਜਾਵੇ। ਜ਼ਿਕਰਯੋਗ ਹੈ ਕਿ ਵਿਨੋਦ ਖੰਨਾ ਦਾ ਮਿਹਨਤਾਨਾ ਆਪਣੇ ਜ਼ਮਾਨੇ ਦੇ ਹੀਰੋ ਅਮਿਤਾਭ ਬੱਚਨ, ਜਤਿੰਦਰ, ਰਿਸ਼ੀ ਕਪੂਰ ਨਾਲੋਂ ਵੱਧ ਹੁੰਦਾ ਸੀ। ਵਿਨੋਦ ਖੰਨਾ ਦਾ ਜੀਵਨ ਇੱਕ ਰੋਲਰ-ਕੋਸਟਰ ਦੀ ਰਾਈਡ ਵਾਂਗ ਸੀ। ਫਿਲਮੀ ਦੁਨੀਆਂ ਦੀ ਚਕਾਚੌਂਧ ਨੂੰ ਓਸ਼ੋ ਦੇ ਕਮਯੂਨ ਦੀ ਆਵਾਜ਼ ਨੇ ਧੁੰਦਲਾ ਪਾ ਦਿੱਤਾ ਸੀ। ਵਿਨੋਦ ਖੰਨਾ ਦਾ ਸਿਆਸੀ ਜੀਵਨ ਜੇ ਗੌਰਵਸ਼ਾਲੀ ਸੀ ਤਾਂ ਫਿਲਮੀ ਜੀਵਨ ਉਸ ਨਾਲੋਂ ਵੀ ਸ਼ਾਨਦਾਰ ਸੀ। ਫਿਲਮ 'ਮੇਰੇ ਅਪਨੇ' ਵਿਚ ਮੀਨਾ ਕੁਮਾਰੀ ਨਾਲ ਵਿਨੋਦ ਖੰਨਾ ਵਲੋਂ ਨਿਭਾਏ ਸੰਵੇਦਨਸ਼ੀਲ ਕਿਰਦਾਰ ਨੂੰ ਭਲਾ ਕੌਣ ਭੁਲਾ ਸਕਦਾ ਹੈ? ਫਿਲਮ 'ਅਚਾਨਕ' ਵਿਚ ਉਸ ਵਲੋਂ ਨੇਵੀ ਅਫਸਰ ਦੀ ਨਿਭਾਈ ਭੂਮਿਕਾ ਦੀ ਤਾਂ ਆਲੋਚਕਾਂ ਨੇ ਵੀ ਖੂਬ ਸ਼ਲਾਘਾ ਕੀਤੀ ਸੀ।

ਵਿਨੋਦ ਖੰਨਾ ਦਾ ਜਨਮ 6 ਅਕਤੂਬਰ 1946 ਨੂੰ ਪੇਸ਼ਾਵਰ (ਪਾਕਿਸਤਾਨ) ਵਿਖੇ ਇੱਕ ਪੰਜਾਬੀ ਪਰਿਵਾਰ ਵਿਚ ਹੋਇਆ ਸੀ। ਉਸ ਦੇ ਪਿਤਾ ਕਿਸ਼ਨਚੰਦ ਟੈਕਸਟਾਈਲ ਡਾਇੰਗ ਤੇ ਰਸਾਇਣਾਂ ਦਾ ਕਾਰੋਬਾਰ ਕਰਦੇ ਸਨ। ਉਸ ਦਾ ਪਰਿਵਾਰ ਦੇਸ਼ ਦੀ ਵੰਡ ਮਗਰੋਂ ਪੇਸ਼ਾਵਰ ਤੋਂ ਮੁੰਬਈ ਜਾ ਵੱਸਿਆ ਸੀ। ਵਿਨੋਦ ਨੇ ਮੁੰਬਈ ਦੇ ਮਸ਼ਹੂਰ ਕੁਈਨ ਮੈਰੀ ਸਕੂਲ ਤੇ ਸੇਂਟ ਜੇਵੀਅਰ ਹਾਈ ਸਕੂਲ ਤੋਂ ਮੁਢਲੀ ਸਿਖਿਆ ਪ੍ਰਾਪਤ ਕੀਤੀ। 1957 ਵਿਚ ਉਸ ਦੇ ਪਿਤਾ ਕਾਰੋਬਾਰ ਦੇ ਸਬੰਧ ਵਿਚ ਦਿੱਲੀ ਆ ਗਏ, ਇੱਥੇ ਵਿਨੋਦ ਨੂੰ ਮਥੁਰਾ ਰੋਡ ਵਾਲੇ ਦਿੱਲੀ ਪਬਲਿਕ ਸਕੂਲ ਵਿਚ ਦਾਖਲ ਕਰਵਾਇਆ ਗਿਆ। ਵਿਨੋਦ ਨੇ ਪੜ੍ਹਾਈ ਦੇ ਨਾਲ ਨਾਲ ਖੇਡਾਂ 'ਚ ਹਿੱਸਾ ਲਿਆ ਅਤੇ ਥੀਏਟਰ ਵੀ ਕੀਤਾ। ਉਹ ਜਦੋਂ 13 ਸਾਲ ਦਾ ਸੀ ਤਾਂ ਉਸ ਦੇ ਇਕ ਅਧਿਆਪਕ ਨੇ ਉਸ ਨੂੰ ਇਕ ਨਾਟਕ ਵਿਚ ਕੰਮ ਕਰਨ ਲਈ ਜ਼ਬਰਦਸਤੀ ਸਟੇਜ 'ਤੇ ਭੇਜ ਦਿੱਤਾ। ਇਸ ਨਾਟਕ ਨੇ ਉਸ ਦੇ ਦਿਲ ਵਿਚ ਅਦਾਕਾਰੀ ਲਈ ਪਿਆਰ ਵਧਾ ਦਿੱਤਾ।

ਵਿਨੋਦ ਦਾ ਪਰਿਵਾਰ ਇਕ ਵਾਰ ਫੇਰ 1960 ਵਿਚ ਮੁੰਬਈ ਆ ਗਿਆ ਅਤੇ ਵਿਨੋਦ ਨੂੰ ਦਿਓਲਾਲੀ ਵਿਖੇ ਇਕ ਰਿਹਾਇਸ਼ੀ ਸਕੂਲ ਭੇਜਿਆ ਗਿਆ। ਬੋਰਡਿੰਗ ਸਕੂਲ ਵਿਚ ਪੜ੍ਹਦੇ ਸਮੇਂ ਉਸ ਨੇ 'ਸੋਲਵਾਂ ਸਾਲ' ਅਤੇ 'ਮੁਗਲ-ਏ-ਆਜ਼ਮ' ਫਿਲਮਾਂ ਵੇਖੀਆਂ, ਜਿਨ੍ਹਾਂ ਨੇ ਉਸ ਨੂੰ ਬਹੁਤ ਮੁਤਾਸਿਰ ਕੀਤਾ। ਵਿਨੋਦ ਇੰਜੀਨੀਅਰ ਬਣਨਾ ਚਾਹੁੰਦਾ ਸੀ, ਪਰ ਉਸ ਦੇ ਪਿਤਾ ਉਸ ਨੂੰ ਪਰਿਵਾਰਕ ਕਾਰੋਬਾਰ ਵਿਚ ਸ਼ਾਮਲ ਕਰਨਾ ਚਾਹੁੰਦੇ ਸਨ। ਉਸ ਨੇ ਮੁੰਬਈ ਯੂਨੀਵਰਸਿਟੀ ਤੋਂ ਕਾਮਰਸ ਵਿਚ ਗ੍ਰੈਜੂਏਸ਼ਨ ਕੀਤੀ।

ਵਿਨੋਦ ਖੰਨਾ ਨੂੰ ਸਭ ਤੋਂ ਪਹਿਲਾਂ ਸੁਨੀਲ ਦੱਤ ਨੇ ਆਪਣੀ ਨਵੀਂ ਫਿਲਮ 'ਮਨ ਕਾ ਮੀਤ' ਵਿਚ ਖਲਨਾਇਕ ਦੀ ਭੂਮਿਕਾ ਨਿਭਾਉਣ ਦੀ ਪੇਸ਼ਕਸ਼ ਕੀਤੀ ਸੀ। ਜਦ ਵਿਨੋਦ ਨੇ ਫਿਲਮਾਂ ਦੀ ਪੇਸ਼ਕਾਰੀ ਬਾਰੇ ਘਰ ਜਾ ਕੇ ਦੱਸਿਆ ਤਾਂ ਉਸ ਦੇ ਪਿਤਾ ਨੇ ਉਸ ਦੇ ਸਿਰ 'ਤੇ ਇੱਕ ਬੰਦੂਕ ਰੱਖੀ ਅਤੇ ਕਿਹਾ ਕਿ ਉਹ ਉਹਨੂੰ ਮਾਰ ਦੇਵੇਗਾ, ਜੇ ਉਹ ਕਦੇ ਵੀ ਬਾਲੀਵੁਡ ਵਿਚ ਦਾਖਲ ਹੋਇਆ। ਆਖਿਰ ਉਸ ਦੀ ਮਾਂ ਦੇ ਕਹਿਣ 'ਤੇ ਵਿਨੋਦ ਨੂੰ ਦੋ ਸਾਲਾਂ ਤੱਕ ਫਿਲਮਾਂ 'ਚ ਆਪਣੀ ਕਿਸਮਤ ਅਜ਼ਮਾਉਣ ਦੀ ਮੋਹਲਤ ਮਿਲ ਗਈ। ਫਿਲਮ 'ਮਨ ਕਾ ਮੀਤ' ਨੇ ਬਾਕਸ ਆਫਿਸ 'ਤੇ ਆਮ ਵਰਗਾ ਬਿਜਨਸ ਕੀਤਾ, ਪਰ ਵਿਨੋਦ ਦੀ ਐਕਟਿੰਗ ਦੀ ਦਰਸ਼ਕਾਂ ਅਤੇ ਫਿਲਮ ਆਲੋਚਕਾਂ ਨੇ ਖੂਬ ਸ਼ਲਾਘਾ ਕੀਤੀ। ਇਸ ਪਿਛੋਂ ਉਸ ਨੇ ਇਕ ਹਫਤੇ 'ਚ 15 ਫਿਲਮਾਂ ਸਾਈਨ ਕਰ ਲਈਆਂ।

ਵਿਨੋਦ ਖੰਨਾ ਫਿਲਮ 'ਮੇਰਾ ਗਾਂਵ ਮੇਰਾ ਦੇਸ਼' ਦੇ ਡਾਕੂ ਜੱਬਾਰ ਸਿੰਘ ਦੇ ਖੌਫ ਭਰੇ ਅੰਦਾਜ ਨਾਲ ਸਿਨੇਮਾ ਪ੍ਰੇਮੀਆਂ ਦਾ ਚਹੇਤਾ ਕਲਾਕਾਰ ਬਣ ਗਿਆ। ਉਸ ਨੇ ਪੰਜਾਬੀ ਫਿਲਮ 'ਮਾਂ ਦਾ ਲਾਡਲਾ' (1971) ਵਿਚ ਵੀ ਇੱਕ ਡਾਕੂ ਦਾ ਕਿਰਦਾਰ ਨਿਭਾਇਆ। ਮੁਢਲੇ ਦੌਰ ਵਿਚ ਉਸ ਨੂੰ ਕਈ ਸੁਪਰਹਿੱਟ ਫਿਲਮਾਂ ਜਿਵੇਂ 'ਪੂਰਬ ਔਰ ਪੱਛਮ', 'ਸੱਚਾ ਝੂਠਾ' ਅਤੇ 'ਮੇਰਾ ਗਾਂਵ ਮੇਰਾ ਦੇਸ਼' ਆਦਿ ਵਿਚ ਛੋਟੇ ਤੇ ਨਾਂਹ ਪੱਖੀ ਕਿਰਦਾਰ ਮਿਲੇ। ਪਰ ਛੇਤੀ ਹੀ ਫਿਲਮ ਨਿਰਮਾਤਾਵਾਂ ਨੇ ਉਸ ਦੀ ਕਾਬਲੀਅਤ ਨੂੰ ਪਛਾਣ ਲਿਆ ਤੇ ਉਸ ਨੂੰ ਬਤੌਰ ਹੀਰੋ ਫਿਲਮਾਂ 'ਚ ਰੋਲ ਮਿਲਣੇ ਸ਼ੁਰੂ ਹੋ ਗਏ।

ਵਿਨੋਦ ਖੰਨਾ ਨੂੰ ਖਲਨਾਇਕ ਤੋਂ ਹੀਰੋ ਬਣਾਉਣ ਦਾ ਸਿਹਰਾ ਡਾਇਰੈਕਟਰ ਗੁਲਜ਼ਾਰ ਨੂੰ ਜਾਂਦਾ ਹੈ, ਜਿਸ ਨੇ ਉਸ ਨੂੰ ਫਿਲਮ 'ਮੇਰੇ ਆਪਣੇ' 'ਚ ਲੀਡ ਕਿਰਦਾਰ ਨਿਭਾਉਣ ਦਾ ਮੌਕਾ ਦਿੱਤਾ। ਉਹ ਗੁਲਜ਼ਾਰ ਦਾ 'ਐਂਗਰੀ ਯੰਗਮੈਨ' ਸੀ। ਗੁਲਜ਼ਾਰ ਦੀ ਇਕ ਹੋਰ ਫਿਲਮ 'ਅਚਾਨਕ' (1973) ਵਿਚ ਵਿਨੋਦ ਨੇ ਇਕ ਸਜ਼ਾਯਾਫਤਾ ਨੇਵੀ ਅਫਸਰ ਦਾ ਸੰਵੇਦਨਸ਼ੀਲ ਰੋਲ ਬਾਖੂਬੀ ਨਿਭਾ ਕੇ ਖੂਬ ਵਾਹ ਵਾਹ ਲੁਟੀ।

ਵਿਨੋਦ ਖੰਨਾ ਨੂੰ ਆਪਣੀ ਲਾਜਵਾਬ ਐਕਟਿੰਗ ਤੇ ਸ਼ਖਸੀਅਤ ਦੇ ਦਮ 'ਤੇ ਕਈ ਵੱਡੇ ਬਜਟ ਦੀਆਂ ਫਿਲਮਾਂ 'ਚ ਅਹਿਮ ਕਿਰਦਾਰ ਮਿਲਣੇ ਸ਼ੁਰੂ ਹੋ ਗਏ। ਉਸ ਨੇ 1970 ਤੇ 1980 ਦੇ ਦਹਾਕਿਆਂ ਵਿਚ ਕਈ ਫਿਲਮਾਂ 'ਇਮਤਿਹਾਨ', 'ਪਰਵਰਿਸ਼', 'ਇਨਕਾਰ', 'ਅਮਰ ਅਕਬਰ ਐਂਥਨੀ', 'ਲਹੂ ਕੇ ਦੋ ਰੰਗ', 'ਕੁਰਬਾਨੀ', 'ਦਯਾਵਾਨ', 'ਖੂਨ ਪਸੀਨਾ', 'ਮੁਕੱਦਰ ਕਾ ਸਿਕੰਦਰ', 'ਬਰਨਿੰਗ ਟ੍ਰੇਨ' ਅਤੇ 'ਜੁਰਮ' ਕੀਤੀਆਂ ਜੋ ਹਰਮਨਪਿਆਰੀਆਂ ਹੋਈਆਂ। ਅੱਸੀਵਿਆਂ ਵਿਚ ਆਈਆਂ 'ਹੇਰਾ ਫੇਰੀ', 'ਖੂਨ ਪਸੀਨਾ', 'ਅਮਰ ਅਕਬਰ ਐਂਥਨੀ' ਅਤੇ 'ਮੁਕੱਦਰ ਕਾ ਸਿਕੰਦਰ' ਵਰਗੀਆਂ ਹਿੱਟ ਫਿਲਮਾਂ ਵਿਚ ਵਿਨੋਦ ਖੰਨਾ ਕਿਤੇ ਵੀ ਸੁਪਰ ਸਟਾਰ ਅਮਿਤਾਭ ਨਾਲੋਂ ਘੱਟ ਨਜ਼ਰ ਨਹੀਂ ਆਉਂਦਾ। ਫਿਰੋਜ਼ ਖਾਨ ਦੀ ਬਲਾਕ ਬਸਟਰ ਫਿਲਮ 'ਕੁਰਬਾਨੀ' ਨਾਲ ਵਿਨੋਦ ਖੰਨਾ ਇਕ ਵੱਡੀ ਲੀਗ ਦਾ ਹਿੱਸਾ ਬਣ ਗਿਆ।

ਫਿਲਮ ਉਦਯੋਗ ਵਿਚ ਰਹਿੰਦਿਆਂ ਵਿਨੋਦ ਖੰਨਾ ਕੋਲ ਪੈਸਾ, ਸ਼ਾਨ ਸ਼ੌਕਤ ਤੇ ਪ੍ਰਸਿੱਧੀ ਸਭ ਕੁਝ ਸੀ, ਫੇਰ ਅਚਾਨਕ ਕੀ ਭਾਣਾ ਵਰਤਿਆ ਕਿ ਆਪਣੀ ਕਾਮਯਾਬੀ ਦੇ ਸਿਖਰ 'ਤੇ ਹੁੰਦਿਆਂ ਵਿਨੋਦ ਖੰਨਾ ਫਿਲਮ ਉਦਯੋਗ ਨੂੰ ਛੱਡ ਓਸ਼ੋ (ਰਜਨੀਸ਼) ਦਾ ਚੇਲਾ ਬਣ ਗਿਆ। ਉਸ ਨੇ 31 ਦਸੰਬਰ 1975 ਨੂੰ ਫਿਲਮਾਂ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ। ਕਿਸੇ ਨੂੰ ਵੀ ਉਸ ਦੇ ਇਸ ਫੈਸਲੇ 'ਤੇ ਯਕੀਨ ਨਾ ਆਇਆ ਅਤੇ ਉਸ ਨੂੰ 'ਸੈਕਸੀ ਸਨਿਆਸੀ' ਕਿਹਾ ਗਿਆ। ਵਿਨੋਦ ਖੰਨਾ ਓਸ਼ੋ ਦੇ ਨਾਲ ਓਰੇਗਾਨ (ਅਮਰੀਕਾ) ਚਲਾ ਗਿਆ। ਵਿਨੋਦ ਨੇ ਓਸ਼ੋ ਦਾ ਮਾਲੀ ਬਣ ਕੇ ਚਾਰ ਸਾਲ ਬਿਤਾਏ। ਉਸ ਦੀ ਪਤਨੀ ਗੀਤਾਂਜਲੀ ਇਸ ਨੂੰ ਹੋਰ ਬਰਦਾਸ਼ਤ ਨਾ ਕਰ ਸਕੀ। ਜਦ ਉਹ ਭਾਰਤ ਪਰਤਿਆ ਤਾਂ ਗੀਤਾਂਜਲੀ ਕੋਲ ਤਲਾਕ ਲੈਣ ਦੇ ਬਿਨਾ ਕੋਈ ਚਾਰਾ ਨਾ ਰਿਹਾ। ਓਸ਼ੋ ਨੇ ਉਸ ਨੂੰ ਪੂੰਨਾ ਆਸ਼ਰਮ ਚਲਾਉਣ ਲਈ ਕਿਹਾ, ਪਰ ਉਸ ਨੇ 'ਨਾਂਹ' ਕਰ ਦਿੱਤੀ।

ਵਿਨੋਦ ਖੰਨਾ ਬਹੁਤੀ ਦੇਰ ਗਲੈਮਰ ਦੀ ਦੁਨੀਆਂ ਤੋਂ ਦੂਰ ਨਾ ਰਹਿ ਸਕਿਆ ਅਤੇ 1987 ਵਿਚ ਮੁੱਢ ਬਾਲੀਵੁੱਡ ਵਾਪਸ ਪਰਤ ਆਇਆ। ਉਸ ਨੇ ਫਿਲਮਾਂ ਦੀ ਦੂਜੀ ਪਾਰੀ ਹੀਰੋਇਨ ਡਿੰਪਲ ਕਪਾਡੀਆ ਨਾਲ ਫਿਲਮ 'ਇਨਸਾਫ' ਰਾਹੀਂ ਕੀਤੀ। ਇਹ ਫਿਲਮ ਬਾਕਸ ਆਫਿਸ 'ਤੇ ਸਫਲ ਰਹੀ ਅਤੇ ਉਸ ਨੂੰ ਇਕ ਵਾਰ ਫਿਰ ਫਿਲਮੀ ਦੁਨੀਆਂ ਨੇ ਪ੍ਰਵਾਨ ਕਰ ਲਿਆ। 1980-90 ਦੇ ਦਹਾਕੇ ਵਿਚ ਵਿਨੋਦ ਖੰਨਾ ਨੇ 'ਦਯਾਵਾਨ', 'ਚਾਂਦਨੀ', 'ਕਸ਼ਤਰੀਆ', 'ਈਨਾ ਮੀਨਾ ਡਿਕਾ' ਅਤੇ 'ਏਕ ਰਾਜਾ ਔਰ ਰਾਨੀ' ਜਿਹੀਆਂ ਕਈ ਚਰਚਿਤ ਫਿਲਮਾਂ ਵਿਚ ਕੰਮ ਕੀਤਾ।

ਚਾਰ-ਪੰਜ ਸਾਲ ਹੀਰੋ ਦਾ ਰੋਲ ਕਰਨ ਪਿਛੋਂ ਵਿਨੋਦ ਖੰਨਾ ਨੇ ਸਹਾਇਕ ਜਾਂ ਚਰਿਤਰ ਅਭਿਨੇਤਾ ਦੇ ਰੋਲ ਕਰਨੇ ਸ਼ੁਰੂ ਕਰ ਦਿੱਤੇ। ਵਿਨੋਦ ਖੰਨਾ ਨੇ ਪਾਕਿਸਤਾਨੀ ਫਿਲਮ 'ਗਾਡਫਾਦਰ' ਵਿਚ ਅਗਵਾਈ ਭੂਮਿਕਾ ਕੀਤੀ ਅਤੇ ਇਸ ਫਿਲਮ ਨੂੰ ਵੱਡੀ ਸਫਲਤਾ ਮਿਲੀ। ਸਲਮਾਨ ਖਾਨ ਦੀ ਫਿਲਮ 'ਦਬੰਗ' ਵਿਚ ਵਿਨੋਦ ਨੇ ਸ਼ਾਨਦਾਰ ਭੂਮਿਕਾ ਨਿਭਾਈ। ਉਹ ਫਿਲਮ 'ਕੋਇਲਾਂਚਲ' ਵਿਚ ਕੋਲਾ ਮਾਫੀਆ ਸਰਜੂ ਭਾਨ ਸਿੰਘ ਬਣਿਆ। ਫਿਲਮ 'ਪਲੇਅਰਜ਼' ਵਿਚ ਉਸ ਦੀ ਅਦਾਕਾਰੀ ਦੀ ਬੜੀ ਤਾਰੀਫ ਹੋਈ। ਉਸ ਦੀ ਫਿਲਮੀ ਗੱਡੀ ਛਲਾਂਗਾਂ ਮਾਰਦੀ ਅੱਗੇ ਵੱਧ ਗਈ ਅਤੇ ਚੱਲ ਸੋ ਚੱਲ। ਉਸ ਨੇ ਆਪਣੇ ਫਿਲਮੀ ਸਫਰ ਦੌਰਾਨ 140 ਤੋਂ ਵੱਧ ਫਿਲਮਾਂ 'ਚ ਕੰਮ ਕੀਤਾ। ਉਸ ਦੀ ਆਖਰੀ ਫਿਲਮ ਡਾਇਰੈਕਟਰ ਰੋਹਿਤ ਸ਼ੈਟੀ ਦੀ ਫਿਲਮ 'ਦਿਲ ਵਾਲੇ' ਸੀ।

ਵਿਨੋਦ ਖੰਨਾ ਦੇ 1971 'ਚ ਗੀਤਾਂਜਲੀ ਨਾਲ ਹੋਏ ਵਿਆਹ ਤੋਂ ਉਹ ਦੋ ਪੁੱਤਰਾਂ-ਰਾਹੁਲ ਖੰਨਾ ਅਤੇ ਅਕਸ਼ੈ ਖੰਨਾ ਦਾ ਪਿਓ ਬਣਿਆ। ਓਸ਼ੋ ਦਾ ਚੇਲਾ ਬਣਨ ਮਗਰੋਂ ਗੀਤਾਂਜਲੀ ਨਾਲ ਤਲਾਕ ਉਪਰੰਤ ਉਸ ਨੇ ਕਵਿਤਾ ਨਾਲ ਦੂਜਾ ਵਿਆਹ 15 ਮਈ 1990 ਨੂੰ ਕਰਵਾਇਆ ਅਤੇ ਇਸ ਵਿਆਹ ਤੋਂ ਉਨ੍ਹਾਂ ਦੇ ਇਕ ਪੁੱਤਰ ਸਾਕਸ਼ੀ ਅਤੇ ਇਕ ਧੀ ਸ਼ਰਧਾ ਹੈ। 1997 ਵਿਚ ਵਿਨੋਦ ਖੰਨਾ ਨੇ ਆਪਣੇ ਬੇਟੇ ਅਕਸ਼ੈ ਨੂੰ ਫਿਲਮ 'ਹਿਮਾਲਿਆ ਪੁੱਤਰ' ਰਾਹੀਂ ਹਿੰਦੀ ਸਿਨੇਮਾ ਵਿਚ ਲਿਆਂਦਾ।

ਵਿਨੋਦ ਖੰਨਾ ਨੇ ਆਪਣੇ ਸਮੇਂ ਦੀ ਹਰੇਕ ਛੋਟੀ-ਵੱਡੀ ਹੀਰੋਇਨ ਜਿਵੇਂ ਰੇਖਾ, ਸ਼ਬਾਨਾ ਆਜ਼ਮੀ, ਰਾਖੀ, ਸਾਇਰਾ ਬਾਨੋ, ਜ਼ੀਨਤ ਅਮਾਨ, ਡਿੰਪਲ ਕਪਾਡੀਆ, ਹੇਮਾ ਮਾਲਿਨੀ, ਲੀਨਾ ਚੰਦਰਾਵਰਕਰ, ਪ੍ਰਵੀਨ ਬਾਬੀ, ਮੌਸਮੀ ਚੈਟਰਜੀ ਵਗੈਰਾ ਨਾਲ ਕੰਮ ਕੀਤਾ। ਇਹ ਸਭ ਅਭਿਨੇਤਰੀਆਂ ਵਿਨੋਦ ਖੰਨਾ ਦੀਆਂ 'ਫੈਨ' ਸਨ। ਮੁਟਿਆਰਾਂ ਨੂੰ ਵਿਨੋਦ ਖੰਨਾ 'ਚੋਂ ਇੱਕ ਗ੍ਰੀਕ ਦੇਵਤਾ ਨਜ਼ਰ ਆਉਂਦਾ ਸੀ। ਇਸ ਬਾਰੇ ਮਾਧੁਰੀ ਦੀਕਸ਼ਿਤ ਨੇ ਇਕ ਇੰਟਰਵਿਊ ਵਿਚ ਕਿਹਾ ਸੀ, ਉਸ ਦਾ ਲਾੜਾ ਇਹੋ ਜਿਹਾ ਹੋਵੇ ਕਿ ਜਿਸ ਦੀ ਠੋਡੀ ਵਿਚ ਵਿਨੋਦ ਖੰਨਾ ਵਾਂਗ ਡਿੰਪਲ ਪੈਂਦਾ ਹੋਵੇ। ਅਮਿਤਾਭ ਬੱਚਨ, ਸ਼ਤਰੂਘਨ ਸਿਨਹਾ, ਧਰਮਿੰਦਰ, ਰਾਜ ਕੁਮਾਰ, ਰਿਸ਼ੀ ਕਪੂਰ, ਸੁਨੀਲ ਦੱਤ-ਸਭ ਨਾਲ ਉਨ੍ਹਾਂ ਦੇ ਪਰਿਵਾਰਕ ਸਬੰਧ ਸਨ। ਸਲਮਾਨ ਖਾਨ ਵਿਨੋਦ ਖੰਨਾ ਨੂੰ ਆਪਣੇ ਲਈ ਬੜਾ ਲੱਕੀ ਮੰਨਦਾ ਸੀ ਅਤੇ ਉਹ ਦੋਵੇਂ ਬਹੁਤ ਸਾਰੀਆਂ ਫਿਲਮਾਂ ਵਿਚ ਇਕੱਠੇ ਨਜ਼ਰ ਆਏ।

ਵਿਨੋਦ ਖੰਨਾ ਦੀ ਡਾਇਲਾਗ ਅਦਾਇਗੀ ਦਰਸ਼ਕਾਂ ਨੂੰ ਸੀਟੀਆਂ ਮਾਰਨ 'ਤੇ ਮਜਬੂਰ ਕਰ ਦਿੰਦੀ ਸੀ। ਉਸ ਦੀਆਂ ਫਿਲਮਾਂ ਦੇ ਕੁਝ ਚੋਣਵੇਂ ਵਧੀਆ ਡਾਇਲਾਗ ਹਨ, "ਦੋਸਤੀ ਭੁਲਾਈ ਜਾ ਸਕਦੀ ਹੈ ਪਰ ਦੁਸ਼ਮਣੀ ਨਹੀਂ; ਜਦ ਦੀ ਮੈਂ ਹੋਸ਼ ਸੰਭਾਲੀ ਹੈ, ਖਿਡੌਣਿਆਂ ਨਾਲ ਨਹੀਂ ਮੌਤ ਨਾਲ ਖੇਡਦਾ ਆਇਆ ਹਾਂ; ਇੱਜ਼ਤ ਉਹ ਜਾਇਦਾਦ ਹੈ, ਜੋ ਇੱਕ ਵਾਰ ਖੁੱਸ ਜਾਏ ਫਿਰ ਕਦੇ ਵਾਪਸ ਪ੍ਰਾਪਤ ਨਹੀਂ ਕੀਤੀ ਜਾ ਸਕਦੀ; ਤਲਵਾਰ ਦੀ ਲੜਾਈ ਤਲਵਾਰ ਨਾਲ; ਜੇ ਨਜ਼ਰਾਂ ਖੂਬਸੂਰਤ ਹੋਣ ਤਾਂ ਹਰ ਚੀਜ਼ ਸੁੰਦਰ ਲੱਗਦੀ ਹੈ; ਵਗੈਰਾ।

ਉਸ ਨੇ ਸਾਲਾਂ ਪਹਿਲਾਂ ਟੈਲੀਵਿਜ਼ਨ ਲੜੀਵਾਰ 'ਮਹਾਰਾਣਾ ਪ੍ਰਤਾਪ' ਵਿਚ ਅਹਿਮ ਕਿਰਦਾਰ ਨਿਭਾਇਆ ਸੀ। ਸਮ੍ਰਿਤੀ ਇਰਾਨੀ ਦੇ ਪ੍ਰੋਡਕਸ਼ਨ ਹਾਊਸ ਵਲੋਂ ਬਣਾਏ ਗਏ ਲੜੀਵਾਰ 'ਮੇਰੇ ਅਪਨੇ' ਵਿਚ ਵਿਨੋਦ ਖੰਨਾ ਨੇ ਬਤੌਰ ਲੀਡ ਅਦਾਕਾਰ ਕਾਸ਼ੀ ਨਾਥ ਦੀ ਭੂਮਿਕਾ ਨਿਭਾਈ।

1997 ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਦਾ ਮੈਂਬਰ ਬਣਨ ਤੋਂ ਬਾਅਦ ਵਿਨੋਦ ਖੰਨਾ ਚਾਰ ਵਾਰ ਗੁਰਦਾਸਪੁਰ ਹਲਕੇ ਤੋਂ ਸੰਸਦ ਮੈਂਬਰ ਚੁਣਿਆ ਗਿਆ। ਜੁਲਾਈ 2002 ਵਿਚ ਅਟੱਲ ਬਿਹਾਰੀ ਵਾਜਪਾਈ ਨੇ ਵਿਨੋਦ ਖੰਨਾ ਨੂੰ ਕਲਚਰ ਤੇ ਟੂਰਿਜ਼ਮ ਮੰਤਰੀ ਬਣਾਇਆ। 2003 ਵਿਚ ਉਸ ਨੂੰ ਵਿਦੇਸ਼ ਰਾਜ ਮੰਤਰੀ ਦਾ ਅਹੁਦਾ ਦਿੱਤਾ। ਇਸ ਅਹੁਦੇ 'ਤੇ ਰਹਿੰਦਿਆਂ ਵਿਨੋਦ ਖੰਨਾ ਨੇ ਫਿਲਮ ਇੰਡਸਟਰੀ ਦੇ ਜ਼ਰੀਏ ਭਾਰਤ-ਪਾਕਿਸਤਾਨ ਵਿਚਕਾਰ ਦੂਰੀਆਂ ਖਤਮ ਕਰਨ ਦੇ ਕਈ ਯਤਨ ਕੀਤੇ।

ਵਿਨੋਦ ਖੰਨਾ ਨੂੰ 1975 ਵਿਚ ਫਿਲਮ 'ਹਾਥ ਕੀ ਸਫਾਈ' ਲਈ ਫਿਲਮਫੇਅਰ ਬੈਸਟ ਸਪੋਰਟਿੰਗ ਐਕਟਰ ਐਵਾਰਡ ਮਿਲਿਆ। ਫਿਲਮ ਉਦਯੋਗ ਵਿਚ ਸ਼ਲਾਘਾਪੂਰਨ ਯੋਗਦਾਨ ਲਈ ਵਿਨੋਦ ਖੰਨਾ ਨੂੰ 1999 ਵਿਚ ਫਿਲਮਫੇਅਰ ਲਾਈਫ ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। 2007 ਵਿਚ ਲਾਈਫ ਟਾਈਮ ਅਚੀਵਮੈਂਟ ਲਈ ਜ਼ੀ ਸਿਨੇ ਐਵਾਰਡ ਦਿੱਤਾ ਗਿਆ। ਭਾਰਤੀ ਸਿਨੇਮਾ ਦੇ ਉਘੇ ਅਭਿਨੇਤਾ, ਫਿਲਮ ਨਿਰਮਾਤਾ ਅਤੇ ਸਿਆਸਤਦਾਨ ਵਿਨੋਦ ਖੰਨਾ ਨੂੰ ਐਡਵਾਂਸਡ ਬਲੈਡਰ ਕਾਰਸਿਨੋਮਾ ਕਹਿੰਦੇ ਸਨ। 'ਰੁਕ ਜਾਨਾ ਨਾ ਤੂੰ ਕਹੀਂ ਹਾਰ ਕੇ...' ਦਾ ਪਾਠ ਪੜ੍ਹਾਉਂਦਿਆਂ ਵਿਨੋਦ ਖੰਨਾ 27 ਅਪਰੈਲ 2017 ਨੂੰ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ।



ਵਿਨੋਦ ਖੰਨਾ ਦੂਜੀ ਪਤਨੀ ਕਵਿਤਾ ਖੰਨਾ ਨਾਲ

###

# ਸਿਨੇਮਾ ਅਤੇ ਵਿਸਾਖੀ

ਦਵੀ ਦਵਿੰਦਰ ਕੌਰ
ਫੋਨ: 91-98760-82982

ਭਾਰਤੀ ਫਿਲਮ ਅਤੇ ਮਨੋਰਜੰਨ ਜਗਤ ਨੇ ਦੇਸ਼ ਭਰ ਦੇ ਸੂਬਿਆਂ ਦੀ ਉਹ ਹਰ ਸ਼ੈਅ, ਹਰ ਰਸਮ ਵਰਤਾਰਾ ਤੇ ਸਭਿਆਚਾਰ ਵਰਤਿਆ ਹੈ ਜੋ ਇਸ ਦੇ ਮੁਨਾਫੇ ਵਿਚ ਇਜ਼ਾਫਾ ਕਰ ਸਕਦਾ ਹੋਵੇ, ਜੋ ਇਸ ਦੀ ਦ੍ਰਿਸ਼ ਸੁੰਦਰਤਾ ਤੇ ਸੁਹਜ ਵਿਚ ਵਾਧਾ ਕਰ ਸਕਦਾ ਹੋਵੇ। ਰੰਗ-ਬਰੰਗੇ, ਬਹੁ-ਸਭਿਆਚਾਰੀ, ਬਹੁ-ਧਰਮੀ ਭਾਰਤ ਵਿਚ ਹਰ ਦਿਨ ਤਿਓਹਾਰ ਜਾਂ ਮੇਲਾ ਜਾਂ ਕੋਈ ਧਾਰਮਿਕ ਦਿਵਸ ਹੁੰਦਾ ਹੈ ਤੇ ਇਨ੍ਹਾਂ ਸਾਰੇ ਵਰਤਾਰਿਆਂ ਨਾਲ ਬਹੁਤ ਸਾਰੀਆਂ ਰਸਮਾਂ ਵੀ ਜੁੜੀਆਂ ਹੋਈਆਂ ਹਨ।

ਕਰਵਾ ਚੌਥ, ਰੱਖੜੀ, ਦੀਵਾਲੀ, ਹੋਲੀ, ਦਸਹਿਰੇ ਜਿਹੇ ਤਿਓਹਾਰ ਮਨੋਰੰਜਨ ਤੇ ਫਿਲਮ ਜਗਤ ਵਿਚ ਖੂਬ ਵਰਤੇ ਗਏ ਹਨ। ਇਹ ਫਿਲਮਾਂ, ਟੀ ਵੀ ਲੜੀਵਾਰਾਂ ਵਿਚ ਕਮਰਸ਼ੀਅਲ ਪੱਖੋਂ ਬਹੁਤ ਲਾਹੇਵੰਦ ਤੇ ਭਾਵੁਕ ਖਿੱਚ ਰੱਖਣ ਵਾਲੇ ਹੋ ਨਿਬੜਦੇ ਰਹੇ ਹਨ। ਸਾਡਾ ਦੇਸ਼ ਖੇਤੀ ਬਹੁਲ ਹੈ। ਪੋਂਗਲ, ਓਨਮ ਅਤੇ ਵਿਸਾਖੀ ਸਾਡੇ ਫਸਲਾਂ ਨਾਲ ਜੁੜੇ ਤਿਓਹਾਰ ਹਨ। ਵਿਸਾਖੀ ਭਾਵੇਂ ਉਤਰੀ ਭਾਰਤ ਦਾ ਕਣਕ ਦੀ ਫਸਲ ਨਾਲ ਜੁੜਿਆ ਹੋਇਆ ਤਿਓਹਾਰ ਹੈ, ਪਰ ਇਸੇ ਦਿਨ 1699 ਵਿਚ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ ਸੀ। ਸੋ, ਇਸ ਤਿਓਹਾਰ ਨੂੰ ਸਿੱਖਾਂ ਅਤੇ ਪੰਜਾਬੀਆਂ, ਤੇ ਫਿਰ ਕਿਸਾਨੀ ਤਕ ਸੀਮਤ ਕਰ ਦਿੱਤਾ ਗਿਆ, ਜਦੋਂਕਿ ਕਣਕ ਉਤਪਾਦਕ ਸੂਬਿਆਂ ਦੀ ਆਰਥਿਕਤਾ ਦਾ ਵੱਡਾ ਨੁੰਮਣਾ ਰਹੀ ਹੈ। ਖ਼ੈਰ, ਮੁੱਖ ਫਸਲ ਕਣਕ ਦੀ ਆਮਦ ਨਾਲ ਜੁੜੇ ਇਸ ਤਿਓਹਾਰ ਮੌਕੇ ਹੀ ਗੁਰੂ ਗੋਬਿੰਦ ਸਿੰਘ ਵੱਲੋਂ ਇੰਨੀ ਵੱਡੀ ਇਤਿਹਾਸਕ ਘਟਨਾ ਨੂੰ ਅੰਜਾਮ ਦੇਣਾ ਵੀ ਆਪਣੇ ਆਪ ਵਿਚ ਰੋਟੀ ਰੋਜ਼ੀ ਦੀ ਲੋੜ ਪੂਰੀ ਹੋ ਜਾਣ ਮਗਰੋਂ ਹੀ ਅਣਖ ਅਤੇ ਅਧਿਆਤਮਕਤਾ ਦਾ ਤਾਲਮੇਲ ਸੰਭਵ ਹੋ ਸਕਣ ਦੀ ਯਾਤਰਾ ਦਾ ਲਖਾਇਕ ਹੋਵੇਗਾ।

ਗੀਤਾਂ ਤੇ ਸਾਹਿਤ ਵਿਚ ਵਿਚ ਵਿਸਾਖੀ ਆਪਣੇ ਪੂਰੇ ਜਲੌਅ ਵਿਚ ਹਾਜ਼ਰ ਹੈ। ਪੰਜਾਬ (ਪੁਰਾਣਾ ਅਣਵੰਡਿਆ ਪੰਜ ਦਰਿਆਵਾਂ ਦਾ ਪੰਜਾਬ) ਵਿਚ ਥਾਂ ਥਾਂ ਵਿਸਾਖੀ ਦੇ ਮੇਲੇ ਲੱਗਣ ਦਾ ਜ਼ਿਕਰ ਹੈ। ਸਰਹੱਦੀ ਸੂਬਾ ਪੰਜਾਬ ਢਾਲ ਬਣ ਕੇ ਪਹਿਲਾਂ ਦੇਸ਼ 'ਤੇ ਹੋਣ ਵਾਲੇ ਬਹੁਤੇ ਹਮਲਿਆਂ ਦੀ ਮਾਰ ਝੱਲਦਾ ਰਿਹਾ ਤੇ ਆਜ਼ਾਦੀ ਮਗਰੋਂ ਪੂਰੇ ਮੁਲਕ ਦਾ ਅੰਨਦਾਤਾ ਬਣ ਗਿਆ। ਸ਼ਾਇਦ ਤਾਂ ਹੀ ਇਥੋਂ ਦੇ ਲੋਕ ਮੇਲਿਆਂ ਮਸਾਹਵਿਆਂ ਦੇ, ਖਾਣ ਪੀਣ ਦੇ ਸ਼ੌਕੀਨ ਤੇ ਦਬੰਗ ਕਿਸਮ ਦੇ ਰਹੇ ਹਨ। ਪੰਜਾਬੀਆਂ ਦਾ ਇਹ ਕਿਰਦਾਰ ਗੀਤਾਂ, ਕਥਾ ਕਹਾਣੀਆਂ ਵਿਚ ਬਹੁਤ ਖੂਬਸੂਰਤ ਅੰਦਾਜ਼ ਵਿਚ ਪੇਸ਼ ਹੁੰਦਾ ਰਿਹਾ ਹੈ। 'ਮਾਰਦਾ ਦਮਾਮੇ ਜੱਟ ਮੇਲੇ ਆ ਗਿਆ' ਧਨੀ ਰਾਮ ਚਾਤ੍ਰਿਕ ਦੀ ਕਵਿਤਾ ਹੈ ਜੋ ਸੋਨੇ ਰੰਗੀ ਫਸਲ ਦੇ ਚਾਅ ਵਿਚ ਕਲਹਿਰੀ ਮੋਰ ਬਣ ਕੇ ਮੇਲੇ ਜਾਂਦੇ ਕਿਸਾਨ ਤੇ ਕਿਰਤੀਆਂ ਦੀ ਬਾਤ ਪਾਉਂਦੀ ਹੈ। ਵਿਸਾਖੀ ਦੇ ਮੇਲੇ ਵੀ ਥਾਂ ਥਾਂ ਭਰਦੇ ਹਨ। ਪੰਜਾਬ ਦੀ ਸਿਫਤ ਇਹ ਹੈ ਕਿ ਜਿਥੇ ਮੇਲੇ ਭਰਦੇ ਹਨ, ਓਥੇ ਨਾਲ ਹੀ ਜ਼ਰੂਰ ਕੋਈ ਧਾਰਮਿਕ ਸਥਾਨ ਹੁੰਦਾ ਹੈ ਜਿਥੇ ਮੇਲੀ ਪਹਿਲਾਂ ਨਤਮਸਤਕ ਹੁੰਦੇ ਹਨ।

ਵਿਸਾਖੀ ਤੋਂ ਪਹਿਲਾਂ ਬਸੰਤ ਰੁੱਤ ਆਉਂਦੀ ਹੈ ਅਤੇ ਇਹ ਤਿਓਹਾਰ ਪਾਲਾ ਮੁੱਕਣ ਦਾ ਐਲਾਨ ਹੁੰਦਾ ਹੈ। ਬਸੰਤ ਤੋਂ ਵਿਸਾਖੀ ਤਕ ਰੁੱਤ ਖੁੱਲ੍ਹ ਕੇ ਮੌਲ ਕੇ ਤਿੱਖੀ ਗਰਮੀ ਵੱਲ ਵਧਦੀ ਹੈ ਅਤੇ ਉਤਰੀ ਭਾਰਤ ਵਿਚ ਕਾਇਨਾਤ ਥੋੜ੍ਹੀ ਤਲਖ ਹੋਣੀ ਸ਼ੁਰੂ ਹੋ ਜਾਂਦੀ ਹੈ। ਇਸ ਦੇ ਆਗਾਜ਼ ਦਾ ਵੀ ਸੂਚਕ ਹੈ ਵਿਸਾਖੀ ਤੇ ਪੰਜਾਬੀ ਲੋਕ ਇਸ ਮੌਕੇ ਨੂੰ ਵੀ ਜਸ਼ਨ ਵਾਂਗ ਮਨਾ ਲੈਣ ਦਾ ਜੇਰਾ ਰੱਖਦੇ ਹਨ।

ਇਹ ਜਸ਼ਨ ਫਿਲਮਾਂ ਵਿਚ ਵੀ ਫਿਲਮਾਏ ਗਏ ਹਨ। ਵਿਸਾਖੀ ਦਾ ਜ਼ਿਕਰ ਭਾਵੇਂ ਬਹੁਤੀਆਂ ਫਿਲਮਾਂ ਵਿਚ ਨਹੀਂ, ਪਰ ਕੁਝ ਕੁ ਫਿਲਮਾਂ ਵਿਚ ਵਿਸਾਖੀ ਦੇ ਮੇਲੇ ਦਾ ਜ਼ਿਕਰ ਆਉਂਦਾ ਹੈ। ਬੌਲੀਵੁੱਡ ਫਿਲਮਾਂ ਦੇ ਗੀਤਾਂ ਵਿਚ ਪੰਜਾਬੀ ਰੰਗ ਹਮੇਸ਼ਾ ਹਾਜ਼ਰ ਰਿਹਾ ਹੈ। ਸਮਝਿਆ ਜਾਂਦਾ ਹੈ ਕਿ ਵਿਸਾਖੀ ਦਾ ਪਹਿਲਾ ਗੀਤ ਫਿਲਮ 'ਦੁਨੀਆ ਏਕ ਸਰਾਏ' ਵਿਚ 'ਆਈ ਬੈਸਾਖੀ ਬਗੀਆ ਮਹਿਕੀ' ਸੀ। ਇਹ ਫਿਲਮ 1946 ਵਿਚ ਬਣੀ ਸੀ ਤੇ ਗਾਇਕ ਮੁਹੰਮਦ ਫਾਰੂਕੀ ਸਨ, ਗੀਤਕਾਰ ਕਿਦਾਰ ਨਾਥ ਸ਼ਰਮਾ ਤੇ ਸੰਗੀਤਕਾਰ ਹੰਸ ਰਾਜ ਬਹਿਲ ਸਨ ਅਤੇ ਇਹ ਗੀਤ ਮੀਨਾ ਕੁਮਾਰੀ 'ਤੇ ਫਿਲਮਾਇਆ ਗਿਆ ਸੀ।

'ਓ ਜੱਟਾ ਆਈ ਵਿਸਾਖੀ' ਗੀਤ 1977 ਵਿਚ ਬਣੀ ਫਿਲਮ 'ਇਮਾਨ ਧਰਮ' ਵਿਚ ਲਿਆ ਗਿਆ ਸੀ। ਸਲੀਮ-ਜਾਵੇਦ ਵੱਲੋਂ ਲਿਖੀ ਇਸ ਫਿਲਮ ਦਾ ਇਹ ਗੀਤ ਮੁਹੰਮਦ ਰਫੀ ਤੇ ਮੁਕੇਸ਼ ਨੇ ਗਾਇਆ ਸੀ। ਫਿਲਮ 'ਪਵਿੱਤਰ ਪਾਪੀ' ਵਿਚ ਵਿਸਾਖੀ ਦੇ ਮੇਲੇ ਵਿਚ 'ਲੈ ਦੇ ਸਈਆਂ ਓੜਨੀ ਪੰਜਾਬੀ ਤਿੱਲੇਦਾਰ ਓਏ' ਫਿਲਮਾਇਆ ਗਿਆ। 'ਅਗਨੀ' ਫਿਲਮ ਵਿਚ 'ਓ ਆਈ ਬਿਸਾਖੀ' ਗੀਤ ਹੈ ਜੋ ਮਿਥੁਨ ਚੱਕਰਵਰਤੀ ਅਤੇ ਅੰਮ੍ਰਿਤਾ ਸਿੰਘ 'ਤੇ ਫਿਲਮਾਇਆ ਗਿਆ ਹੈ।

ਹਿੰਦੀ ਵਿਚ ਭਾਵੇਂ ਬੜਾ ਅਰਥ ਭਰਪੂਰ ਸਿਨੇਮਾ ਹਮੇਸ਼ਾ ਵਿਦਮਾਨ ਰਿਹਾ ਹੈ, ਪਰ ਕਿਸਾਨੀ ਦੀ ਦਸ਼ਾ ਬਾਰੇ 'ਮਦਰ ਇੰਡੀਆ' ਜਿਹੀਆਂ ਘੱਟ ਫਿਲਮਾਂ ਬਣੀਆਂ ਹਨ। ਅਰਬਾਜ਼ ਖ਼ਾਨ ਦੀ 'ਕਿਸਾਨ' ਨੇ ਪਿਛਲੇ ਸਮਿਆਂ ਵਿਚ ਹਾਜ਼ਰੀ ਦਰਜ ਕਰਵਾਈ ਸੀ, ਭਾਵੇਂ ਇਸ ਵਿਚ ਵਿਸਾਖੀ ਦਾ ਜ਼ਿਕਰ ਨਹੀਂ ਸੀ, ਪਰ ਕਿਸਾਨੀ ਦੇ ਦਰਦ ਦੀ ਬਾਤ ਪਾਈ ਗਈ ਸੀ।

ਵਿਸਾਖੀ ਫਿਲਮਾਂ ਵਿਚ ਤਾਂ ਮੇਲੇ ਅਤੇ ਖੇਤਾਂ ਦੇ ਦ੍ਰਿਸ਼ਾਂ ਵਜੋਂ ਹੀ ਦਿਖਾਈ ਗਈ ਹੈ, ਜਦੋਂਕਿ ਖੇਤੀ ਵਾਲੇ ਸੂਬਿਆਂ ਲਈ ਇਹ ਕਿਤੇ ਵਿਆਪਕ ਵਰਤਾਰਾ ਹੈ। ਪੰਜਾਬੀ ਵਿਚ ਬਣੀ ਫਿਲਮ 'ਵਿਸਾਖੀ' ਵਿਚ ਵਿਸਾਖੀ ਬਾਰੇ ਕੁਝ ਵੀ ਨਹੀਂ ਸੀ। ਸਮੀਪ ਕੰਗ ਵੱਲੋਂ ਬਣਾਈ ਗਈ 'ਵਿਸਾਖੀ ਲਿਸਟ' ਵਿਚ ਵੀ ਇਸ ਤਿਓਹਾਰ ਦੀ ਕੋਈ ਗੱਲ ਨਹੀਂ ਸੀ, ਬਲਕਿ ਇਹ ਵੱਖਰੀ ਕਥਾ ਸੀ।



ਫਿਲਮ 'ਵੈਨ ਹੈਰੀ ਮੈਟ ਸੇਜਲ' ਦੇ ਦ੍ਰਿਸ਼ ਵਿਚ ਸ਼ਾਹਰੁਖ ਖਾਨ ਤੇ ਅਨੁਸ਼ਕਾ ਸ਼ਰਮਾ

ਪੰਜਾਬੀ ਵਿਚ ਵਰਿੰਦਰ ਦੀਆਂ ਫਿਲਮਾਂ ਤਕ ਦੇ ਯੁੱਗ ਵਿਚ ਛਿੱਟ ਪੁੱਟ ਰੂਪ ਵਿਚ ਵਿਸਾਖੀ ਦਾ ਜ਼ਿਕਰ ਹੈ। ਮਨਮੋਹਨ ਸਿੰਘ ਯੁੱਗ ਦੌਰਾਨ ਫਿਲਮਾਂ ਦਾ ਰੁਖ਼ ਹੋਰ ਪਾਸੇ ਹੋ ਗਿਆ। ਇੰਨੇ ਨੂੰ ਮਲਟੀਪਲੈਕਸ ਅਤੇ ਮਾਲ ਸਭਿਆਚਾਰ, ਖ਼ਪਤ ਸਭਿਆਚਾਰ ਜ਼ੋਰ ਫੜ ਗਿਆ। ਇਸ ਤੋਂ ਇਲਾਵਾ ਕੀ ਪੰਜਾਬੀ ਤੇ ਕੀ ਹਿੰਦੀ ਸਿਨੇਮਾ, ਸਭ ਲਈ ਨੌਜਵਾਨੀ ਦਾ ਇਸ਼ਕ ਤੇ ਮੇਲ ਮਿਲਾਪ ਦਿਖਾਉਣ ਲਈ ਮੇਲਿਆਂ ਦਾ ਸਹਾਰਾ ਲਿਆ ਜਾਂਦਾ ਸੀ, ਪਰ ਹੁਣ ਇਹ ਮੇਲ ਹਰ ਥਾਂ ਸੰਭਵ ਹੈ। ਕਾਲਜਾਂ, ਯੂਨੀਵਰਸਿਟੀਆਂ ਵਿਚ, ਮਾਲਾਂ ਵਿਚ, ਸ਼ਹਿਰਾਂ ਤੇ ਪਿੰਡਾਂ ਵਿਚ ਕਿਤੇ ਵੀ ਇਹ ਸੁਖਾਲਾ ਹੈ।

ਨਿਰੇ ਕਿਸਾਨੀ ਨਾਲ ਜੋੜ ਦਿੱਤੇ ਗਏ ਇਸ ਤਿਓਹਾਰ ਨੂੰ ਸਿਨੇਮਾ ਵਿਚੋਂ ਮਨਫੀ ਹੀ ਕਰ ਦਿੱਤਾ ਗਿਆ ਹੈ। ਫਿਲਮਾਂ ਵਿਚ ਹੁਣ ਕਣਕ ਦੇ ਖੇਤ ਜ਼ਰੂਰ ਦਿਖਾਏ ਜਾਂਦੇ ਹਨ, ਪਰ ਵਿਸਾਖੀ ਦੇ ਦ੍ਰਿਸ਼ ਨਹੀਂ। ਖੇਤੀ ਬਹੁਤ ਕਠਿਨ ਕਾਰਜ ਹੈ। ਇਹ ਇਕੱਲ ਅਤੇ ਸੁੰਨ ਵਿਚ ਕੀਤਾ ਜਾਣ ਵਾਲਾ ਤਪ ਹੈ, ਪੇਂਡੂ ਕਿਸਾਨ ਦਾ ਸ਼ਹਿਰ ਨਾਲ ਸੰਵਾਦ ਬਹੁਤ ਸੁਖਾਲਾ ਤੇ ਆਮ ਨਹੀਂ ਹੈ। ਖੇਤਾਂ ਤੇ ਸ਼ਹਿਰ/ਮੰਡੀ ਦਾ ਰਿਸ਼ਤਾ ਲਾਜ਼ਮੀ ਪਰ ਕਸੂਤਾ ਹੈ। ਸਿਨੇਮਾ ਮੰਡੀ ਹੈ। ਸੋ, ਮੰਡੀ ਚੁੱਪ ਚੁਪੀਤੇ ਤਪ ਕਰ ਰਹੇ ਕਿਸਾਨ ਦੀ ਬਾਤ ਕਿਉਂ ਪਾਵੇ? ਖਾਲਸੇ ਦੀ ਸਥਾਪਨਾ ਸਦਕਾ ਵੀ ਇਸ ਨੂੰ ਸਿੱਖੀ ਨਾਲ ਜੁੜਿਆ ਵਰਤਾਰਾ ਮੰਨ ਲਿਆ ਗਿਆ। ਮਨੁੱਖ ਦੇ ਖਾਲਸ ਹੋ ਜਾਣ ਦਾ ਵਰਤਾਰਾ ਸਿਰ ਮੰਗਦਾ ਹੈ, ਸੁਖਨਵਰ ਹੋ ਜਾਣ ਦੀ ਤਵੱਕੋ ਰੱਖਦਾ ਹੈ ਅਤੇ ਸਰਬੱਤ ਦੇ ਭਲੇ ਦੀ ਆਸ ਕਰਦਾ ਹੈ। ਮੰਡੀ ਇਥੇ ਵੀ ਨਦਾਰਦ ਰਹਿਣਾ ਚਾਹੇਗੀ। ਹਾਂ, ਜਦੋਂ ਇਸ ਦੇ ਕਾਰੋਬਾਰੀ ਹਿਤ ਬਰ ਆਉਂਦੇ ਹੋਣਗੇ ਤਾਂ ਵਿਸਾਖੀ ਜ਼ਰੂਰ ਕਿਸੇ ਫਿਲਮ ਦਾ ਕੇਂਦਰ ਬਣ ਜਾਏਗੀ ਜਾਂ ਫਿਰ ਕੋਈ ਸਿਰਫਿਰਿਆ ਫਿਲਮਸਾਜ਼ ਇਸ 'ਤੇ ਕੰਮ ਕਰਨ ਲਈ ਬਜ਼ਿਦ ਹੋਏਗਾ। ਸ਼ਾਲਾ! ਕੋਈ ਸਿਰਫਿਰਿਆ ਨਿਤਰੇ।

# ਭਾਰਤੀ ਫਿਲਮਾਂ ਦੀ ਪਹਿਲੀ ਸੁਪਨ ਸੁੰਦਰੀ

ਡਾ. ਰਾਜਵੰਤ ਕੌਰ ਪੰਜਾਬੀ

ਜਿਨ੍ਹਾਂ ਸਮਿਆਂ ਵਿਚ ਭਾਰਤ ਦੀਆਂ ਔਰਤਾਂ ਘਰ ਦੀ ਚਾਰਦੀਵਾਰੀ ਅੰਦਰ ਵੀ ਘੁੰਡ ਵਿਚ ਮੂੰਹ ਲੁਕਾਈ ਰੱਖਦੀਆਂ ਸਨ, ਉਸ ਵੇਲੇ ਦੇਵਿਕਾ ਰਾਣੀ ਨੇ ਫਿਲਮਾਂ ਵਿਚ ਕੰਮ ਕਰ ਕੇ ਅਦਭੁੱਤ ਸਾਹਸ ਦਾ ਪ੍ਰਦਰਸ਼ਨ ਕੀਤਾ। ਹਿੰਦੀ ਫਿਲਮਾਂ ਦੀ ਇਸ ਅਦਾਕਾਰਾ ਨੇ ਲੀਲਾ ਚੌਧਰੀ ਦੀ ਕੁੱਖ ਨੂੰ ਵਿਸ਼ਾਖਾਪਟਨਮ (ਆਂਧਰਾ ਪ੍ਰਦੇਸ਼) ਦੇ ਵਾਲਟੇਅਰ ਇਲਾਕੇ ਵਿਚ 30 ਮਾਰਚ, 1908 ਨੂੰ ਭਾਗ ਲਾਏ। ਉਸ ਦੇ ਪਿਤਾ ਕਰਨਲ ਐਮ.ਐਨ. ਚੌਧਰੀ ਮਦਰਾਸ ਦੇ ਪਹਿਲੇ ਸਰਜਨ ਜਨਰਲ ਸਨ।

ਦੱਖਣੀ ਭਾਰਤ ਦੀ ਜੰਮਪਲ ਦੇਵਿਕਾ ਨੂੰ ਸਕੂਲ ਦੀ ਪੜ੍ਹਾਈ ਮੁਕੰਮਲ ਕਰਨ ਉਪਰੰਤ ਨੌਂ ਵਰ੍ਹਿਆਂ ਦੀ ਉਮਰ ਵਿਚ ਅਗਲੀ ਪੜ੍ਹਾਈ ਲਈ ਇੰਗਲੈਂਡ ਭੇਜ ਦਿੱਤਾ। 1920ਵੇਂ ਦਹਾਕੇ ਦੇ ਮੁੱਢਲੇ ਸਾਲਾਂ ਵਿਚ ਦੇਵਿਕਾ ਰਾਣੀ ਨੇ ਨਾਟਕ ਸਬੰਧੀ ਸਿੱਖਿਆ ਪ੍ਰਾਪਤ ਕਰਨ ਲਈ ਲੰਡਨ ਦੀ 'ਰਾਇਲ ਅਕੈਡਮੀ ਆਫ ਡ੍ਰਾਮੈਟਿਕ ਆਰਟ' ਅਤੇ 'ਰਾਇਲ ਅਕੈਡਮੀ ਆਫ ਮਿਊਜ਼ਿਕ' ਵਿਚ ਦਾਖ਼ਲਾ ਲੈ ਲਿਆ। ਉਥੋਂ ਉਸ ਨੂੰ ਸਕਾਲਰਸ਼ਿਪ ਵੀ ਹਾਸਲ ਹੋਈ। ਉਸ ਨੇ ਭਵਨ ਨਿਰਮਾਣ/ਵਸਤੂ ਕਲਾ, ਕੱਪੜਿਆਂ ਦੇ ਨਮੂਨੇ ਬਣਾਉਣ, ਰੰਗਸੱਜਾ, ਸਜਾਵਟ/ਸ਼ਿੰਗਾਰ ਆਦਿ ਵਿਧਾਵਾਂ ਦੀ ਸਿਖਲਾਈ ਲੈ ਕੇ ਲੰਡਨ ਦੇ ਪ੍ਰਸਿੱਧ ਕਲਾ ਭਵਨ 'ਐਲਿਜ਼ਬੈਥ ਆਰਡਨ' ਵਿਚ ਕੱਪੜਾ ਡਿਜ਼ਾਈਨਕਾਰ ਵਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਪੜ੍ਹਾਈ ਕਰਦਿਆਂ ਉਸ ਦੀ ਮੁਲਾਕਾਤ ਫਿਲਮ ਨਿਰਮਾਤਾ ਹਿਮਾਂਸ਼ੂ ਰਾਏ ਨਾਲ ਹੋਈ ਜਿਸ ਨੇ ਉਸ ਨੂੰ ਦੁਨੀਆ ਦੇ ਮਹਾਨ ਧਰਮਾਂ ਨਾਲ ਸਬੰਧਿਤ ਆਪਣੀ ਪਹਿਲੀ ਪ੍ਰੋਡਕਸ਼ਨ 'ਲਾਈਟ ਆਫ ਏਸ਼ੀਆ' ਦੀ ਸੈਟ ਡਿਜ਼ਾਇਨਰ ਬਣਨ ਦੀ ਪੇਸ਼ਕਸ਼ ਕੀਤੀ ਜੋ ਉਸ ਨੇ ਪ੍ਰਵਾਨ ਕਰ ਲਈ। ਇਸ ਤਰ੍ਹਾਂ ਉਸ ਦੀ ਫਿਲਮ ਜਗਤ ਵਿਚ ਆਮਦ ਹੋਈ।

ਜਰਮਨ ਦੇ ਮਸ਼ਹੂਰ ਯੂ.ਐਫ.ਏ. ਸਟੂਡੀਓ ਦੇ ਸਹਿਯੋਗ ਨਾਲ ਭਾਰਤੀ ਸਥਾਨਾਂ 'ਤੇ ਬਣ ਰਹੀ ਫਿਲਮ ਏ ਥ੍ਰੋ ਆਫ ਡਾਇਸ' ਦੀ ਸ਼ੂਟਿੰਗ ਦੌਰਾਨ ਹਿਮਾਂਸ਼ੂ ਨੇ ਨਾਇਕਾ ਦੇਵਿਕਾ ਚੌਧਰੀ ਨੂੰ ਆਪਣੀ ਜੀਵਨ-ਸਾਥਣ ਬਣਾ ਲਿਆ। ਭਾਰਤ ਵਿਚ ਉਨ੍ਹੀਂ ਦਿਨੀਂ ਫਿਲਮ ਨਿਰਮਾਣ ਆਰੰਭ ਹੋ ਚੁੱਕਾ ਸੀ। ਹਿਮਾਂਸ਼ੂ ਆਪਣੇ ਦੇਸ਼ ਵਿਚ ਇੰਡੀਅਨ ਸਿਨੇਮਾ ਦੀ ਮਜ਼ਬੂਤ ਨੀਂਹ ਰੱਖਣ ਦੀ ਇੱਛਾ ਨਾਲ ਤੇ ਆਪਣਾ ਫਿਲਮਾਂ ਬਣਾਉਣ ਦਾ ਸੁਪਨਾ ਪੂਰਾ ਕਰਨ ਲਈ ਪਤਨੀ ਸਹਿਤ ਭਾਰਤ ਵਾਪਸ ਆ ਗਿਆ। ਉਸ ਦੀਆਂ ਫਿਲਮਾਂ ਵਿਚ ਪਤਨੀ ਦੇਵਿਕਾ ਨਾਇਕਾ ਵਜੋਂ ਭੂਮਿਕਾ ਨਿਭਾਉਣ ਲੱਗੀ। ਇਹ ਉਹ ਸਮਾਂ ਸੀ ਜਦੋਂ ਮੂਕ ਫਿਲਮਾਂ ਦਾ ਦੌਰ ਖ਼ਤਮ ਹੋ ਰਿਹਾ ਸੀ।

1933 ਵਿਚ ਦੇਵਿਕਾ ਦੀ ਫਿਲਮ 'ਕਰਮਾ' ਉਸ ਦੇ ਕਰੀਅਰ ਵਿਚ ਅਹਿਮ ਮੋੜ ਸਾਬਤ ਹੋਈ। ਇਸ ਫਿਲਮ ਵਿਚ ਉਸ ਨੇ ਨਾਇਕ ਬਣੇ ਹਿਮਾਂਸ਼ੂ ਨਾਲ ਸੰਵੇਦਨਸ਼ੀਲ ਨਾਇਕਾ ਦਾ ਕਿਰਦਾਰ ਨਿਭਾਇਆ। ਫਿਲਮ ਦਾ ਪ੍ਰੀਮੀਅਰ ਲੰਡਨ ਵਿਚ ਹੋਇਆ। ਹਿੰਦੀ ਅਤੇ ਅੰਗਰੇਜ਼ੀ ਦੋਵੇਂ ਭਾਸ਼ਾਵਾਂ ਵਿਚ ਬਣੀ ਇਸ ਫਿਲਮ ਨੇ ਸੰਸਾਰ ਭਰ ਵਿਚ ਪ੍ਰਸਿਧੀ ਹਾਸਲ ਕਰਦਿਆਂ ਦੇਵਿਕਾ ਨੂੰ ਰਾਤੋ-ਰਾਤ ਸਿਖ਼ਰ 'ਤੇ ਪਹੁੰਚਾ ਦਿੱਤਾ, ਕਿਉਂਕਿ ਇਸ ਦੇ ਲੰਡਨ ਵਿਚ ਵਿਸ਼ੇਸ਼ ਸ਼ੋਅ ਕੀਤੇ ਗਏ। ਅੰਗਰੇਜ਼ੀ ਭਾਸ਼ਾ ਵਿਚ ਬਣੀ ਅਤੇ ਯੂਰਪ ਵਿਚ ਰਿਲੀਜ਼ ਹੋਣ ਵਾਲੀ ਇਹ ਪਹਿਲੀ ਭਾਰਤੀ ਫਿਲਮ ਸੀ। ਉਸ ਨੂੰ ਹੌਲੀਵੁੱਡ ਤੋਂ ਕੰਮ ਕਰਨ ਦੇ ਪ੍ਰਸਤਾਵ ਮਿਲਣ ਲੱਗੇ। ਪਤੀ-ਪਤਨੀ ਦੋਵੇਂ ਪ੍ਰਤਿਭਾਸ਼ਾਲੀ ਸਨ। ਇਸ ਲਈ ਪਤਨੀ ਤੋਂ ਤਿਆਗ ਭਾਵਨਾ ਦੀ ਆਸ ਰੱਖੀ ਗਈ। ਦੇਵਿਕਾ ਨੇ ਉਹ ਪ੍ਰਸਤਾਵ ਸਵੀਕਾਰ ਨਾ ਕੀਤੇ। ਉਸ ਤੋਂ ਪਹਿਲਾਂ ਭਾਵੇਂ ਦਾਦਾ ਸਾਹਿਬ ਫਾਲਕੇ ਦੀ ਦੂਜੀ ਮੂਕ ਫਿਲਮ 'ਮੋਹਿਨੀ ਭਸਮਾਸੁਰ' (1913) ਵਿਚ ਦੁਰਗਾਬਾਈ ਤੇ ਉਸ ਦੀ ਧੀ ਕਮਲਾਬਾਈ ਗੋਖਲੇ ਅਤੇ ਪਹਿਲੀ ਬੋਲਣ ਵਾਲੀ ਫਿਲਮ 'ਆਲਮ ਆਰਾ' (1931) ਵਿਚ ਰਾਣੀ ਜ਼ੁਬੈਦਾ ਅਦਾਕਾਰੀ ਕਰ ਚੁੱਕੀਆਂ ਸਨ, ਫਿਰ ਵੀ ਦੇਵਿਕਾ ਰਾਣੀ ਨੂੰ ਭਾਰਤੀ ਸਿਨੇਮਾ ਦੀ ਪਹਿਲੀ ਮਹਿਲਾ ਫਿਲਮ ਸਟਾਰ ਵਜੋਂ ਜਾਣਿਆ ਜਾਂਦਾ ਹੈ।

ਫਿਲਮ ਨਿਰਮਾਣ ਸਬੰਧੀ ਆਪਣੇ ਸੂਖ਼ਮ ਵਿਦੇਸ਼ੀ ਤਜਰਬਿਆਂ ਦਾ ਲਾਭ ਉਠਾਉਂਦਿਆਂ ਦੇਵਿਕਾ ਅਤੇ ਉਸ ਦੇ ਪਤੀ ਹਿਮਾਂਸ਼ੂ ਨੇ ਕੁਝ ਹੋਰ ਵਿਅਕਤੀਆਂ ਦੀ ਸਹਾਇਤਾ ਨਾਲ 1934 ਵਿਚ ਮੁੰਬਈ ਦੇ ਪਛੜੇ ਇਲਾਕੇ ਮਲਾਡ ਵਿਚ 'ਬਾਂਬੇ ਟਾਕੀਜ਼' ਨਾਂ ਦੀ ਪਹਿਲੀ ਵੱਡੀ ਭਾਰਤੀ ਚਲਚਿਤਰ ਕੰਪਨੀ (ਹਾਈ ਟੈਕ ਮੂਵੀ ਸਟੂਡੀਓ) ਦੀ ਸਥਾਪਨਾ ਕੀਤੀ ਜਿਸ ਨੇ 102 ਫਿਲਮਾਂ ਬਣਾਈਆਂ। ਉਸ ਵੇਲੇ ਫਿਲਮਾਂ ਵਿਚ ਪਿਠਵਰਤੀ ਗਾਇਕੀ ਦਾ ਰਿਵਾਜ ਨਹੀਂ ਸੀ, ਇਸ ਲਈ ਗਾਂਧੀ ਦੇ ਵਿਚਾਰਾਂ ਤੋਂ ਪ੍ਰਭਾਵਿਤ ਫਿਲਮ 'ਅਛੂਤ ਕੰਨਿਆ' ਵਿਚ ਦੇਵਿਕਾ ਨੇ 'ਮੈਂ ਬਨ ਕੀ ਚਿੜੀਆ' ਗਾਣਾ ਆਪ ਗਾਇਆ। ਅੱਠ ਫਿਲਮਾਂ (ਅਛੂਤ ਕੰਨਿਆ, ਅਨਜਾਣ, ਇੱਜ਼ਤ, ਜਨਮ ਭੂਮੀ, ਨਿਰਮਲਾ, ਪਿਆਰ ਪਿਆਰ ਮੇਂ, ਵਚਨ) ਵਿਚ ਦੇਵਿਕਾ ਰਾਣੀ ਦੇ ਨਾਲ ਅਸ਼ੋਕ ਕੁਮਾਰ ਨੇ ਨਾਇਕ ਵਜੋਂ ਭੂਮਿਕਾ ਨਿਭਾਈ।



1940 ਵਿਚ ਦੇਵਿਕਾ ਰਾਣੀ ਵਿਧਵਾ ਹੋ ਗਈ ਅਤੇ ਬਾਂਬੇ ਟਾਕੀਜ਼ ਦਾ ਸਾਰਾ ਬੋਝ ਉਸ ਦੇ ਮੋਢਿਆਂ 'ਤੇ ਆ ਪਿਆ। ਉਸ ਨੇ ਫਿਲਮਾਂ ਬਣਾਉਣ ਦਾ ਸਿਲਸਿਲਾ ਜਾਰੀ ਰੱਖਿਆ ਤੇ ਫਿਲਮ ਜਗਤ ਨੂੰ 'ਆਂਖੇ', 'ਕੰਗਣ', 'ਕਿਸਮਤ', 'ਜਵਾਰਭਾਟਾ' (ਦਿਲੀਪ ਕੁਮਾਰ ਦੀ ਪਹਿਲੀ ਫਿਲਮ), 'ਝੂਲਾ', 'ਨਯਾ ਸੰਸਾਰ', 'ਪੁਨਰਮਿਲਨ', 'ਬਸੰਤ', 'ਬੰਧਨ' ਅਤੇ 'ਹਮਾਰੀ ਬਾਤ' ਆਦਿ ਫਿਲਮਾਂ ਦਿੱਤੀਆਂ। ਫਿਲਮ 'ਕਿਸਮਤ' ਨੇ ਤਾਂ ਉਸ ਵੇਲੇ ਸਾਰੇ ਰਿਕਾਰਡ ਤੋੜ ਦਿੱਤੇ ਸਨ। ਇਹ ਫਿਲਮ ਕਲਕੱਤੇ ਦੇ ਰੌਕਸੀ ਸਿਨੇਮਾ ਵਿਚ ਪੂਰੇ ਤਿੰਨ ਸਾਲ ਹਾਊਸ ਫੁੱਲ ਚੱਲੀ ਸੀ। ਇਸ ਫਿਲਮ ਦਾ ਰਿਕਾਰਡ 32 ਸਾਲ ਬਾਅਦ 'ਸ਼ੋਅਲੇ' ਫਿਲਮ ਨੇ ਤੋੜਿਆ ਸੀ।

ਦੇਵਿਕਾ ਦੀ ਕੰਪਨੀ ਦਾ ਉਦੇਸ਼ ਸਿਰਫ ਧਨ ਕਮਾਉਣਾ ਨਹੀਂ ਸੀ। ਉਸ ਨੇ ਪਤੀ ਦੀ ਇਸ ਸੋਚ 'ਤੇ ਪਹਿਰਾ ਦਿੱਤਾ ਕਿ ਕਲਾਤਮਕ ਮੁੱਲਾਂ ਦੀ ਬਲੀ ਦੇ ਕੇ ਕਾਮਯਾਬੀ ਹਾਸਲ ਨਹੀਂ ਕੀਤੀ ਜਾ ਸਕਦੀ। 1945 ਵਿਚ ਦੇਵਿਕਾ ਨੂੰ ਜਦੋਂ ਇਹ ਮਹਿਸੂਸ ਹੋਇਆ ਕਿ ਹੁਣ ਉਸ ਤੋਂ ਇਨ੍ਹਾਂ ਮੁੱਲਾਂ ਦੀ ਰਾਖੀ ਨਹੀਂ ਹੋ ਰਹੀ, ਉਸ ਨੇ ਬਾਂਬੇ ਟਾਕੀਜ਼ ਤੋਂ ਵਿਦਾਇਗੀ ਲੈ ਲਈ ਤੇ ਪ੍ਰਸਿਧ ਰੂਸੀ ਚਿਤਰਕਾਰ ਸਵੇਤੋਸਲਾਵ ਰੋਰਿਕ ਨਾਲ ਵਿਆਹ ਕਰਵਾ ਲਿਆ। ਉਸ ਨੇ ਅਦਾਕਾਰੀ ਤੋਂ ਸੰਨਿਆਸ ਲੈ ਲਿਆ ਅਤੇ ਬੰਗਲੌਰ ਰਹਿਣ ਲੱਗੀ। ਰੋਰਿਕ ਨੂੰ ਜੀਵਨ ਸਾਥੀ ਬਣਾਉਣ ਉਪਰੰਤ ਦੇਵਿਕਾ ਨੇ ਸਾਰਾ ਜੀਵਨ ਕਲਾ ਦੀ ਰਾਖੀ ਦੇ ਲੇਖੇ ਲਾ ਦਿੱਤਾ। ਉਸ ਦੇ ਕੁਝ ਪੁਰਾਣੇ ਵਿਸ਼ਵਾਸਪਾਤਰਾਂ ਨੇ ਜਦੋਂ ਉਸ ਨਾਲੋਂ ਨਾਤਾ ਤੋੜ ਕੇ ਫਿਲਮਸਤਾਨ ਨਾਮੀ ਨਵਾਂ ਸਟੂਡੀਓ ਬਣਾ ਲਿਆ ਤਾਂ ਬਾਂਬੇ ਟਾਕੀਜ਼ ਬੰਦ ਹੋ ਗਿਆ ਜਿਸ ਨੇ ਅਸ਼ੋਕ ਕੁਮਾਰ, ਸ਼ਸ਼ੀਧਰ ਮੁਖਰਜੀ, ਦਿਲੀਪ ਕੁਮਾਰ, ਦੇਵਿਕਾ ਰਾਣੀ, ਨਿਰੰਜਨ ਪਾਲ, ਫ੍ਰੇਂਜ ਆਸਟਿਨ, ਮਹਿਮੂਦ, ਮਧੂਬਾਲਾ, ਮੁਮਤਾਜ਼, ਰਾਜ ਕਪੂਰ ਅਤੇ ਲੀਲਾ ਚਿਟਨਿਸ ਵਰਗੇ ਨਾਮਵਰ ਕਲਾਕਾਰ ਭਾਰਤੀ ਫਿਲਮ ਇੰਡਸਟਰੀ ਨੂੰ ਦਿਤੇ ਸਨ।

ਦਸ ਵਰ੍ਹਿਆਂ ਦੇ ਫਿਲਮੀ ਕਰੀਅਰ ਵਿਚ ਦੇਵਿਕਾ ਨੇ ਕੁੱਲ 15 ਫਿਲਮਾਂ ਵਿਚ ਕੰਮ ਕੀਤਾ। ਫਿਲਮ ਨਿਰਮਾਣ ਦੀ ਹਰ ਵਿਧਾ 'ਤੇ ਚਾਹੇ ਉਹ ਕਾਸਟਿਊਮ ਡਿਜ਼ਾਇਨਿੰਗ ਹੋਵੇ, ਮੇਕਅੱਪ ਜਾਂ ਸੰਗੀਤ ਹੋਵੇ ਅਤੇ ਗਾਇਨ ਜਾਂ ਰੰਗਸੱਜਾ ਹੋਵੇ, ਉਸ ਨੂੰ ਪੂਰਨ ਅਬੂਰ ਹਾਸਲ ਸੀ। ਇਹ ਉਸ ਦੀ ਅਦਾਕਾਰੀ ਦਾ ਵੀ ਕਮਾਲ ਸੀ ਕਿ ਉਸ ਦੀ ਹਰ ਫਿਲਮ ਨੂੰ ਬਿਹਤਰੀਨ ਫਿਲਮ ਦਾ ਦਰਜਾ ਹਾਸਲ ਹੋਇਆ। ਫਿਲਮਾਂ ਨੂੰ ਮਾਧਿਅਮ ਬਣਾ ਕੇ ਦੇਵਿਕਾ ਨੇ ਜਰਜਰੀਆਂ ਸਮਾਜਿਕ ਮਾਨਤਾਵਾਂ ਅਤੇ ਰੂੜੀਆਂ ਨੂੰ ਚੁਣੌਤੀ ਦਿੱਤੀ ਅਤੇ ਮਾਨਵੀ ਮੁੱਲਾਂ ਤੇ ਸੰਵੇਦਨਾਵਾਂ ਦੀ ਬਹਾਲੀ ਲਈ ਅਥਾਹ ਕਾਰਜ ਕੀਤੇ।

ਵਿਸ਼ੇ ਦੀ ਡੂੰਘਾਈ ਅਤੇ ਸਮਾਜਿਕ ਸਰੋਕਾਰਾਂ ਨਾਲ ਜੁੜੀਆਂ ਉਸ ਦੀਆਂ ਫਿਲਮਾਂ ਨੇ ਭਾਰਤੀ ਫਿਲਮ ਜਗਤ ਵਿਚ ਨਵੇਂ ਮੁੱਲ ਅਤੇ ਮਾਪਦੰਡ ਸਥਾਪਿਤ ਕੀਤੇ। ਉਸ ਸਮੇਂ ਵਿਚ ਉਸ ਨੇ ਆਪਣੀ ਖੂਬਸੂਰਤੀ, ਸ਼ਾਲੀਨਤਾ, ਅੰਗਰੇਜ਼ੀ ਬੋਲਬਾਣੀ ਵਿਚ ਰਵਾਨੀ ਅਤੇ ਅਦਾਕਾਰੀ ਕੁਸ਼ਲਤਾ ਕਰ ਕੇ ਕੌਮਾਂਤਰੀ ਪੱਧਰ ਦੀ ਪ੍ਰਸਿਧੀ ਹਾਸਲ ਕੀਤੀ। ਗ਼ੁਲਾਮ ਭਾਰਤੀਆਂ ਦੀ ਸੰਤਾਨ ਵਿਚੋਂ ਸ਼ਾਇਦ ਕਿਸੇ ਨੂੰ ਇਹ ਮੌਕਾ ਨਾ ਮਿਲਿਆ ਹੋਵੇ ਕਿ ਬ੍ਰਿਟੇਨ ਦੇ ਅਖ਼ਬਾਰ ਉਸ ਵੇਲੇ ਉਸ ਦੀਆਂ ਤਾਰੀਫਾਂ ਨਾਲ ਭਰੇ ਰਹਿੰਦੇ ਸਨ।

1958 ਵਿਚ ਜਦੋਂ ਭਾਰਤ ਦੇ ਰਾਸ਼ਟਰਪਤੀ ਵੱਲੋਂ ਉਸ ਨੂੰ ਪਦਮਸ਼੍ਰੀ ਸਨਮਾਨ ਦਿਤਾ ਗਿਆ ਤਾਂ ਭਾਰਤੀ ਫਿਲਮ ਇੰਡਸਟਰੀ ਦੀ ਉਹ ਪਹਿਲੀ ਪਦਮਸ਼੍ਰੀ ਮਹਿਲਾ ਬਣ ਗਈ। ਭਾਰਤੀ ਸਿਨੇਮਾ ਦੇ ਪਿਤਾਮਾ ਵਜੋਂ ਜਾਣੇ ਜਾਂਦੇ ਦਾਦਾ ਸਾਹਿਬ ਫਾਲਕੇ ਦੀ ਜਨਮ ਸ਼ਤਾਬਦੀ 'ਤੇ 1969 ਵਿਚ ਫਿਲਮ ਖੇਤਰ ਵਿਚ ਯੋਗਦਾਨ ਲਈ ਸਥਾਪਿਤ ਕੀਤਾ ਗਿਆ ਸਰਵਉਚ ਸਨਮਾਨ 'ਦਾਦਾ ਸਾਹਿਬ ਫਾਲਕੇ ਪੁਰਸਕਾਰ' ਪਹਿਲੇ ਵਰ੍ਹੇ ਦੇਵਿਕਾ ਰਾਣੀ ਨੂੰ ਦਿਤਾ ਗਿਆ। ਉਸ ਨੂੰ 'ਫਸਟ ਲੇਡੀ ਆਫ ਇੰਡੀਅਨ ਸਕਰੀਨ' ਅਤੇ 'ਹਿੰਦੀ ਫਿਲਮਾਂ ਦੀ ਪਹਿਲੀ ਸੁਪਨ ਸੁੰਦਰੀ' ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ਇਨ੍ਹਾਂ ਖ਼ਿਤਾਬਾਂ ਤੋਂ ਅੰਦਾਜ਼ਾ ਹੋ ਜਾਂਦਾ ਹੈ ਕਿ ਉਸ ਦੌਰ ਵਿਚ ਦਰਸ਼ਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲੀ ਦੇਵਿਕਾ ਕਿੰਨੀ ਹਰਮਨਪਿਆਰੀ ਹੋਵੇਗੀ। ਆਪਣੇ ਯੁੱਗ ਤੋਂ ਕਿਤੇ ਅਗਾਂਹ ਦੀ ਸੋਚਣ ਵਾਲੀ ਇਹ ਅਭਿਨੇਤਰੀ ਬੰਗਲੌਰ ਵਿਖੇ 1994 ਵਿਚ 8 ਮਾਰਚ ਨੂੰ ਸਦੀਵੀ ਵਿਛੋੜਾ ਦੇ ਗਈ।

ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥

# ਸਿੱਖ ਟੈਂਪਲ ਗੁਰਦੁਆਰਾ, ਯੂਬਾ ਸਿਟੀ

**2468 Tierra Buena Rd., Yuba City, CA 95993**

ੴ ਸਤਿਗੁਰ ਪ੍ਰਸਾਦਿ

ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਉ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਕੀ ਰੀਤ॥ ਮੈਂ ਨ ਕਰਉਂ ਇਨ ਕੀ ਪ੍ਰਤੀਤ॥

# ਸਮੂਹ ਸੰਗਤਾਂ ਨੂੰ ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀ

# ਲੱਖ ਲੱਖ ਵਧਾਈ ਹੋਵੇ

## ਵਿਸਾਖੀ ਪੁਰਬ ਸਮਾਗਮ

## 19, 20 ਅਤੇ 21 ਅਪਰੈਲ 2018

ਗੁਰਦੁਆਰਾ ਟਾਇਰਾ ਬਿਊਨਾ, ਯੂਬਾ ਸਿਟੀ ਵਿਖੇ ਵਿਸਾਖੀ ਪੁਰਬ 19, 20 ਅਤੇ 21 ਅਪਰੈਲ 2018 ਨੂੰ ਬੜੀ ਧੂਮ ਧਾਮ ਨਾਲ ਮਨਾਇਆ ਜਾਵੇਗਾ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਗੁਰੂ ਘਰ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ:

### ਪ੍ਰੋਗਰਾਮ ਦਾ ਵੇਰਵਾ

**19 ਅਪਰੈਲ 2018 (ਵੀਰਵਾਰ)**

ਅਰੰਭ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ

**21 ਅਪਰੈਲ 2018 (ਸਨਿਚਰਵਾਰ)**

ਨਿਸ਼ਾਨ ਸਾਹਿਬ ਦੀ ਸੇਵਾ ਸਵੇਰੇ 8 ਵਜੇ
ਭੋਗ ਸ੍ਰੀ ਅਖੰਡ ਪਾਠ: ਸਵੇਰੇ 10 ਵਜੇ
ਉਪਰੰਤ ਕੀਰਤਨ ਦੀਵਾਨ ਸਜੇਗਾ ਜਿਸ ਵਿਚ ਪੰਥ ਪ੍ਰਸਿਧ ਕੀਰਤਨੀ ਜਥੇ ਤੇ ਕਥਾਵਾਚਕ ਸੰਗਤਾਂ ਨੂੰ ਗੁਰੂ ਜਸ ਨਾਲ ਜੋੜਨਗੇ।




**ਦਸਤਾਰ ਮੁਕਾਬਲਾ:** 18 ਸਾਲ ਦੀ ਉਮਰ ਤੱਕ ਦੇ ਬੱਚਿਆਂ ਦੇ ਦਸਤਾਰ ਮੁਕਾਬਲੇ ਹੋਣਗੇ। ਹਿੱਸਾ ਲੈਣ ਵਾਲੇ ਹਰ ਬੱਚੇ ਦਾ ਸਨਮਾਨ ਕੀਤਾ ਜਾਵੇਗਾ।

ਛੋਟੇ ਬੱਚਿਆਂ ਲਈ ਵਿਸ਼ੇਸ਼ ਰਾਈਡਾਂ ਅਤੇ ਖਾਣ-ਪੀਣ ਦੇ ਸਟਾਲ ਲਾਏ ਜਾਣਗੇ ਜਿਸ ਦਾ ਪ੍ਰਬੰਧ ਮਾਤਾ ਗੁਜਰੀ ਜੀ ਪਾਰਕ ਵਿਚ ਹੋਵੇਗਾ।

ਦਸਤਾਰ ਮੁਕਾਬਲੇ ਅਤੇ ਬੱਚਿਆਂ ਦੇ ਪ੍ਰੋਗਰਾਮ ਬਾਰੇ ਜਾਣਕਾਰੀ ਸ. ਦਿਲਬਾਗ ਸਿੰਘ ਦਿਓਲ ਫੋਨ: 530-777-6606 ਜਾਂ ਸ. ਬਲਵਿੰਦਰ ਸਿੰਘ ਸਮਰਾ ਫੋਨ: 530-870-6500 ਰਾਹੀਂ ਲਈ ਜਾ ਸਕਦੀ ਹੈ।

**ਕੀਰਤਨੀ ਜਥੇ ਅਤੇ ਕਥਾਵਾਚਕ**

ਕੀਰਤਨੀ ਜਥਾ ਭਾਈ ਮਨੋਹਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਅਤੇ ਭਾਈ ਕਰਨੈਲ ਸਿੰਘ ਰਣੀਕੇ ਹਜ਼ੂਰੀ ਰਾਗੀ ਦਰਬਾਰ ਸਾਹਿਬ
ਕਥਾਵਾਚਕ ਭਾਈ ਹਰਮਨਪ੍ਰੀਤ ਸਿੰਘ ਖਾਲਸਾ ਤੇ ਭਾਈ ਇਕਬਾਲ ਸਿੰਘ ਦਮਦਮਾ ਸਾਹਿਬ ਵਾਲੇ

### ਸੰਗਤਾਂ ਦੇ ਦਾਸ

ਹੈਡ ਗ੍ਰੰਥੀ ਭਾਈ ਸਾਹਿਬ ਸਿੰਘ 530-673-9917
ਚੇਅਰਮੈਨ ਨਗਰ ਕੀਰਤਨ ਸ. ਗੁਰਨਾਮ ਸਿੰਘ ਪੰਮਾ 530-672-6444
ਪ੍ਰਧਾਨ ਸ. ਬਲਬੀਰ ਸਿੰਘ ਸੋਹਲ 530-672-9300
ਸੀਨੀਅਰ ਮੀਤ ਪ੍ਰਧਾਨ ਸ. ਬਲਰਾਜ ਸਿੰਘ ਢਿੱਲੋਂ 530-672-3979
ਮੀਤ ਪ੍ਰਧਾਨ ਸ. ਦਲਵੀਰ ਸਿੰਘ ਗਿੱਲ 530-713-4256
ਸੈਕਟਰੀ ਸ. ਹਰਮਨਦੀਪ ਸਿੰਘ ਸੰਧੂ 530-632-2799
ਸੀਨੀਅਰ ਮੀਤ ਸੈਕਟਰੀ ਸ. ਗੁਰਮੇਜ ਸਿੰਘ ਗਿੱਲ 530-671-3112
ਮੀਤ ਸੈਕਟਰੀ ਸ. ਪਲਵਿੰਦਰ ਸਿੰਘ ਮਾਹੀ 530-237-7074
ਖਜਾਨਚੀ ਸ. ਸੁਖਵਿੰਦਰ ਸਿੰਘ 530-713-2705
ਸੀਨੀਅਰ ਮੀਤ ਖਜਾਨਚੀ ਸ. ਹਰਭਜਨ ਸਿੰਘ ਢੇਰੀ 530-755-6011
ਮੀਤ ਖਜਾਨਚੀ ਸ. ਹਰਨਰਿੰਦਰਪਾਲ ਸਿੰਘ 530-672-2911